Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763





Ad Space Available
Please call:
847-359-0746



Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM



Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 38, September 23, 2017 20451 N Plum Grove Rd., Palatine, IL 60074 Ph:847-359-0746, Fax:847-705-9388


## ਕੈਪਟਨ ਸਰਕਾਰ ਦਾ ਹਾਲ ਵੀ ਅਕਾਲੀਆਂ ਵਾਲਾ ਹੋਣ ਲੱਗਾ



**ਚੰਡੀਗੜ੍ਹ:** ਕਿਸਾਨਾਂ ਵੱਲੋਂ ਸਰਕਾਰੀ ਵਾਅਦਾਖਿਲਾਫੀ ਖਿਲਾਫ ਛੇੜੇ ਸੰਘਰਸ਼ ਨੇ ਕੈਪਟਨ ਸਰਕਾਰ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਛੇ ਮਹੀਨੇ ਪਹਿਲਾਂ ਸੱਤਾ ਵਿਚ ਆਈ ਕਾਂਗਰਸ ਸਰਕਾਰ ਖਿਲਾਫ ਇਹ ਰੋਹ ਉਸ ਸਮੇਂ ਭਖਿਆ ਹੈ ਜਦੋਂ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ 'ਚ ਗਿਣਵੇਂ ਦਿਨ ਰਹਿ ਗਏ ਹਨ। ਇਕੱਲੇ ਕਿਸਾਨ ਹੀ ਨਹੀਂ, ਤਨਖਾਹਾਂ ਨਾ ਮਿਲਣ ਕਾਰਨ ਸਰਕਾਰੀ ਮੁਲਾਜ਼ਮ ਵੀ ਕੈਪਟਨ ਦਾ ਮੋਤੀ ਮਹਿਲ ਘੇਰਨ ਲਈ ਤਿਆਰੀਆਂ ਕਰ ਰਹੇ ਹਨ। ਕਿਸਾਨਾਂ ਤੇ ਪੁਲਿਸ ਵਿਚਾਲੇ ਕੁਝ ਜ਼ਿਲ੍ਹਿਆਂ ਵਿਚ ਝੜਪਾਂ ਵੀ ਹੋਈਆਂ ਹਨ। ਦਰਅਸਲ, ਸੱਤ ਕਿਸਾਨ ਜਥੇਬੰਦੀਆਂ ਨੇ 22 ਸਤੰਬਰ ਨੂੰ ਮੋਤੀ ਮਹਿਲ ਨੇੜੇ ਧਰਨੇ ਲਾਉਣ ਦਾ ਐਲਾਨ ਕੀਤਾ ਸੀ।

ਪੁਲਿਸ ਨੇ ਇਸ ਐਲਾਨ ਦੇ ਤੁਰਤ ਪਿੱਛੋਂ ਲਗਭਗ ਡੇਢ ਸੌ ਕਿਸਾਨ ਆਗੂਆਂ ਅਤੇ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਲਿਆ। ਕੈਪਟਨ ਸਰਕਾਰ ਖਿਲਾਫ਼ ਇਹ ਪਹਿਲਾ ਕਿਸਾਨ ਅੰਦੋਲਨ ਹੈ ਅਤੇ ਸਰਕਾਰ ਨੇ ਪਹਿਲੇ ਛੇ ਮਹੀਨਿਆਂ ਦੌਰਾਨ ਹੀ ਕਿਸਾਨਾਂ ਨਾਲ ਟਕਰਾਅ ਦੀ ਸਥਿਤੀ ਪੈਦਾ ਕਰ ਲਈ ਹੈ। ਯਾਦ ਰਹੇ ਕਿ ਇਸ ਤਰ੍ਹਾਂ ਦੇ ਕਿਸਾਨ ਸੰਘਰਸ਼ ਦਾ ਪਿਛਲੀ ਬਾਦਲ ਸਰਕਾਰ ਨੂੰ ਵੀ ਸਾਹਮਣਾ ਕਰਨਾ ਪਿਆ ਸੀ। ਇਹ ਸੰਘਰਸ਼ ਇੰਨਾ ਤਿੱਖਾ ਹੋ ਗਿਆ ਸੀ ਕਿ ਬਾਦਲ ਰਾਜ ਦੀਆਂ ਚੂਲਾਂ ਹਿਲਾ ਦਿੱਤੀਆਂ। ਬਾਦਲਾਂ ਦੀ ਖੁਸ਼ਕਿਸਮਤੀ ਸੀ ਕਿ ਉਸੇ ਸਮੇਂ ਇਹ ਸੰਘਰਸ਼ ਸ੍ਰੀ ਗੁਰੂ ਗ੍ਰੰਥ

(ਬਾਕੀ ਸਫਾ 6 'ਤੇ)

### ਖੁਦਕੁਸ਼ੀ 'ਤੇ ਸਿਆਸਤ

**ਚੰਡੀਗੜ੍ਹ:** ਕਿਸਾਨ ਖੁਦਕੁਸ਼ੀਆਂ ਦੇ ਅੰਕੜਿਆਂ ਬਾਰੇ ਸਿਆਸੀ ਜੰਗ ਸਿਖਰ 'ਤੇ ਹੈ। ਵਿਰੋਧੀ ਧਿਰਾਂ ਤੇ ਕੈਪਟਨ ਸਰਕਾਰ ਆਪੋ-ਆਪਣੇ ਹਿਸਾਬ ਨਾਲ ਅੰਕੜੇ ਪੇਸ਼ ਕਰ ਰਹੀਆਂ ਹਨ। ਅਕਾਲੀ ਦਲ ਤੇ 'ਆਪ' ਵੱਲੋਂ ਕਾਂਗਰਸ ਸਰਕਾਰ ਬਣਨ ਪਿੱਛੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਮਾਮਲੇ ਦੁੱਗਣੇ ਹੋਣ ਦਾ ਦਾਅਵਾ ਹੈ। ਕੈਪਟਨ ਦਾ ਦਾਅਵਾ ਹੈ ਕਿ ਛੇ ਮਹੀਨਿਆਂ ਵਿਚ 131 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਉਨ੍ਹਾਂ ਅਨੁਸਾਰ 2016 ਦੇ ਮਾਰਚ-ਸਤੰਬਰ ਦੇ ਸਮੇਂ ਦੌਰਾਨ 153 ਖੁਦਕੁਸ਼ੀਆਂ ਹੋਈਆਂ ਸਨ ਜੋ ਸਾਲ 2017 ਵਿਚ ਇਸ ਸਮੇਂ ਦੌਰਾਨ ਘਟ ਕੇ 131 ਰਹਿ ਗਈਆਂ ਹਨ। 'ਆਪ' ਆਗੂ ਸੁਖਪਾਲ ਸਿੰਘ ਖਹਿਰਾ ਮੁਤਾਬਕ, ਪਿਛਲੇ 6 ਮਹੀਨਿਆਂ ਦੌਰਾਨ 250 ਕਿਸਾਨ ਮੌਤ ਗਲੇ ਲਾ ਗਏ।

## ਮੁੱਕ ਨਹੀਂ ਰਹੀਆਂ ਗਿਆਨੀ ਗੁਰਮੁਖ ਸਿੰਘ ਦੀਆਂ ਮੁਸੀਬਤਾਂ

**ਜਲੰਧਰ (ਗੁਰਵਿੰਦਰ ਸਿੰਘ ਵਿਰਕ):** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀ ਦਿਵਾਉਣ ਲਈ ਸੁਖਬੀਰ ਸਿੰਘ ਬਾਦਲ ਦੀ ਭੂਮਿਕਾ ਬਾਰੇ ਖੁਲਾਸੇ ਕਰਨ ਵਾਲੇ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੀਆਂ ਮੁਸ਼ਕਿਲਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਸ਼੍ਰੋਮਣੀ ਕਮੇਟੀ ਨੇ ਅਚਾਨਕ ਸਾਬਕਾ ਜਥੇਦਾਰ ਨੂੰ ਮਕਾਨ ਖਾਲੀ ਕਰਨ ਲਈ ਕਹਿ ਕੇ ਅਗਲੇ



ਹੀ ਦਿਨ ਉਨ੍ਹਾਂ ਦਾ ਪਾਣੀ-ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ। ਚੁਫੇਰਿਓਂ ਨੁਕਤਾਚੀਨੀ ਹੋਣ ਕਾਰਨ ਭਾਵੇਂ ਪਾਣੀ-ਬਿਜਲੀ ਬਹਾਲ ਕਰ ਦਿੱਤਾ, ਪਰ ਮਕਾਨ ਖਾਲੀ ਕਰਨ ਬਾਰੇ ਹੁਕਮਾਂ 'ਤੇ ਸ਼੍ਰੋਮਣੀ ਕਮੇਟੀ ਅੜੀ ਹੋਈ ਹੈ।

ਦੱਸ ਦਈਏ ਕਿ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਪਰਿਕਰਮਾ ਵਿਚ ਬਣੇ ਕੁਆਰਟਰਾਂ ਵਿਚੋਂ ਇਕ ਕੁਆਰਟਰ ਗਿਆਨੀ ਗੁਰਮੁਖ ਸਿੰਘ ਕੋਲ ਹੈ। ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਗਿਆਨੀ ਗੁਰਮੁਖ ਸਿੰਘ ਨੇ ਸ਼ਰੇਆਮ ਕਹਿ ਦਿੱਤਾ ਸੀ ਕਿ ਡੇਰਾ ਮੁਖੀ ਨੂੰ ਮੁਆਫੀ ਦਾ

(ਬਾਕੀ ਸਫਾ 6 'ਤੇ)



*ਯੁਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 17 ਸਤੰਬਰ ਨੂੰ ਯੂਨੀਅਨ ਸਿਟੀ ਵਿਚ ਕਰਵਾਏ 13ਵੇਂ ਕਬੱਡੀ ਕੱਪ ਵਿਚ ਜੇਤੂ ਰਹੀ ਬੇ ਏਰੀਆ ਸਪੋਰਟਸ ਕਲੱਬ ਦੀ ਟੀਮ ਯੁਨਾਈਟਿਡ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਨਾਲ (ਖਬਰ ਸਫਾ 18 'ਤੇ)*


We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011





Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।





Call Makhan Bains or Ravinder Singh for your next Party 1-866-FOR RAJA www.RajaSweets.com




Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)






Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


People's Theatre Association, Patiala
Guru Entertainment & Media LA
In Collaboration with
Sikh Gurdwara of San Francisco (SGSF) and
Guru Nanak Engineering College Association (GENCO)
Presents
a play in punjabi
Karmawali
ਕਰਮਾਂਵਾਲੀ
A Journey through 1947
Based on a TRUE Story
September 30, 2017
Time: 6:00-8:30 PM
Location
James Logan Center for Performing Arts
1800 H St., Union City, CA 94587
Designed & Directed by
SUNITA DHIR
Actress of "Chan Pardesi"
For More Information Contact
Mehar Mahal: 6505205797
Gurjant Sangha: 4082196532
Ajay Nayyar: 4084254916
Dalbir Saini: 4087681947
Sunita Dhir is the first women celebrity and her celebrity status can be attributed to her breakthrough role in National Award Winning Punjabi film 'CHANN PARDESI" along with her focused commitment for teaching theatre at Punjabi University, Patiala for 33 years & 4 months.
Sunita worked as an Actor and Director in 30 major play productions, which were performed at the Regional, National and internationally. She is the performer for which she was honored with Shiromani Kalakar Award.
ਸੁਨੀਤਾ ਧੀਰ ਪੰਜਾਬੀ ਫਿਲਮ 'ਚੰਨ ਪਰਦੇਸੀ' ਦੀ ਹੀਰੋਇਨ ਹੈ, ਇਸ ਤੋਂ ਇਲਾਵਾ ਸੁਨੀਤਾ ਧੀਰ ਨੇ 30 ਫਿਲਮਾਂ ਵਿਚ ਅਦਾਕਾਰੀ ਦੇ ਨਾਲ ਨਾਲ ਬਤੌਰ ਡਾਇਰੈਕਟਰ ਵੀ ਕੰਮ ਕੀਤਾ ਹੈ।
ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪਿਛਲੇ 33 ਸਾਲਾਂ ਤੋਂ ਥਿਏਟਰ ਪੜ੍ਹਾ ਰਹੇ ਹਨ

## ਗੁਰਦਾਸਪੁਰ ਚੋਣ: 'ਆਪ' ਨੇ ਸੁਰੇਸ਼ ਖਜੂਰੀਆ ਨੂੰ ਉਮੀਦਵਾਰ ਐਲਾਨਿਆ

**ਜਲੰਧਰ:** ਆਮ ਆਦਮੀ ਪਾਰਟੀ ਨੇ 11 ਅਕਤੂਬਰ ਨੂੰ ਹੋਣ ਵਾਲੀ ਗੁਰਦਾਸਪੁਰ ਉਪ ਚੋਣ ਲਈ ਪਾਰਟੀ ਦੇ ਪੁਰਾਣੇ ਵਲੰਟੀਅਰ ਅਤੇ ਸਾਬਕਾ ਮੇਜਰ ਜਨਰਲ ਸੁਰੇਸ਼ ਖਜੂਰੀਆ (64) ਨੂੰ ਗੁਰਦਾਸਪੁਰ ਹਲਕੇ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ।



ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਭਗਵੰਤ ਮਾਨ, ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਸੁਰੇਸ਼ ਖਜੂਰੀਆ ਦੇ ਨਾਂ ਦਾ ਉਮੀਦਵਾਰ ਵਜੋਂ ਐਲਾਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਨਾਲ ਸੁਰੇਸ਼ ਖਜੂਰੀਆ ਨੇ 40 ਸਾਲ ਤੱਕ ਦੇਸ਼ ਦੀ ਸੇਵਾ ਕੀਤੀ ਹੈ, ਉਸੇ ਤਰ੍ਹਾਂ ਨਾਲ ਉਹ ਹੁਣ ਲੋਕਾਂ ਦੀ ਸੇਵਾ ਕਰਨਗੇ। ਸੁਰੇਸ਼ ਖਜੂਰੀਆ ਨੂੰ ਟਿਕਟ ਦੇਣ ਬਾਰੇ ਉਕਤ ਆਗੂਆਂ ਨੇ ਕਿਹਾ ਕਿ ਹੁਣ ਤੱਕ ਕਾਂਗਰਸ, ਅਕਾਲੀ-ਭਾਜਪਾ ਤਾਂ ਹਰ ਵਾਰ ਪੈਰਾਸ਼ੂਟ ਉਮੀਦਵਾਰ ਹੀ ਇਥੇ ਚੋਣ ਮੈਦਾਨ ਵਿਚ ਉਤਾਰਦੀਆਂ ਰਹੀਆਂ ਹਨ ਪਰ 'ਆਪ' ਨੇ ਸਥਾਨਕ ਪਠਾਨਕੋਟ ਨਿਵਾਸੀ ਨੂੰ ਹੀ ਟਿਕਟ ਦਿੱਤੀ ਹੈ।

## ਵੋਟਾਂ ਨਾ ਪਾਉਣ 'ਤੇ 5 ਜਣਿਆਂ ਦੀ ਹੱਤਿਆ

**ਨਵੀਂ ਦਿੱਲੀ:** ਫਰੀਦਾਬਾਦ ਜ਼ਿਲ੍ਹੇ ਦੇ ਪਿੰਡ ਪਲਵਲੀ ਵਿਚ ਪੰਚਾਇਤੀ ਚੋਣਾਂ ਦੌਰਾਨ ਪੈਦਾ ਹੋਈ ਰੰਜ਼ਿਸ਼ ਕਾਰਨ ਇਕੋ ਪਰਿਵਾਰ ਦੇ ਤਿੰਨ ਜੀਆਂ ਸਣੇ ਕੁੱਲ 5 ਵਿਅਕਤੀਆਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਤੇ 8 ਹੋਰ ਜਖ਼ਮੀ ਕਰ ਦਿੱਤੇ ਗਏ। ਦੋ ਦਰਜਨ ਦੇ ਕਰੀਬ ਲੋਕਾਂ ਨੂੰ ਇਸ ਕਤਲ ਕਾਂਡ ਵਿਚ ਨਾਮਜ਼ਦ ਕੀਤਾ ਜਾ ਚੁੱਕਾ ਹੈ।

ਮ੍ਰਿਤਕਾਂ ਦੀ ਪਛਾਣ ਸ੍ਰੀਚੰਦ (70 ਸਾਲ), ਰਜਿੰਦਰ (40 ਸਾਲ), ਦਵਿੰਦਰ (35 ਸਾਲ), ਈਸ਼ਵਰ (35 ਸਾਲ) ਤੇ ਨਵੀਨ (19 ਸਾਲ) ਦੱਸੀ ਗਈ ਹੈ। ਮ੍ਰਿਤਕਾਂ ਵਿਚ ਇਕੋ ਪਰਿਵਾਰ ਦੇ ਤਿੰਨ ਜੀਅ ਸ਼ਾਮਲ ਹਨ ਤੇ ਦੋ ਉਨ੍ਹਾਂ ਦੇ ਗੁਆਂਢੀ ਹਨ ਜੋ ਹਮਲੇ ਦੌਰਾਨ ਝਗੜੇ ਵਿਚ ਆ ਪਏ। ਪੁਲਿਸ ਮੁਤਾਬਕ ਸ੍ਰੀ ਚੰਦ ਦੇ ਘਰ ਰਾਤ ਵੇਲੇ ਹਥਿਆਰਬੰਦ ਹੋ ਕੇ ਕੁੱਝ ਲੋਕ ਜਬਰੀ ਦਾਖਲ ਹੋਏ ਤੇ ਕਈ ਗੋਲੀਆਂ ਚਲਾ ਦਿੱਤੀਆਂ ਜਿਸ ਕਰ ਕੇ ਪਰਿਵਾਰ ਦੇ 5 ਜੀਆਂ ਦੀ ਮੌਕੇ ਉਤੇ ਹੀ ਮੌਤ ਹੋ ਗਈ। ਦੋਸ਼ ਲਾਇਆ ਗਿਆ ਹੈ ਕਿ ਸਰਪੰਚੀ ਦੀ ਚੋਣ ਦੌਰਾਨ ਪੀੜਤ ਪਰਿਵਾਰ ਵੱਲੋਂ ਹਮਲਾਵਰ ਧਿਰ ਦੇ ਉਮੀਦਵਾਰ ਨੂੰ ਵੋਟਾਂ ਨਹੀਂ ਪਾਈਆਂ ਗਈਆਂ ਤੇ ਸਰਪੰਚ ਦੇ ਪਤੀ ਬਿੱਲੂ ਨਾਂ ਦੇ ਵਿਅਕਤੀ ਨੇ ਹਮਲਾ ਕਰ ਦਿੱਤਾ।

### ਗੁਜਰਾਤ ਕਤਲੇਆਮ

## ਸ਼ਾਹ ਵੱਲੋਂ ਮਾਇਆ ਕੋਡਨਾਨੀ ਦਾ ਬਚਾਅ

**ਅਹਿਮਦਾਬਾਦ:** ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਭਾਜਪਾ ਦੀ ਸਾਬਕਾ ਮੰਤਰੀ ਮਾਇਆ ਕੋਡਨਾਨੀ ਦੇ ਬਚਾਅ ਵਿਚ ਵਿਸ਼ੇਸ਼ ਅਦਾਲਤ ਵਿਚ ਗਵਾਹੀ ਦਿੰਦਿਆਂ ਦੱਸਿਆ ਕਿ ਜਿਸ ਦਿਨ 2002 ਵਿਚ ਨਰੋਤਾ ਗਾਮ ਵਿਚ ਦੰਗੇ ਹੋਏ, ਉਸ ਦਿਨ ਮਾਇਆ ਗਾਂਧੀਨਗਰ ਵਿਚ ਵਿਧਾਨ ਸਭਾ ਵਿਚ ਮੌਜੂਦ ਸੀ ਅਤੇ ਉਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਚ ਮਿਲੀ ਸੀ।

ਮਾਇਆ ਕੋਡਨਾਨੀ ਵਿਰੁੱਧ ਕਤਲ ਅਤੇ ਦੰਗੇ ਕਰਵਾਉਣ ਦੇ ਦੋਸ਼ਾਂ ਸਣੇ ਕਈ ਜੁਰਮਾਂ ਵਿਚ ਕੇਸ ਦਰਜ ਹਨ। ਇਹ ਜ਼ਿਕਰਯੋਗ ਹੈ ਕਿ ਗੋਧਰਾ ਵਿਚ ਰੇਲ ਗੱਡੀ ਵਿਚ 59 ਕਾਰ ਸੇਵਕਾਂ ਨੂੰ ਜਿਉਂਦਿਆਂ ਸਾੜੇ ਜਾਣ ਬਾਅਦ ਅਗਲੇ ਦਿਨ ਨਰੋਤਾ ਗਾਮ ਵਿਚ ਗਿਆਰਾਂ ਮੁਸਲਮਾਨਾਂ ਨੂੰ ਮਾਰ ਦਿੱਤਾ ਗਿਆ ਸੀ। ਇਸ ਕੇਸ ਵਿਚ 82 ਲੋਕ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ। ਸ਼ਾਹ ਅਤੇ ਕੋਡਨਾਨੀ 2002 ਵਿਚ ਭਾਜਪਾ ਦੇ ਵਿਧਾਇਕ ਸਨ।

## ਵਿਕਟੋਰੀਅਨ ਅਦਾਲਤ ਵੱਲੋਂ ਸਿੱਖ ਵਿਦਿਆਰਥੀ ਦੇ ਹੱਕ 'ਚ ਫੈਸਲਾ

**ਮੈਲਬਰਨ:** ਇਥੋਂ ਦੇ ਈਸਾਈ ਸਕੂਲ ਵੱਲੋਂ ਸਿੱਖ ਵਿਦਿਆਰਥੀ ਉਤੇ ਪਟਕਾ ਬੰਨ੍ਹ ਕੇ ਸਕੂਲ ਆਉਣ ਉਤੇ ਲਾਈ ਪਾਬੰਦੀ ਨੂੰ ਵਿਕਟੋਰੀਅਨ ਅਦਾਲਤ ਨੇ ਗੈਰਕਾਨੂੰਨੀ ਤੇ ਪੱਖਪਾਤੀ ਕਾਰਵਾਈ ਐਲਾਨ ਦਿੱਤਾ ਹੈ। ਪੀੜਤ ਸਿੱਖ ਪਰਿਵਾਰ ਦੇ ਹੱਕ ਵਿਚ ਆਏ ਇਸ ਫੈਸਲੇ ਮਗਰੋਂ ਸਿੱਖ ਭਾਈਚਾਰੇ ਨੇ ਖੁਸ਼ੀ ਦੇ ਨਾਲ ਰਾਹਤ ਵੀ ਮਹਿਸੂਸ ਕੀਤੀ ਹੈ। ਉਧਰ, ਸਕੂਲ ਦੇ ਬੁਲਾਰੇ ਨੇ ਕਿਹਾ ਕਿ ਅਦਾਲਤੀ ਫੈਸਲੇ ਮਗਰੋਂ ਵਿਦਿਆਰਥੀ ਦੇ ਮਾਪਿਆਂ ਨਾਲ ਮਿਲ ਕੇ ਮਸਲਾ ਹੱਲ ਕਰ ਲਿਆ ਜਾਵੇਗਾ।

ਯਾਦ ਰਹੇ ਕਿ ਸ਼ਹਿਰ ਦੇ ਪੱਛਮੀ ਇਲਾਕੇ ਵਿਚ ਸਥਿਤ ਮੈਲਟਨ ਕ੍ਰਿਸ਼ਚਨ ਸਕੂਲ ਨੇ ਪਿਛਲੇ ਸਾਲ ਪੰਜ ਸਾਲਾ ਵਿਦਿਆਰਥੀ ਸਿਦਕ ਸਿੰਘ ਅਰੋੜਾ ਉਤੇ ਪਟਕਾ ਬੰਨ੍ਹ ਕੇ ਸਕੂਲ ਆਉਣ ਉਤੇ ਰੋਕ ਲਾ ਦਿੱਤੀ ਸੀ। ਸਕੂਲ ਦਾ ਤਰਕ ਸੀ ਕਿ ਪਟਕਾ ਸਕੂਲ ਦੀ ਵਰਦੀ ਨੀਤੀ ਦੇ ਦਾਇਰੇ ਵਿਚ ਨਹੀਂ ਆਉਂਦਾ। ਇਸ ਮਗਰੋਂ ਪੀੜਤ ਬੱਚੇ ਦੇ ਪਿਤਾ ਸਾਗਰਦੀਪ ਸਿੰਘ ਅਰੋੜਾ ਤੇ ਮਾਂ ਅਨੁਪ੍ਰੀਤ ਨੇ ਇਸ ਪਾਬੰਦੀ ਖਿਲਾਫ਼ ਅਦਾਲਤ ਦਾ ਬੂਹਾ ਖੜਕਾਇਆ ਸੀ। ਬਰਾਬਰਤਾ ਕਾਨੂੰਨ ਦੀ ਸਿੱਧੇ ਤੌਰ ਉਤੇ ਉਲੰਘਣਾ ਕਰਦੇ ਇਸ ਕੇਸ ਵਿਚ ਹੁਣ ਤੱਕ ਸਿਦਕ ਨੂੰ ਕਾਨੂੰਨੀ ਤੌਰ 'ਤੇ ਕੌਮਾਂਤਰੀ ਪੱਧਰ ਉਤੇ ਵੀ ਸਹਿਯੋਗ ਮਿਲਿਆ ਸੀ। ਫੈਸਲੇ ਵਿਚ ਟ੍ਰਿਬਿਊਨਲ ਮੈਂਬਰ ਜੂਲੀ ਗਰੈਂਗਰ ਨੇ ਸਕੂਲ ਦੀ ਗੈਰ ਈਸਾਈ ਵਿਦਿਆਰਥੀਆਂ ਲਈ ਵਰਦੀ ਨੀਤੀ ਨੂੰ ਪੱਖਪਾਤੀ ਦੱਸਿਆ ਹੈ। ਉਪਰੋਕਤ ਸਕੂਲ ਹੁਣ ਤੱਕ ਬਰਾਬਰਤਾ ਕਾਨੂੰਨ ਦੀ ਮੱਦ 42 ਨੂੰ ਆਧਾਰ ਬਣਾ ਕੇ ਵਰਦੀ ਵਿਚ 'ਵਾਜਿਬ' ਪੱਧਰ ਨੂੰ ਬਣਾਈ ਰੱਖਣ ਦੀ ਦਰਜ ਛੋਟ ਨੂੰ ਆਪਣੇ ਹੱਕ 'ਚ ਪੇਸ਼ ਕਰਦਾ ਆਇਆ ਹੈ। ਅਦਾਲਤੀ ਫੈਸਲੇ 'ਤੇ ਬਰਾਬਰਤਾ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਤਸੱਲੀ ਪ੍ਰਗਟਾਈ ਹੈ।


**Bright Tax Consultants**
613 N. O'Connor Road, #29, Irving, TX 75062
Ph: 562-409-5560, 469-565-2610
Email: brighttaxconsultants1@gmail.com
Web: www.brighttaxconsultants.webs.com
BRIGHT TAX CONSULTANTS
Individual and Corporate Tax Returns
Reasonable rates & Timely File with IRS.
ਇੰਡੀਜੁਅਲ ਤੇ ਕਾਰਪੋਰਟੇ ਟੈਕਸ ਰਿਟਰਨ ਭਰਨ ਲਈ ਭਰੋਸੇਯੋਗ ਨਾਂ
Contact us today! Appointment Required.
1040, 1040A, 1040EZ. W-2, 1099 Misc.
*We speak: Punjabi, Hindi, English.*
Mailing Address: 401 N. Carroll Ave, #133, Southlake, TX 76092


## ਪੰਜਾਬ ਵਿਚ ਸਵਾਈਨ ਫਲੂ ਤੇ ਡੇਂਗੂ ਦਾ ਕਹਿਰ

**ਚੰਡੀਗੜ੍ਹ:** ਪੰਜਾਬ ਵਿਚ ਇਸ ਵਰ੍ਹੇ ਸਵਾਈਨ ਫਲੂ ਅਤੇ ਡੇਂਗੂ ਕਹਿਰ ਵਰਤਾ ਰਿਹਾ ਹੈ। ਸਾਲ 2017 ਵਿਚ 1036 ਲੋਕਾਂ ਨੂੰ ਡੇਂਗੂ ਅਤੇ ਸਵਾਈਨ ਫਲੂ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ ਜਦਕਿ 55 ਮੌਤਾਂ ਹੋ ਚੁੱਕੀਆਂ ਹੈ। ਸ਼ੱਕੀ ਮਰੀਜ਼ਾਂ ਦੀ ਗਿਣਤੀ ਢਾਈ ਹਜ਼ਾਰ ਤੋਂ ਵੱਧ ਹੈ।

ਸਿਹਤ ਵਿਭਾਗ ਮੁਤਾਬਕ ਸਵਾਈਨ ਫਲੂ ਦੀ ਅਗਲੇ ਦੋ ਮਹੀਨਿਆਂ ਦੌਰਾਨ ਜਕੜ ਹੋਰ ਵਧਣ ਦੇ ਆਸਾਰ ਹਨ। ਡੇਂਗੂ ਦੇ ਇਲਾਜ ਲਈ

### 832 ਮਰੀਜ਼ ਹਸਪਤਾਲਾਂ ਵਿਚ ਦਾਖਲ

832 ਮਰੀਜ਼ ਹਸਪਤਾਲਾਂ ਵਿਚ ਦਾਖਲ ਹੋ ਚੁੱਕੇ ਹਨ। ਸਵਾਈਨ ਫਲੂ ਦੇ ਮਰੀਜ਼ਾਂ ਦੀ ਗਿਣਤੀ 204 ਨੂੰ ਪਾਰ ਕਰ ਗਈ ਹੈ। ਸਵਾਈਨ ਫਲੂ ਨਾਲ 55 ਮਰੀਜ਼ਾਂ ਦੀ ਜਾਨ ਗਈ ਹੈ ਜਦਕਿ ਡੇਂਗੂ ਦੇ ਮਰੀਜ਼ਾਂ ਦੀ ਜਾਨ ਜਾਣ ਤੋਂ ਬਚਾਅ ਰਿਹਾ ਹੈ। ਡੇਂਗੂ ਦੇ 209 ਮਰੀਜ਼ ਕਪੂਰਥਲਾ ਦੇ ਹਸਪਤਾਲਾਂ ਵਿਚ ਦਾਖਲ ਹੋਏ ਹਨ। ਉਸ ਤੋਂ ਘੱਟ ਮੁਹਾਲੀ ਵਿਚ ਮਰੀਜ਼ਾਂ ਦੀ ਗਿਣਤੀ 193 ਦੱਸੀ ਗਈ ਹੈ। ਸ਼ਹੀਦ ਭਗਤ ਸਿੰਘ ਨਗਰ ਵਿੱਚ 40 ਅਤੇ ਹੁਸ਼ਿਆਰਪੁਰ ਵਿੱਚ 109 ਜਣੇ ਡੇਂਗੂ ਦੀ ਲਪੇਟ ਵਿਚ ਆਏ ਹਨ। ਸਵਾਈਨ ਫਲੂ ਦਾ ਸਭ ਤੋਂ ਵੱਧ ਕਹਿਰ ਲੁਧਿਆਣਾ ਵਿਚ ਵਾਪਰਿਆ ਹੈ, ਜਿਥੇ 55 ਮਰੀਜ਼ਾਂ ਨੂੰ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ ਅਤੇ ਇਕੱਲੇ ਲੁਧਿਆਣਾ ਵਿਚ ਅਠਾਰਾਂ ਮੌਤਾਂ ਹੋਈਆਂ ਹਨ।


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City




# ਉਜੜ ਗਿਆਂ ਦਾ ਦੇਸ ਨਾ ਕੋਈ


AP

## ਮਿਆਂਮਾਰ ਤੋਂ ਖਦੇੜੇ ਰੋਹਿੰਗਿਆ ਦੀ ਬਾਂਹ ਫੜਨ ਤੋਂ ਟਾਲਾ ਵੱਟਣ ਲੱਗੇ ਗੁਆਂਢੀ ਮੁਲਕ

### ਕੌਣ ਹਨ ਰੋਹਿੰਗਿਆ ਸ਼ਰਨਾਰਥੀ?

ਰੋਹਿੰਗਿਆ ਮਿਆਂਮਾਰ ਦੇ ਰਖਾਇਨ ਸੂਬੇ ਦੇ ਪੱਛਮੀ ਹਿੱਸੇ ਵਿਚ ਰਹਿੰਦੇ ਹਨ। ਉਹ ਬੰਗਾਲੀ ਭਾਸ਼ਾ ਬੋਲਦੇ ਹਨ। ਉਨ੍ਹਾਂ ਦੀ ਕੁੱਲ ਆਬਾਦੀ 20 ਲੱਖ ਹੈ, ਜਿਨ੍ਹਾਂ ਵਿਚੋਂ 10 ਲੱਖ ਤਾਂ ਦੂਜੇ ਦੇਸ਼ਾਂ ਵਿਚ ਸ਼ਰਨਾਰਥੀ ਬਣ ਕੇ ਰਹਿ ਰਹੇ ਹਨ। ਇਕੱਲੇ ਬੰਗਲਾਦੇਸ਼ ਵਿਚ 5 ਲੱਖ ਰੋਹਿੰਗਿਆ ਸ਼ਰਨਾਰਥੀ ਰਹਿੰਦੇ ਹਨ। ਉਨ੍ਹਾਂ ਵਿਚ 95 ਫੀਸਦੀ ਲੋਕ ਮੁਸਲਮਾਨ ਹਨ ਅਤੇ ਬਾਕੀ 5 ਫੀਸਦੀ ਹਿੰਦੂ ਹਨ। ਉਹ ਆਪਣੇ-ਆਪ ਨੂੰ ਰੋਹਿੰਗਿਆ ਕਹਿੰਦੇ ਹਨ ਅਤੇ ਮਿਆਂਮਾਰ ਦੇ ਨਾਗਰਿਕ ਦੱਸਦੇ ਹਨ ਪਰ ਮਿਆਂਮਾਰ ਦੇ 1982 ਦੇ ਸੰਵਿਧਾਨ ਨੇ ਉਨ੍ਹਾਂ ਨੂੰ ਨਾਗਰਿਕ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਮਿਆਂਮਾਰ ਦੀ ਸਰਕਾਰ ਉਨ੍ਹਾਂ ਨੂੰ ਬੰਗਲਾਦੇਸ਼ੀ ਸ਼ਰਨਾਰਥੀ ਮੰਨਦੀ ਹੈ ਪਰ ਬੰਗਲਾਦੇਸ਼ ਉਨ੍ਹਾਂ ਨੂੰ ਬੰਗਲਾਦੇਸ਼ੀ ਮੰਨਣ ਤੋਂ ਇਨਕਾਰ ਕਰ ਰਿਹਾ ਹੈ, ਭਾਵ ਰੋਹਿੰਗਿਆ ਦੀ ਹਾਲਤ ਅੱਜ ਦੇਸ਼-ਰਹਿਤ ਇਨਸਾਨਾਂ ਵਾਲੀ ਹੋ ਗਈ ਹੈ, ਜਿਨ੍ਹਾਂ ਨੂੰ ਆਪਣਾ ਮੰਨਣ ਨੂੰ ਕੋਈ ਦੇਸ਼ ਤਿਆਰ ਨਹੀਂ ਹੈ।




**ਕਾਕਸ ਬਾਜ਼ਾਰ:** ਮਿਆਂਮਾਰ ਫੌਜ ਵੱਲੋਂ ਖਦੇੜੇ ਰੋਹਿੰਗਿਆ ਬਾਗੀਆਂ ਲਈ ਹਾਲਾਤ ਬੜੇ ਦਰਦਨਾਕ ਹਨ। ਹਿੰਸਾ ਤੋਂ ਬਚ ਕੇ ਉਹ ਮਿਆਂਮਾਰ ਤੋਂ ਭੱਜਦੇ ਹਨ ਅਤੇ ਜਿਨ੍ਹਾਂ ਗੁਆਂਢੀ ਦੇਸ਼ਾਂ ਵਿਚ ਜਾਂਦੇ ਹਨ, ਉਥੋਂ ਵੀ ਉਨ੍ਹਾਂ ਨੂੰ ਖਦੇੜ ਦਿੱਤਾ ਜਾਂਦਾ ਹੈ। ਘੱਟ ਸਮਰੱਥਾ ਵਾਲੀਆਂ ਕਿਸ਼ਤੀਆਂ ਵਿਚ ਜ਼ਰੂਰਤ ਤੋਂ ਜ਼ਿਆਦਾ ਲੋਕ ਬੈਠ ਜਾਂਦੇ ਹਨ ਅਤੇ ਬੰਗਾਲ ਦੀ ਖਾੜੀ ਵਿਚ ਡੁੱਬ ਜਾਂਦੇ ਹਨ ਅਤੇ ਕਦੇ-ਕਦੇ ਤਾਂ ਡੁਬੋ ਵੀ ਦਿੱਤੇ ਜਾਂਦੇ ਹਨ। ਕੋਈ ਦੇਸ਼ ਉਨ੍ਹਾਂ ਦੀ ਬਾਂਹ ਫੜਨ ਲਈ ਤਿਆਰ ਨਹੀਂ।

ਸੰਯੁਕਤ ਰਾਸ਼ਟਰ ਮੁਤਾਬਕ ਇਸ ਕਾਰਵਾਈ ਵਿਚ 1000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਰਿਪੋਰਟ ਮੁਤਾਬਕ 6600 ਰੋਹਿੰਗਿਆ ਅਤੇ 201 ਗੈਰ ਮੁਸਲਮਾਨਾਂ ਦੇ ਘਰਾਂ ਨੂੰ ਫੂਕਿਆ ਜਾ ਚੁੱਕਿਆ ਹੈ। ਇਸ ਖੂਨੀ ਕਾਰਵਾਈ ਪਿੱਛੋਂ ਤਕਰੀਬਨ ਤਿੰਨ ਲੱਖ ਰੋਹਿੰਗਿਆ ਮੁਸਲਮਾਨ ਜਾਨ ਬਚਾ ਕੇ ਬੰਗਲਾਦੇਸ਼ ਨੂੰ ਭੱਜ ਗਏ। ਭਗੌੜੇ ਲੋਕਾਂ ਦੀ ਵਾਪਸੀ ਰੋਕਣ ਲਈ ਮਿਆਂਮਾਰ ਸੁਰੱਖਿਆ ਬਲਾਂ ਵੱਲੋਂ ਸਰਹੱਦ ਨੇੜੇ ਬਾਰੂਦੀ ਸੁਰੰਗ ਵਿਛਾਈ ਹੋਈ ਹੈ।

ਰੋਹਿੰਗਿਆ ਮੁਸਲਮਾਨਾਂ ਦੇ ਮਸਲੇ ਨੂੰ ਭਾਰਤ ਵੀ ਸਿਰਦਰਦ ਵਜੋਂ ਵੇਖ ਰਿਹਾ ਹੈ। ਇਥੇ ਵੀ ਤਕਰੀਬਨ 40 ਹਜ਼ਾਰ ਰੋਹਿੰਗਿਆ ਸ਼ਰਨਾਰਥੀ ਰਹਿ ਰਹੇ ਹਨ ਅਤੇ ਉਨ੍ਹਾਂ ਨੂੰ ਇਥੋਂ ਕੱਢੇ ਜਾਣ ਨੂੰ ਲੈ ਕੇ ਰਾਜਨੀਤੀ ਹੋ ਰਹੀ ਹੈ। ਹਿੰਦੂ ਸੰਗਠਨ ਉਨ੍ਹਾਂ ਨੂੰ ਇਥੋਂ ਬਾਹਰ ਕੱਢਣ ਦੀ ਮੰਗ ਕਰ ਰਹੇ ਹਨ, ਤਾਂ ਮੁਸਲਿਮ ਸੰਗਠਨ ਉਨ੍ਹਾਂ ਨੂੰ ਸ਼ਰਨ ਦੇਣ ਦੀ ਦੁਹਾਈ ਦੇ ਰਹੇ ਹਨ। ਮਾਮਲਾ ਅਦਾਲਤ ਤੱਕ ਪਹੁੰਚ ਚੁੱਕਾ ਹੈ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵੀ ਇਸ ਮਾਮਲੇ ਵਿਚ ਦਖਲ ਦੇ ਚੁੱਕਾ ਹੈ। ਕਿਹਾ ਜਾ ਰਿਹਾ ਹੈ ਕਿ ਸੰਯੁਕਤ ਰਾਸ਼ਟਰ ਸੰਘ ਦੇ ਨਿਯਮਾਂ ਤਹਿਤ ਭਾਰਤ ਉਨ੍ਹਾਂ ਸ਼ਰਨਾਰਥੀਆਂ ਨੂੰ ਇਥੋਂ ਜ਼ਬਰਦਸਤੀ ਮਰਨ ਲਈ ਬਾਹਰ ਨਹੀਂ ਭੇਜ ਸਕਦਾ।

ਰੋਹਿੰਗਿਆ ਮੁਸਲਮਾਨਾਂ ਨੂੰ ਨਾ ਤਾਂ ਮਿਆਂਮਾਰ ਸਰਕਾਰ ਤੇ ਨਾ ਹੀ ਬੰਗਲਾਦੇਸ਼ ਸਰਕਾਰ ਆਪਣੇ ਨਾਗਰਿਕ ਮੰਨਦੀ ਹੈ। ਰਖੀਨ ਸੂਬੇ ਵਿਚ ਦਸ ਲੱਖ ਤੋਂ ਵੱਧ ਰੋਹਿੰਗਿਆ ਰਹਿੰਦੇ ਹਨ। ਕਿਉਂਕਿ ਇਸ ਸੂਬੇ ਦੀ ਸਰਹੱਦ ਬੰਗਲਾਦੇਸ਼ ਨਾਲ ਲੱਗਦੀ ਹੈ, ਇਸੇ ਕਰ ਕੇ ਮਿਆਂਮਾਰ ਸਰਕਾਰ ਇਨ੍ਹਾਂ ਨੂੰ ਧਰਤੀ ਪੁੱਤਰ ਨਾ ਮੰਨ ਕੇ ਵਿਦੇਸ਼ੀ ਨਾਗਰਿਕ ਦੱਸਦੀ ਆਈ ਹੈ। ਉਨ੍ਹਾਂ ਨੂੰ ਮਿਆਂਮਾਰੀ ਨਾਗਰਿਕਾਂ ਵਾਲੀਆਂ ਸਹੂਲਤਾਂ ਤੋਂ ਮਹਿਰੂਮ ਰੱਖਿਆ ਜਾ ਰਿਹਾ ਹੈ। ਦਰਅਸਲ, 2014 ਵਿਚ ਹੋਈ ਜਨਗਣਨਾ ਵਿਚ ਮਿਆਂਮਾਰ ਸਰਕਾਰ ਨੇ ਰੋਹਿੰਗਿਆ ਭਾਈਚਾਰੇ ਨੂੰ ਇਸ ਆਧਾਰ 'ਤੇ ਸ਼ਾਮਲ ਨਹੀਂ ਸੀ ਕੀਤਾ ਕਿ ਉਹ ਮਿਆਂਮਾਰੀ ਨਹੀਂ, ਬਲਕਿ ਬੰਗਾਲੀ ਹਨ। ਇਸ ਸਾਲ 25 ਅਗਸਤ ਨੂੰ ਮਿਆਂਮਾਰੀ ਫੌਜ 'ਤੇ ਹੋਏ ਅਤਿਵਾਦੀ ਹਮਲੇ ਮਗਰੋਂ ਰੋਹਿੰਗਿਆ ਭਾਈਚਾਰੇ ਉਤੇ ਸਰਕਾਰੀ ਤਸ਼ੱਦਦ ਦੇ ਰੂਪ ਵਿਚ ਜੋ ਕਹਿਰ ਢਾਹਿਆ ਗਿਆ, ਉਸ ਕਾਰਨ ਤਿੰਨ ਲੱਖ ਦੇ ਕਰੀਬ ਲੋਕਾਂ ਨੇ ਘਰ ਘਾਟ ਛੱਡ ਕੇ ਬੰਗਲਾਦੇਸ਼ ਵਿਚ ਸ਼ਰਨਾਰਥੀਆਂ ਵਜੋਂ ਪਨਾਹ ਲੈ ਲਈ ਹੈ। ਦੱਸਣਯੋਗ ਹੈ ਕਿ ਬੋਧੀਆਂ ਦੀ ਬਹੁਗਿਣਤੀ ਵਾਲੇ ਦੇਸ਼ ਮਿਆਂਮਾਰ ਵਿਚ ਮੁਸਲਿਮ ਰੋਹਿੰਗਿਆ ਭਾਈਚਾਰੇ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ ਅਤੇ ਉਨ੍ਹਾਂ ਉਤੇ 'ਬੰਗਾਲੀਆਂ' ਜਾਂ ਬੰਗਲਾਦੇਸ਼ ਦੇ ਗੈਰਕਾਨੂੰਨੀ ਪਰਵਾਸੀਆਂ ਦਾ ਠੱਪਾ ਲਾਇਆ ਜਾਂਦਾ ਹੈ।

# ਯੂਨੀਵਰਸਿਟੀ ਚੋਣਾਂ: ਮੋਦੀ ਨਾਲੋਂ ਟੁੱਟਣ ਲੱਗਾ ਨੌਜਵਾਨ ਪੀੜ੍ਹੀ ਦਾ ਮੋਹ

**ਚੰਡੀਗੜ੍ਹ:** ਨੌਜਵਾਨ ਪੀੜ੍ਹੀ ਦਾ ਨਰੇਂਦਰ ਮੋਦੀ ਸਰਕਾਰ ਤੋਂ ਭਰੋਸਾ ਟੁੱਟਣ ਲੱਗਾ ਹੈ। ਹਾਲ ਹੀ ਵਿਚ ਦੇਸ਼ ਦੀਆਂ ਕੁਝ ਯੂਨੀਵਰਸਿਟੀਆਂ ਵਿਚ ਹੋਈਆਂ ਵਿਦਿਆਰਥੀ ਚੋਣਾਂ ਵਿਚ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਨੂੰ ਮੂੰਹ ਦੀ ਖਾਣੀ ਪਈ ਹੈ। ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ), ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਨਵੀਂ ਦਿੱਲੀ) ਤੇ ਦਿੱਲੀ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਵਿਦਿਆਰਥੀ ਵਿੰਗ- ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏ.ਬੀ.ਵੀ.ਪੀ.) ਦੀ ਕਾਰਗੁਜ਼ਾਰੀ ਮਾਯੂਸੀ ਵਾਲੀ ਰਹੀ ਹੈ। ਨੌਜਵਾਨ ਪੀੜ੍ਹੀ ਨਾਲ ਸਬੰਧਤ ਤਿੰਨ ਸੰਸਥਾਵਾਂ ਨੇ ਭਗਵਾ ਧਿਰ ਨੂੰ ਨਕਾਰ ਦਿੱਤਾ।

ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਝਟਕਿਆਂ ਪਿੱਛੋਂ ਭਾਜਪਾ ਵਿਚ ਵੱਡੇ ਪੱਧਰ ਉਤੇ ਫਿਕਰਮੰਦੀ ਵਧੀ ਹੈ ਤੇ ਤਿੰਨਾਂ ਯੂਨੀਵਰਸਿਟੀਆਂ ਦੀ ਏ.ਬੀ.ਵੀ.ਪੀ. ਲੀਡਰਸ਼ਿਪ ਕੋਲੋਂ ਰਿਪੋਰਟਾਂ ਮੰਗੀਆਂ ਹਨ। ਪੰਜਾਬ ਯੂਨੀਵਰਸਿਟੀ ਵਿਚ ਏ.ਬੀ.ਵੀ.ਪੀ. ਹਮੇਸ਼ਾ ਹੋਰਨਾਂ ਧਿਰਾਂ ਨਾਲ ਗੱਠਜੋੜ ਕਰਦੀ ਰਹੀ ਹੈ। ਦੂਜੇ ਪਾਸੇ ਕਾਂਗਰਸ ਨਾਲ ਸਬੰਧਤ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐਨ.ਐਸ.ਯੂ.ਆਈ.) ਦੀ ਪੰਜਾਬ 'ਵਰਸਟੀ ਦੀਆਂ ਚਾਰ ਵਿਚੋਂ ਤਿੰਨ ਅਹੁਦਿਆਂ 'ਤੇ ਜਿੱਤ ਨੇ ਨਵੇਂ ਸਮੀਕਰਨਾਂ ਵੱਲ ਇਸ਼ਾਰਾ ਕੀਤਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਹਮੇਸ਼ਾ ਖੱਬੇ ਪੱਖੀਆਂ ਦਾ ਗੜ੍ਹ ਰਹੀ ਹੈ। ਏ.ਬੀ.ਵੀ.ਪੀ. ਵੱਲੋਂ ਇਸ ਯੂਨੀਵਰਸਿਟੀ ਵਿਚ ਆਪਣਾ ਮੁਕਾਮ ਬਣਾਉਣ ਲਈ ਚੋਖਾ ਜ਼ੋਰ ਲਾਇਆ ਜਾ ਰਿਹਾ ਸੀ। ਉਹ ਚਾਰੋਂ ਅਹਿਮ ਅਹੁਦਿਆਂ ਲਈ ਪਈਆਂ ਵੋਟਾਂ ਪੱਖੋਂ ਦੂਜੇ ਸਥਾਨ ਉਤੇ ਰਹੀ।

ਦਰਅਸਲ, ਖੱਬੀਆਂ ਧਿਰਾਂ ਦੀ ਨੁਮਾਇੰਦਗੀ ਕਰਦੀਆਂ ਤਿੰਨ ਜਥੇਬੰਦੀਆਂ ਨੇ ਗੱਠਜੋੜ ਕਰ ਕੇ ਏ.ਬੀ.ਵੀ.ਪੀ. ਵੱਲੋਂ ਕੋਈ ਸੀਟ ਹਥਿਆਏ ਜਾਣ ਦੀ ਸੰਭਾਵਨਾ ਪਹਿਲਾਂ ਹੀ ਖਤਮ ਕਰ ਦਿੱਤੀ ਸੀ। ਇਸ ਦੇ ਬਾਵਜੂਦ ਏ.ਬੀ.ਵੀ.ਪੀ. ਨੇ ਆਪਣੀ ਪੂਰੀ ਤਾਕਤ ਇਸ ਚੋਣ ਵਿਚ ਝੋਕੀ ਪਰ ਕਾਮਯਾਬੀ ਹੱਥ ਨਹੀਂ ਲੱਗੀ। ਦਿੱਲੀ ਯੂਨੀਵਰਸਿਟੀ (ਡੀ.ਯੂ.) ਨੂੰ ਏ.ਬੀ.ਵੀ.ਪੀ. ਆਪਣਾ ਗੜ੍ਹ ਮੰਨਦੀ ਆਈ ਸੀ। ਉਥੇ ਪਿਛਲੇ ਤਿੰਨ ਸਾਲਾਂ ਤੋਂ ਉਸ ਦਾ ਦਬਦਬਾ ਬਣਿਆ ਹੋਇਆ ਸੀ, ਪਰ ਇਸ ਵਾਰ ਪ੍ਰਧਾਨ ਤੇ ਮੀਤ ਪ੍ਰਧਾਨ ਦੇ ਅਹੁਦੇ ਐਨ.ਐਸ.ਯੂ.ਆਈ. ਜਿੱਤ ਗਈ ਅਤੇ ਏ.ਬੀ.ਵੀ.ਪੀ. ਨੂੰ ਮਹਿਜ਼ ਸਕੱਤਰ ਤੇ ਸਹਿ ਸਕੱਤਰ ਦੇ ਅਹੁਦਿਆਂ ਨਾਲ ਸਬਰ ਕਰਨਾ ਪਿਆ।

ਇਹ ਨਤੀਜੇ ਇਸ ਹਕੀਕਤ ਦਾ ਸੰਕੇਤ ਹਨ ਕਿ ਨੌਜਵਾਨ ਪੀੜ੍ਹੀ ਹੁਣ ਪਹਿਲਾਂ ਵਾਂਗ ਮੋਦੀ ਦੀ ਸ਼ੈਦਾਈ ਨਹੀਂ ਰਹੀ।

ਵਿਦਿਆਰਥੀ ਜਥੇਬੰਦੀਆਂ ਨੂੰ ਮਿਲੇ ਹੁੰਗਾਰੇ ਕਾਰਨ ਕਾਂਗਰਸ ਦੇ ਹੌਂਸਲੇ ਬੁਲੰਦ ਹਨ। ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਵਿੰਗ ਦੀਆਂ ਚੋਣਾਂ ਵਿਚ 4 ਸਾਲਾਂ ਬਾਅਦ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐਨ.ਐਸ. ਯੂ.ਆਈ.) ਕਾਂਗਰਸ ਦੇ ਵਿਦਿਆਰਥੀ ਵਿੰਗ ਨੇ ਜ਼ੋਰਦਾਰ ਵਾਪਸੀ ਕਰਦਿਆਂ ਪ੍ਰਧਾਨ ਅਤੇ ਉਪ-ਪ੍ਰਧਾਨ ਦੇ ਅਹੁਦੇ 'ਤੇ ਕਬਜ਼ਾ ਕੀਤਾ ਹੈ। ਇਸ ਤੋਂ ਪਹਿਲਾਂ ਐਨ. ਐਸ. ਯੂ. ਆਈ. ਨੇ 2012 ਵਿਚ ਦਿੱਲੀ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ (ਡੀ. ਯੂ. ਐਸ. ਯੂ.) 'ਚ ਪ੍ਰਧਾਨਗੀ ਦੀ ਕਮਾਨ ਸੰਭਾਲੀ ਸੀ।

## ਵਿਦਿਆਰਥੀ ਵਿੰਗ ਦੀ ਹਾਰ ਤੋਂ ਘਬਰਾਈ ਭਾਜਪਾ



# ਪਹਿਲੂ ਖਾਨ ਕਤਲ: ਡਾਢਿਆਂ ਵੱਲ ਝੁਕ ਗਿਆ ਨਿਆਂ

**ਅਲਵਰ:** ਰਾਜਸਥਾਨ ਦੇ ਅਲਵਰ ਵਿਚ ਗਊ ਰੱਖਿਆ ਦੇ ਨਾਂ ਉਤੇ ਹਿੰਸਾ ਦਾ ਸ਼ਿਕਾਰ ਹੋਏ ਪਹਿਲੂ ਖਾਨ ਦੀ ਹੱਤਿਆ ਮਾਮਲੇ ਵਿਚ ਨਵਾਂ ਮੋੜ ਆ ਗਿਆ ਹੈ। ਰਾਜਸਥਾਨ ਪੁਲਿਸ ਨੇ ਐਫ.ਆਈ.ਆਰ. ਵਿਚੋਂ ਕਤਲ ਦੇ 6 ਮੁਲਜ਼ਮਾਂ ਦੇ ਨਾਂ ਕੱਢ ਦਿੱਤੇ ਹਨ। ਖਾਸ ਗੱਲ ਇਹ ਹੈ ਕਿ ਪੁਲਿਸ ਨੇ ਉਨ੍ਹਾਂ ਸਾਰੇ ਮੁਲਜ਼ਮਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਜਿਨ੍ਹਾਂ ਦਾ ਨਾਂ ਪਹਿਲੂ ਖਾਨ ਨੇ ਮਰਨ ਤੋਂ ਪਹਿਲਾਂ ਆਪ ਲਿਆ ਸੀ।

ਦੱਸ ਦੇਈਏ ਕਿ 55 ਸਾਲ ਦੇ ਪਹਿਲੂ ਖਾਨ ਤੇ ਉਸ ਦੇ ਬੇਟੇ ਨੂੰ ਗਊ ਰਾਖਿਆਂ ਨੇ ਕੁੱਟਿਆ ਸੀ। ਪਹਿਲੂ ਖਾਨ ਜਾਨਵਰਾਂ ਦੇ ਮੇਲੇ ਵਿਚੋਂ ਗਾਂ ਤੇ ਉਸ ਦਾ ਵੱਛਾ ਖਰੀਦ ਕੇ ਆਪਣੇ ਘਰ ਹਰਿਆਣਾ ਲਿਜਾ ਰਿਹਾ ਸੀ। ਇਹ ਘਟਨਾ ਪਹਿਲੀ ਅਪਰੈਲ ਦੀ ਹੈ। ਉਦੋਂ ਕਿਸੇ ਨੇ ਪਹਿਲੂ ਖਾਨ ਨੂੰ ਕੁੱਟਣ ਦਾ ਵੀਡੀਓ ਬਣਾ ਲਿਆ ਸੀ। ਵੀਡੀਓ ਤੋਂ ਸਾਫ ਪਤਾ ਲੱਗਦਾ ਹੈ ਕਿ ਪਹਿਲੂ ਖਾਨ ਨੂੰ ਜ਼ਮੀਨ ਉਤੇ ਸੁੱਟ ਕੇ ਬੜੀ ਬੇਰਹਿਮੀ ਨਾਲ ਕੁੱਟਿਆ ਜਾ ਰਿਹਾ ਹੈ। ਇਸ ਘਟਨਾ ਦਾ ਜ਼ਿਕਰ ਸੰਸਦ ਵਿਚ ਵੀ ਹੋਇਆ ਸੀ। ਹਸਪਤਾਲ ਵਿਚ ਇਲਾਜ ਦੌਰਾਨ ਮਰਨ ਤੋਂ ਪਹਿਲਾਂ ਪਹਿਲੂ ਖਾਨ ਨੇ ਆਪਣੇ ਬਿਆਨ ਵਿਚ 6 ਲੋਕਾਂ ਦੇ ਨਾਂ ਲਏ ਸਨ। ਇਹ ਨਾਂ ਐਫ.ਆਈ.ਆਰ. ਵਿਚ ਦਰਜ ਕੀਤੇ ਗਏ ਸਨ ਪਰ ਉਨ੍ਹਾਂ ਨੂੰ ਕਦੇ ਗ੍ਰਿਫਤਾਰ ਨਹੀਂ ਕੀਤਾ ਗਿਆ। ਜਿਨ੍ਹਾਂ 'ਤੇ ਕਤਲ ਦਾ ਕੇਸ ਸੀ, ਉਹ ਤਾਂ ਪੁਲਿਸ ਨੂੰ ਨਹੀਂ ਲੱਭੇ ਪਰ ਜਿਨ੍ਹਾਂ ਉਤੇ ਕੋਈ ਕੇਸ ਨਹੀਂ ਸੀ, ਉਹ ਜ਼ਰੂਰ ਲੱਭ ਗਏ। ਇਨ੍ਹਾਂ ਵਿਚੋਂ ਦੋ ਫਿਲਹਾਲ ਜੇਲ੍ਹ 'ਚ ਹਨ ਤੇ 5 ਦੀ ਜ਼ਮਾਨਤ ਹੋ ਗਈ ਹੈ। ਹੁਣ ਪੁਲਿਸ ਨੇ ਪਹਿਲੂ ਖਾਨ ਦੇ ਬਿਆਨ 'ਚ ਦੱਸੇ 6 ਨਾਵਾਂ ਨੂੰ ਐਫ.ਆਈ.ਆਰ. ਵਿਚੋਂ ਬਾਹਰ ਕੱਢ ਦਿੱਤਾ ਹੈ।

ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਪਤਾ ਲੱਗ ਸਕੇ ਕਿ ਇਨ੍ਹਾਂ ਨੇ ਪਹਿਲੂ ਖਾਨ 'ਤੇ ਹਮਲਾ ਕੀਤਾ ਸੀ। ਪੁਲਿਸ ਦਾ ਕਹਿਣਾ ਹੈ ਕਿ ਵੀਡੀਓ ਤੇ ਫੋਟੋ ਵਿਚ ਇਹ ਨਹੀਂ ਦੇਖੇ ਗਏ। ਇਹ ਵਾਰਦਾਤ ਵੇਲੇ ਮੌਕੇ ਤੋਂ ਕਾਫੀ ਦੂਰ ਸਨ। ਪਹਿਲੂ ਖਾਨ ਦੀ ਮੌਤ ਤੋਂ ਬਾਅਦ ਪੁਲਿਸ ਨੇ ਇਕ ਹੋਰ ਐਫ.ਆਈ.ਆਰ. ਦਰਜ ਕੀਤੀ ਸੀ ਜਿਸ 'ਚ ਪਹਿਲੂ ਖਾਨ ਦੇ ਪਰਿਵਾਰ ਉਤੇ ਜਾਨਵਰਾਂ ਦੀ ਤਸਕਰੀ ਦਾ ਕੇਸ ਦਰਜ ਕਰ ਲਿਆ ਸੀ।



## ਪੁੱਤ ਵੱਲੋਂ ਨਿਆਂ ਮਿਲਣ ਤੱਕ ਲੜਨ ਦਾ ਅਹਿਦ

**ਜੈਪੁਰ:** ਗਊ ਰੱਖਿਅਕਾਂ ਵੱਲੋਂ ਕੀਤੀ ਕੁੱਟਮਾਰ ਕਰ ਕੇ ਫੌਤ ਹੋਏ ਡੇਅਰੀ ਪਾਲਕ ਪਹਿਲੂ ਖਾਨ ਦੇ ਪੁੱਤ ਇਰਸ਼ਾਦ ਨੇ ਕਿਹਾ ਕਿ ਉਹ ਨਿਆਂ ਮਿਲਣ ਤੱਕ ਲੜਾਈ ਜਾਰੀ ਰੱਖੇਗਾ। ਪਹਿਲੂ ਖਾਨ ਵੱਲੋਂ ਆਪਣੀ ਮੌਤ ਤੋਂ ਪਹਿਲਾਂ ਦਿੱਤੇ ਬਿਆਨ 'ਚ ਨਾਮਜ਼ਦ ਕੀਤੇ ਛੇ ਮੁਲਜ਼ਮਾਂ ਨੂੰ ਮਾਮਲੇ ਦੀ ਜਾਂਚ ਕਰ ਰਹੀ ਰਾਜਸਥਾਨ ਪੁਲਿਸ ਦੀ ਅਪਰਾਧ ਸ਼ਾਖਾ ਨੇ ਕਲੀਨ ਚਿੱਟ ਦੇ ਦਿੱਤੀ ਸੀ। ਇਸ ਮਾਮਲੇ ਵਿਚ ਕੁੱਲ 15 ਜਣਿਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ।

# ਹਿਰਾਸਤੀ ਮੌਤਾਂ ਜ਼ਿੰਦਗੀ ਦਾ ਘਾਣ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਖਿਆ ਹੈ ਕਿ ਹਿਰਾਸਤੀ ਮੌਤਾਂ ਅਪਰਾਧ ਹਨ ਅਤੇ ਅਜਿਹੀਆਂ ਘਟਨਾਵਾਂ ਬੰਦੀਆਂ ਦੀ ਆਜ਼ਾਦੀ ਅਤੇ ਜ਼ਿੰਦਗੀ ਦੇ ਅਧਿਕਾਰ ਦੇ ਘਾਣ ਦਾ ਸਪੱਸ਼ਟ ਸੰਕੇਤ ਹਨ। ਅਦਾਲਤ ਨੇ ਕਿਹਾ ਕਿ ਜੇਲ੍ਹਾਂ ਵਿਚ ਇੱਜ਼ਤ ਵਾਲੀ ਜ਼ਿੰਦਗੀ ਯਕੀਨੀ ਬਣਾਉਣ ਲਈ ਦਿਲੀ ਇੱਛਾ ਹੋਣੀ ਚਾਹੀਦੀ ਹੈ। ਨਹੀਂ ਤਾਂ ਜਿਉਣ ਤੇ ਨਿੱਜੀ ਆਜ਼ਾਦੀ ਦੇ ਮੌਲਿਕ ਅਧਿਕਾਰ ਦਾ ਕੋਈ ਅਰਥ ਨਹੀਂ ਰਹੇਗਾ।

ਉਨ੍ਹਾਂ ਕਿਹਾ ਕਿ ਜੇਕਰ ਜ਼ਿੰਦਗੀ ਤੇ ਆਜ਼ਾਦੀ ਦੇ ਮੌਲਿਕ ਅਧਿਕਾਰ ਨੂੰ ਅਸਲ ਅਰਥਾਂ ਵਿਚ ਲਾਗੂ ਕਰਨਾ ਹੈ ਤਾਂ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਸਚਾਈ ਕਬੂਲਣੀ ਚਾਹੀਦੀ ਹੈ ਅਤੇ ਕੈਦੀਆਂ ਨਾਲ ਇਕ 'ਵਸਤ' ਵਜੋਂ ਵਿਹਾਰ ਕਰਨਾ ਛੱਡਣਾ ਚਾਹੀਦਾ ਹੈ। 43 ਸਫਿਆਂ ਦੇ ਹੁਕਮ ਵਿਚ ਬੈਂਚ ਨੇ ਕਿਹਾ, 'ਇਹ ਉਦਾਸ ਕਰਨ ਵਾਲਾ ਹੀ ਨਹੀਂ ਬਲਕਿ ਦੁੱਖਦਾਇਕ ਮਾਮਲਾ ਹੈ।

# ਗੁਰਦਾਸਪੁਰ ਚੋਣ ਕਰੇਗੀ ਕੈਪਟਨ ਸਰਕਾਰ ਦੇ ਛੇ ਮਹੀਨਿਆਂ ਦਾ ਲੇਖਾ

**ਚੰਡੀਗੜ੍ਹ:** ਪੰਜਾਬ ਵਿਚਲੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਛੇ ਮਹੀਨਿਆਂ ਦੇ ਸ਼ਾਸਨ ਦਾ ਲੇਖਾ-ਜੋਖਾ ਗੁਰਦਾਸਪੁਰ ਜ਼ਿਮਨੀ ਚੋਣ ਕਰੇਗੀ। ਹੁਣ ਤੱਕ ਆਮ ਕਰ ਕੇ ਇਹੀ ਪ੍ਰਭਾਵ ਮੰਨਿਆ ਜਾਂਦਾ ਹੈ ਕਿ ਜੋ ਧਿਰ ਸੱਤਾ ਵਿਚ ਹੁੰਦੀ ਹੈ, ਜਿਮਨੀ ਚੋਣ ਦੀ ਸੀਟ ਉਸੇ ਦੀ ਝੋਲੀ ਪੈਂਦੀ ਹੈ, ਪਰ ਕਾਂਗਰਸ ਸਰਕਾਰ ਨੂੰ ਬਣਿਆ ਅਜੇ ਛੇ ਮਹੀਨਿਆਂ ਦਾ ਸਮਾਂ ਹੋਇਆ ਹੈ। ਕੈਪਟਨ ਸਰਕਾਰ ਨੇ ਚੋਣਾਂ ਵਿਚ ਵੱਡੇ ਵਾਅਦੇ ਕੀਤਾ ਸਨ ਤੇ ਅੱਧੇ ਸਾਲ ਵਿਚ ਇਨ੍ਹਾਂ ਨੂੰ ਨਿਭਾਉਣ ਵਿਚ ਸਫਲ ਨਹੀਂ ਹੋ ਸਕੀ। ਖਾਸ ਕਰ ਕੇ ਨੌਜਵਾਨਾਂ ਨੂੰ ਨੌਕਰੀਆਂ ਤੇ ਕਿਸਾਨਾਂ ਦੀ ਕਰਜ਼ ਮੁਆਫੀ ਸਰਕਾਰ ਲਈ ਵੱਡੀ ਵੰਗਾਰ ਹਨ।

ਮੰਨਿਆ ਜਾ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਰਕਾਰ ਦੀ ਪਹਿਲੀ ਪ੍ਰੀਖਿਆ 11 ਅਕਤੂਬਰ ਨੂੰ ਹੋਵੇਗੀ। ਇਸ ਦਿਨ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਾਂ ਪੈਣਗੀਆਂ। ਫਿਲਮ ਅਦਾਕਾਰ ਵਿਨੋਦ ਖੰਨਾ ਦੀ ਮੌਤ ਕਾਰਨ ਇਸ ਹਲਕੇ ਦੀ ਚੋਣ ਕਰਾਈ ਜਾ ਰਹੀ ਹੈ। ਦਰਅਸਲ, ਵਿਧਾਨ ਸਭ ਚੋਣਾਂ ਵਿਚ ਪਿਛਲੇ ਇਕ ਦਹਾਕੇ ਦੀ ਮਾੜੀ ਕਾਰਗੁਜ਼ਾਰੀ ਕਰ ਕੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੂੰ ਪੰਜਾਬੀਆਂ ਨੇ ਪੂਰੀ ਤਰ੍ਹਾਂ ਲਾਂਭੇ ਕਰ ਦਿੱਤਾ ਸੀ। ਪੰਜਾਬੀਆਂ ਨੇ ਕੈਪਟਨ ਉਤੇ ਵੱਡਾ ਭਰੋਸਾ ਪ੍ਰਗਟਾਇਆ ਸੀ ਪਰ ਹੁਣ ਵੇਖਣਾ ਹੋਏਗਾ ਕਿ ਛੇ ਮਹੀਨਿਆਂ ਵਿਚ ਇਹ ਭਰੋਸਾ ਕਿੰਨਾ ਕੁ ਕਾਇਮ ਹੈ।

ਇਸ ਲਈ ਇਹ ਚੋਣ ਕੁੱਲ ਮਿਲਾ ਕੇ ਕਾਂਗਰਸ ਲਈ ਹੀ ਅਹਿਮ ਹੈ। ਉਂਜ ਅਸਲ ਟੱਕਰ ਕਾਂਗਰਸ, ਆਮ ਆਦਮੀ ਪਾਰਟੀ ਤੇ ਅਕਾਲੀ ਦਲ-ਭਾਜਪਾ ਵਿਚਾਲੇ ਹੈ। ਅਕਾਲੀ ਦਲ ਬੇਸ਼ੱਕ ਭਾਜਪਾ ਦਾ ਭਾਈਵਾਲ ਹੈ ਪਰ ਇਹ ਸੀਟ ਬੀ.ਜੇ.ਪੀ. ਦੇ ਹਿੱਸੇ ਹੋਣ ਕਰ ਕੇ ਉਹਨੂੰ ਹਾਰ ਜਿੱਤ ਦਾ ਜ਼ਿਆਦਾ ਫਰਕ ਨਹੀਂ ਪੈਣਾ। ਤੈਅ ਸਮੇਂ ਵਿਚ ਚੋਣ ਵਾਅਦੇ ਨਿਭਾਉਣ ਵਿਚ ਅਸਫਲ ਰਹੀ ਕਾਂਗਰਸ ਨੂੰ ਵੱਡੇ ਪੱਧਰ 'ਤੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਖਾਸ ਕਰ ਕੇ ਮੁਲਾਜ਼ਮਾਂ ਨੂੰ ਤਨਖਾਹਾਂ ਨਾ ਮਿਲਣਾ ਵੱਡਾ ਮੁੱਦਾ ਬਣ ਸਕਦਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਵਿੱਤ ਮੰਤਰੀ ਇਸ ਲਈ ਜੀ.ਐਸ.ਟੀ. ਤੋਂ ਇਲਾਵਾ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਪਾਏ ਗਏ ਮਾਲੀ ਘਚੋਲੇ ਨੂੰ ਜ਼ਿੰਮੇਵਾਰ ਦੱਸਦੇ ਹਨ। ਲੋਕ ਇਸ ਗੱਲੋਂ ਦੁਖੀ ਹਨ ਕਿ ਕਿਸਾਨੀ ਕਰਜ਼ੇ ਵਾਅਦੇ ਮੁਤਾਬਕ ਮੁਆਫ ਨਹੀਂ ਕੀਤੇ ਗਏ, ਤਨਖਾਹਾਂ ਤੇ ਸਮਾਜਿਕ ਸੁਰੱਖਿਆ ਪੈਨਸ਼ਨਾਂ ਨਿਯਮਤ ਢੰਗ ਨਾਲ ਨਹੀਂ ਦਿੱਤੀਆਂ ਜਾ ਰਹੀਆਂ, ਵਿਕਾਸ ਕੰਮ ਰੁਕੇ ਹੋਏ ਹਨ।

ਸਰਕਾਰ 10.4 ਲੱਖ ਕਿਸਾਨਾਂ ਦਾ ਕਰੀਬ 9500 ਕਰੋੜ ਰੁਪਏ ਦਾ ਸਾਰਾ ਕਰਜ਼ ਮੁਆਫ ਕਰਨ ਦੀ ਬਜਾਏ ਮਹਿਜ਼ ਦੋ ਲੱਖ ਰੁਪਏ ਤੱਕ ਦੀ ਰਾਹਤ ਤੱਕ ਆ ਗਈ ਹੈ। ਸਰਕਾਰ ਨੇ ਸਾਰੀਆਂ ਗੈਰਕਾਨੂੰਨੀ ਚੱਲਦੀਆਂ ਬੱਸਾਂ ਨੂੰ ਰੋਕਣ ਦੀ ਮੁਹਿੰਮ ਸ਼ੁਰੂ ਕੀਤੀ ਸੀ ਪਰ ਹੁਣ ਮਾਮਲਾ ਅਦਾਲਤ ਵਿਚ ਹੈ। ਸਰਕਾਰ ਦੀ ਸਭ ਤੋਂ ਮਾੜੀ ਕਾਰਗੁਜ਼ਾਰੀ ਰੇਤ ਮਾਫੀਆ ਨੂੰ ਕਾਬੂ ਕਰਨ ਪੱਖੋਂ ਰਹੀ ਹੈ।



## ਕਿਸਾਨ ਕੈਪਟਨ ਨੂੰ ਵਾਅਦੇ ਯਾਦ ਕਰਾਉਣ: ਖਹਿਰਾ

**ਜਲੰਧਰ:** ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਗੁਰਦਾਸਪੁਰ ਚੋਣ ਦੌਰਾਨ ਕਿਸਾਨਾਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਸਤਖਤ ਵਾਲੇ ਕਰਜ਼ ਮੁਆਫੀ ਵਾਲੇ ਫਾਰਮ ਦਿਖਾਉਣ ਲਈ ਕਿਹਾ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਜਦੋਂ ਕੈਪਟਨ ਵੋਟਾਂ ਮੰਗਣ ਲਈ ਪੁੱਜੇ ਤਾਂ ਕਿਸਾਨ ਉਨ੍ਹਾਂ ਨੂੰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਜ਼ਰੂਰ ਯਾਦ ਕਰਵਾਉਣ। ਖਹਿਰਾ ਨੇ ਕਿਹਾ ਕਿ ਛੇ ਮਹੀਨਿਆਂ 'ਚ 250 ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ ਜਦਕਿ ਕਾਂਗਰਸ ਨੇ ਹਾਲੇ ਤੱਕ ਇਕ ਵੀ ਕਿਸਾਨ ਦਾ ਕਰਜ਼ਾ ਮੁਆਫ ਨਹੀਂ ਕੀਤਾ ਹੈ।



## ਸਰਕਾਰ ਕੋਲ ਕੋਈ ਜਾਦੂ ਦੀ ਛੜੀ ਨਹੀਂ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਲੋਚਕਾਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਸੱਤਾ ਵਿਚ ਆਏ ਅਜੇ ਮੁਸ਼ਕਲ ਨਾਲ ਛੇ ਮਹੀਨੇ ਹੋਏ ਹਨ ਤੇ ਸਰਕਾਰ ਨੇ ਨਾ ਸਿਰਫ ਬਹੁਤੇ ਚੋਣ ਵਾਅਦਿਆਂ ਨੂੰ ਲਾਗੂ ਕਰ ਦਿੱਤਾ ਹੈ, ਸਗੋਂ ਸੂਬੇ ਦੀ ਡਾਵਾਂਡੋਲ ਆਰਥਿਕਤਾ ਨੂੰ ਲੀਹ ਉਤੇ ਲਿਆਉਣ ਦੀ ਪ੍ਰਕਿਰਿਆ ਤੇਜ਼ੀ ਨਾਲ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੈ, ਪਰ ਇਸ ਦੇ ਬਾਵਜੂਦ ਸਰਕਾਰ ਨੇ ਪਿਛਲੇ ਛੇ ਮਹੀਨਿਆਂ ਦੌਰਾਨ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ।



## ਸਰਕਾਰੀ ਮੁਲਾਜ਼ਮ ਬਣਨਗੇ ਸਭ ਤੋਂ ਵੱਡੀ ਚੁਣੌਤੀ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਆਪਣੇ ਛੇ ਮਹੀਨਿਆਂ ਦੌਰਾਨ ਹੀ ਮੁਲਾਜ਼ਮਾਂ ਨੂੰ ਅੰਗੂਠਾ ਦਿਖਾ ਦਿੱਤਾ ਹੈ, ਕਿਉਂਕਿ ਬਤੌਰ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੋਣ ਪ੍ਰਕਿਰਿਆ ਦੌਰਾਨ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਹਵਾ ਵਿਚ ਲਟਕੇ ਪਏ ਹਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਚੋਣਾਂ ਦੌਰਾਨ ਦੋ ਫਰਵਰੀ ਨੂੰ ਪਟਿਆਲਾ ਵਿਚ ਸਮਾਗਮ ਦੌਰਾਨ ਕਾਂਗਰਸ ਦੀ ਸਰਕਾਰ ਬਣਨ 'ਤੇ 15 ਅਪਰੈਲ ਤੱਕ ਤਨਖਾਹ ਕਮਿਸ਼ਨ ਲਾਗੂ ਕਰਨ ਸਮੇਤ ਸਾਰੇ ਕੱਚੇ, ਐਡਹਾਕ, ਠੇਕਾ ਅਧਾਰਤ ਤੇ ਆਊਟਸੋਰਸਿੰਗ ਮੁਲਾਜ਼ਮਾਂ ਨੂੰ ਵਿਧਾਨ ਸਭਾ ਦੇ ਪਹਿਲੇ ਸੈਸ਼ਨ ਦੌਰਾਨ ਹੀ ਪੱਕਾ ਕਰਨ ਦਾ ਵਾਅਦਾ ਕੀਤਾ ਗਿਆ ਸੀ। ਇਸ ਦੇ ਉਲਟ ਪੰਜਾਬ ਦਾ ਛੇਵਾਂ ਤਨਖਾਹ ਕਮਿਸ਼ਨ ਫਿਲਹਾਲ ਮੁਢਲੀ ਪ੍ਰਕਿਰਿਆ ਤੱਕ ਹੀ ਸੀਮਤ ਹੈ। ਇਕ ਪਾਸੇ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਤਨਖਾਹ ਕਮਿਸ਼ਨ ਤੋਂ ਵਾਂਝਾ ਰੱਖਿਆ ਹੈ ਤੇ ਦੂਜੇ ਪਾਸੇ ਆਈ.ਏ.ਐਸ. ਅਤੇ ਆਈ.ਪੀ.ਐਸ. ਅਧਿਕਾਰੀਆਂ ਨੂੰ ਸੱਤਵੇਂ ਕੇਂਦਰੀ ਤਨਖਾਹ ਕਮਿਸ਼ਨ ਦੇ ਸੋਧੇ ਸਕੇਲ ਦੇ ਕੇ ਮੋਟੇ ਗੱਫੇ ਦਿੱਤੇ ਜਾ ਚੁੱਕੇ ਹਨ।

## ਜ਼ਿਮਨੀ ਚੋਣ ਵਿਚ ਵੀ.ਪੀ. ਪੈਡ ਮਸ਼ੀਨਾਂ

**ਅੰਮ੍ਰਿਤਸਰ:** ਉਤਰ ਪ੍ਰਦੇਸ਼ ਵਿਚ ਭਾਜਪਾ ਨੂੰ ਮਿਲੀ ਵੱਡੀ ਜਿੱਤ ਤੋਂ ਬਾਅਦ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਨੇ ਈ.ਵੀ.ਐਮ. (ਇਲੈਕਟ੍ਰੋਨਿਕ ਵੋਟਿੰਗ ਮਸ਼ੀਨ) 'ਤੇ ਕਈ ਸਵਾਲ ਚੁੱਕੇ ਸਨ। ਇਹ ਮਾਮਲਾ ਸੁਪਰੀਮ ਕੋਰਟ ਤੱਕ ਵੀ ਪੁੱਜਿਆ ਸੀ। ਉਸ ਵਿਵਾਦ ਤੋਂ ਬਾਅਦ ਹੁਣ ਗੁਰਦਾਸਪੁਰ ਜ਼ਿਮਨੀ ਚੋਣ ਵਿਚ ਚੋਣ ਕਮਿਸ਼ਨ ਨੇ ਵੀ.ਪੀ. ਪੈਡ ਸਿਸਟਮ ਰਾਹੀਂ ਵੋਟਿੰਗ ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ ਸਿਸਟਮ ਰਾਹੀਂ ਈ.ਵੀ.ਐਮ. ਦੇ ਨਾਲ-ਨਾਲ ਵੀ.ਪੀ. ਪੈਡ ਮਸ਼ੀਨ ਨੂੰ ਕੁਨੈਕਟ ਕਰਨ ਉਪਰੰਤ ਜਦੋਂ ਵੋਟਰ ਜਿਸ ਵੀ ਪਾਰਟੀ ਦੇ ਚੋਣ ਨਿਸ਼ਾਨ ਨੂੰ ਦਬਾਏਗਾ ਤਾਂ ਉਸ ਦੀ ਪਰਚੀ ਬਾਹਰ ਨਿਕਲੇਗੀ। ਇਸ ਤੋਂ ਵੋਟਰ ਨੂੰ ਪਤਾ ਲੱਗ ਸਕੇਗਾ ਕਿ ਉਸ ਨੇ ਜਿਸ ਨਿਸ਼ਾਨ ਦਾ ਬਟਨ ਦੱਬਿਆ ਸੀ, ਉਸ ਦੀ ਵੋਟ ਉਸ ਪਾਰਟੀ ਨੂੰ ਹੀ ਪਈ ਹੈ।

# ਸਰਕਾਰੀ ਭਰੋਸੇ ਵੀ ਕਿਸਾਨ ਖੁਦਕੁਸ਼ੀਆਂ ਰੋਕਣ ਵਿਚ ਰਹੇ ਨਾਕਾਮ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ ਮੁਆਫੀ ਬਾਰੇ ਕੀਤਾ ਐਲਾਨ ਤੇ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਲਈ ਬਣਾਈ ਸੰਸਦੀ ਕਮੇਟੀ ਵੀ ਕਿਸਾਨ ਖੁਦਕੁਸ਼ੀਆਂ ਰੋਕਣ ਵਿਚ ਨਾਕਾਮ ਸਾਬਤ ਹੋ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਰੋਜ਼ਾਨਾ ਔਸਤਨ ਇਕ ਤੋਂ ਤਿੰਨ ਖੇਤ ਮਜ਼ਦੂਰਾਂ ਤੇ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਬਾਰੇ ਖਬਰਾਂ ਆ ਰਹੀਆਂ ਹਨ। ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦਾ ਦਾਅਵਾ ਹੈ ਕਿ ਬੀਤੀ 9 ਅਗਸਤ ਤੋਂ 9 ਸਤੰਬਰ ਤੱਕ ਪੰਜਾਬ ਵਿਚ 47 ਕਿਸਾਨਾਂ ਨੇ ਖੁਦਕੁਸ਼ੀ ਕਰ ਲਈ। ਇਸ ਜਥੇਬੰਦੀ ਨੇ ਇਸ ਤੋਂ ਪਹਿਲਾਂ ਸੂਬੇ ਵਿਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ-ਮਜ਼ਦੂਰਾਂ ਦੀ ਗਿਣਤੀ ਵਾਲੀਆਂ ਤਿੰਨ ਸੂਚੀਆਂ ਜਾਰੀ ਕੀਤੀਆਂ ਹਨ ਅਤੇ ਇਹ ਚੌਥੀ ਸੂਚੀ ਹੈ। ਇਸ ਮੁਤਾਬਕ ਖੁਦਕੁਸ਼ੀਆਂ ਦਾ ਗ੍ਰਾਫ ਪਿਛਲੇ ਮਹੀਨਿਆਂ ਦੇ ਮੁਕਾਬਲੇ ਉਪਰ ਵੱਲ ਗਿਆ ਹੈ ਅਤੇ ਜੇ ਸਰਕਾਰ ਨੇ ਕਿਸਾਨੀ ਸਮੱਸਿਆਵਾਂ ਦਾ ਕੋਈ ਹੱਲ ਨਾ ਕੱਢਿਆ ਤਾਂ ਇਹ ਅੰਕੜੇ ਹੋਰ ਵਧਣ ਦਾ ਖਦਸ਼ਾ ਹੈ। ਇਸ ਦਾ ਕਾਰਨ ਸੱਤਾ ਵਿਚ ਆਉਣ ਤੋਂ ਪਹਿਲਾਂ ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕਰਨ ਦੇ ਵਾਅਦੇ ਤੋਂ ਫਿਰਨ ਨੂੰ ਦੱਸਿਆ ਜਾ ਰਿਹਾ ਹੈ। ਪੰਜਾਬ ਦੇ ਖੇਤੀਬਾੜੀ ਖੇਤਰ ਵਿਚ ਹੋਈਆਂ ਖੁਦਕੁਸ਼ੀਆਂ ਬਾਰੇ ਕੀਤੇ ਗਏ ਜ਼ਿਆਦਾਤਰ ਸਰਵੇ ਇਹ ਗੱਲ ਸਾਹਮਣੇ ਲਿਆ ਰਹੇ ਹਨ ਕਿ ਇਨ੍ਹਾਂ ਵਿਚੋਂ ਕਰੀਬ 40 ਫੀਸਦੀ ਖੇਤ ਮਜ਼ਦੂਰ ਅਤੇ ਜ਼ਿਆਦਾ ਛੋਟੇ ਕਿਸਾਨ ਹਨ। 2014-15 ਲਈ ਕੀਤੇ ਸਰਵੇ ਤੋਂ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਵਿਚ ਖੇਤ ਮਜ਼ਦੂਰ ਅਤੇ ਸੀਮਾਂਤ, ਛੋਟੇ, ਅਰਧ-ਦਰਮਿਆਨੇ ਅਤੇ ਦਰਮਿਆਨੇ ਕਿਸਾਨ ਕਰਜ਼ੇ ਅਤੇ ਘੋਰ ਗਰੀਬੀ ਦੇ ਪੁੜਾਂ ਵਿਚ ਪਿਸ ਰਹੇ ਹਨ। ਇਨ੍ਹਾਂ ਵਰਗਾਂ ਦੀ ਆਮਦਨ ਇੰਨੀ ਥੋੜ੍ਹੀ ਹੈ ਕਿ ਇਹ ਆਪਣੀ ਵਰਤਮਾਨ ਆਮਦਨ ਵਿਚੋਂ ਆਪਣੇ ਸਿਰ ਕਰਜ਼ੇ ਉਪਰਾਲਾ ਵਿਆਜ ਮੋੜਨ ਦੀ ਸਥਿਤੀ ਵਿਚ ਨਹੀਂ ਹਨ, ਕਰਜ਼ਾ ਮੋੜਨ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ।



## ਕਿਸਾਨ ਦੋ ਲੱਖ ਤੋਂ ਵੱਧ ਮੁਆਫੀ ਦੀ ਆਸ ਨਾ ਰੱਖਣ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਖਿਆ ਹੈ ਕਿ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਹੀ ਮੁਆਫ ਕੀਤਾ ਜਾਵੇਗਾ ਤੇ ਕਿਸਾਨ ਇਸ ਤੋਂ ਵੱਧ ਆਸ ਨਾ ਰੱਖਣ। ਸ੍ਰੀ ਬਾਦਲ ਨੇ ਕਿਹਾ ਕਿ ਸੂਬਾ ਸਰਕਾਰ ਆਪਣੀ ਹੈਸੀਅਤ ਤੋਂ ਵਧ ਕੇ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਰਹੀ ਹੈ ਤੇ ਇਸ ਬਾਬਤ ਸਰਕਾਰ ਖੁਦ ਕਰਜ਼ਾ ਲੈ ਰਹੀ ਹੈ, ਇਸ ਲਈ ਕਿਸਾਨ ਹੋਰ ਕਰਜ਼ਾ ਮੁਆਫੀ ਦੀ ਉਮੀਦ ਨਾ ਕਰਨ। ਉਨ੍ਹਾਂ ਕਿਹਾ ਕਿ ਫਸਲੀ ਚੱਕਰ ਬਦਲਣ ਦੇ ਯਤਨ ਵੀ ਕੀਤੇ ਜਾ ਰਹੇ ਹਨ। ਇਸ ਤਹਿਤ ਝੋਨੇ ਹੇਠ ਰਕਬਾ ਘਟਾ ਕੇ ਮੱਕੀ ਤੇ ਹੋਰ ਫਸਲਾਂ ਹੇਠ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਕਿਸਾਨਾਂ ਲਈ ਮੱਕੀ ਦਾ ਘੱਟੋ-ਘੱਟ ਭਾਅ ਤੈਅ ਕਰਨ ਦੀ ਤਿਆਰੀ ਹੈ। ਉਨ੍ਹਾਂ ਕਿਹਾ ਕਿ ਅਗਲੀ ਵਾਰ ਮੁਲਾਜ਼ਮਾਂ ਨੂੰ ਤਨਖਾਹਾਂ ਵੇਲੇ ਸਿਰ ਦੇਣ ਲਈ ਮਾਮਲਾ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਕੋਲ ਉਠਾਇਆ ਗਿਆ ਹੈ। ਇਸ ਵਾਰ ਜੀ.ਐਸ.ਟੀ. ਪ੍ਰਣਾਲੀ ਕਾਰਨ ਸਾਰੇ ਸੂਬਿਆਂ ਨੂੰ ਤਨਖਾਹਾਂ ਦੀ ਮੁਸ਼ਕਲ ਆਈ ਹੈ।



## ਬਾਦਲਾਂ ਨੂੰ ਦਸ ਸਾਲ ਦਿੱਤੇ, ਸਾਨੂੰ 10 ਮਹੀਨੇ ਦਿਓ: ਸਿੱਧੂ



**ਚੰਡੀਗੜ੍ਹ:** ਕਿਸਾਨਾਂ ਆਗੂਆਂ ਦੀ ਚਿਤਾਵਨੀ ਪਿੱਛੋਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਕਹਿਣਾ ਪਿਆ, "ਬਾਦਲਾਂ ਨੂੰ ਤੁਸੀਂ 10 ਸਾਲ ਦਿੱਤੇ ਸਨ ਤੇ ਸਾਨੂੰ 10 ਮਹੀਨੇ ਤਾਂ ਦਿਉ।" ਕਿਸਾਨ ਉਨ੍ਹਾਂ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੋਏ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨਾਂ ਵਿਰੁੱਧ ਕੋਈ ਕਾਰਵਾਈ ਕੀਤੀ ਤਾਂ ਗ੍ਰਿਫਤਾਰੀਆਂ ਦੇਣ ਤੋਂ ਵੀ ਪਿੱਛੇ ਨਹੀਂ ਹਟਾਂਗੇ।

## ਕਰਜ਼ ਮੁਆਫੀ ਬਾਰੇ ਖੁੱਲ੍ਹੀ ਯੋਗੀ ਸਰਕਾਰ ਦੀ ਪੋਲ

**ਲਖਨਾਊ:** ਉਤਰ ਪ੍ਰਦੇਸ਼ ਵਿਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੇ ਕਿਸਾਨਾਂ ਦੇ 36,000 ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰਨ ਦਾ ਐਲਾਨ ਕੀਤਾ ਸੀ ਪਰ ਕਰਜ਼ ਮੁਆਫੀ ਦੇ ਜਿਹੜੇ ਪ੍ਰਮਾਣ ਪੱਤਰ ਕਿਸਾਨਾਂ ਤੱਕ ਪਹੁੰਚ ਰਹੇ ਹਨ, ਉਨ੍ਹਾਂ ਨੂੰ ਦੇਖ ਕੇ ਯੋਗੀ ਸਰਕਾਰ ਦੇ ਇਰਾਦਿਆਂ ਉਤੇ ਸੁਆਲ ਖੜ੍ਹੇ ਹੋ ਗਏ ਹਨ। ਸੁਣ ਕੇ ਬੇਹੱਦ ਹੈਰਾਨੀ ਹੋਵੇਗੀ ਕਿ ਸਰਕਾਰ ਦੇ ਕਰਜ਼ ਮੁਆਫੀ ਤਹਿਤ ਮੇਰਠ ਦੇ ਨਗੀਨਾ ਵਿਚ ਰਹਿਣ ਵਾਲੇ ਕਿਸਾਨ ਬਲਿਆ ਨੂੰ 9 ਪੈਸੇ ਦੀ ਕਰਜ਼ ਮੁਆਫੀ ਹੋਈ ਹੈ। ਕਰਜ਼ ਮੁਆਫੀ ਦਾ ਪ੍ਰਮਾਣ ਪੱਤਰ ਲੈ ਕੇ ਬਲਿਆ ਖੁਦ ਹਾਸੇ ਦਾ ਪਾਤਰ ਬਣ ਗਿਆ ਹੈ। ਇਸ ਘਾਲੇਮਾਲੇ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ।



ਇਹ ਸਿਰਫ ਇਕੱਲੇ ਨਗੀਨਾ ਦੀ ਕਹਾਣੀ ਨਹੀਂ ਬਲਕਿ ਅਜਿਹੇ ਕਿਸਾਨਾਂ ਦੀ ਲੰਬੀ ਲਿਸਟ ਹੈ। ਮੇਰਠ ਦੇ ਜ਼ਿਲ੍ਹਾ ਖੇਤੀ ਅਧਿਕਾਰੀ ਡਾ. ਅਵੇਧਸ਼ ਮਿਸ਼ਰਾ ਮੁਤਾਬਕ ਬਾਸਟਾ ਦੇ ਰਹਿਣ ਵਾਲੇ ਚਰਨ ਸਿੰਘ ਨੂੰ 84 ਪੈਸੇ ਦੀ ਕਰਜ਼ ਮੁਆਫੀ ਮਿਲੀ ਹੈ। ਆਂਕੂ ਦੇ ਰਾਮਧਨ ਨੂੰ 2 ਰੁਪਏ, ਮੰਡਾਵਰ ਦੇ ਰਹਿਣ ਵਾਲੇ ਹੀਰਾ ਨੂੰ 3 ਰੁਪਏ ਤੇ ਅਫਜਲਗੜ੍ਹ ਦੇ ਰਹਿਣ ਵਾਲੇ ਭਾਗੇਸ਼ ਨੂੰ 6 ਰੁਪਏ ਦੀ ਕਰਜ਼ ਮੁਆਫੀ ਦਿੱਤੀ ਗਈ। ਇਥੇ ਮੇਰਠ ਦੇ ਹੀ ਕਿਸਾਨਾਂ ਦੇ ਨਹੀਂ ਬਲਕਿ ਇਟਾਵਾ ਤੇ ਸ਼ਾਹਜਹਾਂਪੁਰ ਤੋਂ ਵੀ ਅਜਿਹੇ ਹੀ ਮਾਮਲੇ ਸਾਹਮਣੇ ਆ ਰਹੇ ਜਿਥੇ ਕਿਸਾਨਾਂ ਨਾਲ ਭੱਦਾ ਮਜ਼ਾਕ ਕੀਤਾ ਗਿਆ ਹੈ।

## ਕਿਸਾਨਾਂ ਤੇ ਸਰਕਾਰ ਵਿਚਕਾਰ ਟਕਰਾਅ ਦਾ ਖਦਸ਼ਾ

**ਚੰਡੀਗੜ੍ਹ:** ਕਰਜ਼ ਮੁਆਫੀ ਸਬੰਧੀ ਕਿਸਾਨਾਂ ਤੇ ਪੰਜਾਬ ਸਰਕਾਰ ਵਿਚ ਟਕਰਾਅ ਵਧਣ ਦੇ ਆਸਾਰ ਬਣ ਗਏ ਹਨ। ਵਜ਼ਾਰਤੀ ਸਬ ਕਮੇਟੀ ਅਤੇ ਛੇ ਕਿਸਾਨ ਜਥੇਬੰਦੀਆਂ ਵਿਚਾਲੇ ਬੈਠਕ ਦੌਰਾਨ ਇਸ ਦੇ ਸਪਸ਼ਟ ਸੰਕੇਤ ਮਿਲੇ। ਕਿਸਾਨ ਆਗੂਆਂ ਨੇ ਦੋਵਾਂ ਮੰਤਰੀਆਂ ਨਵਜੋਤ ਸਿੰਘ ਸਿੱਧੂ ਅਤੇ ਮਨਪ੍ਰੀਤ ਬਾਦਲ ਨੂੰ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਜਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੋਟਾਂ ਲੈਣੀਆਂ ਸਨ ਤਾਂ ਉਨ੍ਹਾਂ ਕਈ ਵਾਰ ਜਨਤਕ ਤੌਰ ਉਤੇ ਸਾਰੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਵਾਅਦੇ ਕੀਤੇ ਸਨ ਅਤੇ ਕਿਸਾਨਾਂ ਦੇ ਫਾਰਮ ਵੀ ਭਰਵਾਏ ਸਨ। ਦੋਵੇਂ ਮੰਤਰੀਆਂ ਨੇ ਦੋ ਏਕੜ ਤੋਂ ਲੈ ਕੇ ਪੰਜ ਏਕੜ ਤੱਕ ਦੇ ਕਿਸਾਨਾਂ ਦਾ ਦੋ ਲੱਖ ਤੱਕ ਦਾ ਕਰਜ਼ਾ ਮੁਆਫ ਕਰਨ ਬਾਰੇ ਸਰਕਾਰ ਦੀ ਦਲੀਲ ਪੇਸ਼ ਕੀਤੀ। ਇਸ 'ਤੇ ਕਿਸਾਨ ਆਗੂਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਦਾ ਮੈਨੀਫੈਸਟੋ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਜਾਰੀ ਕੀਤਾ ਸੀ ਅਤੇ ਸੂਬੇ ਦੀ ਆਰਥਿਕ ਸਥਿਤੀ ਦਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਤਾਂ ਫਿਰ ਹੁਣ ਕਰਜ਼ਾ ਮੁਆਫੀ ਦੇ ਮੁੱਦੇ ਉਤੇ ਕੈਪਟਨ ਸਰਕਾਰ ਪਿਛਾਂਹ ਕਿਉਂ ਹਟ ਰਹੀ ਹੈ। ਹੋਰ ਆਗੂਆਂ ਨੇ ਕਿਹਾ ਕਿ ਕਰਜ਼ਾ ਮੁਆਫ ਨਾ ਕੀਤੇ ਜਾਣ ਕਾਰਨ ਕਿਸਾਨਾਂ ਵਿਚਾਲੇ ਸਰਕਾਰ ਖਿਲਾਫ ਗੁੱਸਾ ਵਧਦਾ ਜਾ ਰਿਹਾ ਹੈ।

**Punjab Times**
**Established in 2000**
**18th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678



**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

# ਲਹਿੰਦੇ ਪੰਜਾਬ ਦੇ ਉਘੇ ਲੇਖਕ ਅਫਜ਼ਲ ਅਹਿਸਨ ਰੰਧਾਵਾ ਨਹੀਂ ਰਹੇ

**ਲਾਇਲਪੁਰ:** ਲਹਿੰਦੇ ਪੰਜਾਬ ਦੇ ਉਘੇ ਲੇਖਕ ਅਫ਼ਜ਼ਲ ਅਹਿਸਨ ਰੰਧਾਵਾ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਲਾਇਲਪੁਰ ਵਿਚ ਆਖਰੀ ਸਾਹ ਲਿਆ। ਸ੍ਰੀ ਰੰਧਾਵਾ ਦਾ ਜਨਮ ਪਹਿਲੀ ਸਤੰਬਰ, 1937 ਨੂੰ ਅੰਮ੍ਰਿਤਸਰ ਵਿਚ ਹੋਇਆ ਸੀ ਅਤੇ ਵੰਡ ਬਾਅਦ ਉਹ ਪਾਕਿਸਤਾਨ ਦੇ ਫੈਸਲਾਬਾਦ ਜਾ ਵਸੇ।

ਉਨ੍ਹਾਂ ਦੀਆਂ ਵੀਹ ਤੋਂ ਵੱਧ ਪੁਸਤਕਾਂ ਹਨ। ਇਹ ਸਾਰੀਆਂ ਪੁਸਤਕਾਂ ਸ਼ਾਹਮੁਖੀ ਤੋਂ ਇਲਾਵਾ ਪੰਜਾਬੀ 'ਚ ਵੀ ਛਪੀਆਂ ਹਨ। ਉਨ੍ਹਾਂ ਦੇ ਚਾਰ ਨਾਵਲ ਦੀਵਾ ਤੇ ਦਰਿਆ (1961), ਦੁਆਬਾ (1981), ਸੂਰਜ ਗ੍ਰਹਿਣ (1989) ਅਤੇ ਪੰਧ (2001) ਹਨ। ਤਲਵਾਰ ਤੇ ਘੋੜਾ (1973), ਮੁੰਨਾ ਕੋਹ ਲਾਹੌਰ (1989) ਕਹਾਣੀ ਸੰਗ੍ਰਹਿ ਹਨ। ਉਨ੍ਹਾਂ ਦੇ ਪੰਜ ਕਾਵਿ-ਸੰਗ੍ਰਹਿ ਹਨ, ਜਿਨ੍ਹਾਂ ਵਿਚ ਸ਼ੀਸ਼ਾ ਇਕ ਤੇ ਲਿਸ਼ਕਾਰੇ ਦੋ (1965), ਰਾਤ ਦੇ ਚਾਰ ਸਫਰ (1975), ਪੰਜਾਬੀ ਵਾਰ (1979), ਮਿੱਟੀ ਦੀ ਮਹਿਕ (1983) ਅਤੇ ਪਿਆਲੀ ਵਿਚ ਅਸਮਾਨ (1983) ਸ਼ਾਮਲ ਹਨ।

ਉਨ੍ਹਾਂ ਦੀਆਂ ਦੋ ਪੁਸਤਕਾਂ ਉਰਦੂ ਸਾਹਿਤ ਦੀਆਂ ਵੀ ਹਨ। ਜਨਾਬ ਰੰਧਾਵਾ ਲਹਿੰਦੇ ਪੰਜਾਬ ਦੇ ਉਘੇ ਸਿਆਸਤਦਾਨਾਂ 'ਚ ਸ਼ੁਮਾਰ ਸਨ। ਫੈਸਲਾਬਾਦ ਹਾਈ ਕੋਰਟ ਵਿਚ ਉਹ ਲੰਬਾ ਸਮਾਂ ਸੀਨੀਅਰ ਵਕੀਲ ਰਹੇ। ਉਹ ਪਾਕਿਸਤਾਨ ਨੈਸ਼ਨਲ ਅਸੈਂਬਲੀ ਦੇ ਮੈਂਬਰ ਵੀ ਰਹੇ। 1984 'ਚ ਸਾਕਾ ਨੀਲਾ ਤਾਰਾ 'ਤੇ ਉਨ੍ਹਾਂ ਨੇ ਦੁੱਖ ਪ੍ਰਗਟਾਇਆ ਸੀ ਅਤੇ ਇਸ ਸਬੰਧੀ ਕਵਿਤਾ 'ਨਵਾਂ ਘੱਲੂਘਾਰਾ' ਲਿਖੀ ਸੀ, ਜੋ ਕਾਫੀ ਚਰਚਿਤ ਰਹੀ।

*ਲਹਿੰਦੇ ਪੰਜਾਬ ਦੇ ਉਘੇ ਲੇਖਕ ਅਫਜ਼ਲ ਅਹਿਸਨ ਰੰਧਾਵਾ ਸਦੀਵੀਂ ਵਿਛੋੜਾ*

## ਹਮਾਸ ਨੇ ਫਲਸਤੀਨੀ ਏਕੇ ਬਾਰੇ ਭਰੀ ਹਾਮੀ

**ਗਾਜ਼ਾ ਸ਼ਹਿਰ:** ਹਮਾਸ ਫਲਸਤੀਨੀਆਂ ਵਿਚ ਏਕਤਾ ਲਈ ਆਪਣੀ ਜਥੇਬੰਦੀ ਨੂੰ ਭੰਗ ਕਰਨ ਨੂੰ ਰਾਜ਼ੀ ਹੋ ਗਿਆ ਹੈ। ਫਤਿਹ ਦੀ ਮੁੱਖ ਮੰਗ ਸੀ ਕਿ ਮਾਰਚ ਵਿਚ ਬਣਾਈ ਗਈ ਪ੍ਰਸ਼ਾਸਕੀ ਕਮੇਟੀ ਨੂੰ ਭੰਗ ਕੀਤਾ ਜਾਵੇ। ਹਮਾਸ ਨੇ ਇਸ 'ਤੇ ਸਹਿਮਤੀ ਜਤਾਉਂਦਿਆਂ ਕਿਹਾ ਕਿ ਉਹ ਚੋਣਾਂ ਕਰਾਉਣ ਲਈ ਤਿਆਰ ਹੈ। ਹਮਾਸ ਮੁਖੀ ਇਸਮਾਈਲ ਹਾਨੀਆ ਨੇ ਕਾਹਿਰਾ ਵਿਚ ਪਿਛਲੇ ਹਫਤੇ ਹੋਈ ਗੱਲਬਾਤ ਦੌਰਾਨ ਏਕਤਾ ਪ੍ਰਤੀ ਦਿਲਚਸਪੀ ਦਿਖਾਈ।

## ਯਮੁਨਾ ਵਿਚ ਕਿਸ਼ਤੀ ਡੁੱਬੀ, 20 ਮੌਤਾਂ

**ਬਾਗਪਤ:** ਪੱਛਮੀ ਯੂ.ਪੀ. ਦੇ ਇਸ ਜ਼ਿਲ੍ਹੇ ਵਿਚ ਯਮੁਨਾ ਦਰਿਆ ਵਿਚ ਸਮਰੱਥਾ ਤੋਂ ਵੱਧ ਭਰੀ ਹੋਈ ਕਿਸ਼ਤੀ ਡੁੱਬਣ ਕਾਰਨ ਘੱਟੋ-ਘੱਟ 20 ਵਿਅਕਤੀ ਮਾਰੇ ਗਏ ਤੇ ਕਈ ਹੋਰ ਲਾਪਤਾ ਦੱਸੇ ਜਾਂਦੇ ਹਨ। ਜ਼ਿਲ੍ਹਾ ਮੈਜਿਸਟਰੇਟ ਭਵਾਨੀ ਸਿੰਘ ਮੁਤਾਬਕ ਕਿਸ਼ਤੀ ਵਿਚ 60 ਵਿਅਕਤੀ ਸਵਾਰ ਸਨ। ਇਹ ਘਟਨਾ ਜ਼ਿਲ੍ਹੇ ਦੇ ਪਿੰਡ ਕਾਠਾ ਨੇੜੇ ਵਾਪਰੀ।

## ਧੋਖੇਬਾਜ਼ ਪਰਵਾਸੀ ਲਾੜਿਆਂ ਦੀ ਸ਼ਾਮਤ

**ਨਵੀਂ ਦਿੱਲੀ:** ਹੁਣ ਆਪਣੀ ਪਤਨੀ ਨੂੰ ਪਰੇਸ਼ਾਨ ਕਰਨ ਅਤੇ ਛੱਡ ਦੇਣ ਵਾਲੇ ਪਰਵਾਸੀ ਲਾੜਿਆਂ ਦੀ ਸ਼ਾਮਤ ਆਵੇਗੀ। ਅਜਿਹਾ ਕੰਮ ਕਰਨ ਵਾਲੇ ਐਨ. ਆਰ.ਆਈ ਦਾ ਪਾਸਪੋਰਟ ਰੱਦ ਹੋ ਸਕਦਾ ਹੈ। ਭਾਰਤ ਸਰਕਾਰ ਵੱਲੋਂ ਬਣਾਈ ਕਮੇਟੀ ਨੇ ਇਹ ਸਿਫਾਰਸ਼ ਕੀਤੀ ਹੈ। ਕਮੇਟੀ ਨੇ ਦੋਸ਼ੀ ਪਰਵਾਸੀ ਭਾਰਤੀ ਪੁਰਸ਼ਾਂ ਦੇ ਪਾਸਪੋਰਟ ਰੱਦ ਕੀਤੇ ਜਾਣ ਸਬੰਧੀ ਖਾਸ ਪ੍ਰਬੰਧ ਜੋੜਨ ਦਾ ਸੁਝਾਅ ਦਿੱਤਾ ਹੈ। ਇਸ ਅਧੀਨ ਪਾਸਪੋਰਟ ਰੱਦ ਹੋਣ 'ਤੇ ਜੇ ਇਹ ਐਨ.ਆਰ.ਆਈ. ਪਤੀ ਭਾਰਤ 'ਚ ਹੈ ਤਾਂ ਉਹ ਦੇਸ਼ ਛੱਡ ਕੇ ਨਹੀਂ ਜਾ ਸਕੇਗਾ ਅਤੇ ਜੇ ਵਿਦੇਸ਼ ਵਿਚ ਹੈ ਤਾਂ ਉਸ ਨੂੰ ਭਾਰਤ ਭੇਜ ਦਿੱਤਾ ਜਾਵੇਗਾ। ਯਾਦ ਰਹੇ ਕਿ ਐਨ.ਆਰ.ਆਈਜ਼ ਵੱਲੋਂ ਆਪਣੀਆਂ ਪਤਨੀਆਂ ਨੂੰ ਛੱਡਣ ਦੇ ਵਧ ਰਹੇ ਮਾਮਲਿਆਂ 'ਤੇ ਇਸੇ ਸਾਲ ਮਈ ਵਿਚ ਵਿਦੇਸ਼ ਮੰਤਰਾਲੇ ਨੇ ਇਸ 'ਤੇ ਵਿਚਾਰ ਕਰਨ ਲਈ ਉਚ ਕਮੇਟੀ ਬਣਾਈ ਸੀ। ਅੰਕੜਿਆਂ ਮੁਤਾਬਕ, 10 ਵਿਚੋਂ 7 ਜਾਅਲੀ ਲਾੜੇ ਐਨ.ਆਰ.ਆਈ. ਹੁੰਦੇ ਹਨ।

## ਅਮਰਿੰਦਰ ਸਰਕਾਰ ਦਾ ਹਾਲ ਵੀ ਅਕਾਲੀਆਂ ਵਾਲਾ ਹੋਣ ਲੱਗਾ

*(ਸਫਾ ਇਕ ਦੀ ਬਾਕੀ)*

ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਪਿੱਛੋਂ ਪੈਦਾ ਹੋਏ ਰੋਹ ਵਿਚ ਦਬ ਗਿਆ। ਉਦੋਂ ਇਹ ਚਰਚਾ ਵੀ ਛਿੜੀ ਸੀ ਕਿ ਬੇਅਦਬੀ ਕਾਂਡ ਬਾਦਲ ਸਰਕਾਰ ਦੀ ਹੀ ਦੇਣ ਸੀ। ਹੁਣ ਕੈਪਟਨ ਸਰਕਾਰ ਲਈ ਵੀ ਉਹੋ ਜਿਹੇ ਹਾਲਾਤ ਬਣਦੇ ਨਜ਼ਰ ਆ ਰਹੇ ਹਨ। ਇਸੇ ਲਈ ਧਰਨਿਆਂ ਤੋਂ ਪਹਿਲਾਂ ਹੀ ਕਿਸਾਨ ਆਗੂਆਂ ਨੂੰ ਚੁੱਕ ਲਿਆ। ਇਹ ਜਥੇਬੰਦੀਆਂ ਕਿਸਾਨੀ ਕਰਜ਼ਿਆਂ ਦੀ ਮੁਕੰਮਲ ਮੁਆਫੀ ਦੀ ਮੰਗ ਕਰ ਰਹੀਆਂ ਹਨ। ਇਸ ਤੋਂ ਇਲਾਵਾ ਇਹ ਸਾਰੀਆਂ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ ਡਾ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਤੈਅ ਕੀਤੇ ਜਾਣ, ਪਟੇਦਾਰਾਂ ਤੇ ਵਾਹਿਕਾਰਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਜਾਣ ਵਰਗੀਆਂ ਮੰਗਾਂ ਉਤੇ ਵੀ ਜ਼ੋਰ ਦਿੰਦੀਆਂ ਆ ਰਹੀਆਂ ਹਨ।

ਸਰਕਾਰ ਦਾ ਦਾਅਵਾ ਹੈ ਕਿ ਉਹ ਕਿਸਾਨਾਂ ਦੀ ਹਿਤੈਸ਼ੀ ਹੈ, ਪਰ ਅੰਦੋਲਨ ਦੇ ਨਾਂ 'ਤੇ ਆਮ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣਾ ਬਰਦਾਸ਼ਤ ਨਹੀਂ ਕਰੇਗੀ। ਦਰਅਸਲ, ਹੁਕਮਰਾਨ ਧਿਰ ਨੇ ਚੋਣਾਂ ਤੋਂ ਪਹਿਲਾਂ ਕਿਸਾਨਾਂ ਨਾਲ ਵੱਡੇ ਵਾਅਦੇ ਕੀਤੇ ਸਨ ਤੇ ਇਹ ਵੀ ਦਾਅਵਾ ਕੀਤਾ ਸੀ ਕਿ ਸਰਕਾਰ ਬਣਦਿਆਂ ਹੀ ਪਹਿਲਾ ਕੰਮ ਇਨ੍ਹਾਂ ਉਤੇ ਫੁੱਲ ਚੜ੍ਹਾਉਣਾ ਹੈ। ਸਰਕਾਰ ਨੇ ਕਿਸਾਨਾਂ ਦੇ ਸਾਰੇ ਕਰਜ਼ਿਆਂ 'ਤੇ ਲੀਕ ਮਾਰਨ ਦਾ ਵਾਅਦਾ ਕੀਤਾ ਹੈ ਸੀ, ਪਰ ਹੁਣ ਗੱਲ ਪੰਜ ਏਕੜ ਵਾਲੇ ਕਿਸਾਨਾਂ ਦੇ ਦੋ ਲੱਖ ਰੁਪਏ ਅਤੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਦੋ ਲੱਖ ਰੁਪਏ ਤੱਕ ਦੇ ਭੁਗਤਾਨ 'ਤੇ ਆ ਗਈ ਹੈ, ਉਹ ਵੀ ਕਿਸ਼ਤਾਂ ਵਿਚ। ਕੈਪਟਨ ਸਰਕਾਰ ਕੋਲ ਢਾਈ ਏਕੜ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਜੋਗੇ ਵੀ ਪੈਸੇ ਨਹੀਂ ਹਨ ਤੇ ਪਿਛਲੇ ਛੇ ਮਹੀਨਿਆਂ ਵਿਚ ਉਹ ਕੇਂਦਰ ਸਰਕਾਰ ਕੋਲ ਫਿਰ ਗੇੜੇ ਮਾਰ ਆਈ ਹਨ ਜਿਥੋਂ ਕੋਈ ਖੈਰ ਨਹੀਂ ਪਈ। ਕਿਸਾਨ ਜਥੇਬੰਦੀਆਂ ਸਵਾਲ ਪੁੱਛ ਰਹੀਆਂ ਹਨ ਕਿ ਜਦੋਂ ਕਾਂਗਰਸ ਨੂੰ ਸੂਬੇ ਦੀ ਵਿੱਤੀ ਹਾਲਤ ਦਾ ਪਤਾ ਸੀ ਤਾਂ ਵਾਅਦੇ ਕੀਤੇ ਹੀ ਕਿਉਂ? ਯਾਦ ਰਹੇ ਕਿ ਕੈਪਟਨ ਸਰਕਾਰ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਪੰਜਾਬ ਵਿਚ ਚਾਰ ਹਫਤਿਆਂ ਵਿਚ ਨਸ਼ਾ ਖਤਮ ਕਰਨ, ਹਰ ਘਰ ਦੇ ਇਕ ਮੈਂਬਰ ਨੂੰ ਨੌਕਰੀ ਦੇਣ, ਨੌਜਵਾਨਾਂ ਨੂੰ ਮੋਬਾਇਲ ਦੇਣ ਸਮੇਤ ਕਈ ਵਾਅਦੇ ਕੀਤੇ ਸਨ, ਪਰ ਛੇ ਮਹੀਨਿਆਂ ਵਿਚ ਪੂਰਾ ਇਕ ਵੀ ਨਹੀਂ ਕੀਤਾ। ਸਰਕਾਰ ਨੇ ਵਾਅਦਾ ਕੀਤਾ ਸੀ ਕਿ ਬੁਢਾਪਾ ਪੈਨਸ਼ਨ 1500 ਰੁਪਏ ਹੋਵੇਗੀ ਪਰ 500 ਰੁਪਏ ਬੁਢਾਪਾ ਪੈਨਸ਼ਨ ਵਿਚ 250 ਹੋਰ ਜੋੜ ਕੇ 750 ਕਰ ਦਿੱਤੀ ਗਈ।

## ਦਾਊਦ ਦੀ ਬਰਤਾਨੀਆ 'ਚ ਸੰਪਤੀ ਜ਼ਬਤ

**ਲੰਡਨ:** ਦਾਊਦ ਇਬਰਾਹੀਮ ਦੀ ਬਰਤਾਨੀਆ ਵਿਚ ਕਰੋੜਾਂ ਦੀ ਸੰਪਤੀ ਜ਼ਬਤ ਹੋ ਗਈ ਹੈ। ਦਾਊਦ ਫਿਲਹਾਲ ਪਾਕਿਸਤਾਨ ਵਿਚ ਰਹਿ ਰਿਹਾ ਹੈ। ।ਬਰਤਾਨੀਆ ਸਰਕਾਰ ਨੇ ਆਰਥਿਕ ਪਾਬੰਦੀਆਂ ਦੀ ਆਪਣੀ ਸੂਚੀ 'ਚ ਦਾਊਦ ਇਬਰਾਹੀਮ ਦੀ ਕਰੋੜਾਂ ਦੀਆਂ ਸੰਪਤੀਆਂ ਨੂੰ ਸ਼ਾਮਲ ਕੀਤਾ ਸੀ। ਭਾਰਤ ਦਾ ਇਹ ਗੁਨਾਹਗਾਰ ਹੁਣ ਲੰਡਨ 'ਚ ਆਪਣਾ ਧੰਦਾ ਨਹੀਂ ਚਲਾ ਸਕੇਗਾ। ਇਸ ਤੋਂ ਇਲਾਵਾ ਪਹਿਲਾਂ ਮੋਦੀ ਸਰਕਾਰ ਦੇ ਕਹਿਣ ਉਤੇ ਯੂ.ਏ.ਆਈ. ਨੇ ਵੀ ਦਾਊਦ ਦੀ 15 ਹਜ਼ਾਰ ਕਰੋੜ ਦੀ ਸੰਪਤੀ ਜ਼ਬਤ ਕੀਤੀ ਸੀ।

# ਮੁੱਕ ਨਹੀਂ ਰਹੀਆਂ ਗਿਆਨੀ ਗੁਰਮੁਖ ਸਿੰਘ ਦੀਆਂ ਮੁਸੀਬਤਾਂ

*(ਸਫਾ ਇਕ ਦੀ ਬਾਕੀ)*

ਫੈਸਲਾ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ ਉਤੇ ਆਇਆ ਸੀ ਅਤੇ ਬਾਜ਼ੀ ਪੁੱਠੀ ਪੈਂਦੀ ਵੇਖ ਮੁਆਫੀ ਵਾਪਸ ਲੈਣ ਦਾ ਫੈਸਲਾ ਵੀ ਸਿਆਸੀ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਹੈੱਡ ਗ੍ਰੰਥੀ ਸ੍ਰੀ ਅਕਾਲ ਤਖਤ ਦੀਆਂ ਸੇਵਾਵਾਂ ਤੋਂ ਸੁਰਖਰੂ ਕਰ ਕੇ ਹਰਿਆਣਾ ਵਿਚਲੇ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਬਦਲ ਦਿੱਤਾ ਸੀ, ਪਰ ਉਸ ਦੇ ਪਰਿਵਾਰ ਦੀ ਰਿਹਾਇਸ਼ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਕੰਪਲੈਕਸ ਦੇ ਮਕਾਨ ਵਿਚ ਹੀ ਸੀ। ਮਕਾਨ ਖਾਲੀ ਕਰਨ ਦੇ ਹੁਕਮਾਂ ਤੋਂ ਦੋ ਦਿਨ ਪਹਿਲਾਂ ਗਿਆਨੀ ਗੁਰਮੁਖ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਬਰਖਾਸਤ ਪੰਜ ਪਿਆਰਿਆਂ ਅੱਗੇ ਪੇਸ਼ ਹੋ ਕੇ ਮੁਆਫੀ ਵਾਲੇ ਮਾਮਲੇ ਵਿਚ ਸਿਆਸੀ ਭੂਮਿਕਾ ਦੀ ਗੱਲ ਦੁਹਰਾਈ ਸੀ। ਇਸ ਪਿੱਛੋਂ ਸੁਖਬੀਰ ਸਿੰਘ ਬਾਦਲ ਵੱਲੋਂ ਅੰਮ੍ਰਿਤਸਰ ਵਿਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਜਦੋਂ ਗਿਆਨੀ ਗੁਰਮੁਖ ਸਿੰਘ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਇਹੀ ਕਹਿ ਕੇ ਟਾਲ ਦਿੱਤਾ ਕਿ ਗੁਰਮੁਖ ਸਿੰਘ ਬਦਲੀ ਕਰਵਾਉਣ ਲਈ ਉਨ੍ਹਾਂ ਦੇ ਤਰਲੇ ਕੱਢ ਰਿਹਾ ਹੈ। ਸੁਖਬੀਰ ਦੀ ਅੰਮ੍ਰਿਤਸਰ ਫੇਰੀ ਤੋਂ ਬਾਅਦ ਹੀ ਸਾਬਕਾ ਜਥੇਦਾਰ ਦੇ ਪਰਿਵਾਰ ਉਤੇ ਘਰ ਖਾਲੀ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਮਕਾਨ 'ਚ ਸਾਬਕਾ ਜਥੇਦਾਰ ਦੇ ਬਜ਼ੁਰਗ ਮਾਪੇ, ਪਤਨੀ ਅਤੇ ਬੇਟਾ ਰਹਿ ਰਿਹਾ ਹੈ। ਉਨ੍ਹਾਂ ਦੇ ਪਿਤਾ ਦਿਲ ਦੇ ਮਰੀਜ਼ ਹਨ ਅਤੇ ਬੀਤੇ ਸਾਲ ਸਟੈਂਟ ਪਿਆ ਸੀ। ਮਾਤਾ ਵੀ ਬਿਮਾਰ ਹਨ ਅਤੇ ਬੇਟਾ 12ਵੀਂ ਦਾ ਵਿਦਿਆਰਥੀ ਹੈ। ਦੱਸਣਯੋਗ ਹੈ ਕਿ ਸਤੰਬਰ 2015 ਨੂੰ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਪੱਤਰ ਦੇ ਆਧਾਰ ਉਤੇ ਮੁਆਫੀ ਦੇਣ ਦਾ ਫੈਸਲਾ ਕੀਤਾ ਸੀ ਜਿਸ ਦਾ ਸੰਗਤ ਵੱਲੋਂ ਭਾਰੀ ਵਿਰੋਧ ਹੋਣ ਮਗਰੋਂ 16 ਅਕਤੂਬਰ ਨੂੰ ਇਹ ਫੈਸਲਾ ਵਾਪਸ ਲੈ ਲਿਆ ਗਿਆ। ਫੈਸਲੇ ਸਮੇਂ ਗਿਆਨੀ ਗੁਰਮੁਖ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਪੰਜ ਸਿੰਘ ਸਾਹਿਬਾਨ ਵਿਚ ਸ਼ਾਮਲ ਸਨ। ਮਗਰੋਂ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਡੇਰਾ ਮੁਖੀ ਨੂੰ ਮੁਆਫੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਸ ਵੇਲੇ ਦੇ ਉਪ ਮੁੱਖ ਮੰਤਰੀ ਵੱਲੋਂ ਦਬਾਅ ਪਾਇਆ ਗਿਆ ਸੀ। ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੇ ਕੁਆਰਟਰ ਦਾ ਬਿਜਲੀ-ਪਾਣੀ ਕੁਨੈਕਸ਼ਨ ਕੱਟਣ ਦੀ ਕਾਰਵਾਈ ਨੂੰ ਸ਼੍ਰੋਮਣੀ ਕਮੇਟੀ ਦਾ ਨਾਦਰਸ਼ਾਹੀ ਫਰਮਾਨ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਪਿਛਲੇ ਸੱਚ ਨੂੰ ਉਜਾਗਰ ਕਰ ਕੇ ਕੋਈ ਗੁਨਾਹ ਨਹੀਂ ਕੀਤਾ।

### ਬਾਦਲਾਂ ਨੂੰ ਚਿਤਾਵਨੀ

ਗਿਆਨੀ ਗੁਰਮੁਖ ਸਿੰਘ ਦੀ ਪਤਨੀ ਸੁਖਰਾਜ ਕੌਰ ਨੇ ਚਿਤਾਵਨੀ ਦਿੱਤੀ ਹੈ ਕਿ ਅਜਿਹੇ ਤਣਾਅ ਵਾਲੇ ਮਾਹੌਲ ਵਿਚ ਪਰਿਵਾਰ ਦਾ ਕੋਈ ਜਾਨੀ ਮਾਲੀ ਨੁਕਸਾਨ ਹੋਇਆ ਤਾਂ ਇਸ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਿਹਾ ਕਿ ਜ਼ਬਰਦਸਤੀ ਘਰ ਖਾਲੀ ਕਰਨ ਲਈ ਕਿਹਾ ਜਾ ਰਿਹਾ ਸੀ। ਜਦੋਂ ਤੱਕ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਸਾਲ ਪੂਰਾ ਨਹੀਂ ਹੁੰਦਾ, ਉਹ ਕਾਨੂੰਨ ਇਸ ਘਰ ਵਿਚ ਰਹਿ ਸਕਦੇ ਹਨ। ਗਿਆਨੀ ਗੁਰਮੁਖ ਸਿੰਘ ਨੇ ਕਿਹਾ ਹੈ ਕਿ ਉਹ ਕਿਸੇ ਦਬਾਅ ਹੇਠ ਨਹੀਂ ਆਉਣਗੇ।

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੰਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਬਾਮਸੇਫ ਇੰਟਰਨੈਸ਼ਨਲ ਅਤੇ ਅਕਾਲੀ ਦਲ (ਅੰਮ੍ਰਿਤਸਰ) ਵਿਚ ਰਾਜਨੀਤਕ ਸਮਝੌਤਾ

**ਨਿਊ ਯਾਰਕ (ਬਿਊਰੋ):** ਭਾਰਤ ਦੇ ਮੂਲ ਨਿਵਾਸੀ, ਡਾ. ਭੀਮ ਰਾਓ ਅੰਬੇਦਕਰ ਦੇ ਪੈਰੋਕਾਰ ਬਾਮਸੇਫ ਇੰਟਰਨੈਸ਼ਨਲ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿਚ ਰਾਜਨੀਤਕ ਸਮਝੌਤੇ ਦਾ ਐਲਾਨ ਬਾਮਸੇਫ ਸੰਗਠਨ ਦੇ ਪ੍ਰਧਾਨ ਵਾਮਨ



ਮੇਸ਼ਰਾਮ ਨੇ ਨਿਊ ਯਾਰਕ ਵਿਚ ਹੋਈ ਵਰਲਡ ਕਾਨਫਰੰਸ ਦੌਰਾਨ ਕੀਤਾ। ਇਸ ਮੌਕੇ ਭਾਰਤ ਦੇ ਮੂਲ ਨਿਵਾਸੀ ਲੋਕਾਂ ਨੂੰ ਬ੍ਰਾਹਮਣਵਾਦ ਵਲੋਂ ਗੁਲਾਮ ਬਣਾਉਣ ਦੀ ਗੱਲ ਵੀ ਬੜੇ ਗੰਭੀਰ ਮਾਹੌਲ ਵਿਚ ਕੀਤੀ ਗਈ।

ਸਾਚੀ ਸਾਖੀ ਅਨੁਸਾਰ ਸੰਨ 1935-36 ਵਿਚ ਡਾ. ਭੀਮ ਰਾਓ ਅੰਬੇਦਕਰ ਨੇ 60 ਮਿਲੀਅਨ ਮੂਲ ਨਿਵਾਸੀਆਂ ਸਮੇਤ ਸਿੱਖ ਬਣਨ ਦੀ ਇੱਛਾ ਜ਼ਾਹਰ ਕੀਤੀ ਸੀ, ਜਿਸ ਨੂੰ ਅਕਾਲੀ ਲੀਡਰਸ਼ਿਪ ਨੇ ਆਪਣੀ ਕੁਰਸੀ ਨੂੰ ਖਤਰਾ ਜਾਣ ਕੇ ਠੁਕਰਾ ਦਿੱਤਾ ਸੀ। ਹੁਣ 82 ਸਾਲਾਂ ਬਾਅਦ ਮੂਲ ਨਿਵਾਸੀਆਂ ਵਲੋਂ ਇਕ ਵਾਰ ਫੇਰ ਹੱਥ ਵਧਾਏ ਜਾਣ 'ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਅਤੇ ਸਮੁੱਚੀ ਅੰਤਰਰਾਸ਼ਟਰੀ ਕੋਆਰਡੀਨੇਸ਼ਨ ਕਮੇਟੀ ਨੇ ਜੀ ਆਇਆ ਕਿਹਾ ਹੈ।

ਕੋਲੰਬੀਆ ਯੂਨੀਵਰਸਿਟੀ ਆਫ ਨਿਊ ਯਾਰਕ, ਜਿਥੋਂ ਡਾ. ਅੰਬੇਦਕਰ ਨੇ 1927 ਵਿਚ ਪੀਐਚ. ਡੀ. ਦੀ ਡਿਗਰੀ ਹਾਸਿਲ ਕੀਤੀ ਸੀ, ਉਸੇ ਯੂਨੀਵਰਸਿਟੀ ਵਿਚ ਬਾਮਸੇਫ ਇੰਟਰਨੈਸ਼ਨਲ ਨੈਟਵਰਕ ਵਲੋਂ ਦੂਜੀ ਵਰਲਡ ਕਾਨਫਰੰਸ ਵਿਚ ਇੰਡੀਆ ਤੋਂ 88 ਦੇ ਕਰੀਬ ਡੇਲੀਗੇਟ ਪਹੁੰਚੇ ਅਤੇ ਬਾਕੀ ਸੰਸਾਰ ਭਰ ਵਿਚੋਂ ਵੀ ਡੈਲੀਗੇਟ ਸ਼ਾਮਲ ਹੋਏ।

ਇਸ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਨੇਡਾ ਤੇ ਅਮਰੀਕਾ ਦੀ ਲੀਡਰਸ਼ਿਪ ਨੂੰ ਵੀ ਵਿਸ਼ੇਸ਼ ਸੱਦਾ ਦੇ ਕੇ ਬੁਲਾਇਆ ਗਿਆ ਸੀ, ਜਿਸ ਵਿਚ ਅਮਰੀਕਾ ਤੋਂ ਸ. ਬੂਟਾ ਸਿੰਘ ਖੜੌਦ, ਸੁਰਜੀਤ ਸਿੰਘ ਕੁਲਾਰ, ਸਰਬਜੀਤ ਸਿੰਘ, ਜੋਗਾ ਸਿੰਘ ਨਿਊ ਜਰਸੀ ਤੋਂ ਇਲਾਵਾ ਦਰਜਨ ਦੇ ਕਰੀਬ ਮੈਂਬਰ ਸ਼ਾਮਲ ਹੋਏ ਜਦਕਿ ਕੈਨੇਡਾ ਤੋਂ ਸੁਖਮਿੰਦਰ ਸਿੰਘ ਹੰਸਰਾ ਨੇ ਸ਼ਮੂਲੀਅਤ ਕੀਤੀ।

ਕਾਨਫਰੰਸ ਵਿਚ ਬਾਮਸੇਫ ਦੇ ਪ੍ਰਧਾਨ ਵਾਮਨ ਮੇਸ਼ਰਾਮ ਨੇ ਕਿਹਾ ਕਿ ਬ੍ਰਾਹਮਣਵਾਦ ਤੋਂ ਕੁੱਟ ਖਾ ਰਹੀਆਂ ਘੱਟ ਗਿਣਤੀਆਂ ਹੁਣ ਇਕੱਠੇ ਹੋ ਕੇ ਇਸ ਦਾ ਵਿਰੋਧ ਕਰਨ ਦੇ ਕਾਬਿਲ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ 5 ਹਜ਼ਾਰ ਸਾਲ ਤੋਂ ਯੋਜਨਾਬੱਧ ਢੰਗ ਨਾਲ ਘੱਟ ਗਿਣਤੀ ਲੋਕਾਂ ਨੂੰ ਬੇਵਕੂਫ ਬਣਾ ਕੇ ਰਾਜ ਕਰ ਰਹੇ ਬ੍ਰਾਹਮਣਵਾਦ ਦਾ ਹੁਣ ਅੰਤ ਆ ਗਿਆ ਹੈ। ਇਸੇ ਦੌਰਾਨ ਵਾਮਨ ਮੇਸ਼ਰਾਮ ਨੇ ਕਿਹਾ ਕਿ ਉਨ੍ਹਾਂ ਦਾ ਸੰਗਠਨ ਪਹਿਲੀ ਨਵੰਬਰ ਨੂੰ ਦਿੱਲੀ ਦੇ ਜੰਤਰ-ਮੰਤਰ ਗਰਾਊਂਡ ਵਿਚ ਸਿੱਖ ਨਸਲਕੁਸ਼ੀ ਵਿਰੁਧ ਅਤੇ ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਰੋਸ ਪ੍ਰਦਰਸ਼ਨ ਕਰੇਗਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਨੇ ਕਿਹਾ ਕਿ ਅਸੀਂ ਭਾਰਤ ਦੀਆਂ ਘੱਟ ਗਿਣਤੀਆਂ ਨਾਲ ਮਿਲ ਕੇ ਖਾਲਸਾ ਰਾਜ ਸਥਾਪਤ ਕਰਨ ਦੇ ਰਸਤੇ 'ਤੇ ਚੱਲ ਰਹੇ ਹਾਂ, ਇਹ ਸਾਡਾ ਜਨਮ ਸਿੱਧ ਅਧਿਕਾਰ ਹੈ। ਸ. ਖੜੌਦ ਨੇ ਗੁਰਬਾਣੀ ਦੇ ਪ੍ਰਮਾਣ ਦੇ ਕੇ ਦੱਸਿਆ ਕਿ ਸਿੱਖ ਮੱਤ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਇਹ ਵੀ ਸਵਿਕਾਰ ਕੀਤਾ ਕਿ ਅਜੇ ਇਹ ਬਿਮਾਰੀ ਮੁਕੰਮਲ ਤੌਰ 'ਤੇ ਖਤਮ ਨਹੀਂ ਹੋਈ।

ਅਕਾਲੀ ਦਲ (ਅੰਮ੍ਰਿਤਸਰ) ਦੀ ਕੈਨੇਡਾ ਈਸਟ ਇਕਾਈ ਦੇ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ ਨੇ ਕਿਹਾ ਕਿ ਮੂਲ ਨਿਵਾਸੀਆਂ ਨਾਲੋਂ ਖਾਲਸਾ ਪੰਥ ਦਾ ਮਸਲਾ ਵੱਖਰਾ ਹੈ। ਸਾਡਾ ਆਪਣਾ ਰਾਜ ਭਾਗ ਹੁੰਦਾ ਸੀ। ਖਾਲਸਾ ਰਾਜ ਦੇ ਪਹਿਲੇ ਮੁੱਖੀ ਬਾਬਾ ਬੰਦਾ ਸਿੰਘ ਬਹਾਦਰ ਨੇ ਦੱਬੇ ਕੁਚਲੇ ਲੋਕਾਂ ਨੂੰ ਉਪਰ ਚੁੱਕਣ ਲਈ ਜ਼ਮੀਨਾਂ ਦੇ ਮਾਲਕ ਬਣਾਇਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅੰਦਰ ਬਰਾਬਰਤਾ ਦਾ ਬੋਲਬਾਲਾ ਸੀ। ਸ. ਹੰਸਰਾ ਨੇ ਭਗਤ ਕਬੀਰ ਜੀ ਦੀ ਬਾਣੀ 'ਚੋਂ ਹਵਾਲੇ ਦਿੰਦਿਆਂ ਕਿਹਾ ਕਿ ਗੁਰੂਕਿਆਂ ਨੇ ਕਦੇ ਵੀ ਬ੍ਰਾਹਮਣਵਾਦ ਨੂੰ ਸਵਿਕਾਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜੋ ਪ੍ਰਾਣੀ ਜਾਤ-ਪਾਤ ਵਿਚ ਯਕੀਨ ਕਰਦਾ ਹੈ, ਉਹ ਸਿੱਖ ਨਹੀਂ ਹੋ ਸਕਦਾ ਕਿਉਂਕਿ ਉਹ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਦੇ ਉਲਟ ਚੱਲਦਾ ਹੈ।

ਸਰਬਜੀਤ ਸਿੰਘ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਖਾਲਸਾ ਪੰਥ ਆਪਣੀ ਖੁੱਸੀ ਬਾਦਸ਼ਾਹਤ ਹਾਸਿਲ ਕਰਨ ਲਈ ਪੂਰਾ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ 20ਵੀ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਭੇਦ-ਭਾਵ ਮਿਟਾ ਕੇ ਅੱਗੇ ਵੱਧਣ ਦੀ ਨੀਤੀ ਅਖਤਿਆਰ ਕੀਤੀ ਹੈ।

ਕਾਨਫਰੰਸ ਵਿਚ ਪ੍ਰੋ. ਸੁਖਪ੍ਰੀਤ ਸਿੰਘ ਉਦੋਕੇ, ਵਾਇਸ ਆਫ ਖਾਲਸਾ ਰੇਡੀਓ ਤੋਂ ਸੁਖਵਿੰਦਰ ਸਿੰਘ ਅਤੇ ਨਿਊ ਯਾਰਕ ਸਿਟੀ ਦੇ ਹਿਊਮਨ ਰਾਇਟਸ ਕਮਿਸ਼ਨਰ ਗੁਰਦੇਵ ਸਿੰਘ ਕੰਗ ਨੇ ਵੀ ਆਪਣੇ ਵਿਚਾਰ ਰੱਖੇ।

# ਅਮਰੀਕਾ ਦੀ ਧਮਕੀਆਂ ਦਾ ਤੋੜ ਲੱਭਣ ਲੱਗਾ ਪਾਕਿਸਤਾਨ

**ਇਸਲਾਮਾਬਾਦ:** ਪਾਕਿਸਤਾਨ ਨੇ ਅਮਰੀਕਾ ਖਿਲਾਫ਼ ਸਖਤ ਸਟੈਂਡ ਲੈਣਾ ਸ਼ੁਰੂ ਕਰ ਦਿੱਤਾ ਹੈ। ਮੀਡੀਆ ਰਿਪੋਰਟ ਮੁਤਾਬਕ ਜੇਕਰ ਅਮਰੀਕਾ ਨੇ ਦਹਿਸ਼ਤਗਰਦਾਂ ਖਿਲਾਫ਼ ਕਾਰਵਾਈ ਵਿਚ ਨਾਕਾਮ ਰਹਿਣ 'ਤੇ ਪਾਕਿਸਤਾਨ ਦੇ ਗੈਰ ਨਾਟੋ ਮੁਲਕਾਂ ਦੇ ਦਰਜੇ ਨੂੰ ਘਟਾਇਆ ਜਾਂ ਉਸ 'ਤੇ ਕਿਸੇ ਕਿਸਮ ਦੀਆਂ ਪਾਬੰਦੀਆਂ ਥੋਪੀਆਂ ਤਾਂ ਉਹ ਸਖਤ ਕੂਟਨੀਤਕ ਨੀਤੀ ਅਪਣਾਉਣ ਲਈ ਤਿਆਰ ਹੈ।

'ਐਕਸਪ੍ਰੈੱਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਪਾਕਿਸਤਾਨ ਸਰਕਾਰ ਨੇ ਤਿੰਨ ਬਦਲਾਂ ਵਾਲੀ ਸਖਤ ਕੂਟਨੀਤਕ ਨੀਤੀ ਤਿਆਰ ਕੀਤੀ ਹੈ। ਨੀਤੀ 'ਚ ਅਮਰੀਕਾ ਨਾਲ ਕੂਟਨੀਤਕ ਸਬੰਧਾਂ ਨੂੰ ਹੌਲੀ ਹੌਲੀ ਸੀਮਤ ਕਰਨਾ, ਅਤਿਵਾਦ ਸਬੰਧਤ ਮੁੱਦਿਆਂ ਉਤੇ ਆਪਸੀ ਸਹਿਯੋਗ ਘਟਾਉਣਾ ਅਤੇ ਅਫਗਾਨਿਸਤਾਨ ਲਈ ਅਮਰੀਕੀ ਰਣਨੀਤੀ ਵਿਚ ਸਹਿਯੋਗ ਨਾ ਕਰਨਾ ਸ਼ਾਮਲ ਹੈ।

## Matrimonials

### ਲੜਕੀ ਦੀ ਲੋੜ ਹੈ

Wanted citizen or green card holder Nai Sikh girl for a Nai Sikh boy 29 years, 5'-9", BBA on visitor visa. Family of the boy well settled in India. Only sister married in the USA. Simple and early marriage. Contact, Ph: 646-318-1589 35-38

ਆਦਿ ਧਰਮੀ ਉਮਰ 47 ਸਾਲ, ਕੱਦ 5'-6", ਚੰਗੇ ਬਿਜਨਸ ਦੇ ਮਾਲਕ ਵਿਅਕਤੀ ਲਈ ਗਰੀਨ ਕਾਰਡ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਿਧਵਾ ਜਾਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 859-287-6730

Wanted citizen or green card holder life partner for Aad Dharmi 47, 5'-6", good business owner, well settled man. Caste no bar. Widow or divorce can also be considered. Contact, Ph: 859-287-6730 35-38

### ਵਰ ਦੀ ਲੋੜ ਹੈ

Looking for a Jatt Sikh well-educated US Citizen boy from respected family for U.S. citizen Jatt Sikh girl 28, Height 5'4", CPA. Manager, from California. Contact saabks500@gmail.com 34-37

33 ਸਾਲਾ ਤਲਾਕਸ਼ੁਦਾ ਲੜਕੀ ਐਮ. ਐਸਸੀ ਬਾਇਓਟੈਕ, ਯੂਨੀਵਰਸਿਟੀ ਟਾਪਰ ਡਿਪਲੋਮਾ ਇਨ ਫਾਰਮੇਸੀ ਬੀ.ਏ.ਐਮ.ਐਸ. ਡਾਕਟਰ, ਗੋਦੀ ਛੇ ਸਾਲ ਦਾ ਬੇਟਾ, ਪੇਂਡੂ ਤੇ ਸ਼ਹਿਰੀ ਜਾਇਦਾਦ ਵਾਸਤੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 408-915-1268 ਜਾਂ ਈਮੇਲ: tsdupalpuri@yahoo.com 33-36

ਪੰਜਾਬ ਟਾਈਮਜ਼
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਫੋਨ: 847-359-0746
*e-mail:*
*punjabtimes1@gmail.com*

# ਨਨਕਾਣਾ ਸਾਹਿਬ 'ਚ ਹੀ ਬਣੇਗੀ ਗੁਰੂ ਨਾਨਕ ਯੂਨੀਵਰਸਿਟੀ


**ਅੰਮ੍ਰਿਤਸਰ:** ਲਹਿੰਦੇ ਪੰਜਾਬ ਦੀ ਵਿਧਾਨ ਸਭਾ ਵਿਚ 'ਬਾਬਾ ਗੁਰੂ ਨਾਨਕ ਯੂਨੀਵਰਸਿਟੀ' ਨਨਕਾਣਾ ਸਾਹਿਬ ਵਿਚ ਹੀ ਬਣਾਉਣ ਦੇ ਦਿੱਤੇ ਭਰੋਸੇ ਦਾ ਸ਼੍ਰੋਮਣੀ ਕਮੇਟੀ ਨੇ ਸਵਾਗਤ ਕੀਤਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਹ ਇਤਿਹਾਸਕ ਫੈਸਲਾ ਹੈ ਤੇ ਸਿੱਖ ਸੰਗਤ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਸਥਾਨ ਬਦਲਣ ਦੀ ਚਰਚਾ ਨਾਲ ਸਿੱਖ ਸੰਗਤ ਵਿਚ ਰੋਸ ਸੀ। ਇਸੇ ਦੌਰਾਨ ਉਨ੍ਹਾਂ ਪਾਕਿਸਤਾਨ ਦੀਆਂ ਦੋ ਯੂਨੀਵਰਸਿਟੀਆਂ- ਪੰਜਾਬ ਯੂਨੀਵਰਸਿਟੀ ਲਾਹੌਰ ਅਤੇ ਨੈਸ਼ਨਲ ਯੂਨੀਵਰਸਿਟੀ ਆਫ ਮਾਡਰਨ ਲੈਂਗੂਏਜ ਇਸਲਾਮਾਬਾਦ ਵਿਚ ਐਮ.ਏ. ਪੰਜਾਬੀ ਦੇ ਸਿਲੇਬਸ ਵਿਚ 'ਜਪੁ ਜੀ' ਸਾਹਿਬ ਸ਼ਾਮਲ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਇਸ ਉਪਰਾਲੇ ਲਈ ਪਾਕਿਸਤਾਨੀ ਪੰਜਾਬ ਦੇ ਵਿਧਾਨ ਸਭਾ ਮੈਂਬਰ ਰਮੇਸ਼ ਸਿੰਘ ਅਰੋੜਾ ਦੇ ਯਤਨਾਂ ਦੀ ਸ਼ਲਾਘਾ ਕੀਤੀ ਹੈ।


# ਮੋਦੀ ਸਰਕਾਰ ਵੱਲੋਂ ਰੋਹਿੰਗਿਆ ਨੂੰ ਪਨਾਹ ਦੇਣ ਤੋਂ ਨਾਂਹ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਰੋਹਿੰਗਿਆ ਮੁਸਲਮਾਨ ਗੈਰ-ਕਾਨੂੰਨੀ ਪਰਵਾਸੀ ਹਨ ਅਤੇ ਉਨ੍ਹਾਂ ਦੇ ਟਿਕੇ ਰਹਿਣ ਨਾਲ ਮੁਲਕ ਦੀ ਸੁਰੱਖਿਆ ਨੂੰ ਗੰਭੀਰ ਖਤਰਾ ਖੜ੍ਹਾ ਹੋ ਸਕਦਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸੁਪਰੀਮ ਕੋਰਟ ਰਜਿਸਟਰੀ ਕੋਲ ਦਾਖਲ ਕੀਤੇ ਗਏ ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਮੁਲਕ ਦੇ ਨਾਗਰਿਕਾਂ ਨੂੰ ਹੀ ਕਿਸੇ ਹਿੱਸੇ ਵਿਚ ਠਹਿਰਨ ਤੇ ਉਥੇ ਵਸਣ ਦਾ ਬੁਨਿਆਦੀ ਹੱਕ ਹੈ ਅਤੇ ਗੈਰ-ਕਾਨੂੰਨੀ ਸ਼ਰਨਾਰਥੀ ਇਹ ਹੱਕ ਲੈਣ ਲਈ ਸੁਪਰੀਮ ਕੋਰਟ ਦੇ ਅਧਿਕਾਰ ਖੇਤਰ ਦਾ ਹਵਾਲਾ ਨਹੀਂ ਦੇ ਸਕਦੇ। ਬੈਂਚ ਨੇ ਰੋਹਿੰਗਿਆ ਸ਼ਰਨਾਰਥੀਆਂ ਨੂੰ ਮੁਲਕ ਵਿਚੋਂ ਕੱਢੇ ਜਾਣ ਖਿਲਾਫ਼ ਪਾਈ ਪਟੀਸ਼ਨ 'ਤੇ ਸੁਣਵਾਈ 3 ਅਕਤੂਬਰ ਲਈ ਨਿਰਧਾਰਤ ਕਰ ਦਿੱਤੀ ਹੈ।

## ਦਾਊਦ ਦਾ ਛੋਟਾ ਭਰਾ ਕਾਸਕਰ ਗ੍ਰਿਫਤਾਰ

**ਮੁੰਬਈ:** ਫਿਰੌਤੀ ਦੇ ਇਕ ਮਾਮਲੇ ਵਿਚ ਪੁਲਿਸ ਨੇ ਅਪਰਾਧ ਜਗਤ ਦੇ ਸਰਗਨੇ ਦਾਊਦ ਇਬਰਾਹੀਮ ਦੇ ਛੋਟੇ ਭਰਾ ਇਕਬਾਲ ਕਾਸਕਰ ਨੂੰ ਗ੍ਰਿਫਤਾਰ ਕੀਤਾ ਹੈ। ਕੁਝ ਕਾਰੋਬਾਰੀਆਂ ਨੂੰ ਇਕਬਾਲ ਗਰੋਹ ਦੇ ਮੈਂਬਰਾਂ ਵੱਲੋਂ ਫਿਰੌਤੀ ਲਈ ਫੋਨ ਆ ਰਹੇ ਸਨ।

*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*
ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

*Gurdip Singh Sandhu*
***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email:
Homeomedicine@yahoo.com

ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ

ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ। ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ। ਛੇ ਦਿਨ ਕੰਮ, ਇਕ ਦਿਨ ਛੁੱਟੀ
ਸੰਪਰਕ ਕਰੋ
ਫੋਨ: 501-309-4140
37-38

# ਹਿੰਦ-ਪਾਕਿ ਜੰਗ ਦਾ ਨਾਇਕ ਮਾਰਸ਼ਲ ਅਰਜਨ ਸਿੰਘ ਜਹਾਨੋਂ ਰੁਖਸਤ

**ਨਵੀਂ ਦਿੱਲੀ:** ਜੰਗੀ ਨਾਇਕ ਮਾਰਸ਼ਲ ਅਰਜਨ ਸਿੰਘ, ਜਿਨ੍ਹਾਂ ਨੇ 1965 ਭਾਰਤ-ਪਾਕਿਸਤਾਨ ਜੰਗ ਦੌਰਾਨ ਭਾਰਤੀ ਹਵਾਈ ਫੌਜ ਦੀ ਅਗਵਾਈ ਕੀਤੀ ਸੀ, ਦਾ ਦੇਹਾਂਤ ਹੋ ਗਿਆ। 98 ਸਾਲਾ ਮਾਰਸ਼ਲ ਅਰਜਨ ਸਿੰਘ ਭਾਰਤੀ ਹਵਾਈ ਫੌਜ ਦਾ ਇਕਲੌਤਾ ਅਫਸਰ ਸੀ, ਜਿਨ੍ਹਾਂ ਨੂੰ 5-ਸਟਾਰ ਰੈਂਕ ਤਕ ਤਰੱਕੀ ਮਿਲੀ ਸੀ। ਇਹ ਥਲ ਸੈਨਾ ਦੇ ਫੀਲਡ ਮਾਰਸ਼ਲ ਦੇ ਬਰਾਬਰ ਹੈ।

ਮੁਲਕ ਦੇ ਫੌਜੀ ਇਤਿਹਾਸ ਦੇ ਧਰੂ-ਤਾਰੇ ਅਰਜਨ ਸਿੰਘ ਨੇ 1965 ਦੀ ਹਿੰਦ-ਪਾਕਿ ਜੰਗ ਸਮੇਂ ਤਜਰਬੇ ਵਿਹੂਣੀ ਭਾਰਤੀ ਹਵਾਈ ਫੌਜ ਦੀ ਅਗਵਾਈ ਕੀਤੀ ਸੀ ਅਤੇ ਉਹ ਮਹਿਜ਼ 44 ਸਾਲਾਂ ਦੇ ਸਨ। ਪਾਕਿਸਤਾਨ ਨੇ ਜੰਮੂ ਕਸ਼ਮੀਰ ਦੇ ਬੇਹੱਦ ਅਹਿਮ ਸ਼ਹਿਰ ਅਖਨੂਰ ਉਤੇ ਅਪਰੇਸ਼ਨ ਗਰੈਂਡ ਸਲੈਮ ਤਹਿਤ ਧਾਵਾ ਬੋਲਿਆ ਤਾਂ ਉਨ੍ਹਾਂ ਨੇ ਹੌਸਲੇ, ਦਲੇਰੀ, ਦ੍ਰਿੜਤਾ ਅਤੇ ਪੇਸ਼ੇਵਰ ਹੁਨਰ ਦਾ ਮੁਜ਼ਾਹਰਾ ਕੀਤਾ। ਲੜਾਕੂ ਪਾਈਲਟ ਅਰਜਨ ਸਿੰਘ ਨੂੰ 1965 ਵਿਚ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਪਦਮ ਵਿਭੂਸ਼ਨ' ਪੁਰਸਕਾਰ



ਨਾਲ ਸਨਮਾਨਿਆ ਗਿਆ। ਉਹ ਪਹਿਲੀ ਅਗਸਤ, 1964 ਤੋਂ 15 ਜੁਲਾਈ, 1969 ਤੱਕ ਭਾਰਤੀ ਹਵਾਈ ਫੌਜ ਦੇ ਮੁਖੀ ਰਹੇ।

ਲੜਾਕੂ ਜਹਾਜ਼ ਦੇ ਫੁਰਤੀਲੇ ਪਾਈਲਟ ਅਰਜਨ ਸਿੰਘ ਨੂੰ ਆਮ ਫੌਜੀਆਂ ਦੇ ਜਨਰਲ ਵਜੋਂ ਜਾਣਿਆ ਜਾਂਦਾ ਸੀ ਤੇ ਉਹ ਇਕ ਕਾਮਯਾਬ ਕੂਟਨੀਤਕ ਵੀ ਸਨ। ਰਿਸਾਲਦਾਰ-ਮੇਜਰ ਭਗਵਾਨ ਸਿੰਘ ਦੇ ਪੋਤੇ ਅਰਜਨ ਸਿੰਘ ਦਾ ਜਨਮ 15 ਅਪਰੈਲ 1919 ਨੂੰ ਲਾਇਲਪੁਰ (ਹੁਣ ਪਾਕਿਸਤਾਨ 'ਚ) ਦੇ ਪਿੰਡ ਕੋਹਾਲੀ ਵਿਚ ਪਿਤਾ ਕਿਸ਼ਨ ਸਿੰਘ ਤੇ ਮਾਤਾ ਕਰਤਾਰ ਕੌਰ ਦੇ ਘਰ ਹੋਇਆ। ਪੁੱਤਰ ਦੇ ਜਨਮ ਤੋਂ ਕੁਝ ਸਮਾਂ ਬਾਅਦ ਕਿਸ਼ਨ ਸਿੰਘ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਐਡਿਨਬਰ੍ਹਾ ਯੂਨੀਵਰਸਿਟੀ ਚਲੇ ਗਏ ਤੇ ਸਿਲੋਨ ਰੇਲਵੇ ਨਾਲ ਕੰਮ ਸ਼ੁਰੂ ਕਰ ਦਿੱਤਾ। ਅਰਜਨ ਸਿੰਘ ਨੇ ਪਹਿਲਾਂ ਮਿੰਟਗੁਮਰੀ ਦੇ ਸਰਕਾਰੀ ਸਕੂਲ ਤੇ ਬਾਅਦ ਵਿਚ ਲਾਹੌਰ ਦੇ ਸਰਕਾਰੀ ਕਾਲਜ ਵਿਚ ਪੜ੍ਹਾਈ ਕੀਤੀ। ਚੌਥੇ ਸਾਲ ਵਿਚ ਉਹ ਭਾਰਤੀ ਹਵਾਈ ਸੈਨਾ ਲਈ ਚੁਣੇ ਗਏ।

1965 ਦੀ ਜੰਗ ਵਿਚ ਭਾਰਤੀ ਹਵਾਈ ਸੈਨਾ ਵੱਲੋਂ ਨਿਭਾਈ ਗਈ ਭੂਮਿਕਾ ਮਗਰੋਂ ਉਨ੍ਹਾਂ ਦਾ ਅਹੁਦਾ ਚੀਫ ਆਫ ਏਅਰ ਸਟਾਫ ਤੋਂ ਵਧਾ ਕੇ ਏਅਰ ਚੀਫ ਮਾਰਸ਼ਲ ਕਰ ਦਿੱਤਾ ਗਿਆ। ਇਸੇ ਸਾਲ ਉਨ੍ਹਾਂ ਨੂੰ ਪਦਮ ਵਿਭੂਸ਼ਨ ਦਿੱਤਾ ਗਿਆ। ਉਹ 1969 'ਚ ਬਤੌਰ ਏਅਰ ਚੀਫ ਮਾਰਸ਼ਲ ਸੇਵਾ ਮੁਕਤ ਹੋ ਗਏ। ਦੋ ਸਾਲ ਬਾਅਦ ਉਹ ਸਵਿਟਜ਼ਰਲੈਂਡ ਤੇ ਵੈਟੀਕਨ 'ਚ ਭਾਰਤ ਦੇ ਰਾਜਦੂਤ ਨਿਯੁਕਤ ਹੋਏ। ਉਹ ਕੀਨੀਆ ਦੇ ਹਾਈ ਕਮਿਸ਼ਨਰ ਵੀ ਰਹੇ। 1980 ਉਹ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਬਣੇ ਤੇ 1989 ਵਿਚ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਜੋਂ ਸੇਵਾਵਾਂ ਨਿਭਾਈਆਂ। 2002 ਦੇ ਆਜ਼ਾਦੀ ਦਿਹਾੜੇ ਮੌਕੇ ਉਨ੍ਹਾਂ ਭਾਰਤੀ ਹਵਾਈ ਸੈਨਾ ਦੇ ਮਾਰਸ਼ਲ ਦੇ ਰੈਂਕ ਨਾਲ ਨਿਵਾਜਿਆ ਗਿਆ।

### ਕੇਂਦਰੀ ਸਿੱਖ ਅਜਾਇਬ ਘਰ ਵਿਚ ਲੱਗੇਗੀ ਮਾਰਸ਼ਲ ਦੀ ਤਸਵੀਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਮਾਰਸ਼ਲ ਅਰਜਨ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਰਸ਼ਲ ਨੇ 1965 ਦੀ ਜੰਗ 'ਚ ਭਾਰਤੀ ਹਵਾਈ ਫੌਜ ਦੀ ਅਗਵਾਈ ਕਰ ਕੇ ਦੇਸ਼ ਦੀ ਰੱਖਿਆ 'ਚ ਵਡਮੁੱਲਾ ਯੋਗਦਾਨ ਪਾਇਆ ਸੀ। ਉਨ੍ਹਾਂ ਨੇ ਅਰਜਨ ਸਿੰਘ ਨੂੰ ਸਿੱਖ ਕੌਮ ਦਾ ਮਾਣ ਅਤੇ ਭਾਰਤੀ ਹਵਾਈ ਫੌਜ ਦੀ ਸ਼ਾਨ ਦੱਸਿਆ।

# ਗੌਰੀ ਲੰਕੇਸ਼ ਹੱਤਿਆ: ਹਵਾ ਵਿਚ ਤੀਰ ਮਾਰ ਰਹੀਆਂ ਨੇ ਜਾਂਚ ਏਜੰਸੀਆਂ

**ਬੰਗਲੌਰ:** ਪੱਤਰਕਾਰ ਗੌਰੀ ਲੰਕੇਸ਼ ਦੇ ਕਾਤਲਾਂ ਦੀ ਸੂਹ ਲਾਉਣ ਵਿਚ ਵਿਸ਼ੇਸ਼ ਜਾਂਚ ਟੀਮ ਅਜੇ ਵੀ ਹਵਾ ਵਿਚ ਤੀਰ ਮਾਰ ਰਹੀ ਹੈ। ਜਾਂਚ ਏਜੰਸੀਆਂ ਨੂੰ ਗੌਰੀ ਦੇ ਕਤਲ ਵੇਲੇ ਦੀ ਸੀ.ਸੀ.ਟੀ.ਵੀ. ਫੁਟੇਜ ਵੀ ਸੂਹ ਨਹੀਂ ਦੇ ਸਕੀ। ਯਾਦ ਰਹੇ ਕਿ ਹਿੰਦੂਵਾਦੀ ਸਿਆਸਤ ਦਾ ਸਖਤ ਵਿਰੋਧ ਕਰਨ ਵਾਲੀ ਬੀਬੀ ਲੰਕੇਸ਼ ਦੀ ਬੀਤੀ ਪੰਜ ਸਤੰਬਰ ਨੂੰ ਉਨ੍ਹਾਂ ਦੀ ਰਿਹਾਇਸ਼ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਕਰਨਾਟਕ ਸਰਕਾਰ ਨੇ ਮਾਮਲੇ ਦੀ ਜਾਂਚ ਲਈ ਆਈ.ਜੀ.ਪੀ. (ਇੰਟੈਲੀਜੈਂਸ) ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਸਿੱਟ) ਕਾਇਮ ਕੀਤੀ ਸੀ। ਯਾਦ ਰਹੇ ਕਿ ਕਤਲ ਦੇ ਅਗਲੇ ਹੀ ਦਿਨ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਸਿੱਟ ਨੂੰ ਕੁਝ ਸੁਰਾਗ ਮਿਲੇ ਹਨ ਪਰ ਹੁਣ ਕਿਹਾ ਜਾ ਰਿਹਾ ਹੈ ਕਿ ਇਹ ਸਿਰਫ ਅਫਵਾਹ ਸੀ। ਸਰਕਾਰ ਨੇ ਕਾਤਲਾਂ ਬਾਰੇ ਸੂਹ ਦੇਣ ਵਾਲੇ ਲਈ 10 ਲੱਖ ਰੁਪਏ ਦਾ ਇਨਾਮ ਵੀ ਐਲਾਨਿਆ ਸੀ। ਮੁਢਲੇ ਤੌਰ 'ਤੇ ਇਸ ਕਤਲ ਪਿੱਛੇ ਹਿੰਦੂਵਾਦੀ ਕੱਟੜਪੰਥੀਆਂ ਦਾ ਹੱਥ ਸਮਝਿਆ ਜਾ ਰਿਹਾ ਹੈ ਤੇ ਦਾਅਵਾ ਕੀਤਾ ਗਿਆ ਸੀ ਕਿ ਇਹ ਹੱਤਿਆ ਉਸੇ ਢੰਗ ਨਾਲ ਕੀਤੀ ਗਈ ਜਿਸ ਤਰ੍ਹਾਂ



ਮਹਾਰਾਸ਼ਟਰ ਵਿਚ ਡਾ. ਨਰੇਂਦਰ ਦਾਭੋਲਕਰ, ਗੋਵਿੰਦ ਪਨਸਾਰੇ ਤੇ ਕਰਨਾਟਕਾ ਵਿਚ ਡਾ. ਕਲਬੁਰਗੀ ਨੂੰ ਨਿਸ਼ਾਨਾ ਬਣਾਇਆ ਗਿਆ। ਗੌਰੀ ਲੰਕੇਸ਼ ਵਾਂਗ ਇਹ ਤਿੰਨੇ ਵੀ ਅਸਹਿਣਸ਼ੀਲਤਾ ਦੇ ਕੱਟੜ ਵਿਰੋਧੀ ਸਨ।

ਚਾਰ ਸਾਲਾਂ ਵਿਚ ਇਹ ਇਸ ਤਰ੍ਹਾਂ ਦੀ ਚੌਥੀ ਹੱਤਿਆ ਹੈ। ਇਨ੍ਹਾਂ ਹੱਤਿਆਵਾਂ ਦੀ ਜਾਂਚ ਇੰਨੀ ਮੱਠੀ ਹੈ ਕਿ ਅਜੇ ਤੱਕ ਪੁੱਛਗਿੱਛ, ਸੀ.ਸੀ.ਟੀ.ਵੀ. ਫੁਟੇਜ ਤੇ ਗੋਲੀਆਂ ਦੀ ਫੋਰੈਂਸਿਕ ਜਾਂਚ ਹੀ ਚੱਲ ਰਹੀ ਹੈ।

ਪਿਛਲੇ ਇਕ ਸਾਲ ਤੋਂ ਸੀ.ਬੀ.ਆਈ. ਅਦਾਲਤ ਤੋਂ ਵਾਰ-ਵਾਰ ਸਮਾਂ ਮੰਗ ਰਹੀ ਹੈ। ਕਲਬੁਰਗੀ ਮਾਮਲੇ ਵਿਚ ਗ੍ਰਿਫਤਾਰੀ ਤਾਂ ਦੂਰ ਦੀ ਗੱਲ ਅਜੇ ਤੱਕ ਕੋਈ ਸੁਰਾਗ ਹੱਥ ਨਹੀਂ ਲੱਗਾ। ਹੁਣ ਗੌਰੀ ਦੀ ਹੱਤਿਆ ਨੂੰ ਵੀ ਇਸੇ ਲੜੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ ਪਰ ਇਨ੍ਹਾਂ ਚਾਰਾਂ ਕੇਸਾਂ ਦੀ ਜਾਂਚ ਕਿਸੇ ਇਕ ਏਜੰਸੀ ਤੋਂ ਕਰਵਾਉਣ ਦੀ ਗੱਲ ਨਹੀਂ ਹੋ ਰਹੀ। ਦਾਭੋਲਕਰ ਤੇ ਪਨਸਾਰੇ ਮਾਮਲੇ ਦੀ ਜਾਂਚ ਸੀ.ਬੀ.ਆਈ. ਕਰ ਰਹੀ ਹੈ। ਕਲਬੁਰਗੀ ਮਾਮਲੇ ਦੀ ਜਾਂਚ ਸੀ.ਆਈ.ਡੀ. ਕੋਲ ਹੈ ਤੇ ਗੌਰੀ ਲੰਕੇਸ਼ ਦੀ ਜਾਂਚ ਲਈ ਸਰਕਾਰ ਨੇ 19 ਮੈਂਬਰੀ ਐਸ.ਆਈ.ਟੀ. (ਸਿੱਟ) ਬਣਾ ਦਿੱਤੀ ਹੈ। ਕਲਬੁਰਗੀ ਹੱਤਿਆ ਜਾਂਚ ਦਾ ਜ਼ਿੰਮਾ ਕਰਨਾਟਕ ਸੀ.ਆਈ.ਡੀ. ਦੇ ਐਸ.ਪੀ. ਦੇ ਹੱਥਾਂ ਵਿਚ ਹੈ, ਪਰ ਸਰਕਾਰੀ ਦਖਲ ਕਰ ਕੇ ਜਾਂਚ ਟੀਮ ਹਨੇਰੇ ਵਿਚ ਹੀ ਟੱਕਰਾਂ ਮਾਰ ਰਹੀ ਹੈ।

### ਗੌਰੀ ਨੇ ਤਾਂ ਮੋਦੀ ਦੀ ਵੀ ਕੀਤੀ ਸੀ ਆਲੋਚਨਾ: ਸੰਪਤ

**ਮੁੰਬਈ:** ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਲੇਖਕ ਵਿਕਰਮ ਸੰਪਤ ਦੇ ਬਿਆਨ ਦਰਜ ਕੀਤੇ ਹਨ। ਸੰਪਤ ਵੱਲੋਂ ਲੇਖਕਾਂ ਦੀ 2015 ਦੀ ਐਵਾਰਡ ਵਾਪਸੀ ਮੁਹਿੰਮ ਦਾ ਵਿਰੋਧ ਕੀਤਾ ਗਿਆ ਸੀ, ਜਿਸ ਦੇ ਆਧਾਰ 'ਤੇ ਗੌਰੀ ਨੇ ਸੰਪਤ ਸਬੰਧੀ ਆਪਣੇ ਅਤੇ ਕੁਝ ਅੰਗਰੇਜ਼ੀ ਅਖਬਾਰਾਂ ਵਿਚ ਆਲੋਚਨਾਤਕ ਲੇਖ ਲਿਖੇ ਸਨ। ਉਨ੍ਹਾਂ ਨੇ ਸਿੱਟ ਦੀ ਕਾਰਵਾਈ ਸਬੰਧੀ ਸਵਾਲ ਉਠਾਉਂਦਿਆਂ ਕਿਹਾ ਕਿ ਕੀ ਸਿੱਟ ਉਨ੍ਹਾਂ ਸਾਰੇ ਲੋਕਾਂ ਤੋਂ ਪੁੱਛ-ਪੜਤਾਲ ਕਰੇਗੀ ਜਿਨ੍ਹਾਂ ਪ੍ਰਤੀ ਗੌਰੀ ਨੇ ਆਲੋਚਨਾਤਕ ਪਹੁੰਚ ਅਪਨਾਈ ਸੀ। ਇਕ ਨਿਡਰ ਪੱਤਰਕਾਰ ਵਜੋਂ ਉਸ ਬੀਬੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਕਈਆਂ ਦੀ ਆਲੋਚਨਾ ਕੀਤੀ ਹੈ। ਫੇਰ ਉਸ (ਸੰਪਤ) ਨੂੰ ਤੇ ਉਸ ਦੇ ਪਰਿਵਾਰ ਨੂੰ ਹੀ ਇਹ ਇਮਤਿਹਾਨ ਕਿਉਂ ਦੇਣਾ ਪੈ ਰਿਹਾ ਹੈ?

### ਸਕਾਟਲੈਂਡ ਪੁਲਿਸ ਤੋਂ ਲਈ ਮਦਦ

**ਬੈਂਗਲੁਰੂ:** ਸਕਾਟਲੈਂਡ ਯਾਰਡ ਪੁਲਿਸ ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦੇ ਮਾਮਲੇ ਵਿਚ ਕਰਨਾਟਕ ਐਸ.ਆਈ.ਟੀ. ਦੀ ਮਦਦ ਕਰੇਗੀ। ਸਕਾਟਲੈਂਡ ਪੁਲਿਸ ਦੇ ਦੋ ਅਫਸਰ ਬੇਂਗਲੁਰੂ ਪਹੁੰਚ ਚੁੱਕੇ ਹਨ। ਕਰਨਾਟਕ ਐਸ. ਆਈ.ਟੀ. ਨੇ ਸਕਾਟਲੈਂਡ ਯਾਰਡ ਪੁਲਿਸ ਤੋਂ ਮਾਮਲੇ ਦੀ ਜਾਂਚ 'ਚ ਮਦਦ ਮੰਗੀ ਸੀ ਕਿਉਂਕਿ ਉਨ੍ਹਾਂ ਕੋਲ ਸੀ.ਸੀ.ਟੀ.ਵੀ. ਫੁਟੇਜ ਵਿਚ ਦਿਖਾਈ ਦੇ ਰਹੇ ਹਮਲਾਵਰਾਂ ਦੀ ਪਛਾਣ ਕਰਨ ਲਈ ਬਿਹਤਰ ਯੰਤਰ ਹਨ।

# ਚੇਲਿਆਂ ਨੇ ਡੇਰੇ 'ਚ ਸਬੂਤ ਮਿਟਾਉਣ ਲਈ ਵਰਤਿਆ ਹਰ ਹੀਲਾ

**ਪੰਚਕੂਲਾ:** ਰਾਮ ਰਹੀਮ ਦੇ ਜੇਲ੍ਹ ਜਾਣ ਪਿੱਛੋਂ ਡੇਰਾ ਸਿਰਸਾ ਵਿਚ ਬਾਬੇ ਦੇ 'ਕਾਰਨਾਮਿਆਂ' ਦੇ ਸਬੂਤ ਮਿਟਾਉਣ ਲਈ ਹਰ ਹੀਲਾ ਵਰਤਿਆ ਗਿਆ ਸੀ। ਬਾਬੇ ਨੂੰ ਸਜ਼ਾ ਦੇ ਤਕਰੀਬਨ ਦੋ ਹਫਤੇ ਬਾਅਦ ਡੇਰੇ ਦੀ ਤਲਾਸ਼ੀ ਲਈ ਗਈ। ਇਸ ਦੌਰਾਨ ਡੇਰੇ ਵਿਚ ਗੈਰਕਾਨੂੰਨੀ ਕੰਮਾਂ ਨੂੰ ਲੁਕਾਉਣ ਲਈ ਕਾਫੀ ਸਮਾਂ ਮਿਲ ਗਿਆ। ਤਲਾਸ਼ੀ ਵਿਚ ਦੇਰੀ ਕਾਰਨ ਹਰਿਆਣਾ ਦੀ ਭਾਜਪਾ ਸਰਕਾਰ 'ਤੇ ਸਵਾਲ ਵੀ ਉਠ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਡੇਰੇ ਵਿਚ ਕਈ ਖੁਫੀਆ ਰਾਹ ਹਨ ਤੇ ਇਨ੍ਹਾਂ ਰਾਹੀਂ ਪੈਸਾ ਤੇ ਹੋਰ ਸਾਮਾਨ ਬਾਹਰ ਭੇਜਿਆ ਗਿਆ। ਡੇਰੇ ਦੇ ਆਈ.ਟੀ. ਹੈੱਡ ਨੂੰ ਕਾਬੂ ਕਰਨ ਪਿੱਛੋਂ ਪੁਲਿਸ ਨੂੰ ਅਹਿਸਾਸ ਹੋਇਆ ਕਿ ਉਸ ਨੇ ਦੇਰੀ ਕਰ ਦਿੱਤੀ ਹੈ।

ਪੁਲਿਸ ਨੇ ਉਸ ਦੀ ਨਿਸ਼ਾਨਦੇਹੀ 'ਤੇ ਖੇਤਾਂ ਵਿਚੋਂ 60 ਹਾਰਡ ਡਿਸਕਾਂ ਬਰਾਮਦ ਕੀਤੀਆਂ ਹਨ। ਉਸ ਨੇ ਮੰਨਿਆ ਹੈ ਕਿ ਡੇਰੇ ਦੀਆਂ ਕਾਫੀ ਸੀ.ਸੀ.ਟੀ.ਵੀ. ਫੁਟੇਜ ਵੀ ਡਿਲੀਟ ਕਰ ਦਿੱਤੀਆਂ ਸਨ। ਇਹ ਵੀ ਪਤਾ ਲੱਗਾ ਹੈ ਕਿ ਰਾਮ ਰਹੀਮ ਸਿੰਘ ਦੀ ਡੇਰਾ ਸਿਰਸਾ ਵਿਚਲੀ ਆਲੀਸ਼ਾਨ ਰਿਹਾਇਸ਼ 'ਤੇਰਾਵਾਸ' ਵਿਚ ਹਨੀਪ੍ਰੀਤ ਦਾ ਬਾਥਰੂਮ ਕਮ ਜਿੰਮ ਅਤੇ ਡੇਰਾ ਮੁਖੀ ਦਾ ਸੌਣ ਕਮਰਾ ਲਿਫਟ ਜ਼ਰੀਏ ਇਕ ਦੂਜੇ ਨਾਲ ਜੁੜੇ ਹੋਏ ਸਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਕੋਰਟ ਕਮਿਸ਼ਨਰ ਏ.ਕੇ.ਐਸ.ਪਵਾਰ ਦੀ ਅਗਵਾਈ ਹੇਠ 8 ਤੋਂ 10 ਸਤੰਬਰ ਤੱਕ ਡੇਰੇ ਅੰਦਰ ਚੱਲੀ ਤਲਾਸ਼ੀ ਮੁਹਿੰਮ ਵਿਚ ਸ਼ਾਮਲ ਸੀਨੀਅਰ ਅਧਿਕਾਰੀ ਇਸ ਖੁਲਾਸੇ ਤੋਂ ਖਾਸੇ ਹੈਰਾਨ ਹਨ।



ਤਿੰਨ ਵੱਖ-ਵੱਖ ਸੂਤਰਾਂ ਵੱਲੋਂ ਡੇਰੇ ਦੀ ਇਸ ਆਲੀਸ਼ਾਨ ਇਮਾਰਤ ਦੇ ਬਿਲਡਿੰਗ ਪਲਾਨ ਬਾਬਤ ਦਿੱਤੇ ਵੇਰਵਿਆਂ ਮੁਤਾਬਕ 'ਤੇਰਾਵਾਸ' ਦੀ ਪਹਿਲੀ ਮੰਜ਼ਿਲ 'ਤੇ ਹਨੀਪ੍ਰੀਤ ਦਾ ਬਹੁਤ ਵੱਡਾ ਬਾਥਰੂਮ ਕਮ ਜਿੰਮ ਸੀ, ਜੋ ਕਿ ਡੇਰਾ ਮੁਖੀ ਦੇ ਇਮਾਰਤ ਦੀ ਤੀਜੀ ਮੰਜ਼ਿਲ 'ਤੇ ਬਣੇ ਸੌਣ ਕਮਰੇ ਨਾਲ ਜੁੜਿਆ ਸੀ। ਦੋਵਾਂ ਨੂੰ ਇਕ ਦੂਜੇ ਦੇ ਸੌਣ ਕਮਰਿਆਂ ਤਕ ਸਿੱਧੀ ਪਹੁੰਚ ਹਾਸਲ ਸੀ। ਅਧਿਕਾਰੀਆਂ ਨੇ ਜਦੋਂ ਹਨੀਪ੍ਰੀਤ ਦੇ ਸੌਣ ਕਮਰੇ ਵਿਚ ਪਈ ਗੁਲਾਬੀ ਰੰਗ ਦੀ ਅਲਮਾਰੀ ਨੂੰ ਖੋਲ੍ਹਿਆ ਗਿਆ ਤਾਂ ਇਸ ਅੰਦਰ ਚੋਰ ਦਰਵਾਜ਼ਾ ਸੀ, ਜੋ ਅੱਗੇ ਉਸ ਦੇ ਬਾਥਰੂਮ ਕਮ ਜਿੰਮ ਵੱਲ ਖੁੱਲ੍ਹਦਾ ਸੀ। ਪੁਲਿਸ ਦਾ ਦਾਅਵਾ ਹੈ ਕਿ 25 ਅਗਸਤ ਨੂੰ ਡੇਰਾ ਮੁਖੀ ਨਾਲ ਆਈਆਂ ਲਗਭਗ 170 ਗੱਡੀਆਂ ਵਿਚੋਂ 65 ਗੱਡੀਆਂ ਨੂੰ ਕਬਜ਼ੇ ਵਿਚ ਲਿਆ ਸੀ, ਜਿਨ੍ਹਾਂ ਵਿਚੋਂ ਕਈ ਗੱਡੀਆਂ ਲਗਜ਼ਰੀ ਸਨ। ਡੇਰਾ ਸੱਚਾ ਸੌਦਾ ਮਾਮਲੇ ਵਿਚ ਪੁਲਿਸ ਨੂੰ ਕਈ ਮਹੱਤਵਪੂਰਨ ਜਾਣਕਾਰੀਆਂ ਮਿਲੀਆਂ ਹਨ।

### ਸ਼ਰਧਾਲੂਆਂ ਦੇ ਮਨੋਂ ਲਹਿਣ ਲੱਗਾ ਰਾਮ ਰਹੀਮ

**ਚੰਡੀਗੜ੍ਹ:** ਮਹਿਲਾ ਸ਼ਰਧਾਲੂਆਂ ਨਾਲ ਬਲਾਤਕਾਰ ਕਰਨ ਦੇ ਦੋਸ਼ਾਂ ਹੇਠ ਗੁਰਮੀਤ ਰਾਮ ਰਹੀਮ ਸਿੰਘ ਦੇ ਜੇਲ੍ਹ 'ਚ ਬੰਦ ਹੋਣ ਮਗਰੋਂ ਡੇਰਾ ਸੱਚਾ ਸੌਦਾ, ਸਿਰਸਾ ਆਉਂਦੇ ਦਿਨਾਂ ਵਿਚ ਵੰਡਿਆ ਜਾ ਸਕਦਾ ਹੈ। ਵੱਡੀ ਗਿਣਤੀ ਵਿਚ ਸ਼ਰਧਾਲੂਆਂ ਵੱਲੋਂ ਪੁਰਾਣੇ ਡੇਰੇ ਨੂੰ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਜਿਥੇ ਪਹਿਲੇ ਦੋ ਡੇਰਾ ਮੁਖੀ ਸ਼ਾਹ ਮਸਤਾਨਾ ਅਤੇ ਸ਼ਾਹ ਸਤਨਾਮ ਸਮਾਗਮ ਕਰਦੇ ਹੁੰਦੇ ਸਨ।

ਡੇਰਾ ਸ਼ਰਧਾਲੂਆਂ ਨੇ ਰਾਮ ਰਹੀਮ ਦੀਆਂ ਤਸਵੀਰਾਂ ਨੂੰ ਤਿਆਗ ਕੇ ਹੁਣ ਪੁਰਾਣੇ ਡੇਰਾ ਮੁਖੀਆਂ ਦੀਆਂ ਤਸਵੀਰਾਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਸਿਰਸਾ ਦੇ ਨੇਜੀਆ ਪਿੰਡ ਨੇੜੇ ਬਣਾਇਆ ਗਿਆ ਨਵਾਂ ਡੇਰਾ ਹੁਣ ਉਜਾੜ ਨਜ਼ਰ ਆਉਣ ਲੱਗ ਪਿਆ ਹੈ ਅਤੇ ਲੋਕਾਂ ਨੇ ਬੇਗੂ ਪਿੰਡ ਨੇੜਲੇ ਡੇਰੇ 'ਚ ਜਾਣਾ ਸ਼ੁਰੂ ਕਰ ਦਿੱਤਾ ਹੈ। ਦੋਵੇਂ ਡੇਰਿਆਂ ਦਾ ਫਾਸਲਾ ਚਾਰ ਕਿਲੋਮੀਟਰ ਦਾ ਹੈ ਅਤੇ ਜਦੋਂ ਦਾ ਰਾਮ ਰਹੀਮ ਨੇ ਆਧੁਨਿਕ ਇਮਾਰਤਾਂ ਉਸਾਰ ਕੇ ਨਵਾਂ ਡੇਰਾ ਖੜ੍ਹਾ ਕੀਤਾ ਸੀ ਤਾਂ ਪੁਰਾਣਾ ਡੇਰਾ ਉਜੜ ਗਿਆ ਸੀ।

### ਰਾਮ ਰਹੀਮ ਖਿਲਾਫ ਮੁੱਕਰੇ ਗਵਾਹ ਮੁੜ ਸਰਗਰਮ

**ਪੰਚਕੂਲਾ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਜੇਲ੍ਹ ਜਾਣ ਪਿੱਛੋਂ ਉਸ ਖਿਲਾਫ ਗਵਾਹੀ ਤੋਂ ਮੁੱਕਰੇ ਗਵਾਹ ਮੁੜ ਸਾਹਮਣੇ ਆਉਣੇ ਲੱਗੇ ਹਨ। ਡੇਰਾ ਮੁਖੀ ਖਿਲਾਫ ਦੋ ਕਤਲ ਮਾਮਲਿਆਂ ਵਿਚ ਮੁੱਖ ਗਵਾਹ ਖੱਟਾ ਸਿੰਘ ਨੇ ਆਖਿਆ ਹੈ ਕਿ ਉਸ ਨੇ ਦਬਾਅ ਕਾਰਨ ਬਿਆਨ ਬਦਲਿਆ ਸੀ ਤੇ ਹੁਣ ਮੁੜ ਗਵਾਹੀ ਦੇਣ ਲਈ ਤਿਆਰ ਹੈ। ਖੱਟਾ ਸਿੰਘ, ਰਾਮ ਰਹੀਮ ਦਾ ਸਾਬਕਾ ਡਰਾਈਵਰ ਰਹਿ ਚੁੱਕਾ ਹੈ ਤੇ ਉਸ ਖਿਲਾਫ ਕਈ ਖੁਲਾਸੇ ਕਰ ਚੁੱਕਾ ਹੈ ਪਰ ਦਬਾਅ ਹੇਠ ਆ ਕੇ ਉਸ ਨੇ ਆਪਣੇ ਬਿਆਨ ਬਦਲੇ ਸਨ।

# ਜਪਾਨ ਵਿਚ 100 ਤੋਂ ਪਾਰ ਉਮਰ ਵਾਲੇ ਲੋਕਾਂ ਦੀ ਗਿਣਤੀ ਵਧੀ

**ਟੋਕੀਓ:** ਜਾਪਾਨ ਵਿਚ 100 ਸਾਲ ਤੋਂ ਵੱਧ ਉਮਰ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਅਜਿਹੇ ਲੋਕਾਂ ਦੀ ਆਬਾਦੀ ਵਧ ਕੇ ਰਿਕਾਰਡ 67,782 ਹੋ ਗਈ ਹੈ। ਪਿਛਲੇ ਸਾਲਾਂ ਦੀ ਤੁਲਨਾ ਵਿਚ ਇਸ ਵਿਚ ਦੋ ਹਜ਼ਾਰ ਦਾ ਵਾਧਾ ਹੋਇਆ ਹੈ। ਲਗਾਤਾਰ 47ਵੇਂ ਸਾਲ ਇਨ੍ਹਾਂ ਦੀ ਆਬਾਦੀ 'ਚ ਵਾਧਾ ਦਰਜ ਕੀਤਾ ਗਿਆ ਹੈ।

ਸਿਹਤ, ਲੇਬਰ ਤੇ ਕਲਿਆਣ ਮੰਤਰਾਲੇ ਮੁਤਾਬਕ, 100 ਸਾਲਾ ਲੋਕਾਂ ਦੀ ਆਬਾਦੀ ਵਿਚ 88 ਫੀਸਦੀ ਔਰਤਾਂ ਹਨ। ਇਹ ਅੰਕੜਾ ਬਿਰਧ ਦਿਵਸ ਸਬੰਧੀ ਜਾਰੀ ਕੀਤਾ ਗਿਆ। ਜਾਪਾਨ ਵਿਚ ਹਰ ਸਾਲ ਸਤੰਬਰ ਦੇ ਤੀਜੇ ਸੋਮਵਾਰ ਨੂੰ ਇਹ ਦਿਵਸ ਮਨਾਇਆ ਜਾਂਦਾ ਹੈ। ਸਾਲ 1971 ਤੋਂ 100 ਸਾਲ ਤੋਂ ਵੱਧ ਉਮਰ ਦੇ ਬੁੱਢੇ ਲੋਕਾਂ ਦੀ ਆਬਾਦੀ ਲਗਾਤਾਰ ਵਧਦੀ ਜਾ ਰਹੀ ਹੈ। ਮੰਤਰਾਲੇ ਨੇ ਸੰਭਾਵਨਾ ਪ੍ਰਗਟਾਈ ਹੈ ਕਿ ਮੈਡੀਕਲ ਸਾਇੰਸ ਵਿਚ ਤਰੱਕੀ ਤੇ ਸਿਹਤ ਪ੍ਰਤੀ ਜਾਗਰੂਕਤਾ ਕਾਰਨ ਇਨ੍ਹਾਂ ਦੀ ਆਬਾਦੀ ਵਧਦੀ ਰਹੇਗੀ। ਕਿਕਾਈ ਟਾਪੂ 'ਤੇ ਰਹਿਣ ਵਾਲੀ ਨਬੀ ਤਾਜਿਮਾ ਜਾਪਾਨ ਦੀ ਸਭ ਤੋਂ ਬਜ਼ੁਰਗ ਔਰਤ ਹੈ। ਸਾਲ 1900 'ਚ ਜੰਮੀ ਇਸ ਮਹਿਲਾ ਦੀ ਉਮਰ 117 ਸਾਲ ਹੈ। ਉਥੇ ਸਭ ਤੋਂ ਬੁੱਢੇ ਮਰਦ ਮਾਸਾਜੋ ਨੋਨਕਾ 112 ਸਾਲ ਦੇ ਹਨ।



# ਹਾਫਿਜ਼ ਦੀ ਜਥੇਬੰਦੀ ਵੱਲੋਂ ਚੋਣਾਂ ਲੜਨ ਦਾ ਐਲਾਨ

**ਲਾਹੌਰ:** ਮੁੰਬਈ ਬੰਬ ਧਮਾਕਿਆਂ ਦੇ ਮੁੱਖ ਸਾਜ਼ਿਸ਼ਕਾਰ ਹਾਫਿਜ਼ ਸਈਅਦ ਦੀ ਜਥੇਬੰਦੀ ਜਮਾਤ-ਉਲ-ਦਾਅਵਾ 2018 ਦੀਆਂ ਆਮ ਚੋਣਾਂ ਲੜ ਕੇ ਦੇਸ਼ ਦੇ ਰਾਜਸੀ ਦ੍ਰਿਸ਼ ਉਤੇ ਆਉਣ ਲਈ ਸਰਗਰਮ ਹੈ। ਇਹ ਦਾਅਵਾ ਜਥੇਬੰਦੀ ਦੇ ਇਕ ਸੀਨੀਅਰ ਮੈਂਬਰ ਨੇ ਕੀਤਾ ਹੈ। ਜਥੇਬੰਦੀ ਦੀ ਹਮਾਇਤ ਪ੍ਰਾਪਤ ਉਮੀਦਵਾਰ ਲਾਹੌਰ ਕੌਮੀ ਅਸੈਂਬਲੀ ਦੀ ਉਪ ਚੋਣ ਵਿਚ ਤੀਜੇ ਸਥਾਨ ਉਤੇ ਰਿਹਾ ਹੈ। ਇਸ ਨਾਲ ਜਥੇਬੰਦੀ ਦਾ ਹੌਸਲਾ ਬੁਲੰਦ ਹੋਇਆ ਹੈ।

ਪਿਛਲੇ ਮਹੀਨੇ ਲਸ਼ਕਰ-ਏ-ਤੋਇਬਾ ਦੀ ਸਾਥੀ ਜਥੇਬੰਦੀ ਜਮਾਤ-ਉਲ-ਦਾਅਵਾ ਨੇ ਐਲਾਨ ਕੀਤਾ ਸੀ ਕਿ ਉਹ 'ਮਿਲੀ ਮੁਸਲਿਮ ਲੀਗ' ਕਾਇਮ ਕਰੇਗਾ। ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਤਨੀ ਕੁਲਸੂਮ ਸ਼ਰੀਫ ਤੋਂ ਹਾਰੇ ਉਮੀਦਵਾਰ ਸ਼ੇਖ ਯਾਕੂਬ ਜਿਸ ਨੂੰ ਜਮਾਤ-ਉਲ-ਦਾਅਵਾ ਦੀ ਹਮਾਇਤ ਪ੍ਰਾਪਤ ਸੀ, ਨੇ ਕਿਹਾ ਕਿ ਨਵਾਂ ਫਰੰਟ ਅਗਲੇ ਸਾਲ ਆਮ ਚੋਣਾਂ ਵਿਚ ਹਰ ਸੀਟ ਉਤੇ ਉਮੀਦਵਾਰ ਖੜ੍ਹੇ ਕਰੇਗਾ। ਯਕੂਬ ਉਪ ਚੋਣ 'ਮਿਲੀ ਮੁਸਲਿਮ ਲੀਗ' ਦੇ ਉਮੀਦਵਾਰ ਵਜੋਂ ਹੀ ਲੜਨਾ ਚਾਹੁੰਦਾ ਸੀ, ਪਰ ਪਾਰਟੀ ਅਜੇ ਪਕਿਸਤਾਨ ਦੇ ਚੋਣ ਕਮਿਸ਼ਨਰ ਕੋਲ ਰਜਿਸਟਰਡ ਨਹੀਂ ਸੀ ਹੋਈ, ਇਸ ਲਈ ਅਜਿਹਾ ਸੰਭਵ ਨਹੀਂ ਹੋ ਸਕਿਆ।

ਯਾਦ ਰਹੇ ਕਿ ਯਕੂਬ ਦਾ ਨਾਂ ਅਮਰੀਕਾ ਵੱਲੋਂ ਅਤਿਵਾਦੀ ਜਥੇਬੰਦੀਆਂ ਉਤੇ ਲਾਈਆਂ ਆਰਥਿਕ ਪਾਬੰਦੀਆਂ ਵਾਲੀ ਸੂਚੀ ਵਿਚ ਅਤਿਵਾਦੀ ਜਥੇਬੰਦੀ ਦੇ ਆਗੂ ਵਜੋਂ ਸ਼ਾਮਲ ਹੈ।

# ਯੂ.ਪੀ. ਵਿਚੋਂ ਬੱਬਰ ਖਾਲਸਾ ਦੇ ਦੋ ਖਾੜਕੂ ਗ੍ਰਿਫਤਾਰ

**ਲਖਨਊ:** ਉਤਰ ਪ੍ਰਦੇਸ਼ ਦੇ ਅਤਿਵਾਦ ਵਿਰੋਧੀ ਦਸਤੇ ਨੇ ਲਖੀਮਪੁਰ ਖੇੜੀ ਜ਼ਿਲ੍ਹੇ ਤੋਂ ਪੰਜਾਬ ਪੁਲਿਸ ਨੂੰ ਵੱਖ-ਵੱਖ ਮਾਮਲਿਆਂ ਵਿਚ ਲੋੜੀਂਦੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਿਸ ਨੇ ਜਿਤੇਂਦਰ ਸਿੰਘ ਟੋਨੀ ਨੂੰ ਲਖੀਮਪੁਰ ਖੇੜੀ ਦੇ ਮੈਲਾਨੀ ਇਲਾਕੇ 'ਚੋਂ ਗ੍ਰਿਫਤਾਰ ਕੀਤਾ ਹੈ ਜਿਹੜਾ ਨਾਭਾ ਜੇਲ੍ਹ ਤੋਂ ਭੱਜੇ ਮੁਲਜ਼ਮਾਂ ਨੂੰ ਹਥਿਆਰ ਸਪਲਾਈ ਕਰਨ ਦੇ ਮਾਮਲੇ ਵਿਚ ਲੋੜੀਂਦਾ ਸੀ। ਇਕ ਹੋਰ ਵਿਅਕਤੀ ਸਤਨਾਮ ਸਿੰਘ ਨੂੰ ਵੀ ਅਤਿਵਾਦੀ ਵਿਰੋਧੀ ਦਸਤੇ, ਪੰਜਾਬ ਪੁਲਿਸ ਅਤੇ ਸਥਾਨਕ ਪੁਲਿਸ ਦੀ ਸਾਂਝੀ ਟੀਮ ਨੇ ਗ੍ਰਿਫਤਾਰ ਕੀਤਾ ਹੈ ਜਿਸ ਦਾ ਨਾਂ ਇਸੇ ਸਾਲ 17 ਅਗਸਤ ਨੂੰ ਲਖਨਊ ਵਿਚ ਗ੍ਰਿਫਤਾਰ ਕੀਤੇ ਬੱਬਰ ਖਾਲਸਾ ਦੇ ਖਾੜਕੂ ਤੋਂ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਸੀ।

# 'ਸਹਾਇਤਾ' ਸੰਸਥਾ ਵੱਲੋਂ ਫੰਡ ਰੇਜ਼ਰ 30 ਸਤੰਬਰ ਨੂੰ

**ਫਰਿਜ਼ਨੋ (ਬਿਊਰੋ):** ਲੋੜਵੰਦਾਂ ਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ ਲਈ ਉਪਰਾਲੇ ਕਰ ਰਹੀ ਸੰਸਥਾ 'ਸਹਾਇਤਾ' ਵਲੋਂ ਸ਼ਹਿਰ ਪਲੈਜੈਂਟਨ ਵਿਚ 30 ਸਤੰਬਰ, ਸਨਿਚਰਵਾਰ ਸ਼ਾਮੀਂ 6:30 ਤੋਂ ਸ਼ਹਿਰ ਦੇ ਸੀਨੀਅਰ ਸੈਂਟਰ ਵਿਚ ਫੰਡ ਰੇਜਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਤੀਜਾ ਸਾਲਾਨਾ ਫੰਡ ਰੇਜ਼ਰ ਐਲੀਫੈਂਟ ਲਾਜ਼ ਰੈਸਟੋਰੈਂਟ, ਫਰਿਜ਼ਨੋ ਵਿਖੇ 6 ਅਕਤੂਬਰ, ਸ਼ੁਕਰਵਾਰ ਸ਼ਾਮੀਂ ਸੱਤ ਵਜੇ ਰੱਖਿਆ ਗਿਆ ਹੈ।

ਸੰਸਥਾ ਦੇ ਮੋਢੀ ਮੈਂਬਰ ਡਾ. ਹਰਕੇਸ਼ ਸਿੰਘ ਸੰਧੂ ਨੇ ਦੱਸਿਆ ਕਿ ਇਹ ਸੰਸਥਾ ਸਾਲ 2005 ਵਿਚ ਹੋਂਦ ਵਿਚ ਆਈ ਸੀ। ਇਸ ਸਮੇਂ ਬਾਲ ਘਰ ਤੇ ਕਈ ਹੋਰ ਪ੍ਰਾਜੈਕਟ ਭਾਰਤ ਅੰਦਰ ਉਸਾਰੀ ਅਧੀਨ ਹਨ ਅਤੇ ਨਾਲ ਹੀ ਅਪਾਹਜ ਬੱਚਿਆਂ ਲਈ ਸ਼ਪੈਸਲ ਵਾਰਡ ਬਣਾਏ ਜਾ ਰਹੇ ਹਨ। ਖੁਦਕੁਸ਼ੀਆਂ ਕਰ ਗਏ ਕਿਸਾਨ-ਮਜ਼ਦੂਰ ਪਰਿਵਾਰਾਂ ਦੇ ਬੇਸਹਾਰਾ ਬੱਚਿਆਂ ਨੂੰ ਪੜ੍ਹਾਉਣ ਦਾ ਬੀੜਾ ਵੀ ਸੰਸਥਾ ਨੇ ਚੁਕਿਆ ਹੈ।

ਹੋਰ ਜਾਣਕਾਰੀ ਲਈ ਅੰਮ੍ਰਿਤ ਧਾਲੀਵਾਲ ਨਾਲ ਫੋਨ: 209-598-6980 ਜਾਂ ਸੰਸਥਾ ਦੀ ਵੈਬਸਾਈਟ Info@sahita.org ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਮਾਤਾ ਅਵਤਾਰ ਕੌਰ ਬਾਸੀ ਸੁਰਗਵਾਸ

**ਫਰਿਜ਼ਨੋ (ਬਿਊਰੋ):** ਕਰਮਨ ਵਿਖੇ ਰਹਿੰਦੇ ਪਤਵੰਤੇ ਸ. ਤਰਸੇਮ ਸਿੰਘ ਬਾਸੀ ਦੇ ਮਾਤਾ ਅਵਤਾਰ ਕੌਰ ਬਾਸੀ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਪਿਛੋਂ ਪਿੰਡ ਬੁੰਡਾਲਾ, ਜਿਲ੍ਹਾ ਜਲੰਧਰ ਤੋਂ ਸਨ। ਉਹ 71 ਸਾਲਾ ਦੇ ਸਨ ਅਤੇ ਪਿਛਲੇ 14 ਸਾਲਾਂ ਤੋਂ ਅਮਰੀਕਾ ਵਿਖੇ ਆਪਣੇ ਪੁੱਤਰਾਂ ਕੋਲ ਰਹਿ ਰਹੇ ਸਨ। ਉਨ੍ਹਾਂ ਦਾ ਇਕ ਪੁੱਤ ਅਤੇ ਇਕ ਧੀ ਇੰਗਲੈਂਡ ਰਹਿੰਦੇ ਹਨ।



ਬੀਬੀ ਅਵਤਾਰ ਕੌਰ ਬਾਸੀ ਦਾ ਅੰਤਮ ਸੰਸਕਾਰ ਟੈਕੂਲਰ ਫਿਊਨਰਲ ਹੋਮ (475 ਨਾਰਥ ਬਰੌਡਵੇਅ, ਫਰਿਜ਼ਨੋ) ਵਿਖੇ 24 ਸਤੰਬਰ, ਐਤਵਾਰ ਨੂੰ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਤੱਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਅਨੰਦਗੜ੍ਹ ਸਾਹਿਬ (680 ਸਾਊਥ ਵਾਈਨਲੈਂਡ ਐਵੇਨਿਊ), ਕਰਮਨ ਵਿਖੇ ਹੋਵੇਗੀ।

ਪਰਿਵਾਰ ਨਾਲ ਸੰਪਰਕ ਕਮਲਜੀਤ ਸਿੰਘ ਬਾਸੀ ਫੋਨ: 559-579-7032 ਜਾਂ ਸਰਬਜੀਤ ਸਿੰਘ ਬਾਸੀ ਫੋਨ: 559-755-4075 ਰਾਹੀਂ ਕੀਤਾ ਜਾ ਸਕਦਾ ਹੈ।

# ਲੰਡਨ ਦੇ ਮੈਟਰੋ ਸਟੇਸ਼ਨ 'ਤੇ ਧਮਾਕਾ

**ਲੰਡਨ:** ਲੰਡਨ ਦੇ ਇਕ ਭੀੜ-ਭੜੱਕੇ ਵਾਲੇ ਜ਼ਮੀਨਦੋਜ਼ ਮੈਟਰੋ ਸਟੇਸ਼ਨ ਵਿਚ ਮੁਸਾਫਰਾਂ ਦੀ ਭਾਰੀ ਆਮਦੋ-ਰਫਤ ਦੌਰਾਨ ਹੋਏ ਇਕ ਬੰਬ ਧਮਾਕੇ ਕਾਰਨ ਘੱਟੋ-ਘੱਟ 22 ਵਿਅਕਤੀ ਜ਼ਖ਼ਮੀ ਹੋ ਗਏ। ਬਰਤਾਨਵੀ ਪੁਲਿਸ ਸਕਾਟਲੈਂਡ ਯਾਰਡ ਨੇ ਧਮਾਕੇ ਨੂੰ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ। ਇਹ ਧਮਾਕਾ ਦੱਖਣ-ਪੱਛਮੀ ਲੰਡਨ ਵਿਚ ਡਿਸਟ੍ਰਿਕਟ ਲਾਈਨ ਟਿਊਬ ਵਿਚ ਉਦੋਂ ਹੋਇਆ ਜਦੋਂ ਇਕ ਗੱਡੀ ਪਾਰਸਨਜ਼ ਗਰੀਨ ਸਟੇਸ਼ਨ ਵਿਚ ਦਾਖਲ ਹੋਈ।

ਇਹ ਇਸ ਸਾਲ ਦੌਰਾਨ ਬਰਤਾਨੀਆ ਵਿਚ ਹੋਇਆ ਪੰਜਵਾਂ ਦਹਿਸ਼ਤੀ ਹਮਲਾ ਹੈ, ਪਰ ਇਸ ਵਾਰ ਕਿਸੇ ਮਾਸੂਮ ਦੀ ਜਾਨ ਜਾਣ ਤੋਂ ਬਚਾਅ ਰਿਹਾ। ਇਸ ਤੋਂ ਪਹਿਲੇ ਚਾਰ ਹਮਲਿਆਂ ਵਿਚ 36 ਮੌਤਾਂ ਹੋਈਆਂ ਹਨ। ਪੁਲਿਸ ਨੇ ਕੁਝ ਸ਼ੱਕੀ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।

# ਦੋਹਰੀ ਵੋਟ ਮਾਮਲੇ ਵਿਚ ਘਿਰੀ 'ਆਪ' ਵਿਧਾਇਕਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਤਲਵੰਡੀ ਸਾਬੋ ਤੋਂ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਮੁੜ ਵਿਵਾਦ ਵਿਚ ਘਿਰ ਗਈ ਹੈ। ਹੁਣ ਉਨ੍ਹਾਂ ਦੀ ਦੋਹਰੀ ਵੋਟ ਦੇ ਮਾਮਲੇ ਉਤੇ ਤੀਜੀ ਵਾਰ ਉਂਗਲ ਉਠੀ ਹੈ। ਇਹ ਮਾਮਲਾ ਵਿਧਾਨ ਸਭਾ ਚੋਣਾਂ ਵੇਲੇ ਵੀ ਉਠਿਆ ਸੀ। ਉਸ ਵੇਲੇ ਇਸ ਮਾਮਲੇ ਵੱਲ ਕੋਈ ਬਹੁਤੀ ਤਵੱਜੋ ਨਹੀਂ ਦਿੱਤੀ ਗਈ।

ਹੁਣ ਹਰਮਿਲਾਪ ਸਿੰਘ ਗਰੇਵਾਲ ਨਾਂ ਦੇ ਸ਼ਖਸ ਨੇ ਆਰ.ਟੀ.ਆਈ. ਰਾਹੀਂ ਵਿਧਾਇਕਾ ਦੀ ਦੋਹਰੀ ਵੋਟ ਦੇ ਮਾਮਲੇ ਵਿਚ ਤੱਥ ਇਕੱਠੇ ਕੀਤੇ ਹਨ। ਉਨ੍ਹਾਂ ਚੋਣ ਕਮਿਸ਼ਨ ਤੇ ਭਾਰਤ ਸਰਕਾਰ ਨੂੰ ਇਹ ਤੱਥ ਭੇਜ ਕੇ ਬਲਜਿੰਦਰ ਕੌਰ ਖਿਲਾਫ਼ ਕਾਰਵਾਈ ਮੰਗੀ ਹੈ।

# ਹਿਟਲਰ ਦੇ ਦਸਤਖਤਾਂ ਵਾਲੀ 'ਮੀਨ ਕੈਂਫ' 13 ਹਜ਼ਾਰ ਡਾਲਰ 'ਚ ਵਿਕੀ

**ਨਿਊ ਯਾਰਕ:** ਅਮਰੀਕਾ ਵਿਚ ਨਿਲਾਮੀ ਦੌਰਾਨ ਜਰਮਨ ਤਾਨਾਸ਼ਾਹ ਅਡੋਲਫ ਹਿਟਲਰ ਦੀ ਸਵੈ-ਜੀਵਨੀ 'ਮੀਨ ਕੈਂਫ', ਜਿਸ ਉਤੇ ਹਿਟਲਰ ਦੇ ਦਸਤਖਤ ਵੀ ਹਨ, 13 ਹਜ਼ਾਰ ਅਮਰੀਕੀ ਡਾਲਰ ਵਿਚ ਵਿਕੀ ਹੈ। ਇਸ ਕਿਤਾਬ ਦੇ ਖਾਲੀ ਸਫੇ ਉਤੇ ਹਿਟਲਰ ਨੇ 18 ਅਗਸਤ, 1930 ਨੂੰ ਹਸਤਾਖਰ ਕੀਤੇ। ਅਮਰੀਕਾ ਵਿਚ ਅਲੈਗਜ਼ੈਂਡਰ ਹਿਸਟੌਰੀਕਲ ਔਕਸ਼ਨਜ਼ ਮੁਤਾਬਕ ਇਸ ਕਿਤਾਬ 'ਤੇ ਦਸਤਖਤ ਕਰਨ ਸਮੇਂ ਹਿਟਲਰ ਜਰਮਨੀ ਦੇ ਕੋਲੋਨ ਵਿਚ ਨੈਸ਼ਨਲ ਸੋਸ਼ਲਿਸਟ ਜਰਮਨ ਵਰਕਰਜ਼ ਪਾਰਟੀ (ਐਨ.ਐਸ.ਡੀ.ਏ.ਪੀ.) ਅਤੇ ਇਸ ਵੱਲੋਂ 14 ਸਤੰਬਰ ਨੂੰ ਹੋਣ ਵਾਲੀ ਕੌਮੀ ਚੋਣ ਲਈ ਖੜ੍ਹੇ ਕੀਤੇ ਉਮੀਦਵਾਰਾਂ ਦੇ ਹੱਕ 'ਚ ਭਾਸ਼ਣ ਦੇ ਰਿਹਾ ਸੀ।

Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



ਹਲਵਾਈ ਦੀ ਲੋੜ ਹੈ

ਇੰਡੀਅਨਐਪੋਲਿਸ (ਇੰਡੀਆਨਾ) ਵਿਚ ਇੰਡੀਅਨ ਸਟੋਰ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਦੀ ਲੋੜ ਹੈ।
ਮੀਆਂ-ਬੀਵੀ ਵੀ ਹੋ ਸਕਦੇ ਹਨ। ਚੰਗੀ ਤਨਖਾਹ।
ਸੰਪਰਕ ਕਰੋ:
ਫੋਨ: 317-987-7802, 317-987-7801

37-39

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening
• 8 Drive Tires For $3300
Kelly KDA
• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਮੁੜ ਚਮਕਣਗੇ ਪਿੱਤਲ ਦੇ ਭਾਂਡੇ



**ਅੰਮ੍ਰਿਤਸਰ:** ਕੌਮਾਂਤਰੀ ਸੰਸਥਾ ਯੂਨੈਸਕੋ ਵੱਲੋਂ ਅੰਮ੍ਰਿਤਸਰ ਦੇ ਕਸਬਾ ਜੰਡਿਆਲਾ ਗੁਰੂ ਵਿਚ ਠਠਿਆਰਾਂ ਵੱਲੋਂ ਪਿੱਤਲ ਅਤੇ ਤਾਂਬੇ ਦੀਆਂ ਧਾਤਾਂ ਨਾਲ ਹੱਥੀਂ ਭਾਂਡੇ ਬਣਾਉਣ ਦੀ ਸਦੀਆਂ ਤੋਂ ਚੱਲੀ ਆ ਰਹੀ ਕਲਾ ਨੂੰ ਲੁਪਤ ਹੋਣ ਤੋਂ ਬਚਾਉਣ ਲਈ ਵਿਸ਼ੇਸ਼ ਉਪਰਾਲੇ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਯੂਨੈਸਕੋ ਵੱਲੋਂ 'ਯੂਨੈਸਕੋ ਇਨਟੈਂਜੀਬਲ ਕਲਚਰਲ ਹੈਰੀਟੇਜ' ਲਿਸਟ ਵਿਚ ਜੰਡਿਆਲਾ ਗੁਰੂ ਦੀ ਭਾਂਡੇ ਬਣਾਉਣ ਦੀ ਇਸ ਕਲਾ ਨੂੰ ਦੁਨੀਆਂ ਦੀਆਂ ਅਲੋਪ ਹੋ ਰਹੀਆਂ ਕਲਾਵਾਂ ਵਿਚ ਸ਼ਾਮਲ ਕੀਤਾ ਗਿਆ ਹੈ। ਲੁਪਤ ਹੋ ਰਹੀਆਂ ਕਲਾਵਾਂ ਤੇ ਵਿਰਾਸਤ ਨੂੰ ਸਾਂਭਣ ਦੇ ਯੂਨੈਸਕੋ ਪ੍ਰੋਜੈਕਟ ਤਹਿਤ ਕੰਮ ਕਰਨ ਵਾਲੇ ਪ੍ਰਤੀਨਿਧੀਆਂ ਡਾਲੀ ਸਿੰਘ, ਕੀਰਤੀ ਗੋਇਲ ਤੇ ਉਨ੍ਹਾਂ ਦੇ ਹੋਰ ਸਹਿਯੋਗੀਆਂ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਕਮਲਦੀਪ ਸਿੰਘ ਸੰਘਾ ਨਾਲ ਮੁਲਾਕਾਤ ਕਰ ਕੇ ਜੰਡਿਆਲਾ ਗੁਰੂ ਦੇ ਪ੍ਰੋਜੈਕਟ ਬਾਰੇ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ ਗਈ। ਸ੍ਰੀਮਤੀ ਡਾਲੀ ਗੋਇਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜੰਡਿਆਲਾ ਗੁਰੂ ਵਿਖੇ ਹੱਥੀਂ ਤਾਂਬੇ ਤੇ ਪਿੱਤਲ ਦੇ ਬਰਤਨ ਬਣਾਉਣ ਦੀ ਕਲਾ ਨੂੰ ਉਤਸ਼ਾਹਤ ਕੀਤਾ ਜਾਵੇਗਾ ਤਾਂ ਜੋ ਇਹ ਹੋਰ ਵੀ ਪ੍ਰਫੁੱਲਤ ਹੋ ਸਕੇ। ਡੀ.ਸੀ. ਸੰਘਾ ਨੇ ਪ੍ਰੋਜੈਕਟ ਟੀਮ ਨੂੰ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਪ੍ਰੋਜੈਕਟ 'ਚ ਹਰ ਤਰ੍ਹਾਂ ਦੀ ਸਹਾਇਤਾ ਤੇ ਸਹਿਯੋਗ ਕੀਤਾ ਜਾਵੇਗਾ।

ਇਸ ਕਿੱਤੇ ਵਿਚ ਲੱਗੇ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਦੇ ਯਤਨ ਵੀ ਕੀਤੇ ਜਾਣਗੇ। ਇਸ ਕਿਰਤ 'ਚ ਲੱਗੇ ਠਠਿਆਰਾਂ ਨੂੰ ਪੁਰਾਤਨ ਭਾਂਡਿਆਂ ਦੇ ਨਾਲ ਸਮੇਂ ਦੀ ਮੰਗ ਅਨੁਸਾਰ ਪੰਜ ਤਾਰਾ ਹੋਟਲਾਂ ਆਦਿ ਦੇ ਬਰਤਨਾਂ ਅਤੇ ਸਜਾਵਟੀ ਸਮਾਨ ਤਿਆਰ ਕਰਨ ਲਈ ਵੀ ਉਤਸ਼ਾਹਤ ਕੀਤਾ ਜਾਵੇਗਾ ਤਾਂ ਜੋ ਇਹ ਆਪਣੀ ਆਮਦਨ 'ਚ ਵਾਧਾ ਕਰ ਸਕਣ।

## ਸਭਿਆਚਾਰ ਦੀ ਪੁਨਰ ਸੁਰਜੀਤੀ ਲਈ ਹੰਭਲੇ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਸੱਭਿਆਚਾਰ ਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੀ ਆਉਣ ਵਾਲੀ ਪੀੜ੍ਹੀ ਨੂੰ ਅਮੀਰ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਲਈ ਲੋਕ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਅਮੀਰ ਵਿਰਸਾ ਤੇ ਸੱਭਿਆਚਾਰ ਹੈ ਜਿਸ ਦੀਆਂ ਡੂੰਘੀਆਂ ਜੜ੍ਹਾਂ ਹਨ, ਅਜੋਕੇ ਬਦਲਦੇ ਦੌਰ ਵਿਚ ਨੌਜਵਾਨਾਂ ਨੂੰ ਵਿਰਸੇ ਨਾਲ ਜੋੜਨ ਲਈ ਸੱਭਿਆਚਾਰ ਦੀ ਪੁਨਰ ਸੁਰਜੀਤੀ ਦੀ ਲੋੜ ਹੈ ਅਤੇ ਇਸ ਲਈ ਸਾਰਿਆਂ ਨੂੰ ਮਿਲ ਕੇ ਹੰਭਲਾ ਮਾਰਨਾ ਪਵੇਗਾ। ਉਨ੍ਹਾਂ ਕਿਹਾ ਕਿ ਅਲੋਪ ਹੋ ਰਹੀਆਂ ਕਲਾਵਾਂ ਨੂੰ ਬਚਾਉਣ, ਸਾਹਿਤ, ਸਭਿਆਚਾਰ, ਪੰਜਾਬੀ ਬੋਲੀ ਤੇ ਵਿਰਸੇ ਦੀ ਪ੍ਰਫੁੱਲਤਾ ਲਈ ਕਲਾ ਪ੍ਰੀਸ਼ਦ ਦੇ ਬੈਨਰ ਹੇਠ 12 ਵਿੰਗ ਬਣਾਏ ਜਾਣਗੇ ਜੋ ਵੱਖ-ਵੱਖ ਖੇਤਰਾਂ ਨਾਲ ਸਬੰਧਤ ਹੋਣਗੇ। ਹਰ ਵਿੰਗ ਵਿਚ 8 ਤੋਂ 10 ਵਿਅਕਤੀ ਸ਼ਾਮਲ ਹੋਣਗੇ ਅਤੇ ਹਰ ਵਿੰਗ ਦਾ ਇਕ ਕਨਵੀਨਰ ਹੋਵੇਗਾ। ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਪ੍ਰਸਿੱਧ ਸ਼ਾਇਰ ਡਾ. ਸੁਰਜੀਤ ਪਾਤਰ ਨੇ ਸਾਰੇ ਵਿੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੋਕ ਧਾਰਾ (ਸੂਖਮ ਤੇ ਸਥੂਲ), ਵਿੱਦਿਅਕ ਅਦਾਰਿਆਂ ਨਾਲ ਸਾਂਝ, ਡਿਜ਼ੀਟਲ ਡਾਕਖਾਨਾ, ਪਿੰਡ ਪਰਾਣ, ਸਾਡੀ ਜਿੰਦ ਜਾਨ ਪੰਜਾਬੀ, ਅਲੋਪ ਹੋ ਰਹੀਆਂ ਵਸਤਾਂ, ਜੋਬਨ ਰੁੱਤੇ ਜੀਨਾ, ਰੰਗ ਮੰਚ ਲਹਿਰ ਆਦਿ ਨਾਲ ਪੰਜਾਬ ਦੇ ਪਿੰਡਾ-ਪਿੰਡ ਤੇ ਸ਼ਹਿਰ ਨੂੰ ਜੋੜਿਆ ਜਾਵੇਗਾ।

# ਪਰਵਾਸੀਆਂ ਲਈ 'ਆਪਣੀਆਂ ਜੜ੍ਹਾਂ ਨਾਲ ਜੁੜੋ' ਦਾ ਆਗਾਜ਼



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 'ਆਪਣੀਆਂ ਜੜ੍ਹਾਂ ਨਾਲ ਜੁੜੋ' ਆਲਮੀ ਪ੍ਰੋਗਰਾਮ ਦਾ ਲੰਡਨ ਤੋਂ ਆਗਾਜ਼ ਕੀਤਾ ਹੈ। ਉਨ੍ਹਾਂ ਆਖਿਆ ਕਿ ਇਹ ਪ੍ਰੋਗਰਾਮ ਦੂਜੇ ਮੁਲਕਾਂ ਵਿਚ ਰਹਿ ਰਹੇ ਭਾਰਤੀ ਮੂਲ ਦੇ ਨੌਜਵਾਨਾਂ ਨੂੰ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਖਾਲਿਸਤਾਨੀਆਂ ਦੇ ਝੂਠੇ ਪ੍ਰਚਾਰ ਤੋਂ ਦੂਰ ਰੱਖਣ ਵਿਚ ਸਹਾਈ ਹੋਵੇਗਾ।

ਆਪਣੇ ਲੰਡਨ ਦੇ ਦੌਰੇ ਸਮੇਂ ਮੁੱਖ ਮੰਤਰੀ ਨੇ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਬਾਹਰੀ ਮੁਲਕਾਂ ਵਿਚ ਜੰਮੇ ਪਲੇ ਭਾਰਤੀ ਮੂਲ ਦੇ ਨੌਜਵਾਨਾਂ ਨੂੰ ਝੂਠੇ ਪ੍ਰਚਾਰ ਰਾਹੀਂ ਗੁੰਮਰਾਹ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਦੀ ਸੱਚੀ ਤਸਵੀਰ ਦਿਖਾਉਣਾ ਹੈ। ਮੁੱਖ ਮੰਤਰੀ ਨੇ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਨੂੰ ਸਮਝਣ ਅਤੇ ਇਸ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਆਖਿਆ ਕਿ ਇਹ ਪ੍ਰੋਗਰਾਮ ਉਨ੍ਹਾਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਦੇ ਨਾਲ-ਨਾਲ ਆਪਣੇ ਪੁਰਖਿਆਂ ਦੀਆਂ ਜੜ੍ਹਾਂ ਨਾਲ ਜੁੜਨ ਦਾ ਮੰਚ ਮੁਹੱਈਆ ਕਰਵਾਏਗਾ।

## ਇਹ ਹੋਵੇਗੀ ਰਣਨੀਤੀ

**ਚੰਡੀਗੜ੍ਹ:** ਪ੍ਰੋਗਰਾਮ ਅਧੀਨ ਹਰੇਕ ਦੋ ਮਹੀਨਿਆਂ ਵਿਚ 15 ਨੌਜਵਾਨਾਂ ਦਾ ਸਮੂਹ ਪੰਜਾਬ ਆਵੇਗਾ, ਜਿਸ ਵਿਚ ਵੱਖ-ਵੱਖ ਮੁਲਕਾਂ ਦੇ ਨੌਜਵਾਨ ਸ਼ਾਮਲ ਹੋਣਗੇ। ਇਸ ਪ੍ਰੋਗਰਾਮ ਲਈ ਸੂਬਾ ਸਰਕਾਰ ਨੇ ਬਜਟ ਦਾ ਉਪਬੰਧ ਕੀਤਾ ਹੈ। ਸਰਕਾਰ ਵੱਲੋਂ ਨੌਜਵਾਨਾਂ ਦੇ ਪਹਿਲੇ ਤਿੰਨ ਗਰੁੱਪ ਬਰਤਾਨੀਆ ਤੋਂ ਲਿਆਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਅਰਜ਼ੀਕਰਤਾ ਨੂੰ ਭਾਰਤ ਆਉਣ-ਜਾਣ ਦਾ ਖਰਚ ਖੁਦ ਸਹਿਣਾ ਹੋਵੇਗਾ ਜਦੋਂਕਿ ਪੰਜਾਬ ਵਿਚ ਰਹਿਣ-ਸਹਿਣ, ਆਉਣ-ਜਾਣ ਤੇ ਵੱਖ-ਵੱਖ ਥਾਵਾਂ ਦੇਖਣ ਦਾ ਖਰਚਾ ਪੰਜਾਬ ਸਰਕਾਰ ਦਾ ਜਾਵੇਗਾ। ਇਸ ਸਕੀਮ ਨੂੰ ਅੱਗੇ ਲਿਜਾਣ ਦਾ ਜ਼ਿੰਮਾ ਐਨ.ਆਰ.ਆਈ. ਮਾਮਲਿਆਂ ਦੇ ਸਕੱਤਰ ਨੂੰ ਸੌਂਪਿਆ ਗਿਆ ਹੈ।

# ਤੀਰਥ ਯਾਤਰਾ ਵਿਰੁਧ ਪਟੀਸ਼ਨ ਖਤਮ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਾਰਜਕਾਲ ਦੌਰਾਨ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ ਵਿਰੁੱਧ ਦਾਖਲ ਇਕ ਲੋਕ ਹਿੱਤ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਹੈ ਤੇ ਇਹ ਮਾਮਲਾ ਹੁਣ ਖਤਮ ਹੋ ਗਿਆ ਹੈ।

ਹਾਈ ਕੋਰਟ ਨੇ ਕਿਹਾ ਹੈ ਕਿ ਹੁਣ ਨਾ ਬਾਦਲ ਸਰਕਾਰ ਰਹੀ ਹੈ ਤੇ ਨਾ ਹੀ ਇਹ ਸਕੀਮ ਹੋਂਦ ਵਿਚ ਹੈ, ਲਿਹਾਜ਼ਾ ਪਟੀਸ਼ਨ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ। ਲੁਧਿਆਣਾ ਦੇ ਕੁਲਦੀਪ ਸਿੰਘ ਖਹਿਰਾ ਨੇ ਐਡਵੋਕੇਟ ਐਚ.ਸੀ. ਅਰੋੜਾ ਰਾਹੀਂ ਪਟੀਸ਼ਨ ਦਾਖਲ ਕਰ ਕੇ ਦੋਸ਼ ਲਾਇਆ ਸੀ ਕਿ ਸਰਕਾਰੀ ਖਰਚ ਉਤੇ ਚਲਾਈ ਗਈ ਇਸ ਸਕੀਮ 'ਤੇ ਲੋਕਾਂ ਦਾ ਪੈਸਾ ਖਰਚ ਕੀਤਾ ਜਾ ਰਿਹਾ ਹੈ, ਜਿਸ ਨਾਲ ਸੱਤਾ ਧਿਰ ਵਿਧਾਨ ਸਭਾ ਚੋਣਾਂ ਵਿਚ ਲਾਹਾ ਲੈਣਾ ਚਾਹੁੰਦੀ ਹੈ ਤੇ ਇਹ ਯਾਤਰਾ ਰਾਜਸੀ ਉਦੇਸ਼ ਦੀ ਪੂਰਤੀ ਲਈ ਕਰਵਾਈ ਜਾ ਰਹੀ ਹੈ, ਹਾਲਾਂਕਿ ਹਾਈ ਕੋਰਟ ਨੇ ਇਸ ਪਟੀਸ਼ਨ 'ਤੇ ਜਵਾਬ ਤਲਬੀ ਵੀ ਕੀਤੀ ਸੀ।

# ਭਾਰਤ ਦਾ ਨਾਂ ਵੱਡੇ ਨਸ਼ਾ ਤਸਕਰ ਦੇਸ਼ਾਂ ਦੀ ਸੂਚੀ ਵਿਚ ਉਭਰਿਆ



**ਵਾਸ਼ਿੰਗਟਨ:** ਭਾਰਤ ਲਈ ਇਕ ਵੱਡੀ ਨਮੋਸ਼ੀ ਵਾਲੀ ਖਬਰ ਹੈ। ਅਮਰੀਕਾ ਨੇ ਭਾਰਤ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਨਸ਼ਾ ਤਸਕਰ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਸੂਚੀ ਵਿਚ ਪਾਕਿਸਤਾਨ ਤੇ ਅਫਗਾਨਿਸਤਾਨ ਵੀ ਸ਼ਾਮਲ ਹਨ। ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਨੂੰ ਉਨ੍ਹਾਂ 21 ਮੁਲਕਾਂ ਦੀ ਸੂਚੀ ਵਿਚ ਗਿਣਿਆ ਹੈ ਜੋ ਨਾਜਾਇਜ਼ ਢੰਗ ਨਾਲ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਕਰਦੇ ਹਨ ਜਾਂ ਹੋਰ ਦੇਸ਼ਾਂ ਵਿਚ ਭੇਜਦੇ ਹਨ। ਇਹ ਭਾਰਤ ਲਈ ਬੇਹੱਦ ਸ਼ਰਮਨਾਕ ਗੱਲ ਬਣ ਗਈ ਹੈ। ਇਸ ਰਿਪੋਰਟ ਵਿਚ ਭਾਰਤ ਤੋਂ ਇਲਾਵਾ, ਦੱਖਣ ਏਸ਼ੀਆ ਦੇ ਕਈ ਮੁਲਕਾਂ ਨੂੰ ਨਸ਼ੀਲੇ ਪਦਾਰਥ ਸਪਲਾਈ ਕਰਨ ਦਾ ਅੱਡਾ ਦੱਸਿਆ ਗਿਆ ਹੈ। ਇਨ੍ਹਾਂ ਵਿਚ ਗੈਰ ਕਾਨੂੰਨੀ ਧਨ ਨਾਲ ਡਰੱਗ ਉਤਪਾਦਕ ਕਰਨ ਵਾਲੇ ਖਾਸ ਦੇਸ਼ ਅਫਗਾਨਿਸਤਾਨ ਤੇ ਪਾਕਿਸਤਾਨ ਸ਼ਾਮਲ ਹਨ। ਮਿਆਂਮਾਰ ਜੋ ਭਾਰਤ ਦਾ ਗੁਆਂਢੀ ਹੈ, ਨੂੰ ਵੀ ਇਸ ਲਿਸਟ ਵਿਚ ਸ਼ਾਮਲ ਕੀਤਾ ਹੈ। ਸੂਚੀ ਵਿਚ ਹੋਰ ਦੇਸ਼ ਬਹਾਮਾਸ, ਬੇਲੀਜ਼ੇ, ਬੋਲੀਵੀਆ, ਕੋਲੰਬੀਆ, ਕੋਸਟਾ ਰੀਕਾ, ਡੋਮੀਨਿਕਨ ਰੀਪਬਲਿਕ, ਇਕੂਏਟਰ, ਅਲ ਸੈਲਵਾਡੋਰ, ਗੁਆਟੇਮਾਲਾ, ਹੈਤੀ, ਹੌਂਡੁਰਸ, ਜਮਾਇਕਾ, ਲਾਓਸ, ਮੈਕਸੀਕੋ, ਨਿਕਾਰਾਗੁਆ, ਪਨਾਮਾ, ਪੇਰੂ ਤੇ ਵੈਨਜ਼ੁਏਲਾ ਹਨ।

## ਹੁਣ ਦਿੱਲੀ ਵਿਚ ਨਹੀਂ ਚੱਲਣਗੀਆਂ ਪੁਰਾਣੀਆਂ ਡੀਜ਼ਲ ਗੱਡੀਆਂ

**ਨਵੀਂ ਦਿੱਲੀ:** ਕੌਮੀ ਗ੍ਰੀਨ ਟ੍ਰਿਬਿਊਨਲ ਨੇ ਦਿੱਲੀ ਐਨ.ਸੀ.ਆਰ. ਵਿਚ ਡੀਜ਼ਲ ਨਾਲ ਚੱਲਣ ਵਾਲੀਆਂ 10 ਸਾਲ ਪੁਰਾਣੀਆਂ ਗੱਡੀਆਂ ਉਤੇ ਲਾਈ ਰੋਕ ਦੇ ਹੁਕਮਾਂ ਵਿਚ ਤਬਦੀਲੀ ਕਰਨ ਲਈ ਪਾਈ ਪਟੀਸ਼ਨ ਖਾਰਜ ਕਰ ਦਿੱਤੀ ਜਿਸ ਕਰ ਕੇ ਹੁਣ ਐਨ.ਸੀ.ਆਰ. ਸਣੇ ਦਿੱਲੀ ਵਿਚ ਡੀਜ਼ਲ ਗੱਡੀਆਂ ਉਪਰ ਪੂਰਨ ਪਾਬੰਦੀ ਲਾਗੂ ਰਹੇਗੀ। ਕੌਮੀ ਗ੍ਰੀਨ ਟ੍ਰਿਬਿਊਨਲ ਦੇ ਹੁਕਮਾਂ ਦੇ ਮੱਦੇਨਜ਼ਰ ਪਹਿਲਾਂ ਹੀ ਦਿੱਲੀ ਵਿਚ ਡੀਜ਼ਲ ਵਾਲੀਆਂ 10 ਸਾਲ ਪੁਰਾਣੀਆਂ ਗੱਡੀਆਂ ਦੀ ਰਜਿਟ੍ਰੇਸ਼ਨ ਬੰਦ ਕੀਤੀ ਜਾ ਚੁੱਕੀ ਹੈ।

ਟ੍ਰਿਬਿਊਨਲ ਨੇ ਕਿਹਾ ਕਿ ਡੀਜ਼ਲ ਗੱਡੀਆਂ ਤੋਂ ਪੈਦਾ ਹੁੰਦਾ ਧੂੰਆਂ ਕੈਂਸਰ ਪੈਦਾ ਕਰਨ ਵਾਲਾ ਹੈ ਤੇ ਇਕ ਡੀਜ਼ਲ ਗੱਡੀ, ਪੈਟਰੌਲ ਉਤੇ ਚੱਲਣ ਵਾਲੀਆਂ 24 ਗੱਡੀਆਂ ਦੇ ਬਰਾਬਰ ਜਾਂ ਸੀ.ਐਨ.ਜੀ. ਨਾਲ ਚੱਲਦੀਆਂ 40 ਗੱਡੀਆਂ ਦੇ ਬਰਾਬਰ ਪ੍ਰਦੂਸ਼ਣ ਹਵਾ ਵਿਚ ਛੱਡਦੀ ਹੈ।

# ਕਰਨਾਟਕ 'ਚ ਕਿਰਪਾਨ 'ਤੇ ਰੋਕ ਤੋਂ ਜਥੇਦਾਰ ਖਫਾ



**ਅੰਮ੍ਰਿਤਸਰ:** ਕਰਨਾਟਕ ਵਿਚ ਕਿਰਪਾਨ ਉਤੇ ਪਾਬੰਦੀ ਲਾਏ ਜਾਣ ਉਤੇ ਸਖਤ ਇਤਰਾਜ਼ ਪ੍ਰਗਟ ਕਰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਉਹ ਇਸ ਮਾਮਲੇ ਵਿਚ ਤੁਰਤ ਕੇਂਦਰ ਸਰਕਾਰ ਨਾਲ ਗੱਲਬਾਤ ਕਰੇ ਅਤੇ ਇਸ ਰੋਕ ਨੂੰ ਖਤਮ ਕਰਾਉਣ ਲਈ ਚਾਰਾਜੋਈ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਵਿਚ ਸ਼ਾਮਲ ਹੈ ਅਤੇ ਧਾਰਮਿਕ ਚਿੰਨ੍ਹ ਹੈ, ਜਿਸ 'ਤੇ ਰੋਕ ਲਾਉਣਾ ਸੰਵਿਧਾਨ ਦੀ ਉਲੰਘਣਾ ਹੈ। ਸੰਵਿਧਾਨ ਦੀ ਧਾਰਾ 25 ਮੁਤਾਬਕ ਹਰ ਇਕ ਭਾਰਤ ਵਾਸੀ ਨੂੰ ਆਪਣੇ ਧਰਮ ਦੇ ਸਿਧਾਂਤਾਂ ਮੁਤਾਬਕ ਜਿਉਣ ਦੀ ਖੁੱਲ੍ਹ ਹੈ। ਕਰਨਾਟਕ ਸਰਕਾਰ ਦੀ ਇਹ ਕਾਰਵਾਈ ਧਾਰਮਿਕ ਆਜ਼ਾਦੀ ਵਿਚ ਦਖਲ ਅਤੇ ਸੰਵਿਧਾਨ ਦੀ ਉਲੰਘਣਾ ਹੈ।

# ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਮਿਡ-ਡੇ-ਮੀਲ ਦੇ ਚੁੱਲ੍ਹੇ ਪਏ ਠੰਢੇ



**ਚੰਡੀਗੜ੍ਹ:** ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਪੌਸ਼ਟਿਕ ਦੁਪਹਿਰ ਦਾ ਖਾਣਾ ਮੁਹੱਈਆ ਕਰਵਾਉਣ ਲਈ ਸ਼ੁਰੂ ਕੀਤੀ ਮਿਡ-ਡੇ-ਮੀਲ ਯੋਜਨਾ ਪੰਜਾਬ ਵਿਚ ਬੰਦ ਹੋਣ ਦੇ ਕੰਢੇ ਪਹੁੰਚ ਗਈ ਹੈ। ਇਸ ਯੋਜਨਾ ਤਹਿਤ ਰਾਜ ਦੇ 19811 ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਖਾਣਾ ਮੁਹੱਈਆ ਕਰਵਾਇਆ ਜਾਂਦਾ ਹੈ। ਇਨ੍ਹਾਂ ਸਕੂਲਾਂ ਦੇ ਵੀਹ ਲੱਖ ਦੇ ਕਰੀਬ ਵਿਦਿਆਰਥੀਆਂ ਨੂੰ ਖਾਣਾ ਮੁਹੱਈਆ ਕਰਵਾਉਣ ਲਈ ਲੋੜੀਂਦਾ ਅਨਾਜ ਸਕੂਲਾਂ ਨੂੰ ਸਿੱਧਾ ਭੇਜਿਆ ਜਾਂਦਾ ਹੈ। ਖਾਣਾ ਤਿਆਰ ਕਰਨ ਉਤੇ ਆਉਂਦੀ ਲਾਗਤ ਨੂੰ ਸਕੂਲਾਂ ਦੇ ਖਾਤਿਆਂ 'ਚ ਜਮ੍ਹਾਂ ਕਰਵਾਇਆ ਜਾਂਦਾ ਹੈ।

ਇਹ ਲਾਗਤ ਰਾਸ਼ੀ ਪ੍ਰਾਇਮਰੀ ਦੇ ਵਿਦਿਆਰਥੀਆਂ ਲਈ 4 ਰੁਪਏ 13 ਪੈਸੇ ਪ੍ਰਤੀ ਦਿਨ ਹੈ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ 6 ਰੁਪਏ 18 ਪੈਸੇ ਪ੍ਰਤੀ ਦਿਨ ਹੈ ਪਰ ਚਾਰ ਮਹੀਨਿਆਂ ਤੋਂ ਸਰਕਾਰ ਵੱਲੋਂ ਕੋਈ ਰਾਸ਼ੀ ਨਾ ਆਉਣ ਕਾਰਨ ਅਧਿਕਾਰੀਆਂ ਵੱਲੋਂ ਅਧਿਆਪਕਾਂ ਉਤੇ ਹੀ ਦਬਾਅ ਵਧਾਇਆ ਜਾ ਰਿਹਾ ਹੈ। ਸਿੱਖਿਆ ਵਿਭਾਗ ਦੇ ਇਕ ਉੱਚ ਅਧਿਕਾਰੀ ਨੇ ਦੱਸਿਆ ਕਿ ਮਈ ਤੋਂ ਬਾਅਦ ਜੂਨ, ਜੁਲਾਈ, ਅਗਸਤ ਅਤੇ ਸਤੰਬਰ ਲਈ ਕੋਈ ਰਾਸ਼ੀ ਨਹੀਂ ਆਈ। ਇਸ ਸਕੀਮ ਲਈ ਕੇਂਦਰ ਸਰਕਾਰ ਵੱਲੋਂ 60 ਫੀਸਦੀ ਫੰਡ ਮੁਹੱਈਆ ਕਰਵਾਇਆ ਜਾਂਦਾ ਹੈ ਜਦ ਕਿ 40 ਫੀਸਦੀ ਹਿੱਸਾ ਰਾਜ ਸਰਕਾਰ ਵੱਲੋਂ ਪਾਇਆ ਜਾਂਦਾ ਹੈ। ਕੇਂਦਰ ਸਰਕਾਰ ਵੱਲੋਂ ਗਰਾਂਟ ਲਗਾਤਾਰ ਆ ਰਹੀ ਹੈ ਪਰ ਰਾਜ ਸਰਕਾਰ ਵੱਲੋਂ ਆਪਣਾ ਹਿੱਸਾ ਪਾ ਕੇ ਉਸ ਨੂੰ ਜਾਰੀ ਨਹੀਂ ਕੀਤਾ ਜਾ ਰਿਹਾ ਹੈ।

ਸੰਗਰੂਰ ਜ਼ਿਲ੍ਹੇ 'ਚ 1174 ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ 103500 ਵਿਦਿਆਰਥੀਆਂ ਨੂੰ ਦੁਪਹਿਰ ਦਾ ਮੁਫਤ ਖਾਣਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਥੋਂ ਦੇ ਸਕੂਲਾਂ ਨੂੰ 10 ਜੁਲਾਈ ਤੱਕ ਦੀ ਕੁਕਿੰਗ ਰਾਸ਼ੀ ਮਿਲਣ ਤੋਂ ਬਾਅਦ ਕੋਈ ਰਾਸ਼ੀ ਨਹੀਂ ਮਿਲੀ। ਕੁਝ ਦਿਨ ਪਹਿਲਾਂ 10 ਕੁ ਸਕੂਲਾਂ ਦੇ ਅਧਿਆਪਕਾਂ ਨੇ ਜ਼ਿਲ੍ਹਾ ਸਿੱਖਿਆ ਅਫਸਰ (ਅ.ਸ.) ਦੇ ਦਫ਼ਤਰ ਇਕ ਮੈਮੋਰੰਡਮ ਵੀ ਦਿੱਤਾ ਸੀ ਕਿ ਉਹ ਫੰਡਾਂ ਉਪਲਬਧ ਨਾ ਹੋਣ ਕਾਰਨ 11 ਸਤੰਬਰ ਤੋਂ ਦੁਪਹਿਰ ਦਾ ਖਾਣਾ ਬੰਦ ਕਰ ਦੇਣਗੇ ਪਰ ਕੇਂਦਰ ਸਰਕਾਰ ਦੇ ਸਬੰਧਤ ਵਿਭਾਗ ਤੋਂ ਇਕ ਪੱਤਰ ਆਉਣ ਨਾਲ ਅਧਿਆਪਕਾਂ ਨੇ ਆਪਣੀ ਜੇਬ ਵਿਚੋਂ ਹੀ ਚੁੱਲ੍ਹੇ ਬਲਦੇ ਰੱਖੇ ਹੋਏ ਹਨ।

## ਮੁੱਖ ਮੰਤਰੀ ਦੇ ਜੱਦੀ ਪਿੰਡ 'ਤੇ ਸਿੱਖਿਆ ਵਿਭਾਗ ਮਿਹਰਬਾਨ

**ਬਠਿੰਡਾ:** ਸਰਕਾਰੀ ਸਕੂਲ ਮਹਿਰਾਜ ਪੰਜਾਬ ਦਾ ਇਕਲੌਤਾ ਸਕੂਲ ਹੈ ਜਿਥੇ ਬੱਚੇ ਘੱਟ ਤੇ ਅਧਿਆਪਕ ਵੱਧ ਹਨ। ਹਕੂਮਤ ਬਦਲਣ ਮਗਰੋਂ ਬਠਿੰਡਾ ਦੇ ਪਿੰਡ ਮਹਿਰਾਜ ਵਿਚ ਇਹ ਬਾਦਸ਼ਾਹੀ ਰੰਗ ਦਿਖੇ ਹਨ। ਸਿੱਖਿਆ ਮਹਿਕਮੇ ਨੇ ਸਾਰੇ ਨਿਯਮ ਛਿੱਕੇ ਟੰਗ ਦਿੱਤੇ ਹਨ ਕਿਉਂਕਿ ਮਹਿਰਾਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦਾ ਪਿੰਡ ਹੈ। ਸਰਕਾਰੀ ਮਿਡਲ ਸਕੂਲ ਪੱਤੀ ਸੰਦਲੀ, ਮੱਲੂਆਣਾ (ਮਹਿਰਾਜ) ਵਿਚ ਇਸ ਵੇਲੇ ਚਾਰ ਬੱਚੇ ਪੜ੍ਹਦੇ ਹਨ ਪਰ ਅਧਿਆਪਕ ਪੰਜ ਹਨ। ਪੰਜਾਬ ਸਰਕਾਰ ਇਸ ਸਕੂਲ ਦੇ ਹਰ ਬੱਚੇ 'ਤੇ ਤਕਰੀਬਨ 43 ਹਜ਼ਾਰ ਰੁਪਏ ਪ੍ਰਤੀ ਮਹੀਨਾ ਖਰਚ ਰਹੀ ਹੈ। ਪੰਜਾਬ ਦੇ ਬਹੁਤੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀ ਜ਼ਿਆਦਾ ਹਨ ਪਰ ਅਧਿਆਪਕ ਨਹੀਂ ਹਨ। ਜਾਣਕਾਰੀ ਅਨੁਸਾਰ ਇਸ ਮਿਡਲ ਸਕੂਲ 'ਚ ਪਹਿਲਾਂ ਤਿੰਨ ਅਧਿਆਪਕ (ਇਕ ਹਿੰਦੀ, ਇਕ ਪੰਜਾਬੀ ਤੇ ਇਕ ਪੀ.ਟੀ.ਆਈ.) ਸਨ ਅਤੇ ਦੋ ਅਧਿਆਪਕਾਂ ਨੇ ਹੁਣ ਜੁਆਇਨ ਕੀਤਾ ਹੈ। ਇਸ ਸਰਕਾਰੀ ਸਕੂਲ ਦੀ ਛੇਵੀਂ ਤੇ ਸੱਤਵੀਂ ਕਲਾਸ 'ਚ ਇਕ ਇਕ ਵਿਦਿਆਰਥੀ ਹੈ ਜਦੋਂ ਕਿ ਅੱਠਵੀਂ ਵਿਚ ਦੋ ਵਿਦਿਆਰਥੀ ਹਨ। ਬੱਚਿਆਂ ਦੀ ਗਿਣਤੀ ਵਧਾਉਣ ਲਈ ਅਧਿਆਪਕ ਘਰੋਂ ਘਰ ਵੀ ਗਏ ਪਰ ਨਿਆਣੇ ਸਰਕਾਰੀ ਸਕੂਲ ਵੱਲ ਮੂੰਹ ਨਹੀਂ ਕਰ ਰਹੇ।

ਇਹ ਸਕੂਲ ਪਿੰਡ ਦੀ ਫਿਰਨੀ ਤੋਂ ਦੋ ਕਿਲੋਮੀਟਰ ਤੋਂ ਵੀ ਘੱਟ ਦੂਰ ਹੈ। ਮਹਿਰਾਜ ਪਿੰਡ ਦਾ ਇਕ ਹੋਰ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਪਿੱਪਲੀ ਹੈ ਜਿਥੇ ਬੱਚਿਆਂ ਦੀ ਗਿਣਤੀ ਡੇਢ ਦਰਜਨ ਹੈ ਜਦੋਂ ਕਿ ਦੋ ਅਧਿਆਪਕ ਹਨ। ਇਵੇਂ ਹੀ ਮਹਿਰਾਜ ਦੇ ਕੋਠੇ ਰੱਥੜੀਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਬੱਚੇ 27 ਤੇ ਅਧਿਆਪਕ ਦੋ ਹਨ।

# ਕਰੋੜਪਤੀ ਜੋੜਾ ਬਣਿਆ ਸੰਨਿਆਸੀ



**ਚੰਡੀਗੜ੍ਹ :** ਆਪਣੀ 100 ਕਰੋੜ ਰੁਪਏ ਦੀ ਜਾਇਦਾਦ ਛੱਡ ਕੇ ਮੱਧ ਪ੍ਰਦੇਸ਼ ਦੇ ਇਕ ਨੌਜਵਾਨ ਜੈਨ ਜੋੜੇ ਨੇ ਸੰਨਿਆਸੀ ਸੰਤ ਤੇ ਸਾਧਵੀ ਦਾ ਜੀਵਨ ਜਿਉਣ ਦਾ ਫੈਸਲਾ ਕੀਤਾ ਹੈ। ਨੀਮਚ ਦੇ ਰਹਿਣ ਵਾਲੇ ਇਸ ਜੋੜੇ ਨੂੰ 23 ਸਤੰਬਰ ਨੂੰ ਸਾਧੂ ਮਾਰਗੀ ਜੈਨ ਆਚਾਰੀਆ ਰਾਮਲਾਲ ਵੱਲੋਂ ਦੀਕਸ਼ਾ ਦਿੱਤੀ ਜਾਵੇਗੀ।

ਮੱਧ ਪ੍ਰਦੇਸ਼ ਵਿਚ ਨੀਮਚ ਸ਼ਹਿਰ ਦੇ ਮਸ਼ਹੂਰ ਕਾਰੋਬਾਰੀ ਨਾਹਰ ਸਿੰਘ ਰਾਠੌੜ ਦੇ ਪੋਤੇ ਸੁਮਿਤ ਰਾਠੌੜ ਅਤੇ ਗੋਲਡ ਮੈਡਲ ਨਾਲ ਇੰਜੀਨੀਅਰਿੰਗ ਕਰਨ ਵਾਲੀ ਉਸ ਦੀ ਪਤਨੀ ਅਨਾਮਿਕਾ ਦੇ ਸੰਨਿਆਸ ਲੈਣ ਦੇ ਫੈਸਲੇ ਨਾਲ ਹਰ ਕੋਈ ਹੈਰਾਨ ਹੈ। ਇਨ੍ਹਾਂ ਦਾ ਵਿਆਹ 4 ਸਾਲ ਪਹਿਲਾਂ ਹੀ ਹੋਇਆ ਸੀ ਅਤੇ ਇਨ੍ਹਾਂ ਦੀ ਢਾਈ ਸਾਲ ਸਾਲ ਦੀ ਬੇਟੀ ਵੀ ਹੈ। ਸਾਧੂ ਮਾਰਗੀ ਜੈਨ ਮੁਨੀ ਸੰਘ ਨੀਮਚ ਦੇ ਸਕੱਤਰ ਪ੍ਰਕਾਸ਼ ਭੰਡਾਰੀ ਦੇ ਮੁਤਾਬਕ ਨੀਮਚ ਦੇ ਵੱਡੇ ਕਾਰੋਬਾਰੀ ਘਰਾਣੇ ਦੇ ਇਸ ਜੋੜੇ ਦੀ 100 ਕਰੋੜ ਰੁਪਏ ਤੋਂ ਵੱਧ ਜਾਇਦਾਦ ਹੈ। ਪਰਿਵਾਰ ਦੇ ਕਾਫੀ ਸਮਝਾਉਣ ਦੇ ਬਾਵਜੂਦ ਨੌਜਵਾਨ ਜੋੜਾ ਸੰਨਿਆਸ ਲੈਣ ਦੇ ਆਪਣੇ ਫੈਸਲੇ ਉਤੇ ਅੜਿਆ ਰਿਹਾ ਹੈ।

ਸੂਰਤ ਵਿਚ ਪਿਛਲੇ 22 ਅਗਸਤ ਨੂੰ ਸੁਮਿਤ ਨੇ ਆਚਾਰੀਆ ਰਾਮਲਾਲ ਦੀ ਸਭਾ ਵਿਚ ਖੜੇ ਹੋ ਕੇ ਕਹਿ ਦਿੱਤਾ ਕਿ ਮੈਂ ਬਰੇਕ ਲੈਣਾ ਹੈ। ਫਿਰ ਉਸ ਨੇ ਪ੍ਰਵਚਨ ਖਤਮ ਹੁੰਦੇ ਸਾਰ ਹੱਥ ਤੋਂ ਘੜੀ ਅਤੇ ਦੂਸਰੀਆਂ ਚੀਜ਼ਾਂ ਖੋਲ੍ਹ ਕੇ ਕਿਸੇ ਹੋਰ ਵਿਅਕਤੀ ਨੂੰ ਦੇ ਦਿੱਤੀਆਂ ਅਤੇ ਆਚਾਰੀਆ ਦੇ ਪਿੱਛੇ ਚਲੇ ਗਏ। ਆਚਾਰੀਆ ਨੇ ਦੀਕਸ਼ਾ ਲੈਣ ਤੋਂ ਪਹਿਲਾਂ ਉਸ ਨੂੰ ਆਪਣੀ ਪਤਨੀ ਦੀ ਆਗਿਆ ਲੈਣਾ ਜ਼ਰੂਰੀ ਦੱਸਿਆ। ਉਥੇ ਮੌਜੂਦ ਸੁਮੀਤ ਦੀ ਪਤਨੀ ਅਨਾਮਿਕਾ ਨੇ ਦੀਕਸ਼ਾ ਲੈਣ ਦੀ ਮਨਜ਼ੂਰੀ ਦਿੰਦੇ ਹੋਏ ਆਚਾਰੀਆ ਤੋਂ ਖੁਦ ਵੀ ਦੀਕਸ਼ਾ ਲੈਣ ਦੀ ਇੱਛਾ ਜ਼ਾਹਰ ਕੀਤੀ। ਇਸ ਉਤੇ ਆਚਾਰੀਆ ਨੇ ਦੋਵਾਂ ਨੂੰ ਦੀਕਸ਼ਾ ਲੈਣ ਦੀ ਸਹਿਮਤੀ ਦਿੱਤੀ। ਇਸ ਦੌਰਾਨ ਦੋਵਾਂ ਦੇ ਪਰਿਵਾਰ ਤੁਰਤ ਸੂਰਤ ਪੁੱਜ ਗਏ ਤੇ ਦੋਵਾਂ ਨੂੰ ਸਮਝਾਇਆ।

## ਟਰੱਕ ਵਿਚ ਵੱਜਾ ਜਹਾਜ਼

**ਨਵੀਂ ਦਿੱਲੀ:** ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਇਕ ਜਹਾਜ਼ ਟਰੱਕ ਨਾਲ ਜਾ ਟਕਰਾਇਆ। ਜਹਾਜ਼ ਜੋ ਵਡੋਦਰਾ ਤੋਂ ਆਇਆ ਸੀ, ਵਿਚ 114 ਸਵਾਰੀਆਂ ਸਨ। ਜਹਾਜ਼ ਦਾ ਇਕ ਇੰਜਣ ਟਰੱਕ ਦੇ ਨਾਲ ਟਕਰਾਅ ਗਿਆ। ਇਸ ਟਰੱਕ ਵਿਚ ਕੂਲਿੰਗ ਸਿਸਟਮ ਲੱਦਿਆ ਹੋਇਆ ਸੀ ਜੋ ਖੜ੍ਹੇ ਜਹਾਜ਼ ਨੂੰ ਠੰਢਾ ਕਰਨ ਦੇ ਕੰਮ ਆਉਂਦਾ ਹੈ।

# ਪਰਵਾਸੀਆਂ ਬਾਰੇ ਹੁਕਮਾਂ ਉਤੇ ਨਰਮ ਪਿਆ ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਹ ਲੋਕਾਂ ਨੂੰ ਇਥੇ ਰਹਿਣ ਦੀ ਇਜਾਜ਼ਤ ਦੇ ਰਹੇ ਹਨ ਪਰ ਨਾਗਰਿਕਤਾ ਜਾਂ ਅਮਨੈਸਟੀ ਲਈ ਤਿਆਰ ਨਹੀਂ ਹਨ। ਇਸ ਐਲਾਨ ਨਾਲ ਭਾਰਤੀਆਂ ਸਮੇਤ 800,000 ਨੌਜਵਾਨ ਪਰਵਾਸੀਆਂ ਨੂੰ ਲਾਭ ਮਿਲ ਸਕਦਾ ਹੈ।

ਟਰੰਪ ਦਾ ਇਹ ਬਿਆਨ ਡੈਮੋਕ੍ਰੇਟਿਕ ਸੰਸਦ ਮੈਂਬਰ ਚੱਕ ਸ਼ੂਮਰ ਤੇ ਨੈਂਸੀ ਪਲੋਸੀ ਵੱਲੋਂ ਇਹ ਦਾਅਵਾ ਕਰਨ ਦੇ ਇਕ ਦਿਨ ਬਾਅਦ ਆਇਆ ਹੈ ਕਿ ਬਚਪਨ ਵਿਚ ਗੈਰ ਕਾਨੂੰਨੀ ਤੌਰ ਉਤੇ ਅਮਰੀਕਾ ਆਉਣ ਵਾਲੇ ਉਨ੍ਹਾਂ 800,000 ਨੌਜਵਾਨ ਪਰਵਾਸੀਆਂ ਦੀ ਸੁਰੱਖਿਆ ਲਈ ਰਾਸ਼ਟਰਪਤੀ ਨਾਲ ਸਮਝੌਤੇ ਉਤੇ ਪੁੱਜ ਗਏ ਹਨ ਜਿਨ੍ਹਾਂ ਨੂੰ ਓਬਾਮਾ ਦੇ ਸ਼ਾਸਨ ਕਾਲ ਦੌਰਾਨ ਡੀ.ਏ.ਸੀ.ਏ. ਪ੍ਰੋਗਰਾਮ ਤਹਿਤ ਸੁਰੱਖਿਆ ਦਿੱਤੀ ਗਈ ਸੀ। ਟਰੰਪ ਨੇ ਦੱਸਿਆ ਕਿ ਅਸੀਂ ਨਾਗਰਿਕਾਂ ਵੱਲ ਨਹੀਂ ਦੇਖ ਰਹੇ, ਅਸੀਂ ਅਮਨੈਸਟੀ ਵੱਲ ਨਹੀਂ ਦੇਖ ਰਹੇ, ਅਸੀਂ ਲੋਕਾਂ ਨੂੰ ਇਥੇ ਰਹਿਣ ਦੀ ਆਗਿਆ ਦੇ ਰਹੇ ਹਾਂ।

ਟਰੰਪ ਨੇ ਕਿਹਾ ਕਿ ਉਹ ਡੀ.ਏ.ਸੀ.ਏ. ਉਤੇ ਸਮਝੌਤੇ ਦੇ ਬਹੁਤ ਨੇੜੇ ਹਨ। ਉਨ੍ਹਾਂ ਹੁਣੇ ਪਾਲ ਰਿਆਨ ਨਾਲ ਗੱਲ ਕੀਤੀ ਹੈ। ਹਰ ਕੋਈ ਨਿਗਰਾਨੀ ਹੇਠ ਹੋਵੇ।

# ਸਿੱਕਮ ਨੂੰ ਅਤਿਵਾਦ ਪ੍ਰਭਾਵਿਤ ਰਾਜ ਕਹਿਣ 'ਤੇ ਘਿਰੀ ਪ੍ਰਿਅੰਕਾ ਚੋਪੜਾ

**ਮੁੰਬਈ:** ਬਾਲੀਵੁੱਡ ਅਦਾਕਾਰਾ ਪ੍ਰਿਅੰਕਾ ਚੋਪੜਾ ਨੂੰ ਸਿਕਮ ਨੂੰ ਅਤਿਵਾਦ ਪ੍ਰਭਾਵਿਤ ਰਾਜ ਕਹਿਣਾ ਭਾਰੀ ਪੈ ਗਿਆ।

ਸੂਬਾ ਸਰਕਾਰ ਨੇ ਉਸ ਦੀ ਟਿੱਪਣੀ ਦੀ ਨਿੰਦਾ ਕੀਤੀ ਅਤੇ ਸੋਸ਼ਲ ਮੀਡੀਆ 'ਤੇ ਵੀ ਉਸ ਦੇ ਬਿਆਨ ਦੀ ਆਲੋਚਨਾ ਹੋਈ। ਪ੍ਰਿਅੰਕਾ ਨੇ ਬਾਅਦ ਵਿਚ ਆਪਣੀ ਟਿੱਪਣੀ ਲਈ ਮੁਆਫੀ ਮੰਗੀ ਹੈ। ਸਿੱਕਮ ਦੇ ਸੈਰ-ਸਪਾਟਾ ਸਕੱਤਰ ਜਾਂਗਪੋ ਨੇ ਕਿਹਾ ਕਿ ਪ੍ਰਿਅੰਕਾ ਨੇ ਇਸ ਸਬੰਧੀ ਸੈਰ-ਸਪਾਟਾ ਮੰਤਰੀ ਉਗੇਨ ਟੀ. ਗਿਆਸਤੋ ਨੂੰ ਇਕ ਈ-ਮੇਲ ਲਿਖਿਆ ਹੈ, ਜਿਸ ਵਿਚ ਉਸ ਨੇ ਮੁਆਫੀ ਮੰਗੀ ਹੈ।

# ਮਲੇਸ਼ੀਆ ਦੇ ਸਕੂਲ 'ਚ ਅੱਗ ਨਾਲ 22 ਬੱਚੇ ਸੜੇ

**ਕੁਆਲਾਲੰਪੁਰ:** ਇਕ ਧਾਰਮਿਕ ਸਕੂਲ ਵਿਚ ਭਿਆਨਕ ਅੱਗ ਲੱਗਣ ਨਾਲ ਸਕੂਲੀ ਬੱਚਿਆਂ ਸਣੇ 24 ਜਣਿਆਂ ਦੀ ਮੌਤ ਹੋ ਗਈ।

ਮ੍ਰਿਤਕਾਂ ਵਿਚ 22 ਵਿਦਿਆਰਥੀ ਸ਼ਾਮਲ ਹਨ, ਜਿਨ੍ਹਾਂ ਦੀ ਉਮਰ 13 ਤੋਂ 17 ਸਾਲ ਦੇ ਵਿਚਕਾਰ ਹੈ। ਇਸਲਾਮਿਕ ਸਟੱਡੀ ਸੈਂਟਰ ਦਾਰੁਲ ਕੁਰਾਨ ਇਤਿਫਾਕੀਯਾਹ ਦੀ ਇਮਾਰਤ ਨੂੰ ਅੱਗ ਸਵੇਰ ਵੇਲੇ ਲੱਗੀ। ਅੱਗ ਇੰਨੀ ਭਿਆਨਕ ਸੀ ਕਿ ਕੋਈ ਨੇੜੇ ਨਹੀਂ ਜਾ ਸਕਿਆ। ਇਕ ਘੰਟੇ ਦੀ ਜੱਦੋ-ਜਹਿਦ ਮਗਰੋਂ ਅੱਗ 'ਤੇ ਕਾਬੂ ਪਾ ਲਿਆ। ਦੱਸਿਆ ਜਾ ਰਿਹਾ ਹੈ ਕਿ ਇਹ ਅੱਗਜ਼ਨੀ ਪਿਛਲੇ 20 ਸਾਲਾਂ ਵਿਚ ਦੇਸ਼ 'ਚ ਵਾਪਰੀਆਂ ਸਭ ਤੋਂ ਖਤਰਨਾਕ ਘਟਨਾਵਾਂ ਵਿਚੋਂ ਇਕ ਹੈ।

ਮੀਡੀਆ ਅਨੁਸਾਰ ਇਹ ਅੱਗ ਕੁਝ ਮਿੰਟਾਂ ਵਿਚ ਭਿਆਨਕ ਰੂਪ ਲੈ ਗਈ ਤੇ ਬੱਚਿਆਂ ਦੀਆਂ ਚੀਕਾਂ ਸੁਣਨ ਲੱਗੀਆਂ।

## ਪਹਿਲਵਾਨ ਬੁੱਧ ਸਿੰਘ ਨੂੰ ਸਦਮਾ, ਮਾਤਾ ਸੁਰਗਵਾਸ

**ਕਲੀਵਲੈਂਡ, ਓਹਾਇਓ (ਬਿਊਰੋ):** ਰੁਸਤਮੇ-ਏ-ਹਿੰਦ ਪਹਿਲਵਾਨ ਬੁੱਧ ਸਿੰਘ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਦਲਵਾਰ ਕੌਰ ਪਿਛਲੇ ਦਿਨੀਂ ਅਕਾਲ ਚਲਾਣਾ ਕਰ



ਗਏ। ਉਹ 82 ਸਾਲਾਂ ਦੇ ਸਨ ਅਤੇ ਖੰਨਾ ਨੇੜੇ ਪਿੰਡ ਭੁੱਟਾ ਵਿਖੇ ਰਹਿੰਦੇ ਸਨ।

ਪਹਿਲਵਾਨ ਬੁੱਧ ਸਿੰਘ ਨੇ ਭਰੇ ਮਨ ਨਾਲ ਮਾਂ ਨੂੰ ਚੇਤੇ ਕਰਦਿਆਂ ਕਿਹਾ ਕਿ ਬੀਬੀ ਨੇ ਉਸ (ਬੁੱਧ ਸਿੰਘ) ਨੂੰ ਭਾਰਤ ਦਾ ਨਾਮਵਰ ਪਹਿਲਵਾਨ ਬਣਾਉਣ ਲਈ ਪੀਪਿਆਂ ਦੇ ਪੀਪੇ ਘਿਉ ਦੇ ਖੁਆਏ ਅਤੇ ਦੁੱਧ ਦੇ ਡਰੰਮ ਪਿਆਏ। ਬੁੱਧ ਸਿੰਘ ਨੇ ਦੱਸਿਆ ਕਿ ਉਹ ਅੱਜ ਜੋ ਵੀ ਹੈ, ਬੀਬੀ ਦੀ ਬਦੌਲਤ ਹੈ। ਜ਼ਿਕਰਯੋਗ ਹੈ ਕਿ ਬੁੱਧ ਸਿੰਘ ਦੇ ਪਹਿਲਵਾਨ ਪਿਤਾ ਕਰਮ ਸਿੰਘ (ਕਰਮਾ ਪਹਿਲਵਾਨ) ਅਤੇ ਵੱਡਾ ਭਾਈ ਊਧਮ ਸਿੰਘ ਕਈ ਸਾਲ ਪਹਿਲਾਂ ਪੂਰੇ ਹੋ ਗਏ ਸਨ।

ਪਹਿਲਵਾਨ ਬੁੱਧ ਸਿੰਘ ਇਨੀਂ ਦਿਨੀਂ ਪੰਜਾਬ ਗਏ ਹੋਏ ਹਨ। ਉਨ੍ਹਾਂ ਨਾਲ ਸੰਪਰਕ ਫੋਨ: 91-97791-43717 ਰਾਹੀਂ ਕੀਤਾ ਸਕਦਾ ਹੈ।

# ਗੁਰਦੁਆਰਿਆਂ ਦੀ ਸੰਭਾਲ ਲਈ ਰਾਸ਼ਟਰਪਤੀ ਦਾ ਦਖਲ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਸਿੱਕਮ ਸਰਕਾਰ ਨੂੰ ਰਾਜ ਵਿਚਲੇ ਗੁਰਦੁਆਰਿਆਂ ਦੀ ਸੰਭਾਲ ਵਾਸਤੇ ਕਾਰਵਾਈ ਕਰਨ ਲਈ ਕਿਹਾ ਹੈ। ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੂੰ ਲਿਖੇ ਪੱਤਰ ਵਿਚ ਰਾਸ਼ਟਰਪਤੀ ਦੇ ਡਿਪਟੀ ਸਕੱਤਰ ਜੇ.ਜੀ. ਸੁਬਰਾਮਨੀਅਮ ਨੇ ਦੱਸਿਆ ਕਿ ਸਿੱਕਮ ਦੇ ਮੁੱਖ ਸਕੱਤਰ ਨੂੰ ਕਿਹਾ ਗਿਆ ਹੈ ਕਿ ਉਹ ਇਸ ਮਾਮਲੇ ਵੱਲ ਧਿਆਨ ਦੇਣ। ਉਨ੍ਹਾਂ ਕਿਹਾ ਕਿ ਸੂਬੇ ਵਿਚਲੇ ਗੁਰਦੁਆਰੇ ਇਤਿਹਾਸਕ ਹਨ ਤੇ ਗੁਰੂ ਨਾਨਕ ਪਾਤਸ਼ਾਹ ਨਾਲ ਸਬੰਧਤ ਹਨ। ਹਾਲ ਹੀ ਵਿਚ ਵਿਧਾਇਕ ਸਿਰਸਾ ਨੇ ਰਾਸ਼ਟਰਪਤੀ ਨਾਲ ਇਸ ਮਾਮਲੇ ਸਬੰਧੀ ਮੁਲਾਕਾਤ ਕੀਤੀ ਸੀ ਤੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਉਹ ਗੁਰਦੁਆਰਿਆਂ ਦੀ ਰਾਖੀ ਵਾਸਤੇ ਰਾਜ ਸਰਕਾਰ ਨੂੰ ਹਦਾਇਤਾਂ ਜਾਰੀ ਕਰਨ।




ਉਨ੍ਹਾਂ ਦੋਸ਼ ਲਾਇਆ ਸੀ ਕਿ ਸਥਾਨਕ ਅਧਿਕਾਰੀਆਂ ਦੀਆਂ ਕਾਰਵਾਈਆਂ ਕਾਰਨ ਗੁਰਦੁਆਰਿਆਂ ਦੀ ਹੋਂਦ ਨੂੰ ਖਤਰਾ ਬਣ ਗਿਆ ਹੈ। ਗੁਰਦੁਆਰਾ ਗੁਰੂ ਡਾਂਗਮਾਰ ਤੇ ਗੁਰਦੁਆਰਾ ਚੁੰਗਥਾਂਗ ਵੱਡੇ ਖਤਰੇ ਵਿਚ ਹਨ। ਸਥਾਨਕ ਅਧਿਕਾਰੀਆਂ ਨੇ ਗੁਰਦੁਆਰਾ ਚੁੰਗਥਾਂਗ ਦੀ ਮੈਨੇਜਮੈਂਟ ਨੂੰ ਨੋਟਿਸ ਜਾਰੀ ਕਰ ਕੇ ਗੈਰਕਾਨੂੰਨੀ ਉਸਾਰੀ ਅਤੇ ਕਬਜ਼ੇ ਦੇ ਦੋਸ਼ ਲਗਾਏ ਸਨ। ਪਹਿਲਾਂ ਗੁਰਦੁਆਰਾ ਗੁਰੂ ਡਾਂਗਮਾਰ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਉਥੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਹੋਰ ਧਾਰਮਿਕ ਪੁਸਤਕਾਂ ਅਤੇ ਸਾਮਾਨ ਨੂੰ ਬਾਹਰ ਕਰ ਦਿੱਤਾ ਗਿਆ। ਇਨ੍ਹਾਂ ਘਟਨਾਵਾਂ ਕਾਰਨ ਦੁਨੀਆਂ ਭਰ ਦੇ ਸਿੱਖਾਂ ਵਿਚ ਰੋਸ ਹੈ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 23 ਸਤੰਬਰ 2017*

# ਸਰਕਾਰ, ਸਿਆਸਤ ਅਤੇ ਆਮ ਲੋਕ

ਪੰਜਾਬ ਦੀ ਸਿਆਸੀ ਝਾਕੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਰਗੀ ਬਣਨੀ ਸ਼ੁਰੂ ਹੋ ਗਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਨੇ ਸਰਕਾਰ ਦੀ ਕਮਾਨ 11 ਮਾਰਚ ਨੂੰ ਸੰਭਾਲੀ ਸੀ। ਵਿਧਾਨ ਸਭਾ ਚੋਣਾਂ ਵੇਲੇ ਹਰ ਪਾਰਟੀ ਨੇ ਬੜੇ ਲੰਮੇ-ਚੌੜੇ ਦਾਅਵੇ ਅਤੇ ਵਾਅਦੇ ਪੰਜਾਬ ਦੀ ਆਮ ਜਨਤਾ ਨਾਲ ਕੀਤੇ ਸਨ, ਪਰ ਛੇ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਹਾਲਾਤ ਤਕਰੀਬਨ ਜਿਉਂ ਦੇ ਤਿਉਂ ਹਨ। ਅਸਲ ਵਿਚ ਸਰਕਾਰ ਭਾਵੇਂ ਬਦਲ ਗਈ ਹੈ, ਪਰ ਸਿਸਟਮ ਕਿਉਂਕਿ ਉਹੀ ਹੈ ਤੇ ਕੁਝ ਮਾਮਲੇ ਨਜਿੱਠਣ ਵਿਚ ਕਿਉਂਕਿ ਨਵੀਂ ਸਰਕਾਰ ਵੀ ਕੋਈ ਖਾਸ ਪੈਂਤੜੇ ਨਹੀਂ ਮੱਲ ਰਹੀ, ਸਿੱਟੇ ਵਜੋਂ 'ਪਰਨਾਲਾ ਉਥੇ ਦਾ ਉਥੇ' ਵਾਲੀ ਗੱਲ ਹੋਈ ਪਈ ਹੈ। ਹੁਣ ਰਾਤੋ-ਰਾਤ ਕਿਸਾਨਾਂ ਦੀ ਫੜੋ-ਫੜਾਈ ਨੇ ਸਰਕਾਰ ਦੀ ਬਦਨੀਤੀ ਦੀ ਪੋਲ ਖੋਲ੍ਹ ਦਿੱਤੀ ਹੈ। ਕਿਸਾਨ ਅੱਜ ਸੱਚਮੁੱਚ ਮੰਦੇ ਹਾਲਾਤ ਵਿਚੋਂ ਲੰਘ ਰਹੇ ਹਨ। ਨਿੱਤ ਦੀਆਂ ਖੁਦਕੁਸ਼ੀਆਂ ਤੋਂ ਇਹੀ ਜ਼ਾਹਰ ਹੋ ਰਿਹਾ ਹੈ। ਨਾਲੇ ਇਹ ਹਾਲ ਇਕੱਲੇ ਪੰਜਾਬ ਦਾ ਨਹੀਂ। ਮੁਲਕ ਦੇ ਹੋਰ ਹਿੱਸਿਆਂ ਵਿਚ ਰਹਿ ਰਹੇ ਕਿਸਾਨਾਂ ਦਾ ਹਾਲ ਵੀ ਇਹੀ ਹੈ। ਇਸੇ ਕਰ ਕੇ ਮਹਾਰਾਸ਼ਟਰ, ਤਿਲੰਗਾਨਾ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਕੁਝ ਹੋਰ ਸੂਬਿਆਂ ਦੇ ਕਿਸਾਨ ਸਰਕਾਰ ਖਿਲਾਫ ਰੋਸ ਅਤੇ ਰੋਹ ਪ੍ਰਗਟ ਕਰਨ ਲਈ ਆਪਣੇ ਘਰਾਂ ਵਿਚੋਂ ਬਾਹਰ ਨਿਕਲ ਆਏ ਸਨ। ਹੁਣ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਕੋਈ ਕਿਸਾਨ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਨੂੰ ਦਬਾਉਣ ਦਾ ਰਾਹ ਫੜ ਲਿਆ ਜਾਪਦਾ ਹੈ। ਕਿਸਾਨਾਂ ਅਤੇ ਇਨ੍ਹਾਂ ਦੀਆਂ ਮੰਗਾਂ ਵੱਲ ਇਸੇ ਤਰ੍ਹਾਂ ਦਾ ਪੈਂਤੜਾ ਇਸ ਤੋਂ ਪਹਿਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਅਖਤਿਆਰ ਕੀਤਾ ਸੀ। ਉਸ ਵਕਤ ਜਦੋਂ ਸੂਬੇ ਅੰਦਰ ਕਿਸਾਨ ਅੰਦੋਲਨ ਮਘਣਾ ਸ਼ੁਰੂ ਹੋਇਆ ਸੀ ਤਾਂ ਸੂਬੇ ਭਰ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਰੰਭ ਹੋ ਗਈਆਂ ਸਨ। ਅਕਾਲੀ ਦਲ ਦਾ ਇਹ ਸਿਆਸੀ ਪੈਂਤੜਾ ਉਸ ਵਕਤ ਕਿਸਾਨ ਅੰਦੋਲਨ ਨੂੰ ਪਿਛਾਂਹ ਧੱਕਣ ਦਾ ਸਬੱਬ ਤਾਂ ਜ਼ਰੂਰ ਬਣ ਗਿਆ ਸੀ, ਪਰ ਹੁਣ ਉਹੀ ਮਸਲਾ ਇਕ ਵਾਰ ਫਿਰ ਪਹਿਲਾਂ ਨਾਲੋਂ ਵੀ ਵਿਕਰਾਲ ਰੂਪ ਵਿਚ ਜਨਤਾ ਦੇ ਸਾਹਮਣੇ ਆਣ ਖਲੋਇਆ ਹੈ। ਮਤਲਬ ਸਿੱਧਾ ਅਤੇ ਸਾਫ ਹੈ-ਜਦੋਂ ਕਿਸੇ ਸਮੱਸਿਆ ਜਾਂ ਸੰਕਟ ਨੂੰ ਹੱਲ ਕਰਨ ਦੀ ਥਾਂ ਉਸ ਉਤੇ ਆਰਜ਼ੀ ਪਰਦੇ ਹੀ ਪਾਈ ਜਾਣੇ ਹਨ, ਤਾਂ ਵਾਰ ਵਾਰ ਇਹੋ ਕੁਝ ਹੋਵੇਗਾ, ਸਗੋਂ ਹਾਲਾਤ ਬਦ ਤੋਂ ਬਦਤਰ ਹੁੰਦੇ ਜਾਣਗੇ, ਪਰ ਇਸ ਮਾਮਲੇ ਵਿਚ ਜਾਪਦਾ ਹੈ, ਹਾਕਮਾਂ ਨੇ ਇਤਿਹਾਸ ਤੋਂ ਕੋਈ ਸਬਕ ਸਿੱਖਿਆ ਹੋਵੇ! ਸਬਕ ਸਿੱਖਣ ਦਾ ਯਤਨ ਤੱਕ ਨਹੀਂ ਕੀਤਾ ਗਿਆ। ਬੱਸ, ਮਹਿਜ਼ ਡੰਗ ਟਪਾਈ ਹੀ ਕੀਤੀ ਜਾ ਰਹੀ ਹੈ।

ਇਸ ਡੰਗ ਟਪਾਈ ਦੀਆਂ ਜੜ੍ਹਾਂ ਅਸਲ ਵਿਚ ਖੇਤੀ ਬਾਰੇ ਕਿਸੇ ਠੋਸ ਨੀਤੀ ਦਾ ਨਾ ਹੋਣਾ ਹੈ। ਨਾ ਸੂਬਾਈ ਪੱਧਰ ਉਤੇ ਅਤੇ ਨਾ ਹੀ ਕੌਮੀ ਪੱਧਰ ਉਤੇ ਖੇਤੀ ਨੀਤੀ ਤਿਆਰ ਕੀਤੀ ਗਈ ਹੈ। ਹੋਰ ਤਾਂ ਹੋਰ ਸਰਕਾਰਾਂ ਤਾਂ ਖੇਤੀ ਵੰਨ-ਸੁਵੰਨਤਾ ਦਾ ਪ੍ਰੋਗਰਾਮ ਵੀ ਢੰਗ ਨਾਲ ਲਾਗੂ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀਆਂ ਹਨ। ਅੱਧੀ ਸਦੀ ਪਹਿਲਾਂ ਹਰੇ ਇਨਕਲਾਬ ਤੋਂ ਬਾਅਦ ਜਿਸ ਤਰ੍ਹਾਂ ਦੀਆਂ ਵੱਡੀਆਂ ਤਬਦੀਲੀਆਂ ਖੇਤੀ ਵਾਲੇ ਖੇਤਰ ਵਿਚ ਕਰਨ ਦੀ ਜ਼ਰੂਰਤ ਸੀ, ਉਸ ਵੱਲ ਧਿਆਨ ਨਹੀਂ ਦਿੱਤਾ ਗਿਆ। ਹੁਣ ਵੀ ਸਾਰਾ ਜ਼ੋਰ ਕਿਸਾਨਾਂ ਦੀ ਕਰਜ਼ਾ ਮੁਆਫੀ ਵੱਲ ਲੱਗਾ ਹੋਇਆ ਹੈ, ਜਦਕਿ ਇਹ ਨਾ ਤਾਂ ਸਮੱਸਿਆ ਦਾ ਹੱਲ ਹੈ ਅਤੇ ਨਾ ਹੀ ਇਸ ਤੋਂ ਛੁਟਕਾਰਾ ਪਾਉਣਾ ਇੰਨਾ ਸੌਖਾ ਹੈ। ਖੇਤੀ ਸਿਸਟਮ ਵਿਚੋਂ ਕਰਜ਼ਾ ਮਨਫੀ ਕਰਨ ਬਾਰੇ ਸੋਚਿਆ ਨਹੀਂ ਜਾ ਸਕਦਾ, ਬਲਕਿ ਸੋਚਣ ਵਾਲਾ ਮਸਲਾ ਇਹ ਹੈ ਕਿ ਕਿਸਾਨਾਂ ਨੂੰ ਇਹ ਕਰਜ਼ਾ ਚੁਕਤਾ ਕਰਨ ਦੇ ਸਮਰੱਥ ਕਿਵੇਂ ਬਣਾਇਆ ਜਾਵੇ। ਇਸ ਮਾਮਲੇ ਵਿਚ ਪਹਿਲਾ ਕਦਮ ਡਾ. ਸਵਾਮੀਨਾਥਨ ਦੀਆਂ ਸਿਫਾਰਿਸ਼ਾਂ ਲਾਗੂ ਕਰਨਾ ਹੋ ਸਕਦਾ ਸੀ, ਪਰ ਇਸ ਮਾਮਲੇ 'ਤੇ ਤਾਂ ਅਜੇ ਤੱਕ ਪਲੇਠੀ ਪੂਣੀ ਵੀ ਕੱਤੀ ਨਹੀਂ ਗਈ। ਡਾ. ਮਨਮੋਹਨ ਸਿੰਘ ਵਾਲੀ ਸਰਕਾਰ ਨੇ 2004 ਵਿਚ ਕੌਮੀ ਕਿਸਾਨ ਕਮਿਸ਼ਨ ਬਣਾਇਆ ਸੀ ਅਤੇ ਇਸ ਕਮਿਸ਼ਨ ਨੇ ਦਸੰਬਰ 2004 ਤੋਂ ਲੈ ਕੇ ਅਕਤੂਬਰ 2006 ਤੱਕ ਪੰਜ ਕਿਸ਼ਤਾਂ ਵਿਚ ਸਰਕਾਰ ਨੂੰ ਸਿਫਾਰਿਸ਼ਾਂ ਕੀਤੀਆਂ। ਇਨ੍ਹਾਂ ਸਿਫਾਰਿਸ਼ਾਂ ਤੋਂ ਬਾਅਦ ਅੱਠ ਸਾਲ ਤਾਂ ਮਨਮੋਹਨ ਸਿੰਘ ਸਰਕਾਰ ਨੇ ਲੰਘਾ ਦਿੱਤੇ ਅਤੇ ਹੁਣ ਨਰੇਂਦਰ ਮੋਦੀ ਸਰਕਾਰ ਨੂੰ ਵੀ ਸਾਢੇ ਤਿੰਨ ਸਾਲ ਹੋ ਗਏ ਹਨ, ਪਰ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ਜਾ ਸਕਿਆ। ਇਸ ਤੋਂ ਵੀ ਵੱਡੀ ਗੱਲ, ਖੇਤੀ ਦਾ ਧੰਦਾ ਸਿੱਧਾ ਪਿੰਡ ਨਾਲ ਜੁੜਿਆ ਹੋਇਆ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਵੱਖ ਵੱਖ ਸਰਕਾਰਾਂ ਨੇ ਪਿੰਡਾਂ ਦੀ ਬਿਹਤਰੀ ਲਈ ਕੀਤਾ ਕੀ ਹੈ? ਹਰ ਯੋਜਨਾ ਅਤੇ ਪ੍ਰਾਜੈਕਟ ਤਾਂ ਸ਼ਹਿਰ ਨੂੰ ਧਿਆਨ ਵਿਚ ਰੱਖ ਕੇ ਉਲੀਕਿਆ ਜਾਂਦਾ ਹੈ, ਜਦਕਿ ਅਜਿਹੇ ਪ੍ਰਾਜੈਕਟਾਂ ਲਈ ਜ਼ਮੀਨ ਪਿੰਡਾਂ ਵਾਲੇ ਹੀ ਮੁਹੱਈਆ ਕਰਵਾਉਂਦੇ ਹਨ। ਅਜਿਹੀ ਕਾਣੀ ਨੀਤੀ ਦਾ ਨਤੀਜਾ ਇਹ ਨਿਕਲਿਆ ਹੈ ਕਿ ਪਿੰਡ ਹਰ ਲਿਹਾਜ਼ ਨਾਲ ਸ਼ਹਿਰਾਂ ਨਾਲੋਂ ਪਛੜ ਗਏ ਹਨ। ਪਿੰਡਾਂ ਦੀ ਬਦਹਾਲ ਨਵੀਂ ਪੀੜ੍ਹੀ ਵਿਦੇਸ਼ ਉਡਾਰੀ ਮਾਰਨ ਲਈ ਕਤਾਰ ਬੰਨ੍ਹੀ ਖੜ੍ਹੀ ਹੈ। ਕਿਰਤ ਸਭਿਆਚਾਰ ਨੂੰ ਸੰਨ੍ਹ ਲੱਗ ਚੁਕੀ ਹੈ। ਨਸ਼ਿਆਂ ਨੇ ਵੱਖਰਾ ਸੰਕਟ ਬਣਾਇਆ ਹੋਇਆ ਹੈ। ਪਿੰਡਾਂ ਦੀ ਡਾਵਾਂਡੋਲ ਆਰਥਿਕਤਾ ਨੂੰ ਕੋਈ ਹੁਲਾਰਾ ਦੇਣ ਦੀ ਯੋਜਨਾ ਉਲੀਕਣ ਦੀ ਥਾਂ ਹਰ ਸਿਆਸੀ ਧਿਰ ਨੇ ਚੋਣਾਂ ਮੌਕੇ ਕਰਜ਼ਾ ਮੁਆਫੀ ਬਾਰੇ ਵਾਅਦੇ ਕੀਤੇ ਅਤੇ ਨਵੀਂ ਕੈਪਟਨ ਸਰਕਾਰ ਤੋਂ ਹੁਣ ਇਹ ਵਾਅਦਾ ਵੀ ਪੁਗਾਇਆ ਨਹੀਂ ਜਾ ਰਿਹਾ। ਇਸ ਤੋਂ ਅਗਲਾ ਕਦਮ ਪੁੱਟਿਆ ਜਾਵੇਗਾ ਜਾਂ ਨਹੀਂ, ਇਸ ਬਾਰੇ ਸਰਕਾਰ ਦੀ ਚਾਲ ਹੀ ਦੱਸ ਰਹੀ ਹੈ। ਅਜਿਹੀ ਸੂਰਤ ਵਿਚ ਕਿਸਾਨਾਂ ਕੋਲ ਇਕ ਹੀ ਰਾਹ, ਸੰਘਰਸ਼ ਦਾ ਬਚਦਾ ਹੈ ਜਿਸ ਨੂੰ ਡੱਕਣ ਲਈ ਹੁਣ ਸਰਕਾਰ ਪੱਬਾਂ ਭਾਰ ਹੋ ਗਈ ਹੈ। ਛੇਆਂ ਮਹੀਨਿਆਂ ਵਿਚ ਕੈਪਟਨ ਸਰਕਾਰ ਨੇ ਦਰਸਾ ਦਿੱਤਾ ਹੈ ਕਿ ਕੁਝ ਵੀ ਬਦਲਣ ਵਾਲਾ ਨਹੀਂ ਹੈ। ਹੁਣ ਇਹ ਆਮ ਲੋਕਾਈ ਉਤੇ ਨਿਰਭਰ ਹੈ ਕਿ ਇਹ ਸਰਕਾਰ ਨੂੰ ਕਿੰਨਾ ਕੁ ਮਜਬੂਰ ਕਰ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਡੇਰੇਦਾਰਾਂ ਲਈ ਘੰਟੀ!*

ਸੂਰਤ ਬਦਲਦੀ ਰਹੀ ਬਹਿਰੂਪੀਏ ਦੀ, ਨੰਗੇ ਸਿਰ ਫਿਰ ਪੱਗ ਤੋਂ ਹੈਟ ਹੋਈ।
ਭੇਖਾਂ ਹੇਠ ਬਦਮਾਸ਼ੀਆਂ ਹੁੰਦੀਆਂ ਨੇ, ਲੱਖਾਂ ਲੋਕਾਂ ਨੂੰ ਲੱਗਦੈ ਲੈਟ ਹੋਈ।
ਫਿਲਮਾਂ ਵਿਚ ਸੀ ਗਰਜਦਾ ਸ਼ੇਰ ਵਾਂਗੂੰ, ਜਾ ਕੇ ਜੇਲ੍ਹ ਵਿਚ ਭਿੱਜੀਓ ਕੈਟ ਹੋਈ।
ਡੇਰਾ ਸਾਧਵੀ ਗੁਫਾ ਤੇ 'ਮਾਫੀਆਂ' ਦੀ, ਸੋਸ਼ਲ ਮੀਡੀਏ ਉਤੇ ਇਹ ਚੈਟ ਹੋਈ।
ਹੁਣ ਤਾਂ ਹੋ ਗਿਆ ਹੋਣਾ ਏ ਚੌੜ-ਚਾਨਣ, ਜਿਨ੍ਹਾਂ ਅੱਖਾਂ 'ਤੇ 'ਸ਼ਰਧਾ' ਦੀ ਫੈਟ ਹੋਈ।
ਡੇਰੇਦਾਰਾਂ ਨੂੰ ਚਾਹੀਦੀ ਅਕਲ ਆਉਣੀ, ਸਾਹਵੇਂ ਦੇਖ ਕੇ 'ਢਿੰਬਰੀ' ਟੈਟ ਹੋਈ!

# ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਦਾ ਕੱਚ-ਸੱਚ

*ਪੰਜਾਬ ਵਿਚ ਨਸ਼ਿਆਂ ਅਤੇ ਨਸ਼ੇੜੀਆਂ ਬਾਰੇ ਚਰਚਾ ਅਕਸਰ ਚਲਦੀ ਰਹਿੰਦੀ ਹੈ। ਇਸ ਬਾਰੇ ਕਈ ਤਰ੍ਹਾਂ ਦੇ ਸਰਵੇਖਣ ਵੀ ਸਾਹਮਣੇ ਆਏ ਹਨ। ਸਿਆਸੀ ਪਾਰਟੀਆਂ ਆਪਣਾ ਵੱਖਰਾ ਰਾਗ ਅਲਾਪਦੀਆਂ ਹਨ, ਪਰ ਇਨ੍ਹਾਂ ਦਾ ਇਕ ਹੀ ਮਕਸਦ ਆਪਣੇ ਵਿਰੋਧੀ ਨੂੰ ਚਿੱਤ ਕਰਨਾ ਹੁੰਦਾ ਹੈ। ਇਹ ਸੱਚ ਹੈ ਕਿ ਕਿਸੇ ਵੀ ਸਰਕਾਰ ਨੇ ਇਸ ਅਲਾਮਤ ਦੀਆਂ ਜੜ੍ਹਾਂ ਵੱਲ ਧਿਆਨ ਨਹੀਂ ਦਿੱਤਾ ਹੈ ਜਿਸ ਤੋਂ ਬਗੈਰ ਇਸ ਸਮਾਜਿਕ ਬੁਰਾਈ ਤੋਂ ਖਹਿੜਾ ਛੁਡਾਉਣਾ ਮੁਸ਼ਕਿਲ ਹੈ। ਇਸ ਬਾਰੇ ਖੁਲਾਸਾ ਡਾ. ਪਿਆਰਾ ਲਾਲ ਗਰਗ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ*

ਧਾਰਨਾ ਹੈ ਕਿ ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਵਗਦਾ ਹੈ। ਜਵਾਨੀ ਨਸ਼ਿਆਂ ਨੇ ਖਾ ਲਈ ਹੈ। ਹੁਣ ਪੀ.ਜੀ.ਆਈ. ਦੇ ਸਰਵੇਖਣ ਨੇ ਇਕ ਹੋਰ 'ਛੇਵਾਂ' ਸ਼ਬਦ ਜੋੜ ਦਿੱਤਾ। ਪੰਜਾਬ ਦਾ ਹਰ ਛੇਵਾਂ ਬੰਦਾ ਨਸ਼ੇੜੀ ਹੈ । ਪੀ.ਜੀ.ਆਈ. ਦੀ ਰਿਪੋਰਟ ਅਤੇ ਏਮਸ (ਨਵੀਂ ਦਿੱਲੀ) ਦੀ ਪਿਛਲੇ ਸਾਲ ਦੀ ਰਿਪੋਰਟ ਨੂੰ ਲੈ ਕੇ ਸਿਆਸੀ ਪਾਰਟੀਆਂ ਦਾ ਇੱਕ-ਦੂਜੇ ਨੂੰ ਗਲਤ ਸਾਬਤ ਕਰਨ ਦਾ ਦੰਗਲ ਹੋ ਰਿਹਾ ਹੈ। ਪੰਜਾਬ ਦਾ ਨਸ਼ਿਆਂ ਦੀ ਜਕੜ ਤੋਂ ਛੁਟਕਾਰਾ ਪਵਾਉਣ ਵਾਸਤੇ, ਇਨ੍ਹਾਂ ਦੀ ਨੀਤੀ ਅਤੇ ਸਿਆਸੀ ਵਚਨਬੱਧਤਾ ਵਿਚ ਕੋਈ ਬਹੁਤਾ ਫਰਕ ਨਹੀਂ। ਪੰਜਾਬ ਦੇ ਚੌਤਰਫੇ ਸੰਕਟ ਦੇ ਹੱਲ ਵਾਸਤੇ ਇਨ੍ਹਾਂ ਵੱਲੋਂ ਨੀਤੀਗਤ ਫੈਸਲੇ ਅਤੇ ਇਨ੍ਹਾਂ ਪ੍ਰਤੀ ਗੁਣਾਤਮਕ ਤੇ ਗਿਣਾਤਮਕ ਪਹੁੰਚ ਤਕਰੀਬਨ


ਡਾ. ਪਿਆਰਾ ਲਾਲ ਗਰਗ
ਫੋਨ: +91-99145-05009

ਇੱਕੋ ਜਿਹੀ ਹੈ। ਇਹ ਧਿਰਾਂ ਸੰਕਟ ਦੇ ਹੱਲ ਲਈ ਸਿਆਸੀ ਵਚਨਬੱਧਤਾ ਵਾਲੇ ਫ਼ੈਸਲੇ ਲੈਣ ਦੀ ਥਾਂ ਅਫਸਰਸ਼ਾਹੀ 'ਤੇ ਹੀ ਨਿਰਭਰ ਰਹਿੰਦੀਆਂ ਹਨ। ਨਸ਼ਿਆਂ ਬਾਬਤ ਹੋ ਰਹੀ ਚਰਚਾ ਵਿਚ ਪੀ.ਜੀ.ਆਈ. ਅਤੇ ਏਮਸ ਦੀਆਂ ਰਿਪੋਰਟਾਂ ਦੀ ਸਮੀਖਿਆ ਨਾਲ ਸਾਨੂੰ ਬਹੁਤ ਸਾਰੇ ਪ੍ਰਸ਼ਨਾਂ ਅਤੇ ਦਾਅਵਿਆਂ ਬਾਬਤ ਸਥਿਤੀ ਸਪਸ਼ਟ ਹੋ ਜਾਂਦੀ ਹੈ। ਏਮਸ ਦੀ ਰਿਪੋਰਟ ਆਮ ਉਪਲਬਧ ਹੈ। ਪੀ.ਜੀ.ਆਈ. ਦੀ ਰਿਪੋਰਟ ਵੈਬਸਾਈਟ ਉਤੇ ਨਹੀਂ ਪਾਈ ਗਈ। ਖੋਜ ਕਰਤਾਵਾਂ ਵੱਲੋਂ ਅਖ਼ਬਾਰਾਂ ਨੂੰ ਦੱਸੇ ਦੇ ਆਧਾਰ 'ਤੇ ਇਨ੍ਹਾਂ ਦੋਵਾਂ ਰਿਪੋਰਟਾਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਦੋਵੇਂ ਰਿਪੋਰਟਾਂ ਦੇ ਸਿੱਟੇ ਕਰੀਬ-ਕਰੀਬ ਹਨ:

ਪੀ.ਜੀ.ਆਈ. ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਅਫੀਮ ਦੇ ਨਸ਼ੇੜੀ 2.7 ਲੱਖ (1.7 ਤੋਂ 2.7 ਲੱਖ) ਹਨ, ਔਸਤ ਉਮਰ 30 ਸਾਲ ਹੈ ਤੇ 95 ਪ੍ਰਤੀਸ਼ਤ ਪੁਰਸ਼ ਹਨ। ਨਸ਼ੇ ਦੇ ਟੀਕੇ ਲਗਾਉਣ ਵਾਲੇ 95 ਪ੍ਰਤੀਸ਼ਤ ਹਨ, ਬਹੁ ਗਿਣਤੀ ਪੇਂਡੂ ਹਨ। ਏਮਸ ਦੀ ਰਿਪੋਰਟ ਅਫੀਮ ਦੇ ਨਸ਼ੇੜੀਆਂ ਦੀ ਗਿਣਤੀ 2.32 ਲੱਖ (1.74 ਤੋਂ 2.32 ਲੱਖ), 76 ਫੀਸਦੀ ਦੀ ਔਸਤ ਉਮਰ 18 ਤੋਂ 35 ਸਾਲ ਤੇ 99 ਪ੍ਰਤੀਸ਼ਤ ਪੁਰਸ਼ ਹਨ। ਟੀਕੇ ਲਗਵਾਉਣ ਵਾਲੇ 29 ਪ੍ਰਤੀਸ਼ਤ ਹਨ। ਨਸ਼ੇੜੀਆਂ ਵਿਚੋਂ 56 ਪ੍ਰਤੀਸ਼ਤ ਪੇਂਡੂ ਹਨ।

ਪੀ.ਜੀ.ਆਈ. ਦੇ ਨਵੰਬਰ 2015 ਤੋਂ ਅਪਰੈਲ 2016 ਤੱਕ ਦੇ ਸਰਵੇਖਣ ਵਿਚ ਪੰਜਾਬ ਦੇ 22 ਜ਼ਿਲ੍ਹਿਆਂ ਦੇ 6398 ਘਰਾਂ ਦੇ 11 ਤੋਂ 60 ਸਾਲ ਉਮਰ ਦੇ 13295 ਲੋਕ ਸ਼ਾਮਲ ਹਨ। ਸ਼ਹਿਰੀ ਬਸਤੀਆਂ, ਸਕੂਲ , ਕਾਲਜ, ਕੁਲੀਨ ਵਰਗ, ਹਾਤੇ, ਡਿਸਕੋ ਹੋਟਲ, ਪੇਇੰਗ ਗੈਸਟ ਤੇ ਆਈ.ਟੀ.ਆਈਜ਼ ਵੀ ਸ਼ਾਮਲ ਨਹੀਂ। ਇਸ ਵਾਸਤੇ ਬਹੁ ਪੜਾਵੀ ਪਰਤਦਾਰ ਚਾਣਚੱਕ (ਮਲਟੀਸਟੇਜ ਸਟਰੈਟੀਫਾਈਡ ਰੈਂਡਮ) ਨਮੂਨੇ ਦੇ ਆਧਾਰ 'ਤੇ, ਘਰ-ਘਰ ਜਾ ਕੇ ਸਰਵੇਖਣ ਅਤੇ ਜਲਦੀ ਮੁਲੰਕਣ ਸਰਵੇਖਣ (ਰੈਪਿਡ ਅਸੈਸਮੈਂਟ ਸਰਵੇ) ਵਿਧੀ ਵਰਤੀ ਗਈ ਹੈ। ਫੌਰੀ ਮੁਲੰਕਣ ਸਰਵੇਖਣ ਵਿਚ ਜੂਨ 2016 ਤੋਂ ਜਨਵਰੀ 2017 ਤੱਕ ਨਸ਼ਾ ਛਡਾਊ/ਮੁੜ-ਵਸੇਬਾ ਕੇਂਦਰਾਂ/ਹਸਪਤਾਲਾਂ ਵਿਚ ਆਏ ਇਸੇ ਉਮਰ ਦੇ 6600 ਵਿਅਕਤੀ, 300 ਪ੍ਰਤੀ ਜ਼ਿਲ੍ਹਾ ਸ਼ਾਮਲ ਕੀਤੇ ਗਏ ਜਿਨ੍ਹਾਂ ਦੀ ਔਸਤ ਉਮਰ 30 ਸਾਲ ਹੈ। ਨਿਚੋੜ ਨਿਕਲਿਆ ਕਿ ਹਰ ਛੇਵਾਂ ਪੰਜਾਬੀ ਨਸ਼ੇੜੀ ਹੈ। ਸਰਵੇਖਣ ਅਧਿਕਾਰੀ ਡਾ. ਅਜੀਤ ਅਵਸਥੀ ਅਨੁਸਾਰ, ਵਿਧੀ ਦੀਆਂ ਸੀਮਾਵਾਂ ਕਾਰਨ ਅਫੀਮ ਦੇ ਨਸ਼ੇੜੀਆਂ ਦੀ ਅਤੇ ਅਫੀਮ ਖਾਣ ਵਾਲਿਆਂ ਦੀ ਸਟੀਕ ਗਿਣਤੀ ਸੰਭਵ ਨਹੀਂ। ਸਰਵੇਖਣ ਅਨੁਸਾਰ, ਪੰਜਾਬ ਵਿਚ ਕਰੀਬ 42 ਲੱਖ ਨਸ਼ੇੜੀ ਹਨ। ਇਨ੍ਹਾਂ ਵਿਚੋਂ 22 ਲੱਖ ਸ਼ਰਾਬ ਦੇ, 16.3 ਲੱਖ ਤੰਬਾਕੂ ਦੇ, 2.7 ਲੱਖ ਅਫੀਮੀ ਨਸ਼ਿਆਂ ਦੇ, ਗੋਲੀਆਂ ਕੈਪਸੂਲਾਂ ਵਾਲੇ ਵੀ ਹਨ, 6600 ਵਿਚ 88% ਅਫੀਮੀ ਪਦਾਰਥਾਂ ਦੇ ਨਸ਼ੇੜੀ ਹਨ। ਤਾਉਮਰ ਅਫੀਮਚੀ ਬਣੇ ਰਹਿਣ ਦੀ ਸੰਭਾਵਨਾ 99% ਵਿਚ ਹੈ ।ਨਸ਼ੇੜੀਆਂ ਵਿਚ ਔਰਤਾਂ 5% ਹਨ। 59% ਟੀਕੇ ਵਾਲਿਆਂ ਨੂੰ ਨਸ਼ਾ ਕੈਮਿਸਟ ਤੋਂ ਮਿਲਿਆ। ਅਫੀਮ ਪਦਾਰਥੀ ਨਸ਼ੇੜੀਆਂ ਵਿਚ ਅੱਧੇ ਅਫੀਮ ਜਾਂ ਭੁੱਕੀ ਦੇ ਨਸ਼ੇੜੀ ਹਨ। ਮਾਨਸਾ ਵਿਚ 39.1% ਮੁਕਤਸਰ ਵਿਚ 37.1% ਅਤੇ ਫਿਰੋਜ਼ਪੁਰ ਵਿਚ 7.95% ਲੋਕ ਨਸ਼ੇੜੀ ਹਨ। 10% ਨੂੰ ਬਿਮਾਰੀ ਅਤੇ 2% ਨੂੰ ਮਾਨਸਿਕ ਸਮੱਸਿਆਵਾਂ ਹਨ। 3% ਹਾਦਸਿਆਂ ਦਾ ਸ਼ਿਕਾਰ ਹੋਏ, 25% ਨਾਲ ਘਰੇਲੂ ਕਲੇਸ਼ ਹੈ, 14% ਨੇ ਨਸ਼ਾ ਛੱਡਣ ਦੀ ਕੋਸ਼ਿਸ਼ ਕੀਤੀ। ਨਸ਼ੇੜੀਆਂ ਵਿਚ ਕਰੀਬ 40 ਲੱਖ ਮਰਦ ਹਨ। ਬਹੁ ਗਿਣਤੀ ਨੌਜਵਾਨਾਂ ਦੀ ਹੈ, 18-35 ਸਾਲ ਦੀ 90 ਲੱਖ ਆਬਾਦੀ ਵਿਚ ਕੁੱਲ 47 ਲੱਖ ਪੁਰਸ਼ਾਂ ਵਿਚੋਂ 30-31 ਲੱਖ (65%) ਕਿਸੇ ਨਾ ਕਿਸੇ ਨਸ਼ੇ ਦੇ ਆਦੀ ਹਨ।

ਅਸਲੀਅਤ ਦਾ ਅਧਿਐਨ ਕਰ ਕੇ ਸਹੀ ਹੱਲ ਲੱਭਣ ਦੀ ਥਾਂ ਇੱਕ-ਦੂਜੇ ਨੂੰ ਠਿੱਬੀ ਲਾਉਣ ਨਾਲ ਇਸ ਵਿਕਰਾਲ ਸਮੱਸਿਆ ਦੇ ਹੱਲ ਵੱਲ ਕੋਈ ਪ੍ਰਭਾਵਸ਼ਾਲੀ ਕਦਮ ਪੁੱਟੇ ਜਾਣ ਦੀ ਸੰਭਾਵਨਾ ਨਹੀਂ। ਗਿਣਤੀਆਂ-ਮਿਣਤੀਆਂ 'ਤੇ ਵੀ ਪ੍ਰਸ਼ਨ ਚਿੰਨ੍ਹ ਹਨ। ਹਰ ਤਿੰਨ ਵਿਚੋਂ 2 ਨੌਜਵਾਨਾਂ ਦਾ ਨਸ਼ੇੜੀ ਹੋਣਾ ਰੋਜ਼ਾਨਾ ਵਿਹਾਰ ਅਨੁਸਾਰ ਸੰਭਵ ਨਹੀਂ ਜਾਪਦਾ। ਇੰਨੀ ਗਿਣਤੀ ਕੋਈ ਨਾ ਕੋਈ ਨਸ਼ਾ ਕਦੀ-ਕਦਾਈ ਕਰ ਲੈਣ ਵਾਲੀ ਹੋ ਸਕਦੀ ਹੈ। ਸੱਚ ਜਾਣਨ ਲਈ ਘਰ-ਘਰ ਜਾ ਕੇ ਸਰਵੇਖਣ ਦੀ ਲੋੜ ਹੈ।




ਪ੍ਰਸ਼ਨ ਉਠਦਾ ਹੈ ਕਿ ਕੀ ਏਮਸ ਤੇ ਪੀ.ਜੀ.ਆਈ. ਦੀਆਂ ਰਿਪੋਰਟਾਂ ਵਿਚ ਕੋਈ ਵੱਡਾ ਫਰਕ ਹੈ? ਜੇ ਨਹੀਂ ਤਾਂ ਇਹ ਸਿਆਸੀ ਦੰਗਲ ਕਿਉਂ? ਕੀ ਇਸ ਰਿਪੋਰਟ ਦੇ ਸਨਮੁਖ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ ਹਰ ਛੇਵਾਂ ਬੰਦਾ ਨਸ਼ੇੜੀ ਨਹੀਂ? ਕੀ ਅਜੇ ਵੀ ਨਸ਼ੇ ਦਾ ਕਹਿਰ ਘੱਟ ਹੈ? ਕੀ ਨਸ਼ੇ ਨਾਲ ਆਰਥਿਕਤਾ ਤਬਾਹ ਨਹੀਂ ਹੋ ਰਹੀ? ਕੀ ਉਜੜਦੇ ਪਰਿਵਾਰ ਸਾਨੂੰ ਨਜ਼ਰ ਨਹੀਂ ਆਉਂਦੇ? ਕੀ ਖੁਦਕੁਸ਼ੀਆਂ ਦੀ ਚਾਹਤ ਤੇ ਨਸ਼ੇ ਕਾਰਨ ਕੈਂਸਰ, ਕਾਲਾ ਪੀਲੀਆ, ਪ੍ਰਜਣਨ ਰੋਗ ਮਾਨਸਿਕ ਰੋਗ ਕੋਈ ਸਮੱਸਿਆ ਨਹੀਂ? ਕੀ ਕਾਲੇ ਪੀਲੀਏ ਦੇ 33880 ਮਾਮਲੇ ਨਸ਼ੇ ਦੇ ਟੀਕਿਆਂ ਦੀ ਹੀ ਕਹਾਣੀ ਨਹੀਂ? ਹੈਰੋਇਨ ਫੜੇ ਜਾਣ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਕੀ ਸੰਕੇਤ ਹੈ? ਕੀ ਨਸ਼ਾ ਕੇਵਲ ਅਫੀਮੀ ਪਦਾਰਥ ਹੀ ਨੇ? ਕੀ ਸ਼ਰਾਬ ਤੇ ਤੰਬਾਕੂ ਨਸ਼ਾ ਨਹੀਂ? ਕੀ ਅਫੀਮ, ਪੋਸਤ, ਭੁੱਕੀ ਦੀ ਕਾਨੂੰਨਨ ਪ੍ਰਵਾਨਗੀ ਕੋਈ ਸਾਰਥਕ ਬਦਲ ਹੈ? ਕੁੱਲ 28000 ਕੈਦੀਆਂ ਵਿਚੋਂ 35% ਨਸ਼ਿਆਂ ਦੇ ਵਪਾਰ ਨਾਲ ਸਬੰਧਤ ਹਨ। ਕੱਚੇ ਕੈਦੀਆਂ ਵਿਚ 11,189 ਵਿਚੋਂ 4507 (40%) ਨਾਰਕੌਟਿਕ ਡਰਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਕਾਨੂੰਨ (ਐਨ.ਡੀ.ਪੀ.ਐਸ.) ਅਧੀਨ ਜੇਲ੍ਹਾਂ ਵਿਚ ਬੰਦ ਹਨ। 6839 ਸਜ਼ਾਯਾਫਤਾ ਕੈਦੀਆਂ ਵਿਚੋਂ 2103 (30%) ਨੂੰ ਨਸ਼ਿਆਂ ਦੇ ਕਾਨੂੰਨ ਤਹਿਤ ਸਜ਼ਾ ਹੋਈ ਹੈ ਅਤੇ 66% ਕੈਦੀ ਨਸ਼ੇ ਦੇ ਸ਼ਿਕਾਰ ਹਨ।

ਰਿਪੋਰਟ ਵਿਚ ਨਾ ਵਿਚਾਰੇ ਗਏ ਕਾਰਨਾਂ 'ਤੇ ਵੀ ਖੋਜ ਕਰਨੀ ਪਵੇਗੀ। ਨਸ਼ਿਆਂ ਤੋਂ ਖਹਿੜਾ ਛੁਡਵਾਉਣ ਵਾਸਤੇ ਸਾਰਥਕ ਕਦਮ ਉਠਾਉਣੇ ਪੈਣਗੇ। ਕਈ ਪ੍ਰਸ਼ਨ ਸਾਡੇ ਸਾਹਮਣੇ ਹਨ। ਨਸ਼ੇੜੀ ਕੌਣ? ਨਸ਼ੇੜੀ ਉਹ ਜਿਹੜਾ ਨਸ਼ੇ ਤੋਂ ਬਗੈਰ ਨਹੀਂ ਰਹਿ ਸਕਦਾ ਤੇ ਕੰਮ-ਕਾਰ ਨਹੀਂ ਕਰ ਸਕਦਾ। ਜੋ ਸ਼ਰਾਬ, ਤੰਬਾਕੂ, ਅਫੀਮ, ਭੁੱਕੀ, ਡੋਡੇ, ਪੋਸਤ, ਚਰਸ, ਭੰਗ, ਹੈਰੋਇਨ, ਗੋਲੀਆਂ ਕੈਪਸੂਲਾਂ ਟੀਕਿਆਂ ਆਦਿ ਨਸ਼ੇ ਤਾਂ ਵਰਤਦੇ ਨੇ, ਪਰ ਇਨ੍ਹਾਂ ਬਗੈਰ ਵੀ ਰਹਿ ਸਕਦੇ ਨੇ, ਉਨ੍ਹਾਂ ਨੂੰ ਨਸ਼ੇੜੀ ਨਹੀਂ ਮੰਨਿਆ ਜਾਂਦਾ। ਸਹੀ ਮੁਲੰਕਣ ਵਾਸਤੇ ਸ਼ਹਿਰੀ ਆਬਾਦੀ ਦੇ ਸਰਵੇਖਣ ਦੀ ਵੀ ਲੋੜ ਹੈ। ਸਕੂਲਾਂ ਤੇ ਕਾਲਜਾਂ ਦੇ ਬੱਚੇ ਪੀ.ਜੀ.ਆਈ. ਦੇ ਸਰਵੇਖਣ ਵਿਚ ਸ਼ਾਮਲ ਨਹੀਂ। ਇਨ੍ਹਾਂ ਦਾ ਸਰਵੇਖਣ ਵੀ ਜ਼ਰੂਰੀ ਹੈ। ਏਮਸ ਅਨੁਸਾਰ, ਨਸ਼ਿਆਂ 'ਤੇ 20 ਕਰੋੜ ਰੁਪਏ ਰੋਜ਼ਾਨਾ ਅਤੇ 7575 ਕਰੋੜ ਸਾਲਾਨਾ ਖਰਚਾ ਠੀਕ ਤੱਤ ਹੈ। ਸ਼ਰਾਬ ਦੇ ਠੇਕਿਆਂ ਦੀ 1980-81 ਦੀ ਆਮਦਨ 93.12 ਕਰੋੜ ਤੋਂ ਵਧ ਕੇ 2014-15 ਵਿਚ 4201.41 ਕਰੋੜ ਤੇ 2017-18 ਵਿਚ 5900 ਠੇਕਿਆਂ ਤੋਂ 5422 ਕਰੋੜ ਦੇ ਟੀਚੇ 'ਤੇ ਪਹੁੰਚ ਗਈ। ਸਾਲਾਨਾ 36.5 ਕਰੋੜ ਬੋਤਲਾਂ ਸ਼ਰਾਬ ਦੀ ਵੇਚ ਦੇ ਟੀਚੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਹਨ। ਸਿਹਤ ਮਹਿਕਮੇ ਵੱਲੋਂ 25 ਲੱਖ ਰੁਪਏ ਦੇ ਮੁੱਲ ਦੇ ਨਸ਼ੇ ਗੋਲੀਆਂ ਆਦਿ ਬਠਿੰਡਾ ਤੇ ਨਾਭਾ ਵਿਚ ਕੈਮਿਸਟਾਂ ਅਤੇ ਦਵਾਈਆਂ ਤਿਆਰ ਕਰਨ ਵਾਲਿਆਂ ਤੋਂ ਫੜਨ ਨਾਲ ਸਪਸ਼ਟ ਹੋ ਗਿਆ ਹੈ ਕਿ ਇਹ ਸਭ ਕੁਝ ਮਿਲੀ ਭੁਗਤ ਤੋਂ ਬਿਨਾਂ ਨਹੀਂ ਹੋ ਸਕਦਾ।

ਪੰਜਾਬ ਵਿਚ ਰੁਜ਼ਗਾਰ ਦੇ ਸਾਧਨ ਘਟ ਰਹੇ ਹਨ। 1990 ਵਿਚ 5,66,197 ਸਰਕਾਰੀ ਤੇ ਅਰਧ-ਸਰਕਾਰੀ ਨੌਕਰ ਸਨ; 2013 ਵਿਚ 5,06,515; 2014 ਵਿਚ 4,20,252 ਅਤੇ 2015 ਵਿਚ ਕੇਵਲ 3,98,520 ਰਹਿ ਗਏ। ਖੇਤੀ ਆਮਦਨ ਘਟ ਗਈ, ਭਾਈਚਾਰਕ ਤੇ ਸਮਾਜਿਕ ਆਸਰਾ ਟੁੱਟ ਗਿਆ ਹੈ। ਸਿੱਖਿਆ ਤੇ ਸਿਹਤ ਦੀਆਂ ਸਰਕਾਰੀ ਸੇਵਾਵਾਂ ਦੇ ਮੰਦੇ ਹਾਲ ਨੇ ਨਸ਼ਿਆਂ ਵਿਚ ਵਾਧਾ ਕੀਤਾ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ, ਪੰਜਾਬ ਵਿਚ ਨਸ਼ੇੜੀਆਂ ਦੀ ਗਿਣਤੀ ਮੁਲਕ ਵਿਚ ਦੂਜੇ ਨੰਬਰ 'ਤੇ ਹੈ ਜਦ ਕਿ ਆਬਾਦੀ 15ਵੇਂ ਨੰਬਰ 'ਤੇ ਹੈ।

ਨਸ਼ਿਆਂ ਦੀ ਸਮੱਸਿਆ ਦੇ ਹੱਲ ਵਾਸਤੇ ਘਰ-ਘਰ ਸਰਵੇਖਣ ਕਰ ਕੇ ਨਸ਼ੇੜੀਆਂ ਦੀ ਨਿਸ਼ਾਨਦੇਹੀ ਕਰਨ, ਪਿੰਡ ਅਤੇ ਵਾਰਡ/ਮੁਹੱਲਾ ਪੱਧਰੀ ਨਸ਼ਾ ਵਿਰੋਧੀ ਕਮੇਟੀਆਂ ਰਾਹੀਂ ਨਸ਼ੇੜੀਆਂ ਦਾ ਇਲਾਜ, ਉਨ੍ਹਾਂ ਦੀਆਂ ਸਰੀਰਿਕ ਤੇ ਮਾਨਸਿਕ ਬਿਮਾਰੀਆਂ ਦਾ ਇਲਾਜ ਅਤੇ ਉਨ੍ਹਾਂ ਦਾ ਸਰੀਰਿਕ, ਮਾਨਸਿਕ, ਸਮਾਜਿਕ ਤੇ ਆਰਥਿਕ ਮੁੜ-ਵਸੇਬਾ ਜ਼ਰੂਰੀ ਹੈ। ਦਵਾ ਕੰਟਰੋਲ ਮਸ਼ੀਨਰੀ ਦੇ ਕੰਮ ਵਿਚ ਬੇਹਿਸਾਬੀ ਢਿੱਲ ਨੂੰ ਨੱਥ ਪਾਈ ਜਾਵੇ, ਇਨ੍ਹਾਂ ਨਾਲ ਜੁੜੇ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਜਾਇਦਾਦਾਂ ਦੀ ਪੜਤਾਲ ਕੀਤੀ ਜਾਵੇ ਅਤੇ ਨਸ਼ੇ ਰਾਹੀਂ ਬਣਾਈਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣ। ਵੱਡੇ ਨਸ਼ਾ ਤਸਕਰ ਤੇ ਉਨ੍ਹਾਂ ਦੇ ਸੰਪਰਕ ਫੜੇ ਜਾਣ। ਅਜਿਹੇ ਬਹੁ-ਪੱਖੀ ਕਦਮਾਂ ਤੋਂ ਬਿਨਾ ਇਸ ਅਲਾਮਤ ਤੋਂ ਖਹਿੜਾ ਛੁਡਾਉਣਾ ਸੌਖਾ ਨਹੀਂ।

# ਨਿਆਂ ਦੀ ਉਮੀਦ ਖਤਮ ਕਰ ਰਿਹਾ ਹੈ 'ਲੋਕਤੰਤਰ'

ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਣ ਵਾਲੇ ਮੁਲਕ ਭਾਰਤ ਦੇ ਅਦਾਲਤੀ ਅਤੇ ਪੁਲਿਸ ਜਾਂਚ ਦੇ ਅਮਲ ਵਿਚ ਦੋ ਅਹਿਮ ਘਟਨਾ-ਵਿਕਾਸ ਹੋਏ ਹਨ ਜਿਨ੍ਹਾਂ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਅਦਾਲਤਾਂ ਅਤੇ ਜਾਂਚ ਵਿਵਸਥਾ ਵਿਚ ਮਜ਼ਲੂਮਾਂ ਲਈ ਨਿਆਂ ਦੇ ਮਾਇਨੇ ਕੀ ਹਨ! ਅਦਾਲਤੀ ਫ਼ੈਸਲਾ ਅਤੇ ਜਾਂਚ ਦੇ ਨਤੀਜੇ ਇਸ 'ਤੇ ਮੁਨੱਸਰ ਕਰਦੇ ਹਨ ਕਿ ਵਕਤ ਦੇ ਹੁਕਮਰਾਨ ਨਿਆਂ ਦੇ ਪੱਲੜੇ ਨੂੰ ਕਿਸ ਧਿਰ ਦੇ ਹੱਕ ਵਿਚ ਝੁਕਾਉਣਾ ਚਾਹੁੰਦੇ ਹਨ।

18 ਸਤੰਬਰ ਨੂੰ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਮਾਇਆ ਕੋਡਨਾਨੀ ਵਿਰੁਧ ਮੁਕੱਦਮੇ ਵਿਚ ਅਦਾਲਤ ਵਿਚ ਹਾਜ਼ਰ ਹੋ ਕੇ 'ਗਵਾਹੀ' ਦਿੱਤੀ ਕਿ ਗੁਜਰਾਤ ਕਤਲੇਆਮ ਦੇ ਦਿਨ ਮਾਇਆ

**ਬੂਟਾ ਸਿੰਘ**
ਫੋਨ: +91-94634-74342

ਕੋਡਨਾਨੀ ਨਰੋਦਾ ਗਾਮ ਦੇ ਵਕੂਆ-ਏ-ਵਾਰਦਾਤ ਉਪਰ ਹਾਜ਼ਰ ਨਹੀਂ ਸੀ। ਸ਼ਾਹ ਅਨੁਸਾਰ ਉਹ ਤਾਂ ਉਸ ਵਕਤ ਪਹਿਲਾਂ ਗੁਜਰਾਤ ਵਿਧਾਨ ਸਭਾ ਵਿਚ ਅਤੇ ਬਾਅਦ ਵਿਚ ਸੋਲਾ ਹਸਪਤਾਲ ਵਿਚ ਮੌਜੂਦ ਸੀ, ਉਹ ਉਸ ਦੀ ਦੋਹਾਂ ਥਾਵਾਂ ਉਪਰ ਮੌਜੂਦਗੀ ਦਾ ਚਸ਼ਮਦੀਦ ਗਵਾਹ ਹੈ। ਇਹ ਪੁੱਛੇ ਜਾਣ 'ਤੇ ਕਿ ਉਸ ਨੇ ਇਸ ਤੋਂ ਪਹਿਲਾਂ ਅਦਾਲਤ ਵਿਚ ਆ ਕੇ ਗਵਾਹੀ ਕਿਉਂ ਨਹੀਂ ਦਿੱਤੀ, ਤਾਂ ਉਸ ਦਾ ਕਹਿਣਾ ਸੀ ਕਿ ਉਸ ਨੂੰ ਪੇਸ਼ ਹੋਣ ਲਈ ਪਹਿਲਾਂ ਅਦਾਲਤ ਵਲੋਂ ਸੰਮਨ ਹੀ ਨਹੀਂ ਭੇਜੇ ਗਏ! ਯਾਦ ਰਹੇ ਕਿ 'ਸਿੱਟ' (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਨੇ ਮੀਡੀਆ ਵਿਚ ਜਨਤਕ ਇਸ਼ਤਿਹਾਰ ਦੇ ਕੇ ਅਪੀਲ ਕੀਤੀ ਸੀ ਕਿ ਜਿਸ ਕਿਸੇ ਕੋਲ ਇਸ ਮਾਮਲੇ ਸਬੰਧੀ ਕੋਈ ਸਬੂਤ ਹੈ, ਉਹ ਜਾਂਚ ਵਿਚ ਸਹਿਯੋਗ ਦੇਵੇ। ਸ਼ਾਹ ਨੇ ਅਦਾਲਤ ਵਿਚ ਮੰਨਿਆ ਕਿ ਉਸ ਨੂੰ 'ਸਿੱਟ' ਦੇ ਇਸ ਜਨਤਕ ਨੋਟਿਸ ਦੀ ਜਾਣਕਾਰੀ ਸੀ।

ਲਿਹਾਜ਼ਾ, ਇਕ ਖ਼ਾਸ ਮੌਕੇ ਉਪਰ ਸ਼ਾਹ ਨੂੰ ਗਵਾਹ ਵਜੋਂ ਹਾਜ਼ਰ ਕਰਾਉਣਾ ਅਦਾਲਤੀ ਕਾਰਵਾਈ ਵਿਚ ਪੂਰੇ ਸਿਲਸਿਲੇਵਾਰ ਤਰੀਕੇ ਨਾਲ ਲਿਆਂਦਾ ਮੋੜ ਹੈ ਜਿਸ ਜ਼ਰੀਏ ਕਤਲੇਆਮ ਦੀ ਇਕ ਮੁੱਖ ਕਸੂਰਵਾਰ ਨੂੰ ਬਰੀ ਕਰਾਉਣ ਲਈ ਰਾਹ ਸਾਫ਼ ਕੀਤਾ ਜਾ ਰਿਹਾ ਹੈ। ਗੁਜਰਾਤ ਕਤਲੇਆਮ ਦੇ ਮਾਮਲਿਆਂ ਵਿਚ ਜਾਂਚ ਏਜੰਸੀਆਂ ਅਤੇ ਅਦਾਲਤੀ ਕਾਰਵਾਈਆਂ ਨੂੰ ਕਿਸ ਤਰੀਕੇ ਨਾਲ ਚਲਾਇਆ ਤੇ ਪ੍ਰਭਾਵਿਤ ਕੀਤਾ ਜਾ ਰਿਹਾ ਹੈ, ਇਸ ਦਾ ਖ਼ੁਲਾਸਾ ਪੱਤਰਕਾਰ ਰਾਣਾ ਅਯੂਬ ਦੀ ਕਿਤਾਬ 'ਗੁਜਰਾਤ ਫ਼ਾਈਲਾਂ' ਅਤੇ ਮਸ਼ਹੂਰ ਕਾਰਕੁਨ ਤੀਸਤਾ ਸੀਤਲਵਾੜ ਦੀ ਪਿੱਛੇ ਜਿਹੇ ਛਪੀ ਹੱਡਬੀਤੀ 'ਫੁਟ ਸੋਲਜਰ ਆਫ ਦਿ ਕਾਂਸਟੀਟਿਊਸ਼ਨ' ਵਿਚ ਵਿਸਤਾਰ ਸਹਿਤ ਗਿਆ ਹੈ।

ਅਮਿਤ ਸ਼ਾਹ ਨੂੰ ਨਰੋਦਾ ਗਾਮ ਕਾਂਡ ਵਿਚ ਗਵਾਹੀ ਦੇਣ ਲਈ ਮਾਇਆ ਕੋਡਨਾਨੀ ਦੀ ਅਰਜ਼ੀ ਦੇ ਆਧਾਰ 'ਤੇ ਸੈਸ਼ਨਜ਼ ਅਦਾਲਤ ਵਿਚ ਸੱਦਿਆ ਗਿਆ ਸੀ। ਨਰੋਦਾ ਅਹਿਮਦਾਬਾਦ ਸ਼ਹਿਰ ਦਾ ਅਹਿਮ ਸਨਅਤੀ ਸ਼ਹਿਰੀ ਇਲਾਕਾ ਹੈ ਜਿਥੇ ਉਸ ਵਕਤ 2000 ਦੇ ਕਰੀਬ ਪਰਵਾਸੀ ਮੁਸਲਮਾਨ ਦਿਹਾੜੀਦਾਰ ਮਜ਼ਦੂਰ ਰਹਿ ਰਹੇ ਸਨ ਜਿਨ੍ਹਾਂ ਦੀ ਸਮੂਹਿਕ ਹੱਤਿਆ ਕਰਨ ਲਈ ਗੈਸ ਸਿਲੰਡਰਾਂ ਨੂੰ ਵਿਸਫੋਟਕ ਹਥਿਆਰ ਵਜੋਂ ਇਸਤੇਮਾਲ ਕੀਤਾ ਗਿਆ। ਇਹ ਕਾਂਡ ਫਰਵਰੀ 2002 ਵਿਚ ਹੋਏ ਨੌਂ ਵੱਡੇ ਕਾਂਡਾਂ ਵਿਚੋਂ ਇਕ ਸੀ (ਜਿਥੇ ਗੋਧਰਾ ਟਰੇਨ ਅੱਗਜ਼ਨੀ ਕਾਂਡ ਤੋਂ ਬਾਅਦ 28 ਫਰਵਰੀ ਨੂੰ ਭੜਕੇ ਹੋਏ ਹਜੂਮ ਨੇ 11 ਮੁਸਲਮਾਨਾਂ ਨੂੰ ਕਤਲ ਕਰ ਦਿੱਤਾ ਸੀ))। ਇਸ ਦੀ ਜਾਂਚ ਅਤੇ ਅਦਾਲਤੀ ਅਮਲ ਸੁਪਰੀਮ ਕੋਰਟ ਦੀ ਵਿਸ਼ੇਸ਼ ਨਿਗਰਾਨੀ ਹੇਠ ਚੱਲ ਰਿਹਾ ਹੈ। ਇਨ੍ਹਾਂ ਕਤਲਾਂ ਦਾ ਇਲਜ਼ਾਮ ਸੱਤਾਧਾਰੀ ਭਾਜਪਾ ਅਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਉਪਰ ਸੀ ਅਤੇ ਮੋਦੀ ਸਰਕਾਰ ਨੇ ਹਰ ਹਰਬਾ ਇਸਤੇਮਾਲ ਕਰ ਕੇ ਇਨ੍ਹਾਂ ਮਾਮਲਿਆਂ ਦੀਆਂ ਰਿਪੋਰਟਾਂ ਦਰਜ ਕੀਤੇ ਜਾਣ ਅਤੇ ਇਨ੍ਹਾਂ ਦੀ ਜਾਂਚ ਨੂੰ ਇਸ ਤਰੀਕੇ ਨਾਲ ਚਲਾਇਆ ਸੀ ਕਿ ਮਾਮਲੇ ਰਫ਼ਾ-ਦਫ਼ਾ ਹੋ ਜਾਣ ਅਤੇ ਅਸਲ ਮੁਜਰਮ ਸਾਫ਼ ਬਚੇ ਰਹਿਣ। ਪੰਦਰਾਂ ਸਾਲ ਬਾਅਦ ਵਿਚ ਐਨੇ ਸੰਗੀਨ ਮੁਕੱਦਮੇ ਦਾ ਵਿਸ਼ੇਸ਼ ਸਿੱਟ ਅਦਾਲਤ ਵਿਚ ਸੁਣਵਾਈ ਅਧੀਨ ਹੋਣਾ ਖ਼ੁਦ ਹੀ ਇਸ ਦਾ ਸਬੂਤ ਹੈ ਕਿ ਬਾਰਸੂਖ਼ ਧਿਰ ਅਦਾਲਤੀ ਅਮਲ ਨੂੰ ਕਿਸ ਕਦਰ ਅਗਵਾ ਕਰ ਕੇ ਦਹਾਕਿਆਂ ਤਕ ਲਮਕਾ ਸਕਦੀ ਹੈ।

ਨਿਆਂਪਸੰਦ ਨਾਗਰਿਕਾਂ ਵਲੋਂ ਮਜ਼ਲੂਮ ਧਿਰ ਨੂੰ ਨਿਆਂ ਦਿਵਾਉਣ ਲਈ ਵੱਡਾ ਜ਼ੋਖ਼ਮ ਲੈ ਕੇ ਬੇਮਿਸਾਲ ਸਿਰੜ ਨਾਲ ਅਦਾਲਤੀ ਚਾਰਾਜੋਈ ਕੀਤੀ ਗਈ ਅਤੇ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਸੁਪਰੀਮ ਕੋਰਟ ਨੇ ਇਨ੍ਹਾਂ ਮਾਮਲਿਆਂ ਵਿਚ ਦਖ਼ਲ ਦਿੱਤਾ ਅਤੇ ਇਨ੍ਹਾਂ ਦੀ ਦੁਬਾਰਾ ਜਾਂਚ ਦੇ ਆਦੇਸ਼ ਦਿੱਤੇ ਗਏ। ਇਸ ਮਾਮਲੇ ਵਿਚ ਵੀ ਅਦਾਲਤੀ ਆਦੇਸ਼ ਤਹਿਤ ਵਿਸ਼ੇਸ਼ ਜਾਂਚ ਟੀਮ ਵਲੋਂ ਜਾਂਚ ਕਰ ਕੇ ਬਿਆਸੀ ਜਣਿਆਂ ਨੂੰ ਮੁਲਜ਼ਮ ਨਾਮਜ਼ਦ ਕੀਤਾ ਜਿਸ ਦੀ ਅਦਾਲਤੀ ਸੁਣਵਾਈ ਹੋ ਰਹੀ ਹੈ। ਕੋਡਨਾਨੀ ਨੂੰ ਇਕ ਹੋਰ ਵੱਡੇ ਕਤਲੇਆਮ ਨਰੋਦਾ ਪਾਟੀਆ ਮਾਮਲੇ ਵਿਚ ਪਹਿਲਾਂ ਹੀ 28 ਸਾਲ ਕੈਦ ਦੀ ਸਖ਼ਤ ਸਜ਼ਾ ਸੁਣਾਈ ਜਾ ਚੁੱਕੀ ਹੈ ਜਿਸ ਵਿਚ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਮੋਦੀ ਸਰਕਾਰ ਦੀ ਮਦਦ ਨਾਲ ਲਾਮਬੰਦ ਕੀਤੇ 5000 ਦੇ ਹਜੂਮ ਵਲੋਂ 97 ਮੁਸਲਮਾਨਾਂ (36 ਔਰਤਾਂ, 35 ਬੱਚਿਆਂ ਅਤੇ 26 ਮਰਦਾਂ) ਨੂੰ ਕਤਲ ਕਰ ਦਿੱਤਾ ਗਿਆ ਸੀ। ਇਸ ਹਜੂਮ ਦੀ ਅਗਵਾਈ ਮਾਇਆ ਕੋਡਨਾਨੀ ਅਤੇ ਬਾਬੂ ਬਜਰੰਗੀ ਵਲੋਂ ਕੀਤੀ ਗਈ ਸੀ। ਇਸ ਭੂਮਿਕਾ ਬਦਲੇ ਕੋਡਨਾਨੀ ਨੂੰ ਤਰੱਕੀ ਦੇ ਕੇ 2007 ਵਿਚ ਮੋਦੀ ਸਰਕਾਰ ਵਿਚ ਕੈਬਨਿਟ ਮੰਤਰੀ ਬਣਾਇਆ ਗਿਆ ਸੀ। ਫਿਰ 2014 ਵਿਚ ਉਸ ਨੂੰ ਇਸ ਆਧਾਰ 'ਤੇ ਜ਼ਮਾਨਤ ਦੇ ਦਿੱਤੀ ਗਈ ਕਿ ਉਸ ਦੀ ਮਾਨਸਿਕ ਤਬੀਅਤ ਠੀਕ ਨਹੀਂ। ਬਾਬੂ ਬਜਰੰਗੀ ਵੀ ਅੱਖਾਂ ਦੇ ਇਲਾਜ ਦੇ ਬਹਾਨੇ ਜ਼ਮਾਨਤ 'ਤੇ ਬਾਹਰ ਆ ਚੁੱਕਾ ਹੈ।




*ਪਹਿਲੂ ਖਾਨ ਜੋ ਗਾਂ ਰੱਖਿਅਕਾਂ ਦੀ ਕੁੱਟ ਕਾਰਨ ਦਮ ਤੋੜ ਗਿਆ ਸੀ।*

ਇਨ੍ਹਾਂ ਤਮਾਮ ਕਤਲੇਆਮਾਂ ਦੇ ਤੱਥ ਅਤੇ ਸਬੂਤ ਐਨੇ ਠੋਿਗਰ ਹਨ ਕਿ ਇਨ੍ਹਾਂ ਨੂੰ ਦਰਕਿਨਾਰ ਕਰਨਾ ਐਨਾ ਸੌਖਾ ਨਹੀਂ। ਨਰੋਦਾ ਗਾਮ ਮਾਮਲੇ ਵਿਚ ਸਿੱਟ (ਵਿਸ਼ੇਸ਼ ਜਾਂਚ ਟੀਮ) ਨੇ ਬਹੁਤ ਸਾਰੇ ਚਸ਼ਮਦੀਦ ਗਵਾਹ ਪੇਸ਼ ਕਰ ਕੇ ਅਤੇ ਹੋਰ ਸਬੂਤ ਪੇਸ਼ ਕੀਤੇ ਹਨ ਕਿ ਉਹ ਵਿਧਾਨ ਸਭਾ ਤੋਂ ਸਾਢੇ ਨੌਂ ਵਜੇ ਆਪਣੇ ਵਿਧਾਨ ਸਭਾ ਹਲਕੇ ਨਰੋਦਾ ਵਿਚ ਚਲੀ ਗਈ ਸੀ ਅਤੇ ਉਸ ਦਿਨ ਮਾਇਆ ਕੋਡਨਾਨੀ ਦੇ ਉਥੇ ਮੌਜੂਦ ਹੋਣ ਦਾ ਸਬੂਤ ਉਸ ਦੇ ਮੋਬਾਈਲ ਫ਼ੋਨ ਦੇ ਸਿਗਨਲ ਦੀ ਲੋਕੇਸ਼ਨ ਦਾ ਰਿਕਾਰਡ ਹੈ।






*ਮਾਇਆ ਕੋਡਨਾਨੀ*



*ਅਮਿਤ ਸ਼ਾਹ*

ਪਸ਼ੂਆਂ ਦੇ ਵਪਾਰੀ ਪਹਿਲੂ ਖ਼ਾਨ ਦੇ ਮਾਮਲੇ ਵਿਚ ਪੁਲਿਸ ਵਲੋਂ ਕਲੋਜ਼ਰ ਰਿਪੋਰਟ ਜ਼ਰੀਏ ਛੇ ਮੁਲਜ਼ਮਾਂ ਨੂੰ ਕਲੀਨ ਚਿਟ ਦੇਣਾ ਉਨ੍ਹਾਂ ਰਾਜਕੀ ਸੰਸਥਾਵਾਂ ਵਲੋਂ ਸੱਤਾਧਾਰੀ ਧਿਰ ਦੇ ਇਸ਼ਾਰੇ ਉਪਰ ਕੰਮ ਕਰਨ ਦੀ ਇਕ ਹੋਰ ਮਿਸਾਲ ਹੈ ਜੋ ਜੁਰਮਾਂ ਦੀ ਰੋਕਥਾਮ ਅਤੇ ਨਿਆਂ ਦੇਣ ਲਈ ਬਣਾਈਆਂ ਗਈਆਂ ਹਨ। ਹਰਿਆਣਾ ਦੇ ਮੇਵਾਤ ਜ਼ਿਲ੍ਹੇ ਦੇ ਮੁਸਲਮਾਨ ਪਹਿਲੂ ਖ਼ਾਨ ਅਤੇ ਉਸ ਦੇ ਨਾਲ ਦਿਆਂ ਨੂੰ ਪਹਿਲੀ ਅਪਰੈਲ 2017 ਨੂੰ ਜੈਪੁਰ (ਰਾਜਸਥਾਨ) ਤੋਂ ਵਾਪਸ ਆਉਂਦੇ ਵਕਤ ਜੈਪੁਰ-ਦਿੱਲੀ ਕੌਮੀ ਮਾਰਗ ਉਪਰ ਅਲਵਰ ਵਿਚ 200 ਗਊ 'ਰੱਖਿਅਕਾਂ' ਨੇ ਘੇਰ ਕੇ ਲੋਹੇ ਦੀਆਂ ਰਾਡਾਂ ਨਾਲ ਹਮਲਾ ਕਰ ਦਿੱਤਾ ਸੀ। ਇਹ ਲੋਕ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸਬੰਧਤ ਸਨ। ਪਹਿਲੂ ਖ਼ਾਨ ਇਨ੍ਹਾਂ ਘਾਤਕ ਸੱਟਾਂ ਦੀ ਤਾਬ ਨਾ ਝੱਲਦਿਆਂ ਹਸਪਤਾਲ ਵਿਚ ਦਮ ਤੋੜ ਗਿਆ ਸੀ। ਉਸ ਦੇ ਲੜਕੇ ਅਤੇ ਬਾਕੀਆਂ ਦੀ ਜਾਨ ਤਾਂ ਬਚ ਗਈ, ਪਰ ਉਹ ਵੀ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤੇ ਗਏ ਸਨ। ਆਪੇ ਬਣੇ ਗਊ 'ਰੱਖਿਅਕਾਂ' ਨੇ ਇਲਜ਼ਾਮ ਲਗਾਇਆ ਸੀ ਕਿ ਇਹ ਮੁਸਲਮਾਨ ਗਊਆਂ ਨੂੰ ਬੁੱਚੜਖ਼ਾਨੇ ਲਈ ਲਿਜਾ ਰਹੇ ਸਨ। ਜਦਕਿ ਉਹ ਆਪਣੀ ਡੇਅਰੀ ਲਈ ਜੈਪੁਰ ਮੰਡੀ ਤੋਂ ਗਊਆਂ ਖ਼ਰੀਦ ਕੇ ਲਿਆਏ ਸਨ ਅਤੇ ਉਨ੍ਹਾਂ ਕੋਲ ਇਸ ਦੇ ਬਾਕਾਇਦਾ ਕਾਨੂੰਨੀ ਸਬੂਤ (ਜੈਪੁਰ ਮਿਉਂਸਪਲ ਕਾਰਪੋਰੇਸ਼ਨ ਦੀਆਂ ਰਸੀਦਾਂ) ਸਨ। ਗਊ ਰੱਖਿਆ ਦੇ ਨਾਂ ਹੇਠ ਹਤਿਆਰੇ ਗਰੋਹਾਂ ਵਲੋਂ ਇਹ ਦਸਵਾਂ ਕਤਲ ਸੀ।

ਇਸ ਦਾ ਇਕ ਹੋਰ ਖ਼ਤਰਨਾਕ ਪੱਖ ਇਹ ਸੀ ਕਿ ਪਾਰਲੀਮੈਂਟਰੀ ਮਾਮਲਿਆਂ ਦੇ ਕੇਂਦਰੀ ਮੰਤਰੀ ਮੁਖਤਾਰ ਅਬਾਸ ਨਕਵੀ ਨੇ ਕਿਹਾ ਕਿ ਅਲਵਰ ਵਿਚ ਐਸੀ ਕੋਈ ਘਟਨਾ ਵਾਪਰੀ ਹੀ ਨਹੀਂ। ਜਦਕਿ ਰਾਜਸਥਾਨ ਦੇ ਗ੍ਰਹਿ ਮੰਤਰੀ ਗੁਲਾਬ ਚੰਦ ਕਟਾਰੀਆ ਨੇ ਬਾਕਾਇਦਾ ਬਿਆਨ ਦੇ ਕੇ ਹਮਲਾਵਰ ਹਜੂਮ ਦੀ ਕਾਰਵਾਈ ਨੂੰ ਸਹੀ ਕਰਾਰ ਦੇ ਕੇ ਉਨ੍ਹਾਂ ਦੀ ਹੌਸਲਾਅਫ਼ਜ਼ਾਈ ਕੀਤੀ। ਇਸ ਬਾਰੇ ਭੜਕਾਊ ਬਿਆਨ 'ਰਾਸ਼ਟਰੀ ਮਹਿਲਾ ਗੌ ਰਕਸ਼ਕ ਦਲ' ਦੀ ਪ੍ਰਧਾਨ ਸਾਧਵੀ ਕਮਲਾ ਦੀਦੀ ਦਾ ਸੀ ਜਿਸ ਨੇ ਅੱਜ ਦੇ ਗਊ ਰੱਖਿਅਕਾਂ ਨੂੰ 'ਭਵਿਖ ਦੇ ਨਾਇਕ' ਕਿਹਾ ਅਤੇ ਉਨ੍ਹਾਂ ਦਾ ਮੁਕਾਬਲਾ ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਨਾਲ ਕਰਨ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕੀਤੀ ਸੀ।

ਆਖ਼ਰੀ ਸਵਾਸ ਲੈਣ ਤੋਂ ਪਹਿਲਾਂ ਪਹਿਲੂ ਖ਼ਾਨ ਨੇ ਪੁਲਿਸ ਨੂੰ ਬਿਆਨ ਦਿੱਤਾ ਸੀ ਜਿਸ ਵਿਚ ਉਸ ਨੇ ਛੇ ਜਣਿਆਂ- ਹੁਕਮ ਚੰਦ, ਨਵੀਨ ਸ਼ਰਮਾ, ਜਗਮਲ ਯਾਦਵ, ਓਮ ਪ੍ਰਕਾਸ਼, ਸੁਧੀਰ ਤੇ ਰਾਹੁਲ ਸੈਣੀ, ਦੇ ਨਾਂ ਲਏ। ਪਹਿਲੂ ਖ਼ਾਨ ਨਾਲ ਜ਼ਖ਼ਮੀ ਹੋਏ ਉਸ ਦਾ ਪੁੱਤਰ ਅਤੇ ਬਾਕੀ ਸਾਥੀ ਵੀ ਚਸ਼ਮਦੀਦ ਗਵਾਹ ਹਨ। ਉਨ੍ਹਾਂ ਨੂੰ ਮੁਲਜ਼ਮਾਂ ਦੀ ਸ਼ਨਾਖ਼ਤ ਲਈ ਸੱਦੇ ਬਗ਼ੈਰ ਹੀ ਜਾਂਚ ਕਰਤਾਵਾਂ ਵਲੋਂ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ ਗਈ। ਪੁਲਿਸ ਦੀ ਕ੍ਰਾਈਮ ਬਰਾਂਚ-ਸੀ.ਆਈ.ਡੀ. ਨੇ ਇਸ ਜਾਂਚ ਰਿਪੋਰਟ ਵਿਚ ਨਤੀਜਾ ਕੱਢਿਆ ਹੈ ਕਿ ਜਿਨ੍ਹਾਂ ਛੇ ਜਣਿਆਂ ਨੂੰ ਪਹਿਲੂ ਖ਼ਾਨ ਨੇ ਹਮਲਾਵਰ ਕਿਹਾ, ਉਹ ਬੇਗੁਨਾਹ ਹਨ। ਜਾਂਚ ਅਧਿਕਾਰੀਆਂ ਮੁਤਾਬਕ, ਨਜ਼ਦੀਕੀ ਗਊਸ਼ਾਲਾ ਦੇ ਮੁਲਾਜ਼ਮਾਂ ਦੀ ਗਵਾਹੀ ਅਤੇ ਮੁਲਜ਼ਮਾਂ ਦੇ ਮੋਬਾਈਲ ਫ਼ੋਨਾਂ ਦਾ ਰਿਕਾਰਡ ਇਸ ਦਾ ਸਬੂਤ ਹੈ ਕਿ ਉਹ ਇਸ ਹਮਲੇ ਵਿਚ ਸ਼ਾਮਲ ਨਹੀਂ ਸਨ। ਇਸ ਨੂੰ ਦੇਖ ਕੇ ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇ ਕਿ ਇਹ ਰਿਪੋਰਟ ਸੂਬੇ ਵਿਚ ਸੱਤਾਧਾਰੀ ਸੰਘ ਪਰਿਵਾਰ ਦੇ ਦਬਾਓ ਹੇਠ ਦਿੱਤੀ ਗਈ ਹੈ। ਮੁਲਜ਼ਮਾਂ ਨੂੰ ਪਹਿਲਾਂ ਹੀ ਜ਼ਮਾਨਤਾਂ 'ਤੇ ਰਿਹਾਅ ਕਰ ਕੇ ਪੁਲਿਸ ਨੇ ਸੰਕੇਤ ਦੇ ਦਿੱਤਾ ਸੀ ਕਿ ਜਾਂਚ ਦੀ ਦਿਸ਼ਾ ਕੀ ਹੋਵੇਗੀ? ਕੀ ਇਹ ਉਹ ਇਨਸਾਫ਼ ਹੈ ਜਿਸ ਦਾ ਯਕੀਨ ਇਸ ਕਤਲ ਵਿਰੁਧ ਉਠੇ ਵਿਆਪਕ ਵਿਰੋਧ ਦੇ ਮੱਦੇਨਜ਼ਰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਦਿਵਾਇਆ ਸੀ?

ਜਦੋਂ ਭਾਜਪਾ ਅਤੇ ਸੰਘ ਪਰਿਵਾਰ ਦੀਆਂ ਹੋਰ ਸੰਸਥਾਵਾਂ ਦੀ ਜਾਂਚ ਏਜੰਸੀਆਂ ਅਤੇ ਅਦਾਲਤੀ ਅਮਲ ਵਿਚ ਇਸ ਕਦਰ ਦਖ਼ਲਅੰਦਾਜ਼ੀ ਹੈ ਤਾਂ ਇਹ ਸੰਭਵ ਨਹੀਂ ਕਿ ਇਸ ਨਿਜ਼ਾਮ ਵਿਚ ਜਾਂਚ ਤੇ ਨਿਆਂ ਦਾ ਅਮਲ ਨਿਰਪੱਖ ਕੰਮ ਕਰੇ ਅਤੇ ਮਜ਼ਲੂਮਾਂ ਨੂੰ ਨਿਆਂ ਮਿਲੇ। ਕੀ ਪਹਿਲੂ ਖ਼ਾਨ ਦੇ ਪਰਿਵਾਰ ਨੂੰ ਵੀ ਗੁਜਰਾਤ ਦੇ ਮਜ਼ਲੂਮਾਂ ਵਾਂਗ ਡੇਢ ਦਹਾਕਾ ਅਦਾਲਤੀ ਅਮਲ ਦੇ ਸੰਤਾਪ ਵਿਚੋਂ ਗੁਜ਼ਰਨਾ ਪਵੇਗਾ? ਮਾਮਲੇ ਦੀ ਪੈਰਵੀ ਕਰਨ ਕਰ ਕੇ ਉਨ੍ਹਾਂ ਦੀਆਂ ਜਾਨਾਂ ਪਹਿਲਾਂ ਹੀ ਖ਼ਤਰੇ ਵਿਚ ਹਨ। ਹਰਿਆਣਾ ਵਿਚ ਸੰਘੀਆਂ ਦੀ ਸਰਕਾਰ ਹੈ ਅਤੇ ਉਹ ਭਾਰੀ ਦਬਾਓ ਹੇਠ ਜੀਅ ਰਹੇ ਹਨ।

ਸਵਾਲ ਇਹ ਹੈ ਕਿ ਇਸ ਹਾਲਤ ਵਿਚ ਘੱਟ ਗਿਣਤੀਆਂ ਅਤੇ ਸਮਾਜ ਦੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਕੋਲ ਹਿੰਦੂਤਵੀ ਫਾਸ਼ੀਵਾਦੀਆਂ ਤੋਂ ਆਪਣੇ ਬਚਾਓ ਅਤੇ ਨਿਆਂ ਹਾਸਲ ਕਰਨ ਲਈ ਰਸਤਾ ਕੀ ਹੈ?

# ਗੋਲੀ ਵਰਗੀਆਂ ਗੱਡੀਆਂ, ਹਕੀਕਤਾਂ ਤੇ ਨਰੇਂਦਰ ਮੋਦੀ

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦ੍ਰਿਸ਼ ਬੰਨ੍ਹਣੇ ਆਉਂਦੇ ਹਨ। ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਦੀ ਭਾਰਤ ਫੇਰੀ ਲਈ ਉਨ੍ਹਾਂ ਨੇ ਅਹਿਮਦਾਬਾਦ ਵਿਚ ਦ੍ਰਿਸ਼ਾਵਲੀ ਅਜਿਹੀ ਸਜਾਈ ਕਿ ਸ਼ਿੰਜ਼ੋ ਆਬੇ ਅਤੇ ਉਨ੍ਹਾਂ ਦੀ ਪਤਨੀ ਵੀ ਗੁਜਰਾਤੀ ਰੰਗ ਵਿਚ ਰੰਗੇ ਗਏ। ਇਸ ਸਾਰੇ ਮੰਜ਼ਰ ਦੇ ਪਿੱਛੇ ਕਾਰੋਬਾਰ, ਕੂਟਨੀਤੀ ਅਤੇ ਕਾਰੀਗਰੀ ਨਾਲ ਜੁੜੀਆਂ ਲੋੜਾਂ ਹਨ, ਇਸ ਹਕੀਕਤ ਤੋਂ ਸਫ਼ਾਰਤੀ ਹਲਕੇ ਚੰਗੀ ਤਰ੍ਹਾਂ ਵਾਕਫ਼ ਹਨ। ਦੋਵਾਂ ਦੇਸ਼ਾਂ ਨੂੰ ਇਤਿਹਾਸ ਦੇ ਮੌਜੂਦਾ ਦੌਰ ਵਿਚ ਇੱਕ-ਦੂਜੇ ਦੀ ਲੋੜ ਹੈ। ਦੋਵਾਂ ਦੇਸ਼ਾਂ ਨੂੰ ਏਸ਼ੀਆ ਵਿਚ ਚੀਨ ਦੀ ਚੌਧਰ ਦੇ ਪਾਸਾਰ ਤੋਂ ਖ਼ਤਰਾ ਹੈ।

ਜਾਪਾਨ ਭੂਗੋਲਿਕ ਤੌਰ 'ਤੇ ਛੋਟਾ ਜਿਹਾ ਮੁਲਕ ਹੈ, ਪਰ ਤਕਨਾਲੋਜੀ ਪੱਖੋਂ ਉਹ ਅਮਰੀਕਾ, ਚੀਨ ਜਾਂ ਜਰਮਨੀ ਤੋਂ ਕਿਸੇ ਵੀ ਤਰ੍ਹਾਂ ਊਣਾ ਨਹੀਂ। ਉਸ ਨੂੰ ਮੰਡੀਆਂ, ਖ਼ਾਸ ਤੌਰ 'ਤੇ ਅਫ਼ਰੀਕੀ ਮੰਡੀਆਂ ਦੀ ਲੋੜ ਹੈ ਅਤੇ ਨਾਲ ਹੀ ਭਾਈਵਾਲਾਂ ਦੀ ਵੀ ਜ਼ਰੂਰਤ ਹੈ ਜਿਨ੍ਹਾਂ ਦੀ ਭੂਮੀ ਨੂੰ ਉਹ ਆਪਣੀ ਕਾਰੀਗਰੀ ਅਤੇ ਕਾਰੋਬਾਰ ਦੇ ਵਿਸਥਾਰ ਵਾਸਤੇ ਨਿਰਮਾਣ ਖੇਤਰ ਵਜੋਂ ਵਰਤ ਸਕੇ। ਦੂਜੇ ਪਾਸੇ, ਭਾਰਤ ਨੂੰ ਜਾਪਾਨੀ ਨਿਵੇਸ਼ ਵੀ ਤਲਬ ਹੈ ਅਤੇ ਤਕਨਾਲੋਜੀ ਵੀ। ਉਪਰੋਂ ਜਾਪਾਨ, ਚੀਨ ਦਾ ਸ਼ਰੀਕ ਵੀ ਹੈ। ਇਨ੍ਹਾਂ ਸੁਆਰਥਾਂ ਦਾ ਮੌਜੂਦਾ ਮੇਲ ਦੋਵਾਂ ਦੇਸ਼ਾਂ ਨੂੰ ਰਾਸ ਆਉਂਦਾ ਹੈ।

ਭਾਰਤ-ਅਮਰੀਕਾ, ਜਾਂ ਭਾਰਤ-ਰੂਸ, ਜਾਂ ਭਾਰਤ-ਚੀਨ ਵਪਾਰਕ ਭਾਈਵਾਲੀਆਂ ਤੋਂ ਭਾਰਤ-ਜਾਪਾਨ ਵਪਾਰਕ ਭਾਈਵਾਲੀ ਕਾਫ਼ੀ ਘੱਟ ਹੈ, ਫਿਰ ਵੀ ਜਾਪਾਨ ਨੂੰ ਦੋ ਮਹਾਂਸਾਗਰਾਂ (ਪ੍ਰਸ਼ਾਂਤ ਮਹਾਂਸਾਗਰ ਤੇ ਹਿੰਦ ਮਹਾਂਸਾਗਰ) ਦੇ ਸੰਗਮ ਵਿਚੋਂ ਦੋ ਅਰਥਚਾਰਿਆਂ ਦੀ ਪ੍ਰਫੁੱਲਤਾ ਦੇ ਨਕਸ਼ ਨਜ਼ਰ ਆਉਂਦੇ ਹਨ। ਇਹੀ ਕਾਰਨ ਹੈ ਕਿ ਦੋਵਾਂ ਦੇਸ਼ਾਂ ਦਰਮਿਆਨ 15 ਸਮਝੌਤੇ ਸਹੀਬੰਦ ਹੋਏ ਅਤੇ ਨਾਲ ਹੀ ਅਹਿਮਦਾਬਾਦ ਵਿਚ ਬੁਲੇਟ ਟਰੇਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ ਗਿਆ।

ਸ਼ਿੰਜ਼ੋ ਆਬੇ ਦਾ ਭਾਰਤ ਵੱਲ ਝੁਕਾਅ ਹੁਣ ਦੀ ਗੱਲ ਨਹੀਂ। ਇੱਕ ਦਹਾਕਾ ਪਹਿਲਾਂ ਜਦੋਂ ਉਹ ਪਹਿਲੀ ਵਾਰ ਜਾਪਾਨ ਦੇ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਆਪਣੀ ਭਾਰਤ ਫੇਰੀ ਦੌਰਾਨ ਦੋਸਤੀ ਅਤੇ ਭਾਈਵਾਲੀ ਦੇ ਅਹਿਦ ਦੀ ਪੇਸ਼ਕਸ਼ ਕੀਤੀ ਸੀ। ਬੁਲੇਟ ਟਰੇਨ ਪ੍ਰੋਜੈਕਟ ਦਾ ਖਿਆਲ ਵੀ ਉਨ੍ਹਾਂ ਦਿਨਾਂ ਦਿਨਾਂ ਵਿਚ ਫ਼ਿਜ਼ਾ ਵਿਚ ਤੈਰਨਾ ਆਰੰਭ ਹੋਇਆ ਸੀ। ਇਸ ਦਾ ਜ਼ਿਕਰ ਯੂ.ਪੀ.ਏ. ਕਾਲ ਦੇ ਦੋ ਰੇਲ ਮੰਤਰੀਆਂ- ਪਵਨ ਕੁਮਾਰ ਬਾਂਸਲ ਤੇ ਮਲਿਕਰਜੁਨ ਖੜਗੇ, ਦੇ ਰੇਲ ਬਜਟਾਂ ਵਿਚ ਵੀ ਆਇਆ, ਪਰ ਹੁਣ ਇਸ ਦਾ ਲਾਹਾ ਨਰੇਂਦਰ ਮੋਦੀ ਲੈ ਰਹੇ ਹਨ।

***ਪ੍ਰੋਜੈਕਟ ਉਤੇ 1.1 ਲੱਖ ਕਰੋੜ ਰੁਪਏ ਦਾ ਖ਼ਰਚ ਆਉਣਾ ਹੈ। ਗੱਡੀ ਨੇ ਅਹਿਮਦਾਬਾਦ ਤੋਂ ਮੁੰਬਈ ਤਕ 508 ਕਿਲੋਮੀਟਰ ਦਾ ਫ਼ਾਸਲਾ ਤੈਅ ਕਰਨਾ ਹੈ। ਦੂਜੇ ਪਾਸੇ ਭਾਰਤ ਦੇ ਸਮੁੱਚੇ ਰੇਲ ਨੈਟਵਰਕ ਦੀਆਂ ਪਟੜੀਆਂ ਦੇ ਗਾਰਡਰ ਬਦਲਣ ਤੇ ਹੋਰ ਸੁਰੱਖਿਆ ਫ਼ੀਚਰਾਂ ਲਈ ਬਜਟ 1.8 ਲੱਖ ਕਰੋੜ ਰੁਪਏ ਬਣਦਾ ਹੈ। ਇਸ ਉਤੇ ਦੇਸ਼ ਦੇ 97.8 ਫ਼ੀਸਦੀ ਰੇਲ ਮੁਸਾਫ਼ਰਾਂ ਨੇ ਸਫ਼ਰ ਕਰਨਾ ਹੈ ਜਦੋਂ ਕਿ ਬੁਲਟ ਟਰੇਨ ਉਤੇ ਸਿਰਫ 2.2 ਫ਼ੀਸਦੀ ਨੇ।***

ਉਂਜ, ਬੁਲੇਟ ਟਰੇਨ ਵਾਲੇ ਫ਼ਲਸਫ਼ੇ ਨਾਲ ਖ਼ਤਰੇ ਵੀ ਬਹੁਤ ਜੁੜੇ ਹੋਏ ਹਨ। ਇਸ ਪ੍ਰੋਜੈਕਟ ਉਤੇ 1.1 ਲੱਖ ਕਰੋੜ ਰੁਪਏ ਦਾ ਖ਼ਰਚ ਆਉਣਾ ਹੈ। ਗੱਡੀ ਨੇ ਅਹਿਮਦਾਬਾਦ ਤੋਂ ਮੁੰਬਈ ਤਕ 508 ਕਿਲੋਮੀਟਰ ਦਾ ਫ਼ਾਸਲਾ ਤੈਅ ਕਰਨਾ ਹੈ। ਦੂਜੇ ਪਾਸੇ ਭਾਰਤ ਦੇ ਸਮੁੱਚੇ ਰੇਲ ਨੈੱਟਵਰਕ ਦੀਆਂ ਪਟੜੀਆਂ ਦੇ ਗਾਰਡਰ ਬਦਲਣ ਤੇ ਹੋਰ ਸੁਰੱਖਿਆ ਫ਼ੀਚਰਾਂ ਲਈ ਬਜਟ 1.8 ਲੱਖ ਕਰੋੜ ਰੁਪਏ ਬਣਦਾ ਹੈ। ਇਸ ਉਤੇ ਦੇਸ਼ ਦੇ 97.8 ਫ਼ੀਸਦੀ ਰੇਲ ਮੁਸਾਫ਼ਰਾਂ ਨੇ ਸਫ਼ਰ ਕਰਨਾ ਹੈ ਜਦੋਂ ਕਿ ਬੁਲੇਟ ਟਰੇਨ ਉਤੇ 2.2 ਫ਼ੀਸਦੀ ਨੇ। ਲਿਹਾਜ਼ਾ, ਦੋਵਾਂ ਪ੍ਰੋਜੈਕਟਾਂ ਵਿਚੋਂ ਤਰਜੀਹ ਕਿਸ ਨੂੰ ਮਿਲਣੀ ਚਾਹੀਦੀ ਹੈ, ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਬਹਰਹਾਲ, ਸਾਡਾ ਯੁਗ ਹੈ ਹੀ ਸੁਪਨਸਾਜ਼ੀ ਤੇ ਸ਼ੋਸ਼ੇਬਾਜ਼ੀ ਦਾ ਯੁੱਗ। ਇਸ ਲਈ ਜੋ ਵਰਤਾਰਾ ਸਿਰਜਿਆ ਜਾ ਰਿਹਾ ਹੈ, ਉਸ ਨੂੰ ਲੰਮੀਆਂ-ਚੌੜੀਆਂ ਉਮੀਦਾਂ ਦਾ ਆਧਾਰ ਬਣਾਉਣ ਦੀ ਲੋੜ ਨਹੀਂ। ਤਰਜੀਹਾਂ ਖ਼ੁਦ-ਬਖ਼ੁਦ ਸਿਰ ਚੁਕਣ ਲੱਗਣਗੀਆਂ ਅਤੇ ਸੁਪਨਸਾਜ਼ੀ ਦੇ ਬਾਵਜੂਦ ਉਨ੍ਹਾਂ ਦੀ ਅਣਦੇਖੀ ਸੰਭਵ ਨਹੀਂ ਹੋ ਸਕੇਗੀ।

***(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)***

# ਚਿੜੀਆਂ ਅਤੇ ਕੁੜੀਆਂ...

ਪਿਛਲੇ ਵਿਹੜੇ ਵਲ ਬਾਹਰ ਵਾਲੇ ਪਾਸੇ ਚਿੜੀਆਂ ਨੂੰ ਦਾਣੇ ਪਾਈਦੇ ਹਨ ਅਤੇ ਅੰਦਰਲੇ ਪਾਸੇ ਬੈਠ ਕੇ ਮੈਂ ਲਿਖਦੀ ਹਾਂ। ਜਦ ਚਿੜੀਆਂ ਚੋਗਾ ਚੁਗਣ ਆਉਂਦੀਆਂ ਹਨ ਤਾਂ ਮਨ ਨੂੰ ਬੇਤਹਾਸ਼ਾ ਖੁਸ਼ੀ ਮਿਲਦੀ ਹੈ। ਆਹ ਕੀ! ਅਜੇ ਮੈਂ ਕਲਮ ਫੜੀ ਹੀ ਸੀ ਕਿ ਬਾਹਰ ਦਾਣੇ ਚੁਗਦੀਆਂ ਚਿੜੀਆਂ ਫੁਰਰ ਕਰ ਕੇ ਉਡ ਗਈਆਂ। ਵੇਖਿਆ ਤਾਂ ਇਕ ਵੱਡਾ ਸਾਰਾ ਬਾਜ ਚਿੜੀ ਨੂੰ ਆਪਣੇ ਜ਼ਾਲਿਮ ਪੰਜਿਆਂ ਵਿਚ ਦਬੋਚੀ ਉਡਿਆ ਜਾ ਰਿਹਾ ਸੀ। ਚਿੜੀ ਦੀ ਚੂੰ ਚੂੰ ਦੀ ਆਵਾਜ਼ ਵੀ ਮੇਰੇ ਕੰਨਾਂ 'ਚ ਪਈ ਪਰ ਮੈਂ ਥਾਂਏਂ ਹੀ ਪੱਥਰ ਬਣੀ ਖੜੀ ਵੇਖਦੀ ਰਹਿ ਗਈ ਅਤੇ ਕੁਝ ਵੀ ਨਾ ਕਰ ਸਕੀ। ਸੋਚਣ ਲਗੀ ਕਿ ਆਹ ਚਿੜੀ ਤੇ ਬਾਜ ਦੀ ਕਹਾਣੀ ਕਦੀ ਮੁਕ ਵੀ ਸਕਦੀ ਹੈ ਕਿ ਨਹੀਂ? ਸੁਣਿਆ ਵੀ ਹੈ ਤੇ ਪੜ੍ਹਿਆ ਵੀ ਹੈ ਕਿ ਇਕ ਦਿਨ ਸਾਡੇ ਸਤਿਗੁਰਾਂ ਨੇ ਚਿੜੀਆਂ ਕੋਲੋਂ ਬਾਜਾਂ ਦੀ ਬੜੀ ਭੈੜੀ ਦੁਰਗਤੀ ਵੀ ਕਰਵਾਈ ਸੀ ਤੇ ਬਾਜ ਸ਼ਰਮਿੰਦਾ ਜਿਹੇ ਹੋ ਕੇ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਬੈਠ ਗਏ ਸਨ ਜਾਂ ਖੌਰੇ ਕਿਤੇ ਉਡ-ਪੁਡ ਗਏ ਸਨ, ਪਰ ਹੁਣ ਤਾਂ ਵਿਚਾਰੀਆਂ ਚਿੜੀਆਂ ਦਾ ਮੁੜ ਉਹੋ ਹੀ ਹਾਲ ਹੈ ਜੋ ਪਹਿਲਾਂ ਸੀ। ਬਲਕਿ ਹੁਣ ਤਾਂ ਬਾਜ ਪਹਿਲਾਂ ਨਾਲੋਂ ਵੀ ਬਹੁਤੇ ਹੋ ਗਏ ਨੇ ਤੇ ਚਿੜੀਆਂ ਤਾਂ ਬਹੁਤ ਥੋੜ੍ਹੀਆਂ ਹੀ ਬਚੀਆਂ ਨੇ।

ਮਨ ਉਡ ਗਿਆ ਪੌਣ 'ਤੇ ਸਵਾਰ ਹੋ ਕੇ, ਸਾਰੀ ਦੀ ਸਾਰੀ ਰੀਲ ਹੀ ਘੁੰਮ ਗਈ-ਸਾਡੇ ਪਿੰਡਾਂ ਦੇ ਕੱਚੇ ਕੋਠੇ, ਕੱਚੀਆਂ ਕੰਧਾਂ, ਕੰਧਾਂ ਉਤੇ ਉਭੜ-ਖਾਭੜ ਲੱਕੜ ਦੇ ਗੋਲ ਮੋਲ ਸ਼ਤੀਰ, ਉਤੇ ਵਿੰਗੇ ਟੇਡੇ ਬਾਲੇ, ਬਾਲਿਆਂ 'ਤੇ ਪਰਾਲੀ ਜਾਂ ਸਰਕੜਾ ਵਿਛਾ ਕੇ ਉਤੇ ਮਿੱਟੀ ਪਾ ਘੱਤਣੀ ਤੇ ਪਾਣੀ ਤ੍ਰੌਂਕ ਤ੍ਰੌਂਕ ਕੇ ਮਿੱਟੀ ਨੂੰ ਕੁਟ ਕੁਟ ਕੇ ਪੱਕਿਆਂ ਕਰਨਾ; ਛੱਪੜ 'ਚੋਂ ਗਾਰਾ ਕੱਢ ਕੇ ਲਿਆਉਣਾ, ਵਿਚ ਤੂੜੀ ਪਾ ਕੇ ਚੰਗੀ ਤਰ੍ਹਾਂ ਘਾਣੀ ਮਾਰਨੀ। ਗਾਰਾ ਤੇ ਤੂੜੀ ਘਿਉ-ਖਿਚੜੀ ਹੋ ਜਾਣੇ ਤਾਂ ਕੋਠੇ ਦੀ ਛੱਤ ਤੇ ਕੱਧਾਂ ਲਿੱਪ ਦੇਣੀਆਂ, ਇੰਜ ਹੋ ਜਾਣਾ ਕੋਠਾ ਤਿਆਰ।

ਕੋਠੇ ਵਿਚ ਇਕੱਲੇ ਟੱਬਰ ਦੇ ਜੀਅ ਹੀ ਨਹੀਂ ਸੀ ਰਹਿੰਦੇ, ਚਿੜੀਆਂ ਦੇ ਆਲ੍ਹਣੇ ਵੀ ਉਥੇ ਹੀ ਹੁੰਦੇ ਸਨ। ਸ਼ਤੀਰਾਂ ਉਤੇ ਬਾਲਿਆਂ ਵਿਚਾਲੇ ਜੋ ਥਾਂ ਬਚਦੀ ਸੀ, ਉਹ ਚਿੜੀਆਂ ਲਈ ਰਾਖਵੀਂ ਹੁੰਦੀ ਸੀ। ਚਿੜੀਆਂ ਨੇ ਪਰਾਲੀ ਦੇ ਲੰਮੇ ਲੰਮੇ ਕੱਖ ਤੀਲੇ ਲਿਆ ਕੇ ਉਨ੍ਹਾਂ ਥਾਂਵਾਂ 'ਤੇ ਟਿਕਾਈ ਜਾਣੇ। ਬੜੀ ਮਿਹਨਤ ਕਰਨੀ, ਅੱਧੇ ਕੁ ਤੀਲੇ ਡਿਗ ਪੈਣੇ ਤੇ ਅੱਧੇ ਕੁ ਉਥੇ ਸ਼ਤੀਰ 'ਤੇ ਅੜ ਜਾਣੇ। ਇਵੇਂ ਔਖਾ-ਸੌਖਾ ਬਣ ਜਾਣਾ ਚਿੜੀਆਂ ਦਾ ਆਲ੍ਹਣਾ ਭਾਵ ਰੈਣ ਬਸੇਰਾ।

ਆਮ ਹੀ ਘਰਾਂ 'ਚ ਬੂਹਾ ਖੁਲ੍ਹਦੇ ਹੀ ਛੱਤ ਤੋਂ ਲਟਕਦੇ ਪਰਾਲੀ ਦੇ ਤੀਲੇ ਵੇਖਣ ਨੂੰ ਮਿਲ ਜਾਇਆ ਕਰਦੇ। ਜੇ ਕਿਸੇ ਨੇ ਆ ਜਾਣਾ ਤਾਂ ਘਰ ਦੀ ਸੁਆਣੀ ਨੇ ਆਖਣਾ, "ਇਕ ਤਾਂ ਆਹ ਚਿੜੀਆਂ ਸਾਰੀ ਪਰਾਲੀ ਅੰਦਰੀਂ ਢੋਅ ਛੱਡਦੀਆਂ ਹਨ।" ਅੱਗਿਓਂ ਦੂਜੇ ਨੇ ਆਖਣਾ, "ਰੱਬ ਦੇ ਜੀਅ ਨੇ ਜੀ, ਇਨ੍ਹਾਂ ਵੀ ਤਾਂ ਇਥੇ ਹੀ ਰਹਿਣਾ।" ਪਰ ਕਈ ਵਾਰੀ ਜਦ ਚਿੜੀਆਂ ਦੇ ਬੋਟਾਂ ਨੂੰ ਕਾਂਵਾਂ ਨੇ ਚੁਕ ਲਿਜਾਣਾ ਤਾਂ ਸਭ ਨੇ ਹੀ ਕਾਂ ਦੇ ਮਗਰੇ ਭੱਜ ਪੈਣਾ। ਹੁਣ ਨਾ ਹੀ ਕੱਚੇ ਕੋਠੇ ਰਹੇ ਤੇ ਨਾ ਹੀ ਰਹੀਆਂ ਵਿਚਾਰੀਆਂ ਚਿੜੀਆਂ। ਪੱਥਰਾਂ ਦੇ ਘਰਾਂ ਨੇ ਤਾਂ ਚਿੜੀਆਂ ਦੀ ਹੋਂਦ ਹੀ ਮੁਕਾ ਛੱਡੀ ਏ।

ਸੁਖ ਨਾਲ ਇਥੇ ਚਿੜੀਆਂ ਬਥੇਰੀਆਂ ਨੇ, ਨਿੱਕੇ ਨਿੱਕੇ ਬੋਟ ਲੈ ਕੇ ਆ ਜਾਂਦੀਆਂ ਨੇ ਚੋਗਾ ਚੁਗਣ। ਉਥੇ ਮੋਏ ਕਾਂ ਨਹੀਂ ਸੀ ਮੁੜਦੇ ਤੇ ਇਥੇ ਗਰਕ ਜਾਣੇ ਬਾਜ ਬਥੇਰੇ ਉਡਦੇ ਫਿਰਦੇ ਨੇ। ਅਜੇ ਹੁਣੇ ਈ ਤੇ ਬਾਜ ਚਿੜੀ ਨੂੰ ਲੈ ਉਡਿਆ ਏ। ਸੋਚਦੀ ਹਾਂ, ਭਲਾਂ ਕੀ ਇਹ ਬਾਜ ਧੁਰ ਕਦੀਮੋਂ ਹੀ ਚਿੜੀਆਂ ਨੂੰ ਖਾਂਦੇ ਆਏ ਨੇ? ਜੇ ਖਾਂਦੇ ਆਏ ਨੇ ਤਾਂ ਹੁਣ ਤਕ ਕੋਈ ਕਾਨੂੰਨ ਕਿਉਂ ਨਹੀਂ ਬਣਿਆ ਜੋ ਬਾਜਾਂ ਖਿਲਾਫ ਕੋਈ ਫਤਵਾ ਹੀ ਜਾਰੀ ਕਰੇ ਕਿ ਅਗੇ ਤੋਂ ਕੋਈ ਬਾਜ ਕਿਸੇ ਵੀ ਚਿੜੀ ਨੂੰ ਨਹੀਂ ਚੁਕ ਲਿਜਾਵੇਗਾ। ਬੇੜੀ ਗਰਕ ਜਾਏ ਔਂਤਰੇ ਬਾਜਾਂ ਦੀ, ਨਿੱਕੀਆਂ ਨਿੱਕੀਆਂ ਸੋਹਲ ਤੇ ਭੋਲੀਆਂ ਜਿਹੀਆਂ ਚਿੜੀਆਂ। ਚੰਦਰੇ ਬਾਜ ਤਾਂ ਸ਼ਕਲੋਂ ਹੀ ਬੜੇ ਡਰਾਵਣੇ ਤੇ ਗੰਦੇ ਲਗਦੇ ਨੇ, ਮੋਏ ਝੱਟ ਝਪਟ ਮਾਰ ਕੇ ਚਿੜੀ ਲੈ ਉਡਦੇ ਨੇ, ਨਾ ਕੋਈ ਧਰਮ ਦਾ



ਡਰ, ਨਾ ਸਮਾਜ ਦਾ ਭੈਅ।

ਮੈਂ ਵੀ ਪਈ ਕੀ ਸੋਚਦੀ ਹਾਂ, ਕਦੀ ਜਨੌਰਾਂ ਦੇ ਵੀ ਭਲਾ ਧਰਮ ਤੇ ਸਮਾਜ ਹੁੰਦੇ ਨੇ! ਧਰਮ ਤੇ ਸਮਾਜ ਤਾਂ ਬੰਦਿਆਂ ਦੇ ਹੁੰਦੇ ਹਨ, ਪਰ ਹਾਏ ਰੱਬਾ! ਉਥੇ ਕਿਹੜੀ ਪਈ ਘੱਟ ਹੁੰਦੀ ਏ, ਉਥੇ ਤਾਂ ਧਰਮ ਵੀ ਹੈ, ਸਮਾਜ ਵੀ ਹੈ ਅਤੇ ਕਾਨੂੰਨ ਵੀ। ਫਿਰ ਵੀ ਹਰ ਰੋਜ਼ ਧੀਆਂ ਚੁਕੀਆਂ ਜਾ ਰਹੀਆਂ ਨੇ ਅਤੇ ਅਜ਼ਮਤਾਂ ਵੀ ਲੁੱਟੀਆਂ ਜਾ ਰਹੀਆਂ ਨੇ। ਧਾਰਮਿਕ ਲੋਕ ਆਪਣੇ ਧਰਮ ਦੀ ਆੜ ਹੇਠ ਬਥੇਰਾ ਕੁਝ ਕਰੀ ਜਾ ਰਹੇ ਨੇ, ਅਤੇ ਸਮਾਜ? ਸਮਾਜ ਵਿਚ ਤਾਂ ਬਾਜਾਂ ਦੀਆਂ ਡਾਰਾਂ ਦੀਆਂ ਡਾਰਾਂ ਮੰਡਰਾਉਂਦੀਆਂ ਫਿਰਦੀਆਂ ਨੇ। ਬਾਜ ਸ਼ੱਰੇਆਮ ਸ਼ਿਕਾਰ ਪਏ ਕਰਦੇ ਨੇ ਅਤੇ ਬਚ ਵੀ ਜਾਂਦੇ ਨੇ। ਸਮਾਜ ਤੋਂ ਉਤੇ ਹਨ ਸਿਆਸਤਦਾਨ ਜੋ ਮੁਲਕ 'ਤੇ ਹਕੂਮਤਾਂ ਕਰਦੇ ਨੇ ਅਤੇ ਹਕੂਮਤਾਂ ਤੋਂ ਉਪਰ ਹੈ ਕਾਨੂੰਨ ਜੋ ਇਨ੍ਹਾਂ ਸਾਰਿਆਂ ਨੇ ਆਪੂੰ ਹੀ ਬਣਾਇਆ ਹੋਇਆ ਹੈ ਤੇ ਚਲਾਉਂਦੇ ਵੀ ਆਪੂੰ ਈ ਨੇ, ਆਪਣੇ ਹੀ ਤਰੀਕੇ ਨਾਲ।

ਆਮ ਲੋਕੀਂ ਆਖਦੇ ਹਨ, ਅੱਜ ਕੱਲ ਦੀਆਂ ਕੁੜੀਆਂ ਵੀ ਤੇ ਫੈਸ਼ਨਾਂ ਪੱਟੀਆਂ ਹਨ, ਇਸੇ ਕਰਕੇ ਆਏ ਦਿਨ ਰੇਪ ਹੁੰਦੇ ਹਨ। ਸੋਚ ਕੇ ਤਾਂ ਵੇਖੋ, ਧੀਆਂ ਨੂੰ ਘਰਾਂ ਅੱਗਿਓਂ, ਬਾਜ਼ਾਰਾਂ ਵਿਚੋਂ ਜਾਂ ਸਕੂਲ ਜਾਂਦੀਆਂ ਨੂੰ ਜੋ ਲੋਕ ਚੁੱਕ ਲਿਜਾਂਦੇ ਹਨ, ਉਹ ਵੀ ਤਾਂ ਬਾਜ ਜਾਂ ਸ਼ਿਕਰੇ ਹੀ ਹਨ। ਪਹਿਲਾਂ ਬਾਜਾਂ ਤੇ ਸ਼ਿਕਰਿਆਂ ਨੂੰ ਅਮੀਰ ਲੋਕ ਤੇ ਰਾਜੇ-ਮਹਾਰਾਜੇ ਆਪਣੀ ਹੈਂਕੜ ਜਾਂ ਤਾਕਤ ਵਿਖਾਉਣ ਲਈ ਪਾਲਦੇ ਸਨ, ਪਰ ਅੱਜ ਵੱਡਿਆਂ ਅਹੁਦਿਆਂ 'ਤੇ ਬੈਠੇ ਲੋਕਾਂ ਦੀ ਔਲਾਦ ਬਾਜਾਂ ਤੇ ਸ਼ਿਕਰਿਆਂ ਦੇ ਰੂਪ ਵਿਚ ਗਲੀਆਂ ਬਾਜ਼ਾਰਾਂ ਜਾਂ ਖੁਲ੍ਹੀਆਂ ਜੀਪਾਂ 'ਚ ਸੜਕਾਂ 'ਤੇ ਉਡਦੀ ਫਿਰਦੀ ਹੈ। ਇਹ ਬਾਜਾਂ-ਸ਼ਿਕਰਿਆਂ ਵਰਗੇ ਮੁਸ਼ਟੰਡੇ ਜਦੋਂ ਵੀ, ਜਿਥੇ ਵੀ, ਜਿਸ ਵੇਲੇ ਵੀ ਇਨ੍ਹਾਂ ਦਾ ਮਾਨਸ ਮਾਸ ਖਾਣ ਨੂੰ ਦਿਲ ਕਰੇ, ਉਥੋਂ ਹੀ ਚਿੜੀ ਵਰਗੀ ਕੁੜੀ ਨੂੰ ਆਪਣੇ ਜ਼ਾਲਮ ਪੰਜਿਆਂ ਵਿਚ ਦਬੋਚ ਕੇ ਲੈ ਉਡਦੇ ਹਨ। ਚਿੜੀਆਂ ਵਿਚਾਰੀਆਂ ਨੂੰ ਤਾਂ ਬਚਾਉਣ ਵਾਲਾ ਹੀ ਕੋਈ ਨਹੀਂ-ਨਾ ਧਰਮ ਤੇ ਨਾ ਹੀ ਸਮਾਜ। ਮਾਪੇ ਤੇ ਪਰਿਵਾਰ ਵਾਲੇ ਬੇਵੱਸ ਹੋ ਜਾਂਦੇ ਨੇ, ਪਰ ਕੁੜੀਆਂ ਕੋਲ ਤਾਂ ਸਭ ਕੁਝ ਹੈ, ਉਹ ਕਿਉਂ ਨਹੀਂ ਦੂਜੀਆਂ ਕੁੜੀਆਂ ਨੂੰ ਜ਼ਾਲਮ ਬਾਜਾਂ ਤੋਂ ਬਚਾਉਂਦੀਆਂ?

ਕਿਸੇ ਵੇਲੇ ਬਚਾਉਂਦੇ ਸਨ, ਉਸ ਵੇਲੇ ਦੇ ਅਣਖੀ ਸੂਰਮੇ ਜਰਨੈਲ ਹਰੀ ਸਿੰਘ ਨਲੂਏ ਤੇ ਸਰਦਾਰ ਮਹਾਂ ਸਿੰਘ ਸ਼ੇਰ ਵਰਗੇ, ਤੇ ਜ਼ਾਲਮਾਂ ਦੇ ਪੰਜਿਆਂ 'ਚੋਂ ਬਚਾ ਕੇ ਬਾਇੱਜਤ ਉਨ੍ਹਾਂ ਦੇ ਘਰੀਂ ਵੀ ਪਹੁੰਚਾਉਂਦੇ ਸਨ। ਪਰ ਹੁਣ ਕੌਣ ਬਚਾਵੇ? ਬੇੜਾ ਗਰਕ ਜਾਵੇ ਔਂਤਰੇ ਡੋਗਰਿਆਂ ਦਾ, ਜਿਨ੍ਹਾਂ ਨੇ ਸ਼ੇਰੇ ਪੰਜਾਬ ਦੇ ਘਰ ਵਿਚ ਚੰਦਰੀ ਫੁਟ ਦਾ ਐਸਾ ਬੀਜ ਬੀਜਿਆ ਕਿ ਉਹ ਨਾ ਗਲਿਆ, ਨਾ ਹੀ ਸੜਿਆ ਸਗੋਂ ਉਸ ਫੁੱਟ ਦਾ ਦਰੱਖਤ ਤਾਂ ਮੋਇਆ ਦਿਨੋ ਦਿਨ ਵੱਡਾ ਹੋਈ ਜਾ ਰਿਹਾ ਏ, ਅਤੇ ਹਰਾ-ਭਰਾ ਖੜਾ ਏ। ਸੁਕੇ ਕਿਵੇਂ? ਸਾਰੀ ਕੌਮ ਤਾਂ ਉਸ ਨੂੰ ਰੋਜ਼ ਪਾਣੀ ਪਈ ਪਾਉਂਦੀ ਤੇ ਉਸੇ ਦੀ ਛਾਂਵੇਂ ਵੀ ਬੈਠਦੀ ਏ। ਵੱਡੇ ਧਰਮੀਆਂ ਨੂੰ ਤਾਂ ਵੱਡੀਆਂ ਕੁਰਸੀਆਂ 'ਤੇ ਬੈਠੇ ਲੋਕ ਆਪਣੀਆਂ ਜੇਬਾਂ 'ਚ ਪਾਈ ਫਿਰਦੇ ਨੇ। ਕੋਈ ਗੋਲਕ ਦੀ ਮਸਤੀ ਵਿਚ ਅੰਨਾ ਏ ਤੇ ਕੋਈ ਚੌਧਰ ਦੀ ਕੁਰਸੀ 'ਤੇ ਅੰਨਾ ਹੋਇਆ ਬੈਠਾ ਏ।

ਕਾਨੂੰਨ! ਕਾਨੂੰਨ ਵੀ ਤਾਂ ਇਨ੍ਹਾਂ ਅੰਨਿਆਂ ਦੇ ਆਪਣੇ ਹੀ ਨੇ। ਵਿਚਾਰੀ ਕਾਨੂੰਨ ਦੀ ਦੇਵੀ ਦੇ ਹੱਥ ਤੱਕੜੀ ਫੜਾ ਕੇ ਅੱਖਾਂ 'ਤੇ ਪੱਟੀ ਬੰਨ ਦਿੱਤੀ ਤਾਂ ਕਿ ਅਸੀਂ ਤਾਂ ਅੰਨੇ ਹਾਂ ਈ, ਕਿਤੇ ਇਹ ਵੀ ਨਾ ਸਾਡੀਆਂ ਕਾਲੀਆਂ ਕਰਤੂਤਾਂ ਵੇਖ ਲਵੇ। ਇਸ ਲਈ ਇਥੇ ਵੀ ਓਹਾ ਈ ਹਾਲ ਏ, ਅੰਨੀ ਪੀਹਵੇ ਤੇ ਕੁੱਤਾ ਚੱਟੇ। ਪਰ ਕੁੜੀਆਂ ਦੇ ਮਾਪੇ ਕੁਝ ਕਿਉਂ ਨਹੀ ਕਰਦੇ? ਕਰਦੇ ਤੇ ਪਏ ਨੇ, ਕਿਉਂ ਨਹੀਂ ਕਰਦੇ, ਆਹ ਜਿਹੜਾ ਹੁਣ ਭਰੂਣ ਹੱਤਿਆ ਦਾ ਹੜ੍ਹ ਆਇਆ ਪਿਐ, ਇਹ ਕੀ ਏ? ਉਹ ਹੀ ਤਾਂ ਹੈ, ਸੌਖਾ ਕੰਮ-ਧੀਆਂ ਜੰਮਣ ਤੋਂ ਪਹਿਲਾਂ ਹੀ ਮਾਰੀ ਜਾਓ, ਸਿਰ ਤੋਂ ਭਾਰ ਉਤਾਰੀ ਜਾਓ।

ਚਿੜੀਆਂ ਨੂੰ ਬਾਜਾਂ-ਸ਼ਿਕਰਿਆਂ ਤੇ ਪੱਥਰਾਂ ਦੇ ਘਰਾਂ ਨੇ ਮੁਕਾ ਛੱਡਿਐ, ਤੇ ਕੁੜੀਆਂ ਨੂੰ ਬਾਜਾਂ ਵਰਗੇ ਮੁਸ਼ਟੰਡਿਆਂ ਨੇ ਖਾ ਜਾਣੈ। ਵਿਚਾਰੇ ਮਾਪਿਆਂ ਵੀ ਹੁਣ ਸੁਖ ਦਾ ਸਾਹ ਲੈਣਾ ਸਿਖਿਆ ਏ ਕਿ ਇਨ੍ਹਾਂ ਨੂੰ ਜੰਮਣ ਹੀ ਨਾ ਦਿਓ। ਪਹਿਲਾਂ ਮੋਏ ਮੁਸ਼ਟੰਡੇ ਨਹੀਂ ਜਿਉਣ ਦਿੰਦੇ, ਤੇ ਜੇ ਬਚ ਜਾਣ ਤਾਂ ਮੋਏ ਸਹੁਰੇ ਜਾਂ ਸਾੜ ਛੱਡਦੇ ਨੇ ਜਾਂ ਸਾਰੀ ਉਮਰ ਦਾਜ ਦੇ ਪੰਗੇ। ਇਸ ਲਈ ਚਿੜੀਆਂ ਗਈਆਂ, ਕੁੜੀਆਂ ਵੀ ਮੁਕਾਓ; ਬਾਜ ਸ਼ਿਕਰੇ ਤਾਂ ਮੋਏ ਆਪੇ ਭੁਖੇ ਮਰ ਜਾਣਗੇ।

ਹੱਥ ਜੋੜ ਬੇਨਤੀ ਹੈ ਕਿ ਧੀਆਂ ਨੂੰ ਬਚਾਈਏ, ਇਨ੍ਹਾਂ ਬਿਨਾ ਘਰ-ਪਰਿਵਾਰ, ਜੀਵਨ ਤੇ ਸੰਸਾਰ ਸੱਖਣੇ ਹੋ ਜਾਵਣਗੇ। ਆਓ, ਚਿੜੀਆਂ ਤੇ ਕੁੜੀਆਂ ਨੂੰ ਸੰਭਾਲੀਏ।

# ਕੀਤੇ ਕੰਮਾਂ ਨੇ ਅਖੀਰ ਕੰਮ ਆਉਣਾ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

"ਦੇਖ ਲੈ ਕਰਮ ਸਿਆਂ! ਬੰਦਾ ਨਰਕ ਸੁਰਗ ਇਥੇ ਹੀ ਭੋਗ ਜਾਂਦੈ। ਜਿਹੋ ਜਿਹਾ ਬੰਦਾ ਬੀਜਦੈ, ਉਹੋ ਕੁਝ ਵੱਢਦਾ।" ਨਿੱਕਾ ਸਿਉਂ ਨੇ ਸਿਵਿਆਂ ਦੇ ਨਲਕੇ ਤੋਂ ਹੱਥ ਧੋ ਕੇ ਪਰਨਾ ਮੂੰਹ 'ਤੇ ਫੇਰਦਿਆਂ ਕਿਹਾ।

"ਨਿੱਕਾ ਸਿਆਂ! ਬੰਦਾ ਲਾਲਚ ਦੀ ਤਲਵਾਰ ਚੁੱਕੀ ਫਿਰਦਾ, ਜਿਹਦੇ ਨਾਲ ਆਪਣੇ ਖੂਨ 'ਤੇ ਵਾਰ ਕਰਨ ਲੱਗਿਆਂ ਵੀ ਨਹੀਂ ਡਰਦਾ। ਆਹ ਨਾਜ਼ਰ ਨੂੰ ਦੇਖ ਲੈ, ਪੁੱਤ ਲਈ ਭਰਾ ਦਾ ਹੱਕ ਖਾ ਗਿਆ, ਅੰਤ ਭਤੀਜੇ ਦੇ ਹੱਥਾਂ ਵਿਚ ਦਮ ਤੋੜਿਆ!" ਕਰਮ ਸਿਉਂ ਨੇ ਅੱਖਾਂ ਪੂੰਝਦਿਆਂ ਆਖਿਆ।

ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਉਹ ਸਿੱਧੇ ਗੁਰਦੁਆਰੇ ਨੂੰ ਤੁਰ ਪਏ। ਇਹ ਦੋਵੇਂ ਅੱਜ ਨਾਜ਼ਰ ਸਿੰਘ ਨੂੰ ਅਗਨੀ ਭੇਟ ਕਰ ਕੇ ਆਏ ਸਨ। ਚੰਨਣ ਸਿੰਘ ਦੇ 3 ਪੁੱਤਰ ਸਨ-ਵੱਡਾ ਨਾਜ਼ਰ, ਤੇਜਾ ਤੇ ਸਭ ਤੋਂ ਛੋਟਾ ਮੁਨਸ਼ੀ, ਜਿਸ ਨੂੰ ਲੋਕ ਕੈਦੋ ਵੀ ਕਹਿੰਦੇ ਪਰ ਸੀ ਬੜਾ ਮਿਲਾਪੜਾ ਤੇ ਮਿਹਨਤੀ। ਨਾਜ਼ਰ ਦਸ ਜਮਾਤਾਂ ਪੜ੍ਹ ਕੇ ਬਿਜਲੀ ਬੋਰਡ 'ਚ ਨੌਕਰੀ ਲੱਗ ਗਿਆ; ਤੇਜਾ ਤੇ ਮੁਨਸ਼ੀ ਖੇਤੀ ਕਰਨ ਲੱਗ ਪਏ। ਚੰਨਣ ਸਿਉਂ ਕੋਲ 15 ਕਿੱਲੇ ਜਮੀਨ ਸੀ, ਉਹ ਵੀ ਇਕੋ ਖੂਹ 'ਤੇ। ਫਸਲ-ਬਾੜੀ ਵਧੀਆ ਹੁੰਦੀ। ਚੰਨਣ ਸਿਉਂ ਕੋਲ ਚਾਰ ਪੈਸੇ ਜੋੜੇ ਹੋਏ ਸਨ। ਪਿੰਡ ਵਿਚ ਸਭ ਤੋਂ ਪਹਿਲਾ ਚੁਬਾਰਾ ਚੰਨਣ ਸਿਉਂ ਨੇ ਹੀ ਪਾਇਆ ਸੀ। ਵੀਹ ਸਾਲ ਉਹ ਸਰਬਸੰਮਤੀ ਨਾਲ ਪਿੰਡ ਦੀ ਸਰਪੰਚੀ ਕਰਦਾ ਰਿਹਾ ਸੀ। ਫਿਰ ਨਾਜ਼ਰ ਨੂੰ ਚੰਗੇ ਘਰੋਂ ਰਿਸ਼ਤਾ ਹੋ ਗਿਆ। ਉਸ ਦੀ ਘਰਵਾਲੀ ਭਜਨੋ ਨੇ ਸਾਰਾ ਕੰਮ ਸਾਂਭ ਲਿਆ। ਨੂੰਹ-ਸੱਸ ਕੰਮ ਨੂੰ ਹੀ ਪੂਜਾ ਸਮਝਦੀਆਂ ਸਨ।

ਨਾਜ਼ਰ ਖੇਤੀ ਦਾ ਕੰਮ ਘੱਟ ਹੀ ਕਰਵਾਉਂਦਾ। ਤਨਖਾਹ ਵੀ ਉਹ ਘਰੇ ਅੱਧੀ ਹੀ ਦਿੰਦਾ। ਤੇਜਾ ਤੇ ਮੁਨਸ਼ੀ ਦੋਵੇਂ ਸੁਭਾਅ ਦੇ ਨਰਮ ਸਨ। ਉਹ ਭਰਾ ਦੀਆਂ ਆਦਤਾਂ ਤੋਂ ਜਾਣੂ ਸਨ, ਪਰ ਬੋਲਦੇ ਕੁਝ ਨਾ। ਚੰਨਣ ਸਿਉਂ ਨੇ ਕਈ ਵਾਰ ਸਰਪੰਚੀ ਦਬਕਾ ਮਾਰਿਆ, ਪਰ ਸਰਪੰਚਣੀ ਚੁੱਪ ਕਰਵਾ ਦਿੰਦੀ। ਨਾਜ਼ਰ ਬਿਜਲੀ ਬੋਰਡ ਵਿਚ ਵੀ ਚੁਸਤੀ-ਚਲਾਕੀ ਨਾਲ ਲਾਇਨਮੈਨ ਬਣ ਗਿਆ। ਨਾਲ ਹੀ ਪੁੱਤਰ ਦੀ ਦਾਤ ਮਿਲ ਗਈ। ਇਸ ਤੋਂ ਬਾਅਦ ਤਾਂ ਉਹ ਬੰਦੇ ਨੂੰ ਬੰਦਾ ਸਮਝਣੋਂ ਹਟ ਗਿਆ। ਪਿੰਡ ਵਾਲੇ ਦਾ ਕੰਮ ਵੀ ਪੈਸੇ ਤੋਂ ਬਿਨਾ ਨਾ ਕਰਦਾ। ਦੂਜੇ ਬੰਨ੍ਹੇ, ਤੇਜੇ ਦੇ ਸੁਭਾਅ ਨੇ ਉਸ ਨੂੰ ਪਿੰਡ ਵਿਚ ਚੰਗਾ ਹਰਮਨ ਪਿਆਰਾ ਬਣਾ ਦਿੱਤਾ। ਚੰਨਣ ਸਿਉਂ ਤੋਂ ਬਾਅਦ ਸਰਪੰਚੀ ਤੇਜੇ ਕੋਲ ਆ ਗਈ, ਨਾਲ ਹੀ ਉਸ ਦਾ ਵਿਆਹ ਹੋ ਗਿਆ। ਉਸ ਦੀ ਘਰਵਾਲੀ ਪ੍ਰੀਤੋ ਬੜੀ ਸੋਹਣੀ ਤੇ ਸਿਆਣੀ, ਚੰਗੇ ਘਰ ਦੀ ਧੀ ਸੀ। ਉਂਜ ਘਰ ਵਿਚ ਜ਼ਿਆਦਾ ਭਜਨੋ ਦੀ ਹੀ ਚੱਲਦੀ। ਪ੍ਰੀਤੋ ਉਸ ਦੀ ਹਾਂ ਵਿਚ ਹਾਂ ਮਿਲਾ ਦਿੰਦੀ।

ਨਾਜ਼ਰ ਦੇ ਦਿਲ 'ਚ ਲਾਲਚ ਸੀ ਕਿ ਕੈਦੋ ਦਾ ਵਿਆਹ ਤਾਂ ਹੋਣਾ ਨਹੀਂ, ਸਾਰੀ ਜਮੀਨ ਉਹਦੀ ਅਤੇ ਤੇਜੇ ਦੀ ਹੋ ਜਾਣੀ ਹੈ। ਮੰਜੇ 'ਤੇ ਪਏ ਚੰਨਣ ਸਿਉਂ ਨੂੰ ਨਾਜ਼ਰ ਨੇ ਕਿਹਾ, "ਬਾਪੂ! ਜਮੀਨ ਦੀ ਵਸੀਅਤ ਮੇਰੇ ਤੇ ਤੇਜੇ ਦੇ ਨਾਂ ਕਰਵਾ ਦੇਹ, ਕੈਦੋ ਦਾ ਕੀ ਪਤਾ, ਮਗਰੋਂ ਵੇਚ ਕੇ ਖਾਹ ਜਾਵੇ", ਪਰ ਬਾਪੂ ਨੇ ਜਮੀਨ ਤਿੰਨਾਂ ਦੇ ਨਾਂ ਕਰਵਾ ਦਿੱਤੀ। ਚੰਨਣ ਸਿਉਂ ਦੇ ਮਰਨ ਪਿਛੋਂ ਪ੍ਰੀਤੋ ਨੇ ਆਪਣੇ ਮਾਮੇ ਦੀ ਧੀ ਦਾ ਰਿਸ਼ਤਾ ਮੁਨਸ਼ੀ ਨੂੰ ਕਰਾ ਦਿੱਤਾ। ਮੁਨਸ਼ੀ ਦੀ ਘਰਵਾਲੀ ਤਾਰੋ ਭਾਵੇਂ ਲੱਤੋਂ ਲੰਝੀ ਸੀ, ਪਰ ਘਰ ਦਾ ਕੰਮ ਉਹ ਪੂਰਾ ਕਰਦੀ। ਪ੍ਰੀਤੋ ਦੇ ਇਸ ਫੈਸਲੇ ਦਾ ਨਾਜ਼ਰ ਤੇ ਭਜਨੋ ਨੇ ਵਿਰੋਧ ਤਾਂ ਬਹੁਤ ਕੀਤਾ, ਪਰ ਉਹ ਮੁਨਸ਼ੀ ਨੂੰ ਘੋੜੀ ਚਾੜ੍ਹ ਕੇ ਹਟੀ। ਪ੍ਰੀਤੋ ਦੇ ਵਾਰੋ-ਵਾਰੀ ਦੋ ਕੁੜੀਆਂ ਹੋਈਆਂ, ਉਸ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਨਾਜ਼ਰ ਤਾਂ ਖੁਸ਼ੀ 'ਚ ਨੱਚਦਾ ਸੀ ਕਿ ਤੇਜੇ ਦੇ ਹੁਣ ਕੋਈ ਨਿਆਣਾ ਨਹੀਂ ਹੋਣਾ ਤੇ ਮੁਨਸ਼ੀ ਦੀ ਤਾਰੋ ਦਾ ਨਿਆਣਾ ਅਸੀਂ ਰਹਿਣ ਨਹੀਂ ਦੇਣਾ, ਤੇ ਸਾਰੀ ਜਮੀਨ ਉਹਦੇ ਪੁੱਤਰ ਰਾਜੇ ਦੀ ਹੋ ਜਾਣੀ ਹੈ।

ਰਾਜਾ ਵੀ ਹੁਣ ਜਵਾਨ ਹੋ ਗਿਆ ਸੀ, ਪਰ ਡੱਕਾ ਨਹੀਂ ਸੀ ਤੋੜਦਾ, ਅਵਾਰਾਗਰਦੀ ਕਰਦਾ ਰਹਿੰਦਾ। ਇਕ ਵਾਰ ਉਸ ਨੇ ਕਿਸੇ ਮੁੰਡੇ ਦਾ ਸਿਰ ਹੀ ਪਾੜ ਦਿੱਤਾ। ਅਗਲਿਆਂ ਅੰਦਰ ਕਰਵਾ ਦਿੱਤਾ। ਚੰਗੀ ਕਿਸਮਤ ਨੂੰ ਤੇਜੇ ਨੇ ਐਸ.ਪੀ. ਨੂੰ ਕਹਿ ਕੇ ਕੇਸ ਰਫਾ-ਦਫਾ ਕਰਵਾ ਲਿਆ। ਫਿਰ ਨਾਜ਼ਰ ਤੇ ਭਜਨੋ ਨੇ ਸਲਾਹ ਕੀਤੀ ਕਿ ਰਾਜੇ ਨੂੰ ਇਹਦੀ ਮਾਸੀ ਕੋਲ ਸਿੰਘਾਪੁਰ ਭੇਜ ਦੇਈਏ। ਛੇ ਮਹੀਨੇ 'ਚ ਹੀ ਰਾਜਾ ਮਾਸੀ ਕੋਲ ਪੁੱਜ ਗਿਆ। ਮਾਸੀ ਦੇ ਮੁੰਡਿਆਂ ਦਾ ਆਪਣਾ ਸਟੋਰ ਸੀ, ਉਨ੍ਹਾਂ ਉਥੇ ਰਾਜਾ ਕੰਮ 'ਤੇ ਲਾ ਲਿਆ, ਪਰ ਵਿਹਲਾ ਰਹਿਣ ਗਿਝਿਆ ਬੰਦਾ ਕਿਥੋਂ ਕੰਮ ਕਰਦਾ! ਵਿਹਲੜ ਨੇ ਗੁਆਂਢੀਆਂ ਘਰ ਆਪਣੀ ਮਾਮੀ ਕੋਲ ਆਈ ਕੁੜੀ ਨਾਲ ਇਸ਼ਕ ਪੇਚਾ ਪਾ ਲਿਆ। ਕੁੜੀ ਅਮਰੀਕਾ ਦੀ ਸਿਟੀਜ਼ਨ ਸੀ। ਰਾਜੇ ਦੀ ਮਾਸੀ ਨੂੰ ਪਤਾ ਲੱਗਾ ਤਾਂ ਕਹਿੰਦੀ, "ਇਹ ਤਾਂ ਹਿੰਦੂਆਂ ਦਾ ਪਰਿਵਾਰ ਹੈ, ਇਹ ਵਿਆਹ ਨਹੀਂ ਹੋ ਸਕਦਾ।" ਪਰ ਪੁੱਤ ਦੀ ਜ਼ਿਦ ਅੱਗੇ ਨਾਜ਼ਰ ਨੂੰ ਝੁਕਣਾ ਪੈ ਗਿਆ। ਰਾਜੇ ਦਾ ਵਿਆਹ ਸ਼ੀਲਾ ਨਾਲ ਕਰ ਦਿੱਤਾ ਜੋ ਉਸ ਨੂੰ ਛੇ ਮਹੀਨੇ ਬਾਅਦ ਅਮਰੀਕਾ ਲੈ ਗਈ।

ਮੁਨਸ਼ੀ ਦੇ ਵਿਆਹ ਨੂੰ ਨਾਜ਼ਰ ਮੂੰਹ ਇੰਜ ਰੱਖਦਾ ਸੀ, ਜਿਵੇਂ ਲੈਚੀਆਂ ਦੀ ਥਾਂ ਮੂੰਹ 'ਚ ਕਰੇਲੇ ਦੇ ਬੀਜ ਰੱਖੇ ਹੋਣ। ਦੋਵੇਂ ਜੀਅ ਇਹੀ ਚਾਹੁੰਦੇ ਸਨ ਕਿ ਤਾਰੋ ਦੀ ਕੁੱਖ ਨਾ ਭਰੇ। ਭਜਨੋ ਗੱਲੀਂ-ਬਾਤੀਂ ਤਾਰੋ ਤੋਂ ਦਿਨ ਟੱਪਿਆਂ ਬਾਰੇ ਪੁੱਛ ਲੈਂਦੀ ਤੇ ਗਰਮ ਚੀਜ਼ਾਂ ਖੁਆ ਕੇ ਉਸ ਦੀ ਕੁੱਖ ਸਾਫ ਕਰ ਦਿੰਦੀ। ਤੀਜੀ ਵਾਰ ਤਾਰੋ ਨੇ ਕੁਝ ਨਾ ਦੱਸਿਆ। ਇਸ ਗੱਲ ਦੀ ਖਬਰ ਪ੍ਰੀਤੋ ਨੂੰ ਹੋ ਗਈ ਸੀ ਕਿ ਭਜਨੋ ਤਾਰੋ ਦੇ ਨਿਆਣਾ ਨਹੀਂ ਹੋਣਾ ਦੇਣਾ ਚਾਹੁੰਦੀ। ਪ੍ਰੀਤੋ ਰੱਬ ਨੂੰ ਬਹੁਤ ਮੰਨਦੀ ਸੀ। ਉਸ ਨੇ ਤਾਰੋ ਦੇ ਪੰਜ ਮਹੀਨੇ ਟਪਾ ਦਿੱਤੇ। ਭਜਨੋ ਜ਼ਖਮੀ ਸੱਪ ਵਾਂਗ ਫੁੰਕਾਰੇ ਮਾਰਦੀ ਰਹਿੰਦੀ। ਨਾਜ਼ਰ ਨੂੰ 15 ਕਿੱਲਿਆਂ ਵਿਚ ਵੱਟਾਂ ਪੈਂਦੀਆਂ ਨਜ਼ਰ ਆਉਣ ਲੱਗੀਆਂ। ਦੋਵੇਂ ਜੀਅ ਲਾਲਚ ਵਿਚ ਦੂਜਿਆਂ ਨੂੰ ਦੇਖਣਾ ਵੀ ਨਹੀਂ ਸੀ ਚਾਹੁੰਦੇ, ਪਰ ਰੱਬ ਦੇ ਰੰਗ ਨਿਆਰੇ! ਤਾਰੋ ਨੇ ਦੋ ਪੁੱਤਰਾਂ ਨੂੰ ਜਨਮ ਦਿੱਤਾ। ਤਾਰੋ ਨੇ ਇਕ ਪੁੱਤਰ ਪ੍ਰੀਤੋ ਦੀ ਝੋਲੀ ਪਾ ਦਿੱਤਾ। ਸਾਰੇ ਪਿੰਡ ਨੇ ਖੁਸ਼ੀ ਮਨਾਈ ਕਿ ਭਾਈ! ਆਹ ਤਾਂ ਰੱਬ ਨੇ ਸਮਝੋ ਦੋਵਾਂ ਜਣੀਆਂ ਨੂੰ ਪੁੱਤਾਂ ਦੀ ਦਾਤ ਬਖਸ਼ ਦਿੱਤੀ। ਨਾਜ਼ਰ ਦੀ ਮਾਂ ਨੇ ਵੀ ਕਿਸੇ ਨੂੰ ਖਾਲੀ ਨਾ ਮੋੜਿਆ, ਪਰ ਨਾਜ਼ਰ ਤੇ ਭਜਨੋ ਲਈ ਇਹ ਖੁਸ਼ੀ ਜਰਨੀ ਮੁਸ਼ਕਿਲ ਹੋ ਰਹੀ ਸੀ।

ਨਾਜ਼ਰ ਨੇ ਇਕੱਠੀ ਹੋਈ ਆਮਦਨ ਨਾਲ 3 ਕਿੱਲੇ ਆਪਣੇ ਨਾਂ ਲਿਖਾ ਲਏ। ਜਦੋਂ ਤੇਜੇ ਤੇ ਮੁਨਸ਼ੀ ਨੂੰ ਪਤਾ ਲੱਗਾ ਤਾਂ ਉਹ ਬੋਲੇ, "ਬਾਈ ਜੀ! ਚੋਰੀ ਰਜਿਸਟਰੀ ਕਰਵਾਉਣ ਦੀ ਕੀ ਲੋੜ ਸੀ, ਅਸੀਂ ਆਪ ਤੇਰੇ ਨਾਂ ਜਮੀਨ ਕਰਵਾ ਦਿੰਦੇ।" ਨਾਜ਼ਰ ਸ਼ਰਮ ਨਾਲ ਨੀਵੀਂ ਪਾ ਗਿਆ, ਪਰ ਸੁਧਰਿਆ ਫਿਰ ਵੀ ਨਾ। ਤੇਜੇ ਦੀਆਂ ਦੋਵੇਂ ਧੀਆਂ ਵਧੀਆ ਪੜ੍ਹ ਰਹੀਆਂ ਸਨ। ਤਾਰੋ ਤੇ ਪ੍ਰੀਤੋ ਆਪਣੇ ਜੀਤੇ ਤੇ ਮੀਤੇ ਨੂੰ ਪਾਲ ਰਹੀਆਂ ਸਨ। ਸਮਾਂ ਬੀਤਦਾ ਗਿਆ। ਭਜਨੋ ਨੂੰ ਕੈਂਸਰ ਦੀ ਬਿਮਾਰੀ ਨੇ ਆਣ ਦਬੋਚਿਆ। ਇਕ ਸਾਲ ਤੜਫਦੀ ਰਹੀ। ਸਾਂਝੇ ਖਾਤੇ 'ਚੋਂ ਨਾਜ਼ਰ ਨੇ ਪੈਸਾ ਪਾਣੀ ਵਾਂਗ ਵਹਾਇਆ। 'ਪੈਸੇ ਦੀ ਲੋੜ' ਕਹਿ ਕੇ ਬੇਈਮਾਨੀ ਨਾਲ ਮੁਨਸ਼ੀ ਦੀ ਦੋ ਕਿੱਲੇ ਜਮੀਨ ਆਪ ਲਿਖਾ ਗਿਆ, ਪਰ ਭਜਨੋ ਫਿਰ ਵੀ ਨਾ ਬਚੀ। ਆਖਰੀ ਵਾਰ ਪੁੱਤ ਵੀ ਨਾ ਬਹੁੜਿਆ, ਜਿਸ ਖਾਤਰ ਭਰਾਵਾਂ ਨਾਲ ਬੇਈਮਾਨੀ ਕਰੀ ਗਿਆ।

ਨਾਜ਼ਰ ਬਿਜਲੀ ਬੋਰਡ ਤੋਂ ਪਹਿਲਾਂ ਹੀ ਰਿਟਾਇਰਮੈਂਟ ਲੈ ਗਿਆ। ਖੇਤ ਵਿਚ ਵੱਟਾਂ ਵੱਢੀ ਜਾਂਦਾ। ਉਹ ਸਾਰੀ ਜਮੀਨ ਦਾ ਇਕੱਲਾ ਮਾਲਕ ਬਣਨਾ ਚਾਹੁੰਦਾ ਸੀ। ਤੇਜਾ ਤੇ ਮੁਨਸ਼ੀ-ਦੋਵੇਂ ਠੰਢੇ ਸੁਭਾਅ ਦੇ ਸਨ। ਨਾਜ਼ਰ ਨੇ ਮੁਨਸ਼ੀ ਦੇ ਦੋ ਕਿੱਲੇ ਫਿਰ ਆਪਣੇ ਨਾਂ ਕਰਵਾ ਲਏ। ਹੁਣ ਜੱਦੀ ਜਮੀਨ ਵਿਚੋਂ ਮੁਨਸ਼ੀ ਕੋਲ ਕਿੱਲਾ ਹੀ ਬਚਿਆ ਸੀ।

ਤੇਜੇ ਦੀ ਵੱਡੀ ਕੁੜੀ ਨੂੰ ਅਮਰੀਕਾ ਤੋਂ ਰਿਸ਼ਤਾ ਆ ਗਿਆ। ਅਗਲੇ ਬਿਨਾ ਦਾਜ-ਦਹੇਜ ਲਿਆਂ ਕੁੜੀ ਵਿਆਹ ਕੇ ਲੈ ਗਏ। ਨਾਜ਼ਰ ਦੇਖਦਾ ਹੀ ਰਹਿ ਗਿਆ। ਫਿਰ ਦੂਜੀ ਕੁੜੀ ਇਸੇ ਤਰ੍ਹਾਂ ਕੈਨੇਡਾ ਵਾਲੇ ਮੁੰਡੇ ਨਾਲ ਵਿਆਹੀ ਗਈ। ਨਾਜ਼ਰ ਲਈ ਇਹ ਸਭ ਕੁਝ ਜਰਨਾ ਬਹੁਤ ਔਖਾ ਹੋ ਗਿਆ। ਉਹ ਕਈ ਦਿਨ ਦਾਰੂ ਪੀਂਦਾ ਰਿਹਾ। ਅਖੀਰ ਡਾਕਟਰ ਕੋਲ ਜਾ ਕੇ ਇਲਾਜ ਕਰਵਾਇਆ, ਪਰ ਲਾਲਚ ਦੀ ਬਿਮਾਰੀ ਉਵੇਂ ਹੀ ਚਿੰਬੜੀ ਹੋਈ ਸੀ। ਜੀਤਾ ਤੇ ਮੀਤਾ ਵੀ ਸਕੂਲੇ ਪੜ੍ਹਨ ਲੱਗ ਗਏ।

ਇਧਰ ਰਾਜੇ ਨੇ ਵੀ ਪਹਿਲੀ ਪੂਣੀ ਕੱਤੀ, ਸ਼ੀਲਾ ਨੇ ਧੀ ਨੂੰ ਜਨਮ ਦਿੱਤਾ, ਪਰ ਰਾਜੇ ਦੇ ਉਹੀ ਲੱਛਣ ਰਹੇ। ਖਰਚੇ ਵਧ ਗਏ ਸਨ। ਰਾਜੇ ਨੇ ਬਾਪੂ ਨੂੰ ਰੁਪਇਆਂ ਬਾਰੇ ਕਿਹਾ। ਉਸ ਨੇ ਭਰਾਵਾਂ ਨਾਲ ਗੱਲ ਕੀਤੀ ਕਿ ਦੋ ਕਿੱਲੇ ਵੇਚ ਕੇ ਰਾਜੇ ਨੂੰ ਰੁਪਏ ਭੇਜ ਦੇਈਏ। ਉਹ ਦੋਵੇਂ ਕਹਿੰਦੇ, ਆਪਣੇ ਹਿੱਸੇ ਦੀ ਭਲਾ ਸਾਰੀ ਵੇਚ ਕੇ ਰੁਪਏ ਭੇਜ ਦੇਹ! ਨਾਜ਼ਰ ਨੇ ਚੋਰੀ ਰੱਖੇ ਰੁਪਏ ਰਾਜੇ ਨੂੰ ਭੇਜ ਦਿੱਤੇ। ਰਾਜੇ ਨੇ ਨਾਜ਼ਰ ਦੇ ਪੇਪਰ ਭੇਜ ਦਿੱਤੇ ਅਤੇ ਨਾਜ਼ਰ ਅਮਰੀਕਾ ਆ ਗਿਆ। ਛੇ ਮਹੀਨਿਆਂ ਵਿਚ ਰਾਜੇ ਨੇ ਨਾਜ਼ਰ ਨੂੰ ਅੱਠ ਵਾਰ ਕੁੱਟਿਆ ਹੋਣਾ! ਰਾਜਾ ਕਹਿੰਦਾ ਸੀ, "ਸਾਰੀ ਜਮੀਨ ਵੇਚ ਕੇ ਰੁਪਏ ਮੈਨੂੰ ਲਿਆ ਕੇ ਦੇਹ।" ਥੋੜ੍ਹੇ ਹੀ ਸਾਲਾਂ ਵਿਚ ਨਾਜ਼ਰ ਨੇ ਆਪਣੀ ਸਾਰੀ ਜਮੀਨ ਬੈਅ ਕਰ ਦਿੱਤੀ ਅਤੇ ਰੁਪਏ ਰਾਜੇ ਨੂੰ ਅਮਰੀਕਾ ਲਿਆ ਕੇ ਦਿੱਤੇ। ਹੁਣ ਨਾਜ਼ਰ ਕੋਲ ਇਕ ਸਿਆੜ ਵੀ ਜਮੀਨ ਦਾ ਨਹੀਂ ਸੀ ਅਤੇ ਰਾਜਾ ਰੋਜ਼ ਉਸ ਨੂੰ ਦਾਰੂ ਪੀ ਕੇ ਕੁੱਟਦਾ। ਉਸ ਦੀ ਜੂਨ ਬਦ ਤੋਂ ਬਦਤਰ ਹੋ ਗਈ।


ਜੀਤਾ ਤੇ ਮੀਤਾ ਸੋਹਣੇ ਜਵਾਨ ਨਿਕਲੇ। ਤੇਜਾ ਤੇ ਮੁਨਸ਼ੀ ਉਨ੍ਹਾਂ ਨੂੰ ਦੇਖ-ਦੇਖ ਜਿਉਂਦੇ। ਹੁਣ ਇਨ੍ਹਾਂ ਕੋਲ ਕੁੱਲ ਛੇ ਕਿੱਲੇ ਜਮੀਨ ਸੀ। ਪੰਜ ਕਿਲੇ ਤੇਜੇ ਦੀ ਅਤੇ ਕਿੱਲਾ ਮੁਨਸ਼ੀ ਦਾ। ਤੇਜਾ ਤੇ ਪ੍ਰੀਤੋ ਆਪਣੀ ਵੱਡੀ ਧੀ ਕੋਲ ਕੈਲੀਫੋਰਨੀਆ ਆ ਗਏ।

ਨਾਜ਼ਰ ਪੁੱਤ ਦਾ ਸਤਾਇਆ ਪਿਛੇ ਜੀਤੇ ਤੇ ਮੀਤੇ ਕੋਲ ਚਲਿਆ ਗਿਆ। ਦੋਹਾਂ ਨੇ ਨਾਜ਼ਰ ਨੂੰ ਪਿਓ ਨਾਲੋਂ ਵੱਧ ਇੱਜਤ ਦਿੱਤੀ। ਪਿੰਡ ਸਾਰਾ ਦੇਖਦਾ ਸੀ ਕਿ ਜਿਨ੍ਹਾਂ ਨੂੰ ਨਾਜ਼ਰ ਉਗਣ ਨਹੀਂ ਸੀ ਦੇਣਾ ਚਾਹੁੰਦਾ, ਉਹੀ ਅੱਜ ਉਸ ਨੂੰ ਹੱਥੀਂ ਛਾਂ ਕਰ ਰਹੇ ਹਨ। ਅਖੀਰ ਸ਼ਰਾਬ ਜ਼ਿਆਦਾ ਪੀਣ ਕਰ ਕੇ ਨਾਜ਼ਰ ਦਾ ਲੀਵਰ ਖਰਾਬ ਹੋ ਗਿਆ ਤੇ ਜਾਨ ਗੁਆ ਬੈਠਾ। ਜਾਂਦੀ ਵਾਰ ਉਹਨੇ ਦੋਹਾਂ ਭਤੀਜਿਆਂ ਤੋਂ ਮੁਆਫੀ ਮੰਗੀ, "ਪੁੱਤਰੋ! ਮੈਨੂੰ ਮੁਆਫ ਕਰ ਦਿਓ। ਮੈਂ ਲਾਲਚੀ ਹੋ ਗਿਆ ਸੀ। ਆਪਣੇ ਲਈ ਆਪ ਕੰਡੇ ਬੀਜਦਾ ਰਿਹਾ। ਮੈਨੂੰ ਨਹੀਂ ਸੀ ਪਤਾ ਕਿ ਪਿਛਲੀ ਉਮਰੇ ਮੇਰੇ ਨਾਲ ਇੱਦਾਂ ਹੋਣੀ ਐ। ਜੇ ਪਤਾ ਹੁੰਦਾ, ਅਜਿਹਾ ਨਾ ਕਰਦਾ।" ਨਾਜ਼ਰ ਦੇ ਸਾਰੇ ਕ੍ਰਿਆ-ਕਰਮ ਉਸ ਦੇ ਭਤੀਜਿਆਂ ਨੇ ਕੀਤੇ।

ਕਰਮ ਸਿਉਂ ਅਤੇ ਨਿੱਕਾ ਸਿਉ ਨੇ ਗੱਲਾਂ ਕਰਦਿਆਂ ਇਸ ਟੱਬਰ ਦੀ ਸਾਰੀ ਕਹਾਣੀ ਅੱਖਾਂ ਅੱਗਿਓਂ ਲੰਘਾ ਦਿੱਤੀ ਸੀ।

# ਸਿਆਸਤ ਨੂੰ ਇਸ਼ਾਰਿਆਂ 'ਤੇ ਨਚਾਉਣ ਵਾਲੇ ਸਾਧਾਂ ਦਾ ਹਸ਼ਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ ਮੀਡੀਆ ਹਾਲੇ ਤੱਕ ਡੇਰਾ ਸੱਚਾ ਸੌਦਾ ਵਾਲੇ ਗੁਰਮੀਤ ਰਾਮ ਰਹੀਮ ਸਿੰਘ ਦੀ ਕਥਾ ਕਰਨ ਵਿਚ ਰੁੱਝਾ ਦਿਖਾਈ ਦਿੰਦਾ ਹੈ। ਉਨ੍ਹਾਂ ਲਈ ਇਹ ਕੰਮ ਹਰ ਪੱਖੋਂ ਲਾਹੇਵੰਦਾ ਹੈ। ਦਰਸ਼ਕਾਂ ਦੀ ਵੱਡੀ ਗਿਣਤੀ ਅੱਜ ਕੱਲ੍ਹ ਕਪਿਲ ਸ਼ਰਮਾ ਦਾ ਸ਼ੋਅ ਨਾ ਆਉਣ ਕਾਰਨ ਆਵਾਜ਼ਾਰ ਸੀ। ਉਹ ਦਰਸ਼ਕ ਹੁਣ ਰਾਮ ਰਹੀਮ ਸਿੰਘ ਦੀ ਕਹਾਣੀ ਚਸਕੇ ਲੈ ਕੇ ਸੁਣਦੇ ਹਨ ਤੇ ਮੀਡੀਏ ਵਾਲਿਆਂ ਨੂੰ ਹੋਰ ਕਹਾਣੀਆਂ ਪੇਸ਼ ਕਰਨ ਦੀ ਖੇਚਲ ਨਹੀਂ ਕਰਨੀ ਪੈਂਦੀ। ਜਦੋਂ ਹੋਰ ਕੋਈ ਖਿੱਚ ਪਾਉਣ ਵਾਲਾ ਮੁੱਦਾ ਨਹੀਂ ਹੁੰਦਾ, ਹਨੀਪ੍ਰੀਤ ਕੌਰ ਦੀਆਂ ਵੱਖੋ-ਵੱਖ ਪੋਜ਼ ਦੀਆਂ ਤਸਵੀਰਾਂ ਅਤੇ ਚਟਕਾਰੇ ਲੈ-ਲੈ ਪੇਸ਼ ਕਰਨ ਵਾਲੇ ਕਿੱਸੇ ਉਦੋਂ ਮੇਜ਼ ਦੀ ਦਰਾਜ ਵਿਚੋਂ ਕੱਢ ਲੈਂਦੇ ਹਨ। ਜਦੋਂ ਇਹ ਗੰਦ ਪੇਸ਼ ਕਰਨ ਦੀ ਲੋੜ ਸੀ, ਉਦੋਂ ਮੀਡੀਆ ਸਿਰਸੇ ਵਾਲੇ ਬਾਬੇ ਨੂੰ 'ਮੈਸੈਂਜਰ ਆਫ ਗਾਡ' ਵਜੋਂ ਪੇਸ਼ ਕਰਨ 'ਚ ਲੱਗਾ ਰਹਿੰਦਾ ਸੀ। ਆਪਣੇ ਪਾਪਾਂ ਦੇ ਸਿਆੜਾਂ ਵਿਚ ਬੀਜੇ ਜਾ ਚੁਕੇ ਉਸ ਬਾਬੇ ਕੋਲ ਬਾਹਰ ਆ ਸਕਣ ਦੇ ਬਹੁਤੇ ਮੌਕੇ ਹੁਣ ਨਹੀਂ ਰਹਿ ਗਏ। ਭਾਰਤ ਦੀ ਰਾਜਨੀਤੀ ਵਿਚ ਜਿਨ੍ਹਾਂ ਨੂੰ ਉਸ ਦੀ ਲੋੜ ਪੈਂਦੀ ਰਹਿੰਦੀ ਸੀ, ਉਹ ਵੀ ਉਸ ਨਾਲੋਂ ਨਾਤੇ ਤੋੜ ਰਹੇ ਹਨ। ਇਸ ਦੀ ਉਘੀ ਮਿਸਾਲ ਇਹ ਹੈ ਕਿ ਹਾਲੇ ਇੱਕ ਮਹੀਨਾ ਪਹਿਲਾਂ ਹਰਿਆਣਾ ਸਰਕਾਰ ਨੇ ਸਾਧ ਦੇ ਜਨਮ ਦਿਨ ਮੌਕੇ ਜਿਹੜਾ ਇਕਵੰਜਾ ਲੱਖ ਰੁਪਏ ਦਾ ਚੈਕ ਦਿੱਤਾ ਸੀ, ਉਹ ਹੁਣ ਵਾਪਸ ਲੈ ਲਿਆ ਹੈ। ਸਿਰਫ ਵਾਪਸ ਨਹੀਂ ਲਿਆ, ਵਾਪਸ ਲੈਣ ਦਾ ਐਲਾਨ ਉਸ ਮੰਤਰੀ ਤੋਂ ਕਰਵਾਇਆ ਹੈ, ਜਿਹੜਾ ਇਹ ਚੈਕ ਸਿਰਸੇ ਵਿਚ ਬਾਬੇ ਨੂੰ ਭੇਟ ਕਰਨ ਲਈ ਉਸ ਦੇ ਚਰਨਾਂ ਵਿਚ ਝੁਕਿਆ ਸੀ ਤੇ ਜਿਸ ਦਿਨ ਪੰਚਕੂਲੇ ਵਿਚ ਸਾਧ ਦੀ ਪੇਸ਼ੀ ਹੋਣੀ ਸੀ, ਉਥੇ ਲਿਆਂਦੀ ਭੀੜ ਦੇ ਖਾਣ-ਪੀਣ ਸਮੇਤ ਹੋਰ ਸਾਰੇ ਪ੍ਰਬੰਧਾਂ ਦਾ ਜ਼ਿੰਮਾ ਸੰਭਾਲਦਾ ਰਿਹਾ ਸੀ। ਉਹ ਮੰਤਰੀ ਵੀ ਕਿਸੇ ਅਗਲੀ ਲੋੜ ਲਈ ਹੁਣ ਇੱਕ ਦਮ ਨਵਾਂ ਗੇਅਰ ਲਾਉਣ ਤੁਰ ਪਿਆ ਹੈ।

ਇਨ੍ਹਾਂ ਮਾਮਲਿਆਂ ਵਿਚ ਸਿਰਫ ਸਿਆਸੀ ਲੋੜਾਂ ਨਹੀਂ, ਕਈ ਕਿਸਮ ਦੇ ਹੋਰ ਗੇੜੇ ਵੀ ਪੈ ਜਾਇਆ ਕਰਦੇ ਹਨ, ਜਿਹੜੇ ਸਮਝਣੇ ਏਨੇ ਸੌਖੇ ਨਹੀਂ ਹੁੰਦੇ, ਜਿੰਨੇ ਅਸੀਂ ਸੋਚ ਲੈਂਦੇ ਹਾਂ। ਇਸ ਵਾਰੀ ਡੇਰਾ ਸੱਚਾ ਸੌਦਾ ਰਾਜਨੀਤੀ ਦੀ ਤਿਕੜਮ ਤੋਂ ਬਗੈਰ ਫਸ ਗਿਆ। ਫਸਦੇ ਨੂੰ ਬਚਾਉਣ ਲਈ ਰਾਜਨੀਤੀ ਦੇ ਧਨੰਤਰਾਂ ਨੇ ਪੂਰਾ ਜ਼ੋਰ ਲਾਇਆ, ਪਰ ਜਦੋਂ ਬਚਾਇਆ ਨਹੀਂ ਜਾ ਸਕਿਆ ਤਾਂ ਹੁਣ ਹੋ ਰਹੀਆਂ ਖੋਜਾਂ ਉਸ ਬਾਬੇ ਨਾਲ ਸਬੰਧਤ ਨਹੀਂ, ਬਾਬੇ ਦੀ ਚਾਰ ਹਜ਼ਾਰ ਕਰੋੜ ਦੀ ਜਾਇਦਾਦ ਵਾਲੇ ਡੇਰੇ ਉਤੇ ਕੋਈ ਚੇਲਾ ਬਿਠਾਉਣ ਵਾਸਤੇ ਚੱਲ ਰਹੀਆਂ ਹਨ। ਇਸ ਵਿਚ



ਕਈ ਪੱਖਾਂ ਦਾ ਜ਼ੋਰ ਲੱਗਦਾ ਸੁਣਿਆ ਜਾ ਰਿਹਾ ਹੈ। ਬਹੁਤੀ ਸੰਭਾਵਨਾ ਇਹ ਹੈ ਕਿ ਕਦੀ ਬਾਬੇ ਦੇ ਚਰਨਾਂ ਵਿਚ ਇਕਵੰਜਾ ਲੱਖ ਰੁਪਏ ਦਾ ਚੈਕ ਰੱਖ ਕੇ ਮੱਥਾ ਟੇਕਣ ਤੇ ਕਦੀ ਉਹ ਚੈਕ ਮੋੜ ਲਿਆਉਣ ਵਾਲੀ ਧਿਰ ਇਸ ਵਾਰੀ ਹੋਰਨਾਂ ਨੂੰ ਠਿੱਬੀ ਲਾਉਣ ਤੇ ਆਪਣੀ ਮਰਜ਼ੀ ਦਾ ਕੋਈ ਨਵਾਂ 'ਮਹਾਂਪੁਰਸ਼' ਪੇਸ਼ ਕਰ ਕੇ ਉਸ ਅੱਡੇ ਉਪਰ ਕਬਜ਼ਾ ਪੱਕਾ ਕਰਨ ਵਿਚ ਕਾਮਯਾਬ ਹੋ ਜਾਵੇਗੀ।

ਸਾਨੂੰ ਪੰਜਾਬ ਦੀ ਰਾਜਨੀਤੀ ਦਾ ਵੀ ਏਦਾਂ ਦੇ ਬਹੁਤ ਸਾਰੇ ਮੌਕਿਆਂ ਦਾ ਤਜਰਬਾ ਹੈ ਅਤੇ ਦੂਜੇ ਰਾਜਾਂ ਦੇ ਡੇਰਿਆਂ ਵਿਚ ਹੁੰਦੇ-ਵਾਪਰਦੇ ਦੀ ਕਨਸੋਅ ਵੀ ਮਿਲ ਜਾਂਦੀ ਹੈ। ਪੰਜਾਬ ਵਿਚ ਤੀਹ ਕੁ ਸਾਲ ਪਹਿਲਾਂ ਅਕਾਲੀਆਂ ਦੇ ਇੱਕ ਧੜੇ ਨੇ ਇੱਕ ਸੋਹਣਾ-ਸੁਨੱਖਾ ਮੁੰਡਾ ਸ਼ਿੰਗਾਰ ਕੇ ਸਿੱਖ ਪੰਥ ਅੱਗੇ ਪੇਸ਼ ਕੀਤਾ ਸੀ। ਬੋਲੀ ਵਿਚ ਮਿਠਾਸ ਸੀ। ਲੋਕਾਂ ਵਿਚ ਜਦੋਂ ਉਹ ਕਾਫੀ ਥਾਂ ਬਣਾ ਗਿਆ ਤਾਂ ਇੱਕ ਦਿਨ ਪੰਥਕ ਰਾਜਨੀਤੀ 'ਚ ਨਵਾਂ ਉਭਰਦਾ ਆਗੂ ਉਸ ਦੇ ਡੇਰੇ ਕੋਲੋਂ ਲੰਘਣ ਵੇਲੇ ਮਿਲਣ ਚਲਾ ਗਿਆ। ਬਾਬਾ ਬਣ ਚੁਕਾ ਉਹ ਮੁੰਡਾ ਉਸ ਰਾਜਸੀ ਆਗੂ ਦੇ ਬਾਪ ਦੀ ਇੱਜਤ ਕਰਦਾ ਸੀ, ਪਰ ਰਾਜਸੀ ਉਠਾਣ ਦੇ ਨਵੇਂ ਮਹੱਤਵ ਨੂੰ ਨਾ ਸਮਝ ਸਕਿਆ ਤੇ ਬਜ਼ੁਰਗ ਲੀਡਰ ਦੇ ਫਰਜ਼ੰਦ ਨੂੰ ਬਣਦਾ ਸਤਿਕਾਰ ਦੇਣ ਤੋਂ ਖੁੰਝ ਗਿਆ। ਅਗਲੇ ਸਾਲ ਉਹਦੇ ਨਾਲੋਂ ਵੱਧ ਤਿੱਖੀ ਬੋਲੀ ਵਾਲਾ ਉਸ ਨਾਲੋਂ ਕੁਝ ਸਾਲ ਛੋਟਾ ਇੱਕ ਗੱਭਰੂ ਚੁਣ ਕੇ ਪੰਥ ਦੇ ਨਵੇਂ ਕਥਾਕਾਰ ਵਜੋਂ ਪੇਸ਼ ਕਰ ਦਿੱਤਾ ਗਿਆ। ਨਵਾਂ ਬਾਬਾ ਪਹਿਲੇ ਤੋਂ ਵੀ ਵੱਧ ਚਮਕਿਆ। ਅਸੀਂ ਪਿਛਲੇ ਪੰਜਾਹ ਸਾਲਾਂ ਵਿਚ ਕਈ ਬਾਬੇ ਏਦਾਂ ਉਭਰਦੇ ਤੇ ਫਿਰ ਖੂੰਜੇ ਲੱਗਦੇ ਜਾਂ ਲਾਏ ਜਾਂਦੇ ਵੇਖੇ ਹਨ। ਇਹ ਨਵਾਂ ਉਠਿਆ ਬਾਬਾ ਜਦੋਂ ਪੰਥਕ ਰਾਜਨੀਤੀ ਦੇ ਭਵਿੱਖ ਦਾ ਮੁਹਰੈਲ ਸਮਝੇ ਜਾਂਦੇ ਆਗੂ ਦੀ ਅੱਖ ਨਾ ਪਛਾਣ ਸਕਿਆ ਤਾਂ ਕਈ ਲੋਕ ਉਸੇ ਵੇਲੇ ਇਹ ਗੱਲਾਂ ਕਰਨ ਲੱਗ ਪਏ ਕਿ ਹੁਣ ਇਸ ਨੌਜਵਾਨ ਦੇ ਸੌਖੇ ਦਿਨ ਨਹੀਂ ਰਹਿ ਸਕਣੇ। ਫਿਰ ਉਹੋ ਗੱਲ ਹੁੰਦੀ ਵੇਖ ਲਈ। ਹੁਣ ਜੋ ਕੁਝ ਸਿਰਸੇ ਦੇ ਆਂਢ-ਗਵਾਂਢ ਵਾਪਰਦਾ ਦਿਖਾਈ ਦਿੰਦਾ ਹੈ, ਉਸ ਵਿਚੋਂ ਵੀ ਏਦਾਂ ਦੇ ਸੰਕੇਤ ਮਿਲਦੇ ਹਨ।

ਇਸ ਤੋਂ ਪਹਿਲਾਂ ਆਸੂ ਮੱਲ ਉਰਫ ਆਸਾ ਰਾਮ ਦੀ ਕਹਾਣੀ ਵੀ ਇਹੋ ਸੀ। ਪਾਕਿਸਤਾਨ ਵਿਚ ਰਹਿ ਗਏ ਸਿੰਧ ਦੇ ਨਵਾਬਸ਼ਾਹ ਜ਼ਿਲ੍ਹੇ ਵਿਚ ਜਨਮੇ ਆਸੂ ਮੱਲ ਨੇ ਇੰਦਰਾ ਗਾਂਧੀ ਦੇ ਰਾਜ ਦੌਰਾਨ ਗੁਜਰਾਤ ਵਿਚ ਜਦੋਂ ਡੇਰਾ ਸ਼ੁਰੂ ਕੀਤਾ ਤਾਂ ਉਸ ਨਾਲ ਚਾਰ-ਪੰਜ ਪੱਕੇ ਜੋੜੀਦਾਰ ਸਨ ਜਿਹੜੇ ਨਾਲ ਦੇ ਪਿੰਡਾਂ ਤੋਂ ਰਾਸ਼ਣ ਮੰਗਣ ਜਾਇਆ ਕਰਦੇ ਸਨ। ਹੌਲੀ-ਹੌਲੀ ਇਹ ਟੋਲੀ ਉਥੇ ਰਾਜ ਕਰਦੀ ਕਾਂਗਰਸ ਪਾਰਟੀ ਨਾਲ ਜੁੜ ਗਈ ਅਤੇ ਇਨ੍ਹਾਂ ਦੇ ਪਿੱਛੇ ਖੜੀਆਂ ਵੋਟਾਂ ਦੀ ਝਾਕ ਵਿਚ ਕਾਂਗਰਸ ਦੇ ਮੰਤਰੀ ਉਥੇ ਆਉਣ ਲੱਗ ਪਏ। ਕਾਂਗਰਸੀ ਸਰਕਾਰ ਨੇ ਇਨ੍ਹਾਂ ਨੂੰ ਬੜਾ ਵੱਡਾ ਪਲਾਟ ਮੁੱਖ ਮੰਤਰੀ ਕੋਟੇ ਵਿਚੋਂ ਦੇ ਦਿੱਤਾ ਤੇ ਇਹ ਆਨੇ-ਬਹਾਨੇ ਉਸ ਪਾਰਟੀ ਦਾ ਪੱਖ ਪੂਰਦੇ ਰਹੇ, ਪਰ ਜਦੋਂ ਕੁਝ ਸਾਲਾਂ ਬਾਅਦ ਉਥੇ ਭਾਜਪਾ ਸਰਕਾਰ ਬਣਦੀ ਦਿਖਾਈ ਦੇਣ ਲੱਗੀ, ਉਦੋਂ ਲੋਕਾਂ ਦਾ ਮੂਡ ਵੇਖ ਕੇ ਗੁਪਤ ਸੌਦੇ ਹੇਠ ਆਸਾ ਰਾਮ ਉਨ੍ਹਾਂ ਨਾਲ ਜੁੜ ਗਿਆ। ਸਰਕਾਰ ਬਣਦੇ ਸਾਰ ਕਾਂਗਰਸ ਦੇ ਦਿੱਤੇ ਪਲਾਟ ਨਾਲੋਂ ਵੱਡਾ ਪਲਾਟ ਭਾਜਪਾ ਵਾਲਿਆਂ ਦੇ ਦਿੱਤਾ। ਆਸਾ ਰਾਮ ਨੂੰ ਉਨ੍ਹਾਂ ਨਾਲ ਨਿੱਜੀ ਜਾਣ ਵਿਚ ਔਖ ਨਹੀਂ ਸੀ, ਪਰ ਜਦੋਂ ਗੁਜਰਾਤ ਦੀ ਰਾਜਨੀਤੀ ਵਿਚ ਨਰਿੰਦਰ ਮੋਦੀ ਦਾ ਉਭਾਰ ਹੋ ਰਿਹਾ ਸੀ, ਉਦੋਂ ਆਸਾ ਰਾਮ ਕੋਲੋਂ ਅੰਦਾਜ਼ੇ ਦੀ ਗਲਤੀ ਹੋ ਗਈ। ਸਰਕਾਰੀ ਤੇ ਗੈਰ ਸਰਕਾਰੀ ਜ਼ਮੀਨਾਂ ਉਤੇ ਹੱਦ ਤੋਂ ਵੱਧ ਖਿਲਾਰਾ ਪਾ ਕੇ ਆਪਣੇ ਆਪ ਨੂੰ ਵੱਡੀ ਹਸਤੀ ਵਜੋਂ ਪੇਸ਼ ਕਰਨ ਦਾ ਸ਼ੌਕੀਨ ਬਣ ਚੁਕਾ ਆਸਾ ਰਾਮ ਨਰਿੰਦਰ ਮੋਦੀ ਦੇ ਖਿਲਾਫ ਮੋਰਚਾ ਖੋਲ੍ਹ ਬੈਠਾ। ਅੱਗੋਂ ਮੋਦੀ ਨੇ ਸਰਕਾਰੀ ਅਫਸਰ ਭੇਜੇ ਅਤੇ ਇੱਕੋ ਹੱਲੇ ਵਿਚ ਆਸਾ ਰਾਮ ਦੇ ਆਸ਼ਰਮ ਹੇਠਲੀ ਸਤਾਹਠ ਹਜ਼ਾਰ ਏਕੜ ਜ਼ਮੀਨ ਛੁਡਵਾ ਲਈ। ਇਸ ਨਾਲ ਆਸਾ ਰਾਮ ਦੇ ਮੰਦੇ ਦਿਨ ਚੱਲ ਪਏ। ਕਾਂਗਰਸ ਤੋਂ ਆਸਾ ਰਾਮ ਨੂੰ ਇਸ ਮੌਕੇ ਮਦਦ ਦੀ ਝਾਕ ਸੀ, ਪਰ ਉਨ੍ਹਾਂ ਨੇ ਚੁਫੇਰਗੜ੍ਹੀਏ ਬਲਾਤਕਾਰੀ ਆਸਾ ਰਾਮ ਦੀ ਮਦਦ ਕੀ ਕਰਨੀ, ਦਿੱਲੀ ਵਿਚ ਉਹ ਕੇਸ ਕਾਂਗਰਸੀ ਸਰਕਾਰ ਵੇਲੇ ਆਸਾ ਰਾਮ ਉਤੇ ਦਰਜ ਹੋਇਆ, ਜਿਸ ਕਾਰਨ ਉਹ ਅੱਜ ਤੱਕ ਜੇਲ੍ਹ ਵਿਚ ਹੈ। ਉਸ ਨਾਲ ਜਿੰਨੀ ਹੋਈ-ਬੀਤੀ ਸੀ, ਉਹ ਕਈਆਂ ਨਾਲ ਵਾਪਰੀ ਹੈ ਤੇ ਕਈਆਂ ਨਾਲ ਅੱਗੋਂ ਵੀ ਵਾਪਰ ਸਕਦੀ ਹੈ।

ਪੰਜਾਬ ਵਿਚ ਇਸ ਦੀ ਇੱਕ ਮਿਸਾਲ ਨਿਹੰਗ ਲੀਡਰ ਅਜੀਤ ਸਿੰਘ ਪੂਹਲਾ ਸੀ, ਜੋ ਗਵਰਨਰੀ ਰਾਜ ਵਿਚ ਕਾਂਗਰਸੀ ਲੀਡਰਾਂ ਦੀ ਕ੍ਰਿਪਾ ਨਾਲ ਉਭਰਿਆ ਸੀ। ਹਾਲਾਤ ਬਦਲੇ ਤਾਂ ਪਹਿਲੀ ਵਾਰ ਬਣੀ ਅਕਾਲੀ-ਭਾਜਪਾ ਸਰਕਾਰ ਦੇ ਨੇੜੇ ਜਾਣ ਦੇ ਯਤਨ ਕਰਨ ਲੱਗ ਪਿਆ। ਜਦੋਂ ਬਾਬਾ ਬਕਾਲਾ ਵਿਚ ਕਾਨਫਰੰਸ ਕਰਨ ਲਈ ਅਕਾਲੀਆਂ ਨੂੰ ਥਾਂ ਨਹੀਂ ਸੀ ਮਿਲੀ, ਉਸ ਨੇ ਆਪਣੇ ਡੇਰੇ ਵਿਚ ਕਾਨਫਰੰਸ ਕਰਨ ਦੀ ਪੇਸ਼ਕਸ਼ ਕਰ ਦਿੱਤੀ। 'ਕੈਮਲ ਐਂਡ ਦ ਮਰਚੈਂਟ' ਦੀ ਪੁਰਾਣੀ ਕਹਾਣੀ ਵਾਂਗ ਉਠ ਨੂੰ ਵੜਨ ਦਾ ਮੌਕਾ ਦੇਣ ਦੀ ਭੁੱਲ ਜਿਵੇਂ ਵਪਾਰੀ ਨੂੰ ਮਹਿੰਗੀ ਪਈ ਤੇ ਫਿਰ ਉਠ ਨੇ ਉਸ ਨੂੰ ਬਾਹਰ ਕੱਢ ਦਿੱਤਾ ਸੀ, ਅਜੀਤ ਸਿੰਘ ਪੂਹਲੇ ਨੂੰ ਵੀ ਇਹੋ ਪੇਸ਼ਕਸ਼ ਮਹਿੰਗੀ ਪੈ ਗਈ। ਇਸ ਤੋਂ ਬਾਕੀ ਬਾਬੇ ਕੁਝ ਨਹੀਂ ਸਿੱਖ ਸਕੇ।

ਸਿਰਸੇ ਦੇ ਸੱਚਾ ਸੌਦਾ ਡੇਰੇ ਵਾਲਾ ਬਾਬਾ 'ਰੱਬ ਨੇੜੇ ਕਿ ਘਸੁੰਨ' ਦੇ ਫਾਰਮੂਲੇ ਵਾਂਗ ਜਿਹੜੀ ਧਿਰ ਰਾਜ ਕਰ ਰਹੀ ਹੁੰਦੀ ਸੀ, ਉਸੇ ਨਾਲ ਅੱਖ ਮਿਲ ਕੇ ਤੁਰ ਪੈਂਦਾ ਸੀ, ਪਰ ਜਦੋਂ ਉਸ ਧਿਰ ਦੀ ਸੱਤਾ ਤੋਂ ਦੂਰੀ ਵੇਖਦਾ ਤਾਂ ਕਾਂਟਾ ਬਦਲ ਜਾਂਦਾ ਸੀ। ਮੁੱਖ ਮੰਤਰੀ ਹੁੰਦਿਆਂ ਉਹ ਕੈਪਟਨ ਅਮਰਿੰਦਰ ਸਿੰਘ ਨਾਲ ਭੁਗਤਿਆ, ਪਰ ਅਮਰਿੰਦਰ ਸਿੰਘ ਦੀ ਧਿਰ ਜਿੱਤ ਨਾ ਸਕੀ ਤੇ ਅਕਾਲੀਆਂ ਨੇ ਰਗੜਾ ਕੱਢ ਦਿੱਤਾ। ਅਗਲੀਆਂ ਦੋ ਵਾਰੀਆਂ ਉਹ ਡਰਦਾ ਅਕਾਲੀਆਂ ਪਿੱਛੇ ਭੁਗਤਿਆ, ਪਰ ਹਰਿਆਣੇ ਦੀਆਂ ਚੋਣਾਂ ਮੌਕੇ ਅਕਾਲੀਆਂ ਦੇ ਕਹਿਣ ਦੇ ਬਾਵਜੂਦ ਅਕਾਲੀਆਂ ਦੇ ਜੋਟੀਦਾਰ ਚੌਟਾਲਿਆਂ ਦੀ ਮਦਦ ਕਰਨ ਤੋਂ ਇਨਕਾਰ ਕਰ ਗਿਆ। ਕਾਰਨ ਇਹ ਸੀ ਕਿ ਉਸ ਦੇ ਕੇਸਾਂ ਦੀ ਜਾਂਚ ਜਿਹੜੀ ਸੀ. ਬੀ. ਆਈ. ਕਰਦੀ ਪਈ ਸੀ, ਉਸ ਦੀ ਕਮਾਨ ਭਾਜਪਾ ਲੀਡਰਸ਼ਿਪ ਦੇ ਕੋਲ ਸੀ। ਇਸ ਤਰ੍ਹਾਂ ਹਰ ਵਾਰੀ ਦਲ-ਬਦਲੀ ਕਰਦਿਆਂ ਉਹ 'ਬੇਪੈਂਦੇ ਕਾ ਲੋਟਾ' (ਇੱਕ ਗੋਲ ਥੱਲੇ ਵਾਲਾ ਗੜਵਾ, ਜੋ ਕਿਸੇ ਪਾਸੇ ਵੀ ਰਿੜ੍ਹ ਸਕਦਾ ਹੈ) ਬਣ ਗਿਆ ਤੇ ਉਸ ਦਾ ਸਾਥ ਦੇਣ ਵਾਲੀ ਪੱਕੀ ਧਿਰ ਕੋਈ ਨਹੀਂ ਸੀ ਰਹਿ ਗਈ। ਹੁਣ ਜੇਲ੍ਹ ਵਿਚ ਬੈਠਾ ਉਹ ਵਾਰਸ ਸ਼ਾਹ ਦੇ ਲਫਜ਼ ਯਾਦ ਕਰਦਾ ਹੋਵੇਗਾ, "ਨਾਲੇ ਰੰਨ ਖੁੱਸੀ, ਨਾਲੇ ਕੰਨ ਪਾਟੇ, ਇਸ ਇਸ਼ਕ 'ਚੋਂ ਅਸਾਂ ਕੀ ਖੱਟਿਆ ਸੂ।"

ਅਗਲੀ ਗੱਲ ਜਿਹੜੀ ਅਸੀਂ ਕਹਿਣ ਲੱਗੇ ਹਾਂ, ਵੇਲੇ ਤੋਂ ਪਹਿਲਾਂ ਦੀ ਲੱਗ ਸਕਦੀ ਹੈ, ਪਰ ਕਨਸੋਆਂ ਹਨ ਕਿ ਸਿਆਸਤ ਨੂੰ ਆਪਣੇ ਇਸ਼ਾਰਿਆਂ ਉਤੇ ਨੱਚਦੀ ਸਮਝਣ ਵਾਲਾ ਇੱਕ ਹੋਰ ਸਾਧ ਅਗਲੇ ਦਿਨਾਂ ਵਿਚ ਚੱਬ ਹੇਠ ਆ ਸਕਦਾ ਹੈ। ਉਸ ਖਿਲਾਫ ਵੀ ਬੜੇ ਕੇਸ ਬਣੇ ਹੋਏ ਹਨ। ਆਸਾ ਰਾਮ ਵਾਂਗ ਉਹ ਵੀ ਪਹਿਲਾਂ ਕਾਂਗਰਸ ਸਰਕਾਰਾਂ ਤੋਂ ਪਲਾਟ ਤੇ ਗਰਾਂਟਾਂ ਲੈ ਕੇ ਉਠਿਆ ਸੀ, ਫਿਰ ਭਾਜਪਾ ਨਾਲ ਜੁੜ ਕੇ ਆਪਣੇ ਬੰਦਿਆਂ ਨੂੰ ਟਿਕਟਾਂ ਦਿਵਾਉਣ ਅਤੇ ਮੰਤਰੀ ਬਣਵਾਉਣ ਲੱਗਾ ਰਿਹਾ। ਪਿਛਲੇ ਸਮੇਂ ਵਿਚ ਸੁਣਿਆ ਗਿਆ ਹੈ ਕਿ ਉਸ ਦੇ ਖੰਭ ਉਗਣ ਪਿੱਛੋਂ ਉਸ ਦੀ ਉਡਾਰੀ ਨੂੰ ਨੋਟ ਕਰਨ ਵਾਲੇ ਕਰੀ ਜਾਂਦੇ ਹਨ। ਚੱਬ ਹੇਠ ਆ ਗਿਆ ਤਾਂ ਉਹ ਵੀ ਇੱਕ ਹੀ ਹੋਵੇਗਾ, ਇੱਕੋ ਇੱਕ ਨਹੀਂ ਹੋਣਾ।

## ਨਿੱਕ-ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਹੈਰਾਨਕੁਨ ਛਵੀ ਵਾਲੀ ਗੌਰੀ ਲੰਕੇਸ਼

ਗੌਰੀ ਲੰਕੇਸ਼ ਕਿੰਨੀ ਬੁਲੰਦ ਸੀ, ਉਸ ਦੀ ਹੱਤਿਆ ਪਿੱਛੋਂ ਉਹਦੇ ਬਾਰੇ ਲਿਖੇ ਗਏ ਸੰਪਾਦਕੀ ਲੇਖ ਤੇ ਸ਼ਰਧਾਂਜਲੀ ਟਿੱਪਣੀਆਂ ਵੀ ਪੂਰਾ ਚਾਨਣਾ ਨਹੀਂ ਪਾਉਂਦੇ। ਉਸ ਦੀ ਅੰਦਰਲੀ ਛਵੀ ਨੂੰ ਜਾਣਨ ਲਈ ਉਸ ਦੇ ਰਹਿ ਚੁਕੇ ਪਤੀ ਚਿਦਾਨੰਦ ਰਾਜਘਟਾ ਵਲੋਂ ਤਲਾਕ ਤੋਂ 27 ਸਾਲ ਪਿੱਛੋਂ ਲਿਖੀ ਸ਼ਰਧਾਂਜਲੀ ਪੜ੍ਹਨ ਵਾਲੀ ਹੈ। ਉਸ ਦਾ ਇੱਕ ਇੱਕ ਵਾਕ ਤੇ 'ਕੱਲਾ 'ਕੱਲਾ ਸ਼ਬਦ ਯੋਗ ਸ਼ਬਦਾਵਲੀ ਲੱਭਣ ਵਿਚ ਅਸਮਰਥ ਹੋਣ ਕਾਰਨ ਮੈਂ ਉਸ ਦੇ ਬੋਲਾਂ ਦਾ ਸਿਰਫ ਸਾਰ ਅੰਸ਼ ਦੇਣਾ ਚਾਹਾਂਗਾ।

ਗੌਰੀ ਤੇ ਚਿਦਾਨੰਦ ਸਕੂਲੀ ਪੜ੍ਹਾਈ ਸਮੇਂ ਇੱਕ ਦੂਜੇ ਦੇ ਜਾਣੂ ਹੋਏ। ਵਹਿਮਾਂ-ਭਰਮਾਂ, ਸਾਧਾਂ-ਸੰਤਾਂ, ਕੱਟੜ ਪੰਥੀਆਂ ਤੇ ਡੇਰੇ ਵਾਲਿਆਂ ਦਾ ਮਜ਼ਾਕ ਉਡਾਉਣਾ ਉਨ੍ਹਾਂ ਦਾ ਰੋਜ਼ਾਨਾ ਵਰਤਾਰਾ ਸੀ। ਮੌਤ ਪਿੱਛੋਂ ਮਿਲਣ ਵਾਲੀ ਨਰਕ ਦੀ ਕੁੰਡ ਤੇ ਸੁਰਗ ਦੇ ਝੂਟਿਆਂ ਦਾ ਵੀ। ਸ਼ਰਤ ਇਹ ਕਿ ਜਦੋਂ ਕੋਈ ਮਿਸਰਾ/ਵਾਕ ਕਿਸੇ ਦੂਜੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਵੇ ਤਾਂ ਉਸ ਤੋਂ ਸੰਕੋਚ ਕਰਨਾ। ਲੋੜ ਪਵੇ ਤਾਂ ਮੁਆਫੀ ਮੰਗ ਲੈਣਾ। ਦੋਵਾਂ ਨੂੰ ਤਾਸ਼ ਖੇਡਣ ਦਾ ਸ਼ੌਕ ਸੀ, ਜਿਥੇ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋਣ ਦਾ ਡਰ ਰਹਿੰਦਾ ਹੈ। ਗੌਰੀ ਨੇ ਤਾਸ਼ ਹੀ ਤਿਆਗ ਦਿੱਤੀ। ਪੰਜ ਵਰ੍ਹੇ ਦੀ ਕੋਰਟਸ਼ਿਪ (ਮਿੱਤਰਤਾ) ਤੋਂ ਪਿੱਛੋਂ ਪੰਜ ਵਰ੍ਹੇ ਦੇ ਵਿਆਹੁਤਾ ਜੀਵਨ ਵਿਚ ਆਪੋ ਵਿਚ ਤਕਰਾਰ ਵੀ ਹੋਏ, ਤੂਫਾਨੀ ਮਤਭੇਦ ਵੀ ਪਰ ਰਲ-ਮਿਲ ਕੇ ਖਾਧੀਆਂ ਕਸਮਾਂ ਤੁਰੰਤ ਮਾਹੌਲ ਨੂੰ ਸ਼ਾਂਤ ਕਰ ਦਿੰਦੀਆਂ। ਦੋਹਾਂ ਦੇ ਮਿੱਤਰ ਪਿਆਰੇ ਤੇ ਸੰਗੀ ਸਾਥੀ ਉਨ੍ਹਾਂ ਦੀ ਇਸ ਨਿਵੇਕਲੀ ਤੇ ਅਦੁਤੀ ਸਾਂਝ 'ਤੇ ਹੈਰਾਨ ਹੁੰਦੇ ਸਨ।

ਤਲਾਕ ਦੀ ਅੰਤਿਮ ਸੁਣਵਾਈ ਸਮੇਂ ਕਚਹਿਰੀ ਵਿਚ ਮਿਲਦਿਆਂ ਸਾਰ ਦੋਹਾਂ ਦੇ ਹੱਥਾਂ ਦੀਆਂ ਉਂਗਲਾਂ ਇੱਕ ਦੂਜੀ ਵਿਚ ਏਨੀਆਂ ਉਲਝੀਆਂ ਕਿ ਦੋਵੇਂ ਵਕੀਲਾਂ ਨੂੰ ਕਹਿਣਾ ਪਿਆ ਕਿ ਤੋੜ ਵਿਛੋੜਾ ਕਰਨਾ ਚਾਹੁੰਦੇ ਹਨ ਤਾਂ ਇਸ ਉਤੇ ਪਹਿਰਾ ਦੇਣ। ਉਹ ਹੱਸਦੇ-ਹਸਾਉਂਦੇ ਜੁਦਾ ਹੋਏ ਤੇ ਫੈਸਲਾ ਸੁਣਨ ਪਿੱਛੋਂ ਤਾਜ ਹੋਟਲ ਵਿਚ ਇਕੱਠਿਆਂ ਖਾਣਾ ਖਾਧਾ। ਹਾਸੇ-ਮਜ਼ਾਕ ਵਾਲਾ ਇਕ ਵਰਤਾਰਾ ਗੌਰੀ ਦੀ ਹੱਤਿਆ ਤਕ ਚਲਦਾ ਰਿਹਾ। ਚਿਦਾਨੰਦ ਦੇ ਅਮਰੀਕਾ ਚਲੇ ਜਾਣ ਪਿੱਛੋਂ



*ਗੌਰੀ ਲੰਕੇਸ਼*

ਗੌਰੀ ਆਪਣੇ ਸਹੁਰਾ ਪਰਿਵਾਰ ਨੂੰ ਪਹਿਲਾਂ ਵਾਂਗ ਹੀ ਮਿਲਦੀ ਰਹੀ। ਉਸ ਦੀ ਸੱਸ ਉਸ ਨੂੰ ਇੰਨਾ ਪਿਆਰ ਕਰਦੀ ਸੀ ਕਿ ਗੌਰੀ ਦੀ ਆਮਦ ਨਾਲ ਨਸ਼ਿਆ ਜਾਂਦੀ ਸੀ।

ਚਿਦਾਨੰਦ ਨੇ ਬੰਗਲੌਰ 'ਚ ਆਲੀਸ਼ਾਨ ਕੋਠੀ ਬਣਾਈ ਤਾਂ ਗੌਰੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਉਸ ਦੀ ਰਾਖੀ ਗੌਰੀ ਦੀ ਜਾਣੂ ਰਾਮਕਾ ਨਾਂ ਦੀ ਇੱਕ ਲੋੜਵੰਦ ਵਿਧਵਾ ਨੂੰ ਸੌਂਪੀ। ਅੱਜ ਰਾਮਕਾ ਦੀਆਂ ਧੀਆਂ-ਆਸ਼ਾ ਤੇ ਊਸ਼ਾ ਕਾਲਜੀ ਵਿੱਦਿਆ ਪ੍ਰਾਪਤ ਕਰਕੇ ਚੰਗੀ ਨੌਕਰੀ ਦੇ ਸਿਰ ਹਨ। ਉਹ ਅੱਜ ਤੱਕ ਉਸ ਕੋਠੀ ਵਿਚ ਰਹਿ ਰਹੀਆਂ ਹਨ।

ਚਿਦਾਨੰਦ ਅਨੁਸਾਰ ਗੌਰੀ ਨੇ ਆਪਣੀ ਹੱਤਿਆ ਪਿੱਛੋਂ ਆਪਣੇ ਲਈ ਵਰਤੇ ਗਏ ਧਰਮ ਨਿਰਪੱਖ, ਉਦਾਰ ਤੇ ਅਗਾਂਹ ਵਧੂ ਵਿਸ਼ੇਸ਼ਣ ਪੜ੍ਹ ਕੇ ਖੂਬ ਹੱਸਣਾ ਸੀ ਤੇ ਹੋ ਸਕਦਾ, ਇਨ੍ਹਾਂ ਦੀ ਖਿੱਲੀ ਉਡਾਉਂਦੀ। ਉਹ ਆਪਣੀ ਰਹਿ ਚੁਕੀ ਮਿੱਤਰ ਤੇ ਜੀਵਨ ਸਾਥਣ ਨੂੰ ਹੈਰਾਨਕੁਨ ਛਵੀ ਦਾ ਮੁਜੱਸਮਾ ਕਹਿ ਕੇ ਚੇਤੇ ਕਰਦਾ ਹੈ। ਉਸ ਦੇ ਹੱਤਿਆਰਿਆਂ ਨੂੰ ਸ਼ਰਮਸਾਰ ਹੋਣਾ ਚਾਹੀਦਾ ਹੈ। ਪਰ ਉਨ੍ਹਾਂ ਨੂੰ ਸ਼ਰਮ ਕਿੱਥੇ?

ਬਸ਼ੀਰ ਬਦਰ ਦਾ ਇਕ ਸ਼ੇਅਰ ਹੈ:
ਉਨ੍ਹੀਂ ਰਾਸਤੋਂ ਨੇ ਜਿਨ ਪਰ
ਤੁਮ ਭੀ ਥੇ ਸਾਥ ਮੇਰੇ,
ਮੁਝੇ ਰੋਕ ਰੋਕ ਪੂਛਾ
ਤੇਰਾ ਹਮਸਫਰ ਕਹਾਂ ਹੈ।

**ਤਿੰਨ ਰੋਜ਼ਾ ਚੰਡੀਗੜ੍ਹ ਵਿਰਸਾ ਉਤਸਵ:** ਪਿਛਲੇ ਦਿਨੀਂ ਹੋਏ ਨੌਵੇਂ ਚੰਡੀਗੜ੍ਹ ਕਲਾ ਤੇ ਵਿਰਸਾ ਉਤਸਵ ਵਿਚ ਹਰ ਸ਼ਾਮ ਵੱਖ ਵੱਖ ਥਾਂਵਾਂ 'ਤੇ ਨੁੱਕੜ ਨਾਟਕ ਹੀ ਨਹੀਂ, ਸੈਕਟਰ 17 ਦੇ ਪਲਾਜ਼ੇ ਵਿਚ ਉਤਰੀ ਭਾਰਤ ਦਾ ਗਤਕਾ, ਲੁੱਡੀ ਤੇ ਝੂਮਰ ਤੋਂ ਬਿਨਾ ਦਾਦਰਾ ਨਗਰ ਹਵੇਲੀ ਦੇ ਵੰਨ-ਸੁਵੰਨੇ ਨਾਚ ਵੀ ਵੇਖਣ ਨੂੰ ਮਿਲੇ। ਜੀ. ਐਸ. ਚੰਨੀ ਵਲੋਂ ਬੂੰਦੀ, ਜੈਸਲਮੇਰ ਤੇ ਜੰਜੀਰਾ ਭਿਲਿਆਂ ਦੀ ਪੇਸ਼ਕਾਰੀ ਤੇ ਯੂਸਫ (ਗਵਾਲੀਅਰ) ਵਰਗੇ ਕਲਾਕਾਰਾਂ ਦੀ ਡਰਾਇੰਗ ਵਰਕਸ਼ਾਪ ਵੀ ਖਿੱਚ ਦਾ ਕੇਂਦਰ ਰਹੀ। ਸਭ ਤੋਂ ਵੱਧ ਹੁੰਗਾਰਾ ਟੈਗੋਰ ਥੀਏਟਰ ਵਾਲੇ ਸ਼ਾਮ ਦੇ ਪ੍ਰੋਗਰਾਮਾਂ ਨੂੰ ਮਿਲਿਆ। ਕਲਾਸੀਕਲ ਲੋਕ ਗਾਇਕ ਮਾਲਿਨੀ ਅਵੱਸਥੀ ਤੇ ਪ੍ਰਸਿੱਧ ਸੂਫੀ ਗਾਇਕ ਲਖਵਿੰਦਰ ਵਡਾਲੀ ਨੂੰ ਖਾਸ ਕਰਕੇ।

ਹਾਸ ਰਸ ਦੇ ਰਾਜਿਆਂ ਨੇ ਫੁਟਕਲ ਟੋਟਕਿਆਂ ਰਾਹੀਂ ਸਰੋਤਿਆਂ ਨੂੰ ਏਨਾ ਨਿਹਾਲ ਕੀਤਾ ਕਿ ਯੂ.ਟੀ. ਪ੍ਰਸ਼ਾਸਨ ਦੇ ਉਚ ਅਧਿਕਾਰੀ ਅੰਤ ਤੱਕ ਉਨ੍ਹਾਂ ਦਾ ਰਸ ਮਾਣਦੇ ਰਹੇ। ਮਹਿੰਦਰ ਸ਼ਰਮਾ ਦਾ ਕਥਨ ਸੀ, "ਮਜ਼ਾਹੀਆ ਸ਼ਿਅਰੋਂ ਸੇ ਹਮੇਂ ਤਾਲੀਆਂ ਮਿਲਤੀ ਹੈਂ ਔਰ ਆਪ ਕੀ ਉਮਰ ਬੜ੍ਹਤੀ ਹੈ, ਹਮੇਂ ਦੇਖ ਕਰ ਪੁਲਿਸ ਵਾਲੇ ਭੀ ਹੰਸ ਰਹੇ ਹੈਂ, ਇਸ ਸੇ ਬੜੀ ਬਾਤ ਕਿਆ ਹੋ ਸਕਤੀ ਹੈ।" ਮਹਿੰਦਰ ਅਜਨਬੀ, ਅਰੁਣ ਜੈਮਿਨੀ, ਟੀ. ਐਨ. ਰਾਜ, ਸਤਿਆਦੇਵ ਹਰਿਆਣਵੀ ਤੇ ਹੋਰਾਂ ਨੇ ਕੰਧਾਂ ਵੀ ਹੱਸਣ ਲਾ ਦਿੱਤੀਆਂ। ਹਰਿਆਣਵੀ ਦਾ ਜੁਮਲਾ ਸੀ, 'ਆਈਨਾ ਕਹਿਤਾ ਹੈ ਸ਼ਾਇਰ ਜਵਾਨ ਹੈ, ਦਿਲ ਜਲੇ ਕਹਿਤੇ ਹੈਂ ਬੁਝਤੀ ਹੁਈ ਸ਼ਾਮ ਹੈ।' ਮਹਿੰਦਰ ਸ਼ਰਮਾ ਨੇ ਰਾਮ ਰਹੀਮ ਦੀ ਕਸਮ ਖਾ ਕੇ ਡੇਰਾਵਾਦ ਹੀ ਨੰਗਾ ਨਹੀਂ ਕੀਤਾ, ਭੋਲੇ ਭਾਲੇ ਭਗਤਾਂ ਦੀ ਮੂਰਖਤਾ ਦੇ ਪਰਖਚੇ ਵੀ ਉਡਾਏ ਅਤੇ ਇੰਟਰਨੈਟ ਦੀਆਂ ਭੁੱਲ ਭੁਲੱਈਆਂ ਤੇ ਰਾਜਨੀਤੀ ਦੇ ਵੀ। ਮਜ਼ਾ ਆ ਗਿਆ।

ਡਿਸ਼ ਵਾਸ਼ਰ, ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਡਿਸ਼ ਵਾਸ਼ਰ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

# ਉਤਰੀ ਕੋਰੀਆ ਵੱਲੋਂ ਅਮਰੀਕਾ ਨੂੰ ਲਗਾਤਾਰ ਵੰਗਾਰਾਂ

**ਸਿਓਲ:** ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਦੇ ਬਾਵਜੂਦ ਉਤਰੀ ਕੋਰੀਆ ਟਲ ਨਹੀਂ ਰਿਹਾ। ਪਾਬੰਦੀਆਂ ਦੇ ਜਵਾਬ ਵਿਚ ਉਤਰੀ ਕੋਰੀਆ ਨੇ ਜਾਪਾਨ ਉਤੋਂ ਦੀ ਬੈਲਿਸਟਿਕ ਮਿਜ਼ਾਈਲ ਦਾਗ ਦਿੱਤੀ, ਜੋ ਪ੍ਰਸ਼ਾਂਤ ਮਹਾਸਾਗਰ ਵਿਚ ਡਿੱਗੀ। ਵਿਸ਼ਲੇਸ਼ਕਾਂ ਨੇ ਇਸ ਅਜ਼ਮਾਇਸ਼ ਨੂੰ ਗੁਆਮ ਨੂੰ ਨਿਸ਼ਾਨਾ ਬਣਾਉਣ ਦੀ ਸਮਰੱਥਾ ਦਾ ਮੁਜ਼ਾਹਰਾ ਕਰਾਰ ਦਿੱਤਾ ਹੈ।

ਇਸ ਮਹੀਨੇ ਦੀ ਸ਼ੁਰੂਆਤ ਵਿਚ ਛੇਵੀਂ ਪਰਮਾਣੂ ਅਜ਼ਮਾਇਸ਼ ਬਾਅਦ ਅਲੱਗ ਥਲੱਗ ਪਏ ਉਤਰੀ ਕੋਰੀਆ ਉਤੇ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਨੇ ਸਖਤ ਪਾਬੰਦੀਆਂ ਲਾਈਆਂ ਸਨ। ਪਿਓਂਗਯਾਂਗ ਨੇ ਦੱਸਿਆ ਕਿ ਇਹ ਕਾਫੀ ਛੋਟਾ ਹਾਈਡ੍ਰੋਜਨ ਬੰਬ ਸੀ ਜੋ ਮਿਜ਼ਾਇਲ ਵਿਚ ਫਿੱਟ ਹੋ ਜਾਂਦਾ ਹੈ।

ਯੂ.ਐਸ. ਪੈਸੀਫਿਕ ਕਮਾਂਡ ਨੇ ਇਸ ਬੈਲਿਸਟਿਕ ਮਿਜ਼ਾਈਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਤੋਂ ਉਤਰੀ ਅਮਰੀਕਾ ਜਾਂ ਗੁਆਮ, ਜਿਸ ਨੂੰ ਉਤਰੀ ਕੋਰੀਆ ਵੱਲੋਂ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਗਈ ਹੈ, ਨੂੰ ਖਤਰਾ ਨਹੀਂ ਸੀ। ਸਿਓਲ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਮਿਜ਼ਾਈਲ ਵੱਧ ਤੋਂ ਵੱਧ 770 ਕਿਲੋਮੀਟਰ ਉਚਾਈ ਨੂੰ ਛੂਹਣ ਬਾਅਦ ਤਕਰੀਬਨ 3700 ਕਿਲੋਮੀਟਰ ਦੂਰ ਜਾ ਕੇ ਡਿੱਗੀ।


## ਪਰਮਾਣੂ ਪ੍ਰੋਗਰਾਮ ਪੂਰਾ ਕਰ ਕੇ ਹਟਾਂਗੇ: ਕਿਮ

**ਸਿਓਲ:** ਉਤਰੀ ਕੋਰੀਆ ਦੇ ਆਗੂ ਕਿਮ ਜੌਂਗ ਉਨ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਅਮਰੀਕਾ ਦੇ ਬਰਾਬਰ ਫੌਜੀ ਸ਼ਕਤੀ ਮੁਕੰਮਲ ਕਰਨ ਦੇ ਟੀਚੇ ਦੇ ਨੇੜੇ ਪੁੱਜ ਚੁੱਕਾ ਹੈ। ਕਿਮ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਅਮਰੀਕਾ ਦੇ ਬਰਾਬਰ ਤਾਕਤ ਤਿਆਰ ਕਰਨਾ ਹੈ ਤਾਂ ਜੋ ਅਮਰੀਕੀ ਹਾਕਮ ਡੀ.ਪੀ.ਆਰ.ਕੇ. (ਡੈਮੋਕਰੈਟਿਕ ਪੀਪਲਜ਼ ਰਿਪਬਲਿਕ ਆਫ ਕੋਰੀਆ) ਨੂੰ ਫੌਜੀ ਤਾਕਤ ਦੀ ਧੌਂਸ ਨਾ ਦਿਖਾ ਸਕੇ। ਉਨ੍ਹਾਂ ਸੰਕੇਤ ਦਿੱਤਾ ਕਿ ਨਿਊਕਲੀਅਰ ਹਥਿਆਰਾਂ ਦੀ ਜੰਗੀ ਸ਼ਕਤੀ ਵਧਾਉਣ ਲਈ ਭਵਿੱਖ 'ਚ ਹੋਰ ਵੀ ਪ੍ਰੀਖਣ ਕੀਤੇ ਜਾ ਸਕਦੇ ਹਨ।



## ਅਮਰੀਕਾ ਕੋਲ ਉਤਰੀ ਕੋਰੀਆ ਨਾਲ ਨਜਿੱਠਣ ਦੇ ਬਦਲ ਮੌਜੂਦ: ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਅਮਰੀਕਾ ਤੇ ਉਸ ਦੇ ਸਹਿਯੋਗੀ ਮੁਲਕਾਂ ਨੂੰ ਧਮਕਾਇਆ ਨਹੀਂ ਜਾ ਸਕਦਾ ਤੇ ਅਮਰੀਕਾ ਕੋਲ ਉਤਰ ਕੋਰੀਆ ਦੀ ਚਿਤਾਵਨੀ ਨਾਲ ਨਜਿੱਠਣ ਲਈ ਢੁਕਵੇਂ ਬਦਲ ਮੌਜੂਦ ਹਨ। ਟਰੰਪ ਵੱਲੋਂ ਇਹ ਟਿੱਪਣੀ ਉਤਰ ਕੋਰੀਆ ਵੱਲੋਂ ਹੁਣੇ ਜਿਹੇ ਬੈਲਿਸਟਿਕ ਮਿਜ਼ਾਇਲ ਦੀ ਕੀਤੀ ਗਈ ਅਜ਼ਮਾਇਸ਼ ਮਗਰੋਂ ਸਾਹਮਣੇ ਆਈ ਹੈ।



## ਕੁਲਸੂਮ ਨਵਾਜ਼ ਨੇ ਸੰਸਦੀ ਉਪ ਚੋਣ ਜਿੱਤੀ

**ਲਾਹੌਰ:** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਕੈਂਸਰ ਪੀੜਤ ਪਤਨੀ ਕੁਲਸੂਮ ਨਵਾਜ਼ ਨੇ ਲਾਹੌਰ ਸੰਸਦੀ ਜ਼ਿਮਨੀ ਚੋਣ 'ਚ ਜਿੱਤ ਪ੍ਰਾਪਤ ਕਰ ਲਈ ਹੈ। ਬੇਗਮ ਕੁਲਸੂਮ ਨਵਾਜ਼ ਨੇ ਨੈਸ਼ਨਲ ਅਸੰਬਲੀ ਦੀ ਸੰਸਦੀ ਸੀਟ ਐਨ ਏ-120 ਦੀ ਚੋਣ ਪਾਕਿ ਦੇ ਸਾਬਕਾ ਕ੍ਰਿਕਟਰ ਇਮਰਾਨ ਖਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ ਦੇ ਉਮੀਦਵਾਰ ਯਾਸਮੀਨ ਰਸ਼ੀਦ ਨੂੰ ਬਹੁਤ ਹੀ ਕਰੀਬੀ ਅੰਤਰ ਨਾਲ ਹਰਾ ਕੇ ਜਿੱਤੀ।

ਇਸ ਸੀਟ ਨੂੰ ਨਵਾਜ਼ ਸ਼ਰੀਫ ਪਰਿਵਾਰ ਲਈ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਹੈ। ਇਹ ਸੀਟ ਪਾਕਿ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੁਪਰੀਮ ਕੋਰਟ ਵੱਲੋਂ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਖਾਲੀ ਹੋਈ ਸੀ। ਚੇਤੇ ਰਹੇ ਕੈਂਸਰ ਪੀੜਤ ਕੁਲਸੂਮ ਨਵਾਜ਼ ਫਿਲਹਾਲ ਲੰਡਨ 'ਚ ਆਪਣਾ ਇਲਾਜ ਕਰਵਾ ਰਹੀ ਹੈ ਤੇ ਉਨ੍ਹਾਂ ਦੀ ਬੇਟੀ ਮਰੀਅਮ ਨਵਾਜ਼ ਨੇ ਹੀ ਚੋਣ ਪ੍ਰਚਾਰ ਮੁਹਿੰਮ ਨੂੰ ਸੰਭਾਲਿਆ ਹੋਇਆ ਸੀ।

# ਵਿਵਾਦ ਵਾਲੇ ਸਰਦਾਰ ਸਰੋਵਰ ਡੈਮ ਦਾ ਮੋਦੀ ਵੱਲੋਂ ਉਦਘਾਟਨ

**ਦਭੋਈ (ਗੁਜਰਾਤ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਰਮਦਾ ਨਦੀ ਉਤੇ ਸਥਿਤ ਕਈ ਸਾਲਾਂ ਤੋਂ ਵਿਵਾਦਾਂ ਵਿਚ ਘਿਰੇ ਸਰਦਾਰ ਸਰੋਵਰ ਡੈਮ ਦਾ ਉਦਘਾਟਨ ਕਰ ਦਿੱਤਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਦੁਨੀਆਂ ਵਿਚ ਅਜਿਹਾ ਕੋਈ ਹੋਰ ਪ੍ਰੋਜੈਕਟ ਨਹੀਂ ਜਿਸ ਨੇ ਇੰਜੀਨੀਅਰਿੰਗ ਦੇ ਇਸ ਚਮਤਕਾਰ ਜਿੰਨੇ ਅੜਿੱਕਿਆਂ ਦਾ ਸਾਹਮਣਾ ਕੀਤਾ ਹੋਵੇ।



ਬਹੁਤ ਸਾਰੇ ਲੋਕਾਂ ਨੇ ਇਸ ਨੂੰ ਰੋਕਣ ਲਈ ਸਾਜ਼ਿਸ਼ਾਂ ਰਚੀਆਂ। ਉਨ੍ਹਾਂ ਕਿਹਾ ਕਿ ਡੈਮ ਬਣਾਉਣ ਦਾ ਵਿਚਾਰ ਕਰੀਬ ਛੇ ਦਹਾਕੇ ਪਹਿਲਾਂ ਉਪਜਿਆ। ਇਹ ਸਰਦਾਰ ਪਟੇਲ ਦਾ ਸੁਪਨਾ ਸੀ। ਇਹ ਡੈਮ ਦੇਸ਼ ਦੇ ਉਭਰਦੇ ਹੁਨਰ ਦਾ ਪ੍ਰਤੀਕ ਬਣੇਗਾ ਅਤੇ ਖੇਤਰ ਦੇ ਵਿਕਾਸ ਵਿਚ ਤੇਜ਼ੀ ਲਈ ਸਹਾਇਕ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਡੈਮ ਦੇ ਨਾਲ 700 ਕਿਲੋਮੀਟਰ ਦੂਰ ਪਾਕਿਸਤਾਨ ਦੀ ਸਰਹੱਦ ਤੱਕ ਪਾਣੀ ਜਾਵੇਗਾ। ਡੈਮ ਨਾਲ ਨਾ ਸਿਰਫ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਗੁਜਰਾਤ ਦੇ ਕਿਸਾਨਾਂ ਨੂੰ ਪਾਣੀ ਮਿਲੇਗਾ ਸਗੋਂ ਇਹ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਦੀ ਵੀ ਪਿਆਸ ਬੁਝਾਏਗਾ। ਉਨ੍ਹਾਂ ਕਿਹਾ ਕਿ ਪੱਛਮੀ ਭਾਰਤ ਵਿਚ ਪਾਣੀ ਦੀ ਘਾਟ ਹੈ, ਪੂਰਬ ਵਿਚ ਬਿਜਲੀ ਅਤੇ ਗੈਸ ਸਪਲਾਈ ਦੀ ਕਿੱਲਤ ਹੈ ਅਤੇ ਉਹ ਇਨ੍ਹਾਂ ਥੁੜਾਂ ਦੀ ਪੂਰਤੀ ਲਈ ਸਰਗਰਮ ਹਨ। ਸਰਦਾਰ ਸਰੋਵਰ 9633 ਪਿੰਡਾਂ ਦੀ ਪਿਆਸ ਬੁਝਾਏਗਾ।

## ਅਹਿਮਦਾਬਾਦ ਧਮਾਕੇ: ਮੁੱਖ ਮੁਲਜ਼ਮ ਸਣੇ ਤਿੰਨ ਗ੍ਰਿਫਤਾਰ

**ਗਯਾ/ਪਟਨਾ:** ਪੁਲਿਸ ਨੇ 2008 ਵਿਚ ਹੋਏ ਅਹਿਮਦਾਬਾਦ ਲੜੀਵਾਰ ਧਮਾਕਿਆਂ ਦੇ ਸਾਜ਼ਿਸ਼ਘਾੜੇ ਨੂੰ ਦੋ ਸਾਥੀਆਂ ਸਣੇ ਗ੍ਰਿਫਤਾਰ ਕੀਤਾ ਹੈ।

ਪੁਲਿਸ ਨੇ ਤੌਸੀਫ ਖਾਨ ਤੇ ਉਸ ਦੇ ਸਾਥੀ ਸਨ੍ਹਾ ਖਾਨ ਨੂੰ ਗਯਾ ਤੋਂ ਗ੍ਰਿਫਤਾਰ ਕੀਤਾ ਹੈ ਤੇ ਤੌਸੀਫ ਦੀ ਨਿਸ਼ਾਨਦੇਹੀ 'ਤੇ ਉਸ ਨੂੰ ਸ਼ਰਨ ਦੇਣ ਵਾਲੇ ਸ਼ਾਹਬਰ ਖਾਨ ਨੂੰ ਵੀ ਗ੍ਰਿਫਤਾਰ ਕੀਤਾ ਹੈ।

# ਅਜੇ ਮੱਠੀ ਹੀ ਰਹੇਗੀ ਵਿਕਾਸ ਦਰ

**ਮੁੰਬਈ:** ਇਕ ਐਸ.ਬੀ.ਆਈ. ਖੋਜ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮਾਲੀ ਸਾਲ 2017-18 ਦੀ ਦੂਜੀ ਤਿਮਾਹੀ ਦੌਰਾਨ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਵਿਕਾਸ ਦਰ 6 ਫੀਸਦੀ ਤੋਂ ਘੱਟ ਰਹਿਣ ਦੇ ਆਸਾਰ ਹਨ। ਇਸ ਦੀ ਵਜ੍ਹਾ ਠੱਪ ਪਏ ਖੇਤੀ ਵਿਕਾਸ ਅਤੇ ਮੈਨੂਫੈਕਚਰਿੰਗ ਤੇ ਖਣਨ ਸੈਕਟਰਾਂ ਦੀ ਢਿੱਲੀ ਕਾਰਗੁਜ਼ਾਰੀ ਨੂੰ ਦੱਸਿਆ ਗਿਆ ਹੈ।



ਗੌਰਤਲਬ ਹੈ ਕਿ ਮਾਲੀ ਸਾਲ ਦੀ ਪਹਿਲੀ ਤਿਮਾਹੀ (ਅਪਰੈਲ-ਜੂਨ) ਦੌਰਾਨ ਵੀ ਵਿਕਾਸ ਦਰ 5.7 ਫੀਸਦੀ ਰਹੀ ਸੀ, ਜੋ ਬੀਤੇ ਤਿੰਨ ਸਾਲਾਂ ਦੀ ਸਭ ਤੋਂ ਘੱਟ ਦਰ ਹੈ। ਇਸੇ ਤਰ੍ਹਾਂ ਦੂਜੀ ਤਿਮਾਹੀ ਭਾਵ ਜੁਲਾਈ-ਸਤੰਬਰ ਮਹੀਨਿਆਂ ਦੌਰਾਨ ਵੀ ਇਸ ਦੇ 6 ਫੀਸਦੀ ਤੋਂ ਹੇਠਾਂ ਹੀ ਰਹਿਣ ਦੇ ਆਸਾਰ ਪ੍ਰਗਟਾਏ ਜਾ ਰਹੇ ਹਨ, ਜਦੋਂਕਿ ਤੀਜੀ ਤੇ ਚੌਥੀ ਤਿਮਾਹੀ 'ਚ ਵਿਕਾਸ ਦਰ ਵਧ ਕੇ 6.5 ਫੀਸਦੀ ਤੱਕ ਅੱਪੜਨ ਦੀ ਉਮੀਦ ਕੀਤੀ ਜਾ ਰਹੀ ਹੈ।

ਮੁੰਬਈ ਤੇ ਦਿੱਲੀ ਵਿਚ ਪੈਟਰੋਲ ਦੀਆਂ ਕੀਮਤਾਂ 3 ਸਾਲਾਂ 'ਚ ਸਭ ਤੋਂ ਉਪਰਲੇ ਪੱਧਰ ਤੇ ਪਹੁੰਚ ਗਈਆਂ ਹਨ। ਮੁੰਬਈ ਵਿਚ ਪੈਟਰੋਲ ਦੀ ਕੀਮਤ 80 ਰੁਪਏ ਅਤੇ ਦਿੱਲੀ 'ਚ 70.38 ਰੁਪਏ ਪ੍ਰਤੀ ਲੀਟਰ ਤੱਕ ਹੋ ਗਈਆਂ ਹਨ। ਜੁਲਾਈ ਤੋਂ ਬਾਅਦ ਦਿੱਲੀ ਵਿਚ ਪੈਟਰੋਲ ਦੀਆਂ ਕੀਮਤਾਂ 7.29 ਰੁਪਏ ਪ੍ਰਤੀ ਲੀਟਰ ਤੱਕ ਵਧੀਆਂ।

# ਮਾਸਟਰ ਦੀਪਕ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

**ਯੂਨੀਅਨ ਸਿਟੀ (ਬਿਊਰੋ):** ਲੰਘੀ ਪੰਜ ਸਤੰਬਰ ਨੂੰ ਫਰਿਜ਼ਨੋ ਲਾਗੇ ਹੋਈ ਇਕ ਦਰਦਨਾਕ ਦੁਰਘਟਨਾ 'ਚ ਮਾਰੇ ਗਏ ਪੰਜ ਪੰਜਾਬੀਆਂ 'ਚੋਂ ਜੋਤਿਸ਼ ਵਿਗਿਆਨੀ ਮਾਸਟਰ ਦੀਪਕ ਦੀਆਂ ਅੰਤਿਮ ਰਸਮਾਂ ਇੱਥੇ ਚੈਪਲ ਆਫ ਚਾਈਮਜ਼, ਮਿਸ਼ਨ ਬੁਲੇਵਾਰਡ 'ਚ ਕੀਤੀਆਂ ਗਈਆਂ। ਉਨ੍ਹਾਂ ਦੀ ਮ੍ਰਿਤਕ ਦੇਹ ਦੀ ਚਿਖਾ ਨੂੰ ਗੜ੍ਹਸ਼ੰਕਰ (ਪੰਜਾਬ) ਤੋਂ ਉਚੇਚੇ ਤੌਰ 'ਤੇ ਪੁੱਜੇ ਉਨ੍ਹਾਂ ਦੇ ਪਿਤਾ ਸ੍ਰੀ ਲਛਮਣ ਦਾਸ ਨੇ ਅਗਨੀ ਵਿਖਾਈ।

ਸ਼ਰਧਾਂਜਲੀ ਸਮਾਗਮ ਮੌਕੇ ਆਪਣੇ ਪੁੱਤਰ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਮਾਸਟਰ ਦੀਪਕ ਸਾਡਾ ਪਰਿਵਾਰਕ ਮੈਂਬਰ ਸੀ ਅਤੇ ਸਾਡੇ ਲਈ ਉਹ ਪੁੱਤਰਾਂ ਵਾਂਗ ਸੀ, ਉਸ ਦਾ ਤੁਰ ਜਾਣਾ ਸਾਡੇ ਲਈ ਅਸਹਿ ਹੈ।

ਉਘੇ ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਬਾਪ ਲਈ ਸਭ ਤੋਂ ਵੱਡਾ ਦਰਦ ਪੁੱਤਰ ਦੀ ਅਰਥੀ ਨੂੰ ਮੋਢਾ ਦੇਣਾ ਹੁੰਦਾ ਹੈ ਤੇ ਜਵਾਨ ਪੁੱਤ ਦੀ ਮੌਤ ਇਸ ਕਰਕੇ ਵੀ ਦੁਖਦਾਈ ਹੁੰਦੀ ਹੈ ਕਿ ਜਦੋਂ ਭਾਵਨਾਵਾਂ ਦੀ ਤਲੀ 'ਤੇ ਆਸਾਂ ਦੇ ਦੀਵੇ ਜਗਣੇ ਹੁੰਦੇ ਸ਼ੁਰੂ ਹੁੰਦੇ ਹਨ, ਉਦੋਂ ਮੌਤ



ਦੇ ਤੁਰ ਜਾਣ 'ਤੇ ਸਿੱਲੀਆਂ ਅੱਖਾਂ ਨਾਲ ਪਿਤਾ ਲਛਮਣ ਦਾਸ ਨੇ ਕਿਹਾ ਕਿ ਦੀਪਕ ਗੜ੍ਹਸ਼ੰਕਰ ਦਾ ਹੀਰਾ ਪੁੱਤ ਸੀ ਤੇ ਉਸ ਦੀਆਂ ਸਮਾਜਿਕ ਸੇਵਾਵਾਂ ਬਦਲੇ ਉਸ ਨੂੰ ਭਾਈਚਾਰਕ ਤੌਰ 'ਤੇ ਬਹੁਤ ਵਡਿਆਇਆ ਤੇ ਸਲਾਹਿਆ ਜਾਂਦਾ ਸੀ। ਅਵਤਾਰ ਲਾਖਾ ਨੇ ਮਾਸਟਰ ਦੀਪਕ ਨੂੰ ਹੰਝੂਆਂ ਭਰੀ ਵਿਦਾਇਗੀ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਵੱਡਾ ਭਰਾ ਹੋਣੀ ਨੇ ਬੇਵਕਤ ਹੀ ਖੋਹ ਲਿਆ ਹੈ।

ਅਟਾਰਨੀ ਅਸ਼ਵਨੀ ਭਾਖੜੀ ਨੇ ਕਿਹਾ ਕਿ ਮਾਸਟਰ ਦੀਪਕ ਮੇਰਾ ਛੋਟਾ ਭਰਾ ਸੀ। ਉਨ੍ਹਾਂ ਕਿਹਾ ਕਿ ਮਾਸਟਰ ਦੀਪਕ ਦੀ ਬੇਵਕਤੀ ਮੌਤ ਨੇ ਉਸ ਨੂੰ ਨਿਜੀ ਤੌਰ 'ਤੇ ਅਤੇ ਸਮੁੱਚੇ ਭਾਈਚਾਰੇ ਨੂੰ ਵੀ ਹਲੂਣ ਕੇ ਰੱਖ ਦਿੱਤਾ। ਪੰਜਾਬੀ ਭਾਈਚਾਰੇ ਦੀ ਹੀ ਇਕ ਹੋਰ ਨਾਮੀ ਸ਼ਖਸੀਅਤ ਰਾਜ ਭਨੋਟ ਦਾ ਤੂਫਾਨ ਚੜ੍ਹ ਆਉਂਦਾ ਹੈ।

ਪੰਜਾਬ ਕਲਚਰਲ ਐਸੋਸੀਏਸ਼ਨ ਦੇ ਮਿੱਕੀ ਸਰਾਂ ਦੇ ਕਿਹਾ ਕਿ ਮਾਸਟਰ ਦੀਪਕ ਦੇ ਤੁਰ ਜਾਣ ਨਾਲ ਬੇ ਏਰੀਆ ਦੀਆਂ ਸੱਭਿਆਚਾਰਕ ਗਤੀਵਿਧੀਆਂ ਨੂੰ ਬਹੁਤ ਵੱਡਾ ਝਟਕਾ ਲੱਗਾ ਹੈ। ਬੀਬੀ ਆਸ਼ਾ ਸ਼ਰਮਾ ਨੇ ਵੀ ਆਪਣੇ ਸ਼ਰਧਾਂਜਲੀ ਸ਼ਬਦਾਂ ਵਿਚ ਮਾਸਟਰ ਦੀਪਕ ਦੀ ਮੌਤ ਨੂੰ ਸਮੁੱਚੇ ਭਾਈਚਾਰੇ ਲਈ ਗਹਿਰਾ ਸਦਮਾ ਦੱਸਿਆ।

ਸ਼ਰਧਾਂਜਲੀ ਭੇਟ ਕਰਨ ਵਾਲੇ ਹੋਰਨਾਂ ਵਿਚ ਉਘੇ ਪ੍ਰੋਮੋਟਰ ਜੱਸੀ ਬੰਗਾ, ਲੀਨਾ ਭਾਟੀਆ, ਪਰਮਜੀਤ ਕੌਰ, ਸਤੀਸ਼ ਕੁਮਾਰ, ਸੰਜੀਵ ਸਕਸੇਨਾ ਸਮੇਤ ਮਾਸਟਰ ਦੀਪਕ ਦੇ ਪਰਿਵਾਰਕ ਮੈਂਬਰ ਵੀ ਸ਼ਾਮਿਲ ਸਨ। ਅੰਤਿਮ ਅਰਦਾਸ ਗੁਰਦੁਆਰਾ ਸਾਹਿਬ, ਹੇਵਰਡ ਵਿਖੇ ਹੋਈ।

# ਸਿੱਖ ਭਾਈਚਾਰੇ ਨੇ ਪਹਿਲੀ ਵਾਰ ਕੀਤੀ 'ਕਾਰਨੀਵਲ ਆਫ ਫਲਾਵਰਜ਼ ਪਰੇਡ' 'ਚ ਸ਼ਮੂਲੀਅਤ

**ਟਵੂਮਬਾ, ਆਸਟਰੇਲੀਆ (ਬਿਊਰੋ):** ਸਥਾਨਕ ਸਿੱਖ ਭਾਈਚਾਰੇ ਨੇ ਬੀਤੇ ਦਿਨੀਂ ਸ਼ਹਿਰ ਵਿਚ ਹੋਏ ਕਾਰਨੀਵਲ ਆਫ ਫਲਾਵਰਜ਼ ਫੈਸਟੀਵਲ ਪਰੇਡ ਵਿਚ ਪਹਿਲੀ ਵਾਰ ਹਿੱਸਾ ਲਿਆ।

ਭਾਈਚਾਰੇ ਵੱਲੋਂ ਬਹੁਤ ਹੀ ਸੋਹਣਾ ਸਟਾਲ ਲਾਇਆ ਗਿਆ ਸੀ ਜਿੱਥੇ ਪੂਰਾ ਦਿਨ ਕੋਕ, ਜੂਸ ਤੇ ਪਾਣੀ ਦੀਆਂ ਬੋਤਲਾਂ ਵਰਤਾਈਆਂ ਗਈਆਂ। ਪਰੇਡ ਦੇਖਣ ਆਏ ਲੋਕਾਂ ਵਿਚ ਸਿੱਖ ਕੌਮ ਦਾ ਸਟਾਲ ਖਿੱਚ ਦਾ ਕੇਂਦਰ ਰਿਹਾ। ਲੋਕ ਜਿੱਥੇ ਮੁਫਤ ਪਾਣੀ ਤੇ ਹੋਰ ਡਰਿੰਕਸ ਲੈ ਰਹੇ ਸਨ, ਉਥੇ ਸਿੱਖੀ ਦੀ ਜਾਣਕਾਰੀ ਵੀ ਲੈ ਰਹੇ ਸਨ ਅਤੇ ਪਰੇਡ ਦਾ ਹਿੱਸਾ ਬਣਨ ਲਈ ਸਿੱਖ ਕਮਿਊਨਟੀ ਦਾ ਧੰਨਵਾਦ ਕਰ ਰਹੇ ਸਨ।



ਸਿੱਖ ਭਾਈਚਾਰੇ ਦੇ ਨੁਮਾਇੰਦੇ ਭਾਈ ਜਸਵਿੰਦਰ ਸਿੰਘ ਨੇ ਸਟਾਲ 'ਤੇ ਆ ਰਹੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਇਸ ਕਾਰਜ ਲਈ ਮਾਇਆ ਦਾਨ ਕਰਨ ਵਾਲਿਆਂ ਅਤੇ ਸਟਾਲ ਉਤੇ ਪੂਰਾ ਦਿਨ ਤਨਦੇਹੀ ਨਾਲ ਕੰਮ ਕਰਨ ਵਾਲੇ ਵੀਰਾਂ-ਭੈਣਾਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਨਾਲ ਸਥਾਨਕ ਲੋਕਾਂ ਵਿਚ ਸਾਡੀ ਪਛਾਣ ਬਣੀ ਹੈ, ਅਤੇ ਅਸੀਂ ਆਪਣੇ ਮਸਕਦ ਵਿਚ ਕਾਮਯਾਬ ਹੋਏ ਹਾਂ। ਉਨ੍ਹਾਂ ਕਿਹਾ ਕਿ ਅਸੀਂ ਇਸ ਪ੍ਰੋਗਰਾਮ ਨੂੰ ਹਰ ਸਾਲ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ ਅਤੇ ਸਿੱਖੀ ਵਿਚ ਸੇਵਾ ਭਾਵਨਾ ਦੇ ਸਿਧਾਂਤ ਬਾਰੇ ਸਥਾਨਕ ਲੋਕਾਂ ਨੂੰ ਦੱਸਾਂਗੇ।



# ਮੋਦੀ ਦੀ ਚੋਣ ਬੁਲੇਟ ਟਰੇਨ



## ਆਲੋਚਕਾਂ ਦਾ ਤਰਕ: ਮੌਜੂਦਾ ਸੇਵਾਵਾਂ 'ਤੇ ਲੱਗੇ ਪੈਸਾ

**ਨਵੀਂ ਦਿੱਲੀ:** ਆਲੋਚਕਾਂ ਦਾ ਕਹਿਣਾ ਹੈ ਕਿ ਯਾਤਰੀਆਂ ਲਈ ਵਧੀਆ ਇਹੀ ਹੋਵੇਗਾ ਕਿ ਮੌਜੂਦਾ ਰੇਲ ਨੈਟਵਰਕ ਨੂੰ ਸੁਰੱਖਿਅਤ ਬਣਾਉਣ ਲਈ ਪੈਸਾ ਲਾਇਆ ਜਾਵੇ। ਭਾਰਤ ਦੀ ਰੇਲ ਹਰ ਰੋਜ਼ ਤਕਰੀਬਨ ਸਵਾ ਦੋ ਕਰੋੜ ਲੋਕਾਂ ਨੂੰ ਉਨ੍ਹਾਂ ਦੀ ਮੰਜ਼ਲ 'ਤੇ ਛੱਡਦੀ ਹੈ। ਇਸ ਦੇ ਜ਼ਿਆਦਾਤਰ ਮਸ਼ੀਨਾਂ ਪੁਰਾਣੀਆਂ ਹੋ ਚੁੱਕੀਆਂ ਹਨ, ਇਨ੍ਹਾਂ ਕਾਰਨ ਹੀ ਅਕਸਰ ਹਾਦਸੇ ਹੁੰਦੇ ਹਨ। ਪਟੜੀਆਂ ਦੇ ਗਾਰਡਰ ਬਦਲਣ ਤੇ ਹੋਰ ਸੁਰੱਖਿਆ ਫੀਚਰਾਂ ਲਈ ਬਜਟ 1.8 ਲੱਖ ਕਰੋੜ ਰੁਪਏ ਬਣਦਾ ਹੈ। ਇਸ ਉਤੇ ਦੇਸ਼ ਦੇ 97.8 ਫੀਸਦੀ ਰੇਲ ਮੁਸਾਫਰਾਂ ਨੇ ਸਫਰ ਕਰਨਾ ਹੈ ਜਦੋਂ ਕਿ ਬੁਲੇਟ ਟਰੇਨ ਉਤੇ 2.2 ਫੀਸਦੀ ਲੋਕ ਸਫਰ ਕਰ ਸਕਣਗੇ।

## ਬੁਲਟ ਟ੍ਰੇਨ ਸਿਰਫ ਮੋਦੀ ਦਾ ਸੁਪਨਾ: ਸ਼ਿਵ ਸੈਨਾ

**ਮੁੰਬਈ:** ਬੁਲਟ ਟਰੇਨ ਪ੍ਰੋਜੈਕਟ ਦੀ ਆਲੋਚਨਾ ਕਰਦਿਆਂ ਐਨ.ਡੀ.ਏ. ਸਰਕਾਰ ਦੀ ਭਾਈਵਾਲ ਸ਼ਿਵ ਸੈਨਾ ਨੇ ਕਿਹਾ ਕਿ ਇਹ ਪ੍ਰੋਜੈਕਟ ਆਮ ਆਦਮੀ ਦਾ ਸੁਪਨਾ ਨਹੀਂ ਸਗੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਪੁੱਛੇ ਬਗੈਰ ਬੁਲਟ ਟਰੇਨ ਮਿਲ ਰਹੀ ਹੈ, ਅਸੀਂ ਨਹੀਂ ਜਾਣਦੇ ਇਸ ਨਾਲ ਕਿਹੜੀ ਸਮੱਸਿਆ ਹੱਲ ਹੋਵੇਗੀ।



**ਗਾਂਧੀਨਗਰ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਵੱਲੋਂ ਅਹਿਮਦਾਬਾਦ ਤੋਂ ਮੁੰਬਈ ਵਿਚਾਲੇ ਚੱਲਣ ਵਾਲੀ ਭਾਰਤ ਦੀ ਪਹਿਲੀ ਬੁਲੇਟ ਟ੍ਰੇਨ ਦਾ ਨੀਂਹ ਪੱਥਰ ਰੱਖਣ ਪਿੱਛੋਂ ਇਸ ਬੇਹੱਦ ਮਹਿੰਗੇ ਪ੍ਰੋਜੈਕਟ ਬਾਰੇ ਵੱਡੇ ਸਵਾਲ ਉਠੇ ਰਹੇ ਹਨ। ਮੋਦੀ ਨੂੰ ਬੁਲੇਟ ਟਰੇਨ ਪ੍ਰੋਜੈਕਟ ਲਈ ਵਿਰੋਧੀਆਂ ਤੇ ਹਮਾਇਤੀਆਂ ਦੀ ਮੁਖਾਲਫਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਇਸ ਨੂੰ 'ਚੋਣ ਬੁਲੇਟ ਟਰੇਨ' ਕਰਾਰ ਦਿੱਤਾ। ਭਾਜਪਾ ਦੀ ਭਾਈਵਾਲ ਸ਼ਿਵ ਸੈਨਾ ਨੇ ਆਪਣੇ ਪਰਚੇ 'ਸਾਮਨਾ' ਵਿਚ ਸਵਾਲ ਕੀਤਾ ਹੈ ਕਿ ਇਸ ਦੀ ਕੋਈ ਲੋੜ ਹੈ ਤੇ ਇਸ ਨਾਲ ਕਿਹੜੀ ਸਮੱਸਿਆ ਹੱਲ ਹੋਵੇਗੀ।

ਇਸ ਪ੍ਰੋਜੈਕਟ ਉਤੇ 1.1 ਲੱਖ ਕਰੋੜ ਰੁਪਏ ਦਾ ਖਰਚ ਆਉਣਾ ਹੈ। ਗੱਡੀ ਨੇ ਅਹਿਮਦਾਬਾਦ ਤੋਂ ਮੁੰਬਈ ਤੱਕ 508 ਕਿਲੋਮੀਟਰ ਦਾ ਫਾਸਲਾ ਤੈਅ ਕਰਨਾ ਹੈ। ਦੂਜੇ ਪਾਸੇ ਭਾਰਤ ਦੇ ਸਮੁੱਚੇ ਰੇਲ ਨੈੱਟਵਰਕ ਦੀਆਂ ਪਟੜੀਆਂ ਦੇ ਗਾਰਡਰ ਬਦਲਣ ਤੇ ਹੋਰ ਸੁਰੱਖਿਆ ਫੀਚਰਾਂ ਲਈ ਬਜਟ 1.8 ਲੱਖ ਕਰੋੜ ਰੁਪਏ ਬਣਦਾ ਹੈ। ਇਸ ਉਤੇ ਦੇਸ਼ ਦੇ 97.8 ਫੀਸਦੀ ਰੇਲ ਮੁਸਾਫਰਾਂ ਨੇ ਸਫਰ ਕਰਨਾ ਹੈ ਜਦੋਂ ਕਿ ਬੁਲੇਟ ਟਰੇਨ ਉਤੇ 2.2 ਫੀਸਦੀ ਨੇ। ਇਸ ਸਈ ਮੋਦੀ ਦੇ ਇਸ ਪ੍ਰੋਜੈਕਟ ਨੂੰ ਸੁਪਨਸਾਜ਼ੀ ਤੇ ਸ਼ੋਸ਼ੇਬਾਜ਼ੀ ਦੀ ਨਜ਼ਰ ਨਾਲ ਵੇਖਿਆ ਜਾ ਰਿਹਾ ਹੈ।

ਇਹ ਬੁਲੇਟ ਟ੍ਰੇਨ ਮੋਦੀ ਦੇ ਆਪਣੇ ਸੂਬੇ ਗੁਜਰਾਤ ਦੇ ਅਹਿਦਾਬਾਦ ਤੋਂ ਮੁੰਬਈ ਦਰਮਿਆਨ ਚੱਲੇਗੀ। ਇਸ ਟ੍ਰੇਨ ਦੀ ਫੰਡਿੰਗ ਜਾਪਾਨ ਤੋਂ ਲਏ ਜਾਣ ਵਾਲੇ 17 ਬਿਲੀਅਨ ਡਾਲਰ (ਤਕਰੀਬਨ 1088 ਅਰਬ ਰੁਪਏ) ਦੇ ਕਰਜ਼ ਤੋਂ ਹੋਵੇਗੀ। 750 ਸੀਟਾਂ ਵਾਲੀ ਇਸ ਟ੍ਰੇਨ ਦੇ ਅਗਸਤ 2022 ਤੱਕ ਚੱਲਣ ਦੀ ਉਮੀਦ ਹੈ। ਇਸ ਦੀ ਸਪੀਡ 350 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ ਜੋ ਫਿਲਹਾਲ ਭਾਰਤ ਦੀ ਸਭ ਤੋਂ ਤੇਜ਼ ਚੱਲਣ ਵਾਲੀ ਟ੍ਰੇਨ ਤੋਂ ਵੀ ਦੁਗਣੀ ਹੋਵੇਗੀ। ਬੁਲੇਟ ਟ੍ਰੇਨ ਨੇ 468 ਕਿਲੋਮੀਟਰ ਦਾ ਸਫਰ ਐਲੀਵੇਟਿਡ ਟ੍ਰੈਕ ਯਾਨੀ ਜ਼ਮੀਨ ਤੋਂ ਉਪਰ ਬਣੀਆਂ ਲਾਈਨਾਂ ਉਤੇ ਕਰਨਾ ਹੈ। 27 ਕਿਲੋਮੀਟਰ ਦਾ ਸਫਰ ਜ਼ਮੀਨ ਹੇਠਾਂ, ਇਸ ਵਿਚ 7 ਕਿਲੋਮੀਟਰ ਸਮੁੰਦਰ ਦਾ ਸਫਰ ਵੀ ਸ਼ਾਮਲ ਹੈ। ਤਕਰੀਬਨ 13 ਕਿਲੋਮੀਟਰ ਦਾ ਸਫਰ ਬੁਲੇਟ ਟ੍ਰੇਨ ਜ਼ਮੀਨ 'ਤੇ ਤੈਅ ਕਰੇਗੀ। ਜਾਪਾਨ ਇਸ ਪ੍ਰੋਜੈਕਟ ਵਿਚ ਸਿਰਫ ਤਕਨਾਲੋਜੀ ਹੀ ਨਹੀਂ ਬਲਕਿ ਨਿਵੇਸ਼ ਵੀ ਕਰ ਰਿਹਾ ਹੈ। ਜਾਪਾਨ ਨੇ ਬੁਲੇਟ ਟ੍ਰੇਨ ਚਲਾਉਣ ਲਈ ਭਾਰਤ ਨੂੰ ਕੁੱਲ ਲਾਗਤ ਦਾ 80 ਫੀਸਦੀ ਯਾਨੀ ਕਿ ਤਕਰੀਬਨ 88 ਹਜ਼ਾਰ ਕਰੋੜ ਰੁਪਏ ਕਰਜ਼ ਦੇ ਰੂਪ ਵਿਚ ਦੇ ਰਿਹਾ ਹੈ।

# ਰਣਨੀਤਕ ਸਹਿਯੋਗ ਵਧਾਉਣਗੇ ਭਾਰਤ-ਜਾਪਾਨ, 15 ਸਮਝੌਤੇ ਸਹੀਬੰਦ

**ਗਾਂਧੀਨਗਰ:** ਭਾਰਤ ਅਤੇ ਜਾਪਾਨ ਨੇ ਪ੍ਰਸ਼ਾਂਤ-ਹਿੰਦ ਮਹਾਸਾਗਰ ਖੇਤਰ ਵਿਚ ਸ਼ਾਂਤੀ, ਸਥਿਰਤਾ ਅਤੇ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਆਪਣੀ ਵਿਸ਼ੇਸ਼ ਰਣਨੀਤਕ ਅਤੇ ਵਿਸ਼ਵ ਵਿਆਪੀ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਸੈਨਾਵਾਂ ਦੇ ਆਦਾਨ-ਪ੍ਰਦਾਨ ਅਤੇ ਰੱਖਿਆ ਤਕਨੀਕ ਤੇ ਉਤਪਾਦਨ ਖੇਤਰ ਵਿਚ ਸਹਿਯੋਗ ਵਧਾਉਣ ਅਤੇ ਅਤਿਵਾਦ ਵਿਰੁੱਧ ਰਵੱਈਆ ਸਖਤ ਕਰਨ ਦਾ ਫੈਸਲਾ ਕੀਤਾ।



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਦਰਮਿਆਨ 12ਵੇਂ ਭਾਰਤ-ਜਾਪਾਨ ਸਾਲਾਨਾ ਸਿਖਰ ਸੰਮੇਲਨ 'ਚ ਇਹ ਫੈਸਲੇ ਕੀਤੇ ਗਏ। ਦੋਵੇਂ ਦੇਸ਼ਾਂ ਨੇ ਨਿਵੇਸ਼ 'ਚ ਤੇਜ਼ੀ ਲਿਆਉਣ ਅਤੇ ਦੋਵੇਂ ਦੇਸ਼ਾਂ ਦੇ ਲੋਕਾਂ ਦਰਮਿਆਨ ਸੰਪਰਕ ਵਧਾਉਣ ਦੇ ਉਦੇਸ਼ ਨਾਲ ਸ਼ਹਿਰੀ ਹਵਾਬਾਜ਼ੀ, ਕਾਰੋਬਾਰ, ਸਿੱਖਿਆ, ਵਿਗਿਆਨ ਅਤੇ ਤਕਨਾਲੋਜੀ, ਖੇਡਾਂ ਸਮੇਤ ਵੱਖ-ਵੱਖ ਖੇਤਰਾਂ ਵਿਚ 15 ਸਮਝੌਤਿਆਂ 'ਤੇ ਦਸਤਖਤ ਕੀਤੇ ਅਤੇ ਰਣਨੀਤਕ ਰੂਪ ਨਾਲ ਮਹੱਤਵਪੂਰਨ ਹਿੰਦ-ਪ੍ਰਸ਼ਾਂਤ ਖੇਤਰ 'ਚ ਸਹਿਯੋਗ ਨੂੰ ਮਜ਼ਬੂਤ ਬਣਾਉਣ ਤੇ ਸਹਿਮਤੀ ਪ੍ਰਗਟ ਕੀਤੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਜਾਪਾਨੀ ਹਮਰੁਤਬਾ ਸ਼ਿੰਜੋ ਆਬੇ ਨੇ ਮਹੱਤਵਪੂਰਨ ਦੁਵੱਲੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਸਣੇ ਵੱਖ-ਵੱਖ ਵਿਸ਼ਿਆਂ ਉਤੇ ਵਿਆਪਕ ਚਰਚਾ ਕੀਤੀ। ਦੋਵੇਂ ਆਗੂਆਂ ਨੇ ਕਾਰੋਬਾਰ, ਸੁਰੱਖਿਆ ਅਤੇ ਅਸੈਨਿਕ ਪਰਮਾਣੂ ਊਰਜਾ ਖੇਤਰ ਵਿਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ-ਜਾਪਾਨ ਸਬੰਧ ਦੁਵੱਲੇ ਅਤੇ ਖੇਤਰੀ ਦਾਇਰੇ ਤੱਕ ਸੀਮਤ ਨਹੀਂ ਹਨ ਬਲਕਿ ਸਾਡੇ ਦਰਮਿਆਨ ਅਹਿਮ ਆਲਮੀ ਮੁੱਦਿਆਂ ਉਤੇ ਵੀ ਨਜ਼ਦੀਕੀ ਸਹਿਯੋਗ ਹੈ। ਸ੍ਰੀ ਮੋਦੀ ਨੇ ਕਿਹਾ ਕਿ ਜਾਪਾਨ ਨੇ ਸਾਲ 2016-17 ਵਿਚ ਭਾਰਤ ਵਿਚ 4.7 ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਕੀਤਾ, ਜੋ ਪਿਛਲੇ ਸਾਲ ਦੀ ਤੁਲਨਾ 'ਚ 80 ਫੀਸਦੀ ਵੱਧ ਹੈ।

# ਮੋਦੀ ਦੇ ਮੰਤਰੀਆਂ ਨੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਕੱਚੇ ਲਾਹੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੂੰ ਉਨ੍ਹਾਂ ਦੇ ਵਜ਼ੀਰ ਟਿੱਚ ਸਮਝ ਰਹੇ ਹਨ। ਕੇਂਦਰੀ ਕੈਬਨਿਟ ਦੇ 76 ਵਿਚੋਂ 62 ਮੰਤਰੀਆਂ ਨੇ ਪ੍ਰਧਾਨ ਮੰਤਰੀ ਦਫਤਰ ਦੀ ਵੈੱਬਸਾਈਟ ਉਤੇ ਹੁਣ ਤੱਕ ਆਪਣੀ ਨਿੱਜੀ ਸੰਪਤੀ ਦਾ ਵੇਰਵਾ ਨਹੀਂ ਪਾਇਆ। ਮੋਦੀ ਦੇ ਅਹੁਦੇ ਸੰਭਾਲਣ ਪਿੱਛੋਂ ਲਗਾਤਾਰ 3 ਸਾਲ ਤੱਕ ਸਾਰੇ ਕੈਬਨਿਟ ਮੰਤਰੀ ਆਪਣੀ ਨਿੱਜੀ ਸੰਪਤੀ ਦਾ ਵੇਰਵਾ ਪ੍ਰਧਾਨ ਮੰਤਰੀ ਦਫਤਰ ਦੀ ਵੈੱਬਸਾਈਟ ਉਤੇ ਸ਼ੇਅਰ ਕਰਦੇ ਰਹੇ ਹਨ।



ਹਰ ਸਾਲ 31 ਅਗਸਤ ਤੱਕ ਇਹ ਜਾਣਕਾਰੀ ਅਪਡੇਟ ਕੀਤੀ ਜਾਂਦੀ ਰਹੀ ਹੈ, ਪਰ ਇਸ ਸਾਲ ਹੁਣ ਤੱਕ ਸਿਰਫ 14 ਮੰਤਰੀਆਂ ਦੀ ਸੰਪਤੀ ਅਪਡੇਟ ਕੀਤੀ ਗਈ ਹੈ। ਅਰੁਣ ਜੇਤਲੀ ਨੇ 2015-16 ਦੌਰਾਨ ਪ੍ਰਧਾਨ ਮੰਤਰੀ ਦਫਤਰ ਨੂੰ ਦਿੱਤੇ ਵੇਰਵੇ ਵਿਚ ਆਪਣੇ ਕੋਲ 65,29,400 ਰੁਪਏ ਨਕਦੀ ਦੀ ਗੱਲ ਕਹੀ ਸੀ, ਇਸ ਸਾਲ ਜੇਤਲੀ ਵੱਲੋਂ ਦਿੱਤੇ ਗਏ ਵੇਰਵੇ ਵਿਚ 12,18,800 ਰੁਪਏ ਕੈਸ਼ ਦੀ ਗੱਲ ਕਹੀ ਗਈ ਹੈ। ਇਸ ਹਿਸਾਬ ਪਿਛਲੇ ਸਾਲ ਵਿਚ ਉਸ ਕੋਲ ਕਰੀਬ 53 ਲੱਖ ਰੁਪਏ ਕੈਸ਼ ਘੱਟ ਹੋ ਗਿਆ ਹੈ। ਉਨ੍ਹਾਂ ਨੇ 2013-14 ਵਿਚ ਸੰਪਤੀ ਦੇ ਆਪਣੇ ਪਹਿਲੇ ਵੇਰਵੇ ਵਿਚ ਇਕ ਕਰੋੜ 30 ਲੱਖ ਰੁਪਏ ਕੈਸ਼ ਹੋਣ ਦੀ ਗੱਲ ਕਹੀ ਸੀ। ਇਸ ਹਿਸਾਬ ਪਿਛਲੇ 3 ਸਾਲਾਂ ਵਿਚ ਜੇਤਲੀ ਦਾ ਕਰੀਬ ਇਕ ਕਰੋੜ 18 ਲੱਖ ਰੁਪਏ ਨਕਦ ਪੈਸਾ ਬੈਂਕਿੰਗ ਵਿਚ ਆ ਗਿਆ ਹੈ।

## ਵਾਰੇ ਜਾਈਏ ਯੂ.ਪੀ. ਦੇ ਉਪ ਮੁੱਖ ਮੰਤਰੀ ਦੇ ਤਰਕ ਤੋਂ

**ਹਾਰਦੋਈ:** ਉਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਦਾ ਅਜੀਬੋ-ਗਰੀਬ ਬਿਆਨ ਸਾਹਮਣੇ ਆਇਆ ਹੈ। ਯੂ.ਪੀ. ਦੇ ਹਰਦੋਈ ਵਿਚ ਕੇਸ਼ਵ ਪ੍ਰਸਾਦ ਮੌਰੀਆ ਨੇ ਸਮਾਗਮ ਵਿਚ ਕਿਹਾ ਕਿ ਠੇਕੇਦਾਰਾਂ ਨੂੰ ਖਾਣਾ ਚਾਹੀਦਾ ਹੈ, ਪਰ ਦਾਲ ਵਿਚ ਨਮਕ ਦੇ ਬਰਾਬਰ। ਉਨ੍ਹਾਂ ਦੇ ਇਸ ਬਿਆਨ ਤੋਂ ਲੱਗਦਾ ਹੈ ਕਿ ਉਹ ਰਿਸ਼ਵਤਖੋਰੀ ਨੂੰ ਉਤਸ਼ਾਹਤ ਕਰ ਰਹੇ ਹੋਣ। ਮੌਰੀਆ ਨੇ ਕਿਹਾ, ਕਮਾਓ ਪਰ ਜਿੰਦਾਂ ਦਾਲ ਵਿਚ ਨਮਕ ਖਾਧਾ ਜਾਂਦਾ ਹੈ, ਉਸ ਤਰ੍ਹਾਂ ਖਾਓ, ਕਮਾਈ ਕਰਨਾ ਜਾਂ ਵਪਾਰ ਕਰਨਾ ਗਲਤ ਨਹੀਂ ਹੈ।

# ਮਹਿੰਗਾਈ ਨੇ ਕੀਤੇ ਭਾਰਤੀ ਲੋਕ ਹਾਲੋਂ-ਬੇਹਾਲ

**ਨਵੀਂ ਦਿੱਲੀ:** ਸਾਢੇ ਤਿੰਨ ਸਾਲ ਪਹਿਲਾਂ ਲੋਕਾਂ ਨਾਲ 'ਅੱਛੇ ਦਿਨਾਂ' ਦੇ ਵਾਅਦੇ ਕਰ ਕੇ ਕੇਂਦਰੀ ਸੱਤਾ ਵਿਚ ਆਈ ਨਰੇਂਦਰ ਮੋਦੀ ਸਰਕਾਰ ਨੇ ਦੇਸ਼ ਵਾਸੀਆਂ ਨੂੰ ਹਾਲੋਂ-ਬੇਹਾਲ ਕਰ ਦਿੱਤਾ ਹੈ। ਮਹਿੰਗਾਈ ਨੇ ਖਾਣ ਪੀਣ ਵਾਲੀਆਂ ਚੀਜ਼ਾਂ ਵੀ ਲੋਕਾਂ ਦੇ ਵੱਸੋਂ ਬਾਹਰ ਕਰ ਦਿੱਤੀਆਂ ਹਨ। ਬੀਤੇ ਅਗਸਤ ਵਿਚ ਪਿਛਲੇ ਚਾਰ ਮਹੀਨਿਆਂ ਦੌਰਾਨ ਸਭ ਤੋਂ ਵੱਧ ਮਹਿੰਗਾਈ ਦਰਜ ਕੀਤੀ ਗਈ ਹੈ। 3.24 ਫੀਸਦੀ ਦੀ ਦਰ 'ਤੇ ਪੁੱਜੀ ਥੋਕ ਮਹਿੰਗਾਈ ਕਾਰਨ ਖਾਧ ਪਦਾਰਥ ਦੇ ਨਾਲ-ਨਾਲ ਪਿਆਜ਼ ਤੇ ਸਬਜ਼ੀਆਂ ਦੇ ਭਾਅ ਅਸਮਾਨੀਂ ਚੜ੍ਹ ਗਏ।

ਸਰਕਾਰੀ ਅੰਕੜਿਆਂ ਮੁਤਾਬਕ ਭੋਜਨ ਸਮੱਗਰੀ ਉਤੇ ਸਾਲਾਨਾ ਦੇ ਹਿਸਾਬ ਨਾਲ ਅਗਸਤ ਵਿਚ ਮਹਿੰਗਾਈ 5.75 ਫੀਸਦੀ ਹੋ ਗਈ ਜਦਕਿ, ਜੁਲਾਈ 2017 ਵਿਚ ਇਹ ਅੰਕੜਾ 2.15 ਫੀਸਦੀ ਸੀ। ਇਸ ਮਹਿੰਗਾਈ ਨਾਲ ਪਿਛਲੇ ਦੋ ਮਹੀਨਿਆਂ ਵਿਚ ਸਬਜ਼ੀਆਂ ਦੇ ਭਾਅ ਤਕਰੀਬਨ ਦੁੱਗਣੇ ਹੋ ਗਏ ਹਨ। ਜੁਲਾਈ ਵਿਚ ਮਹਿੰਗਾਈ ਕਾਰਨ ਸਬਜ਼ੀਆਂ ਦੇ ਭਾਅ 21.95 ਫੀਸਦੀ ਵਧੇ ਸੀ ਪਰ ਅਗਸਤ ਵਿਚ ਇਹ ਵਾਧਾ 44.91 ਫੀਸਦੀ ਦਰਜ ਕੀਤਾ ਗਿਆ। ਅਗਸਤ ਵਿਚ ਇਕੱਲੇ ਪਿਆਜ਼ ਦੇ ਭਾਅ 88.46 ਫੀਸਦੀ ਵਾਧਾ ਵੇਖਿਆ ਗਿਆ। ਇਸ ਤੋਂ ਇਲਾਵਾ ਪੈਟਰੋਲ ਤੇ ਡੀਜ਼ਲ ਦੀ ਕੀਮਤ ਅੰਬਰਾਂ ਨੂੰ ਛੋਹ ਰਹੀ ਹੈ।

ਹਾਲਾਂਕਿ, ਕੱਚੇ ਤੇਲ ਦੀਆਂ ਕੀਮਤਾਂ ਇਸ ਵੇਲੇ ਸਭ ਤੋਂ ਹੇਠਲੇ ਪੱਧਰ 'ਤੇ ਹਨ। ਮਹਿੰਗਾਈ ਵਧਣ ਦਾ ਕਾਰਨ ਨਿਰਮਾਣ ਸਮਰੱਥਾ ਘੱਟ ਹੋਣਾ ਹੈ। ਜੁਲਾਈ ਵਿਚ ਨਿਰਮਾਣ 1.2 ਫੀਸਦੀ ਵਾਧਾ ਵੇਖਿਆ ਗਿਆ ਜਦਕਿ, ਪਿਛਲੇ ਸਾਲ ਇਸੇ ਮਹੀਨੇ ਦੌਰਾਨ ਇਹ ਵਾਧਾ 4.5 ਫੀਸਦੀ ਦਰਜ ਕਰ ਰਿਹਾ ਹੈ। ਦੱਸਣਾ ਬਣਦਾ ਹੈ ਕਿ ਬੀਤੇ ਮਹੀਨੇ ਭਾਰਤੀ ਰਿਜ਼ਰਵ ਬੈਂਕ ਨੇ ਰੈਪੋ ਰੇਟ ਵਿਚ 0.25 ਫੀਸਦੀ ਕਟੌਤੀ ਸੀ। ਕੇਂਦਰੀ ਬੈਂਕ ਦੇ ਇਸ ਕਦਮ ਨਾਲ ਇਹ ਦਰ ਪਿਛਲੇ 7 ਮਹੀਨਿਆਂ ਦੌਰਾਨ ਪਹਿਲੀ ਵਾਰ ਕੀਤੀ ਕਟੌਤੀ ਨੇ ਪਿਛਲੇ 7 ਸਾਲਾਂ ਦੇ ਹੇਠਲੇ ਪੱਧਰ 'ਤੇ ਹੈ। ਇਸ ਨਾਲ ਵੀ ਕੋਈ ਫਾਇਦਾ ਨਹੀਂ ਹੋਇਆ ਜਾਪਦਾ।



## ਰੋਜ਼ਾਨਾ ਤੇਲ ਕੀਮਤਾਂ ਵਾਲੀ ਨੀਤੀ ਦਾ ਸੱਚ

**ਚੰਡੀਗੜ੍ਹ:** ਨਰੇਂਦਰ ਮੋਦੀ ਸਰਕਾਰ ਦੀ ਰੋਜ਼ਾਨਾ ਤੇਲ ਕੀਮਤਾਂ ਤੈਅ ਕਰਨ ਦੀ ਨੀਤੀ ਖਪਤਕਾਰਾਂ 'ਤੇ ਭਾਰੀ ਪਈ ਹੈ। ਸਰਕਾਰ ਨੇ ਰੋਜ਼ਾਨਾ ਕੀਮਤਾਂ ਤੈਅ ਕਰਨ ਦੀ ਨੀਤੀ ਇਸ ਸਾਲ 16 ਜੂਨ ਤੋਂ ਤੈਅ ਕੀਤੀ ਸੀ। ਉਸ ਤੋਂ ਬਾਅਦ ਪੈਟਰੋਲ ਦੇ ਭਾਅ ਸੱਤ ਰੁਪਏ ਤੋਂ ਜ਼ਿਆਦਾ ਵੱਧ ਚੁੱਕੇ ਹਨ ਜਦੋਂ ਕਿ ਆਲਮੀ ਤੇਲ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ 50-52 ਡਾਲਰ ਫੀ ਬੈਰਲ ਦੇ ਆਸ-ਪਾਸ ਹੀ ਹਨ। ਹੁਣ ਜਦੋਂ ਖਪਤਕਾਰਾਂ ਨੂੰ ਮੋਦੀ ਸਰਕਾਰ ਦੀ ਚਲਾਈ ਸਮਝ ਆਈ ਹੈ ਤਾਂ ਕੇਂਦਰ ਸਰਕਾਰ ਨੇ ਸਪਸ਼ਟ ਕਰ ਦਿੱਤਾ ਕਿ ਉਹ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਤੈਅ ਕਰਨ ਦੀ ਮੌਜੂਦਾ ਪ੍ਰਣਾਲੀ ਵਿਚ ਕਿਸੇ ਤਰ੍ਹਾਂ ਦਾ ਦਖਲ ਨਹੀਂ ਦੇਵੇਗੀ ਅਤੇ ਰੋਜ਼ਾਨਾ ਕੀਮਤਾਂ ਵਧਾਉਣ-ਘਟਾਉਣ ਦੀ ਨੀਤੀ ਜਾਰੀ ਰਹੇਗੀ। ਤੇਲ ਦੀਆਂ ਵਧੀਆਂ ਕੀਮਤਾਂ ਨੇ ਭਾਵੇਂ ਆਮ ਆਦਮੀ ਦਾ ਕਚੂੰਬਰ ਕੱਢ ਦਿੱਤਾ ਹੈ ਪਰ ਪੈਟਰੋਲ, ਡੀਜ਼ਲ ਅਤੇ ਗੈਸ ਦਾ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੇ ਰਿਕਾਰਡ ਤੋੜ ਕਮਾਈ ਕੀਤੀ ਹੈ। ਆਰ.ਟੀ.ਆਈ. ਵਿਚ ਖੁਲਾਸਾ ਹੋਇਆ ਹੈ ਕਿ ਭਾਰਤ ਪੈਟਰੋਲੀਅਮ ਨੇ 2016-17 ਵਿਚ 8,039.30 ਕਰੋੜ ਰੁਪਏ ਦਾ ਮੁਨਾਫਾ ਕਮਾਇਆ ਹੈ, ਜਦਕਿ ਉਸ ਤੋਂ ਪਿਛਲੇ ਵਰ੍ਹੇ 2015-16 'ਚ ਇਹ ਮੁਨਾਫਾ 7,056.36 ਕਰੋੜ ਰੁਪਏ ਸੀ।

# ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ 13ਵੇਂ ਕਬੱਡੀ ਕੱਪ 'ਚ ਬੇ ਏਰੀਆ ਸਪੋਰਟਸ ਕਲੱਬ ਨੇ ਮਾਰੀ ਬਾਜੀ

## *ਨਾਮੀ ਖਿਡਾਰੀਆਂ ਨੇ ਦਿਖਾਏ ਜੋਸ਼ੀਲੀ ਖੇਡ ਦੇ ਜਲਵੇ *ਕਬੱਡੀ ਕੱਪ ਦੀ ਸਫਲਤਾ 'ਤੇ ਪ੍ਰਬੰਧਕ ਬਾਗੋ ਬਾਗ

**ਯੂਨੀਅਨ ਸਿਟੀ, ਕੈਲੀਫੋਰਨੀਆ (ਬਿਊਰੋ):** ਖੇਡ ਮੈਦਾਨ ਵੱਲ ਵਹੀਰਾਂ ਘੱਤੀ ਆਉਂਦੀਆਂ ਕਾਰਾਂ; ਆਏ ਦਰਸ਼ਕ ਮਹਿਮਾਨਾਂ ਨੂੰ ਜੱਫੀਆਂ ਪਾ ਪਾ ਮਿਲਦੇ ਪ੍ਰਬੰਧਕਾਂ ਦੇ ਖਿੜ੍ਹੇ ਚਿਹਰੇ; ਕੁਝ ਵੱਖਰੇ ਅੰਦਾਜ਼ 'ਚ ਸੂਰਜ ਦੀ ਚਮਕ



*ਆਹ ਆ ਕਬੱਡੀ ਦਾ ਜ਼ੋਰ, ਕਬੱਡੀ ਦੇ ਦੋ ਧੁਨੰਤਰ ਜ਼ੋਰ ਅਜਮਾਇਸ਼ ਕਰਦੇ ਹੋਏ*

ਤੇ ਖਿਡਾਰੀਆਂ ਦੇ ਲਿਸ਼ਕਦੇ ਗਠਵੇਂ ਜੁੱਸੇ, ਮੈਚ ਸ਼ੁਰੂ ਹੋਣ ਤੋਂ ਪਹਿਲਾਂ ਬੈਠਕਾਂ ਮਾਰ ਕੇ ਸਰੀਰ ਗਰਮਾ ਰਹੇ ਖਿਡਾਰੀ ਤੇ 'ਕੁੰਡੀਆਂ ਦੇ ਸਿੰਗ ਫਸਦੇ' ਵੇਖਣ ਲਈ ਉਤਾਵਲੇ ਦਰਸ਼ਕ; ਸਪੀਕਰ 'ਤੇ ਹੁੰਦੀਆਂ ਅਨਾਊਂਸਮੈਂਟਾਂ ਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ 'ਚ ਲੱਗਦੇ ਆਵਾਜ਼ੇ, ਇਹਨੂੰ ਰੋਕਣਾ ਭਾਖੜੇ ਨੂੰ ਬੰਨ੍ਹ ਮਾਰਨ ਵਾਲੀ ਗੱਲ ਹੈ; ਲੱਗਦੇ ਜੱਫਿਆਂ ਤੇ ਅੰਕ ਲੈ ਕੇ ਉਡਦੇ ਰੇਡਰਾਂ ਨੂੰ ਵੇਖ ਡਾਲਰਾਂ ਦੀ ਹੁੰਦੀ ਵਾਛੜ; ਲੰਗਰ-ਪਾਣੀ ਦਾ ਖੁੱਲ੍ਹਾ ਪ੍ਰਬੰਧ; ਸਪਾਂਸਰਾਂ ਦਾ ਮਾਣ-ਸਨਮਾਨ ਤੇ ਖਿਡਾਰੀਆਂ ਦੀ ਖੇਡ 'ਤੇ ਵੱਜਦੀਆਂ ਤਾੜੀਆਂ-ਇਹ ਨਜ਼ਾਰਾ ਸੀ ਸਥਾਨਕ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ 'ਚ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਕਰਵਾਏ ਗਏ 13ਵੇਂ ਵਿਸ਼ਵ ਕਬੱਡੀ ਕੱਪ ਦਾ।

ਕਬੱਡੀ ਕੱਪ ਦੀ ਸਫਲਤਾ ਲਈ ਪੱਬਾਂ ਭਾਰ ਹੋਏ ਰਹੇ ਪ੍ਰਬੰਧਕ ਸੰਤੁਸ਼ਟ ਸਨ ਕਿ ਮੇਲਾ ਪੂਰਾ ਕਾਮਯਾਬ ਹੀ ਨਹੀਂ ਹੋਇਆ ਸਗੋਂ ਪਿਛਲੇ ਦੋ ਦਹਾਕਿਆਂ ਦੇ ਉਤਰੀ ਅਮਰੀਕਾ 'ਚ ਆਯੋਜਿਤ ਕੀਤੇ ਜਾਂਦੇ ਕਬੱਡੀ ਟੂਰਨਾਮੈਂਟਾਂ 'ਚ ਦਰਸ਼ਕਾਂ ਦੇ ਸਭ ਤੋਂ ਵੱਡੇ ਇਕੱਠ ਨੇ ਕਬੱਡੀ ਪ੍ਰਤੀ ਦਿਲੋਂ ਰੱਜ ਕੇ ਮੋਹ ਅਤੇ ਪਿਆਰ ਦਾ ਇਜ਼ਹਾਰ ਵੀ ਕੀਤਾ। ਦੁਪਹਿਰ ਬਾਰਾਂ ਕੁ ਵਜੇ ਕਬੱਡੀ ਕੱਪ ਸ਼ੁਰੂ ਹੋਇਆ ਅਤੇ ਸੂਰਜ ਛਿਪਣ ਤੱਕ ਵੱਡੀ ਗਿਣਤੀ ਦਰਸ਼ਕਾਂ ਨੇ ਕਬੱਡੀ ਕੱਪ ਦੇ ਹਰ ਪਲ ਦਾ ਅਨੰਦ ਮਾਣਿਆ। ਇਹ ਇਸ ਗੱਲ ਦਾ ਪ੍ਰਤੀਕ ਸੀ ਕਿ ਹੋਰ ਖੇਡਾਂ ਪ੍ਰਤੀ ਪੰਜਾਬੀਆਂ ਦਾ ਤੇਹ-ਮੋਹ ਤਾਂ ਹੋ ਸਕਦਾ ਹੈ ਪਰ ਉਹ ਆਪਣਾ ਕੁਰਬਾਨ ਸਭ ਕੁਝ ਮਾਂ ਖੇਡ ਕਬੱਡੀ ਤੋਂ ਕਰਨਾ ਚਾਹੁੰਦੇ ਹਨ।

ਗੁਰਦੁਆਰਾ ਫਰੀਮਾਂਟ ਦੇ ਗ੍ਰੰਥੀ ਸਿੰਘ ਵਲੋਂ ਅਰਦਾਸ ਉਪਰੰਤ ਕਬੱਡੀ ਕੱਪ ਦਾ ਉਦਘਾਟਨ ਕਬੱਡੀ ਨੂੰ ਸਮਰਪਿਤ ਟੁੱਟ ਭਰਾਵਾਂ 'ਚੋਂ ਉਘੇ ਕਾਰੋਬਾਰੀ ਸ. ਸੁਰਜੀਤ ਸਿੰਘ ਟੁੱਟ ਅਤੇ ਕਬੱਡੀ ਦੀ ਜਿੰਦ ਜਾਨ ਰਹੇ ਸ. ਸੇਵਾ ਸਿੰਘ ਰੰਧਾਵਾ ਨੇ ਸਾਂਝੇ ਰੂਪ ਵਿਚ ਕੀਤਾ। ਮੁੱਖ ਮਹਿਮਾਨ ਮਿਸੀਸਿੱਪੀ ਤੋਂ ਸ. ਮੱਖਣ ਸਿੰਘ ਧਾਲੀਵਾਲ ਸਨ, ਜਿਨ੍ਹਾਂ ਕਬੱਡੀ ਕੱਪ ਦੇ ਪ੍ਰਬੰਧਕਾਂ ਅਤੇ ਖਿਡਾਰੀਆਂ ਦੀ ਪੂਰੀ ਪਿੱਠ ਥਾਪੜੀ।

ਕਬੱਡੀ ਓਪਨ ਦੇ ਪੰਜ ਮੁਕਾਬਲੇ ਪੂਰੇ ਫਸਵੇਂ ਸਨ ਤੇ ਵੇਖਣ 'ਤੇ ਹਰ ਮੈਚ ਫਾਈਨਲ ਘੋਲ ਹੀ ਪ੍ਰਤੀਤ ਹੋ ਰਿਹਾ ਸੀ। ਪਾਲਾ ਜਲਾਲਪੁਰੀਆ, ਸੰਦੀਪ ਸੁਰਖਪੁਰੀਆ, ਹੈਰੋ, ਅਰਸ਼ੀ, ਸੁਲਤਾਨ, ਖੁਸ਼ੀ ਦੁੱਗਾਂ ਆਦਿ ਸਟਾਰ ਖਿਡਾਰੀਆਂ ਦੇ ਕਬੱਡੀ ਪ੍ਰਦਰਸ਼ਨ ਅਤੇ ਪਹਿਲੇ ਮੈਚ ਤੋਂ ਹੀ ਸੌ ਸੌ ਡਾਲਰ ਦੇ ਇਨਾਮ ਰੇਡਾਂ ਤੇ ਜੱਫਿਆਂ ਲਈ ਲੱਗਦੇ ਰਹੇ। ਸ਼ਾਇਦ ਉਨ੍ਹਾਂ ਦਰਸ਼ਕਾਂ ਨੂੰ ਵੀ ਇਹ ਨਾਮ ਕਦੇ ਨਹੀਂ ਭੁੱਲਣਗੇ ਜੋ ਪਹਿਲੀ ਵਾਰ ਕਬੱਡੀ ਵੇਖਣ ਆਏ ਹੋਣਗੇ।



*13ਵੇਂ ਵਿਸ਼ਵ ਕਬੱਡੀ ਕੱਪ ਦੀ ਸ਼ਾਨ ਬਣਨ ਵਾਲਾ ਚਾਵੇਜ਼ ਹੈਰੋ ਜਿਸ ਨੇ ਵਿਸ਼ਵ ਕੱਪ ਵਿਚ ਸਿਰਫ ਇਕ ਹੀ ਜੱਫਾ ਖਾਧਾ, ਅਮੋਲਕ ਸਿੰਘ ਗਾਖਲ ਨਾਲ*

ਸੈਮੀ ਫਾਈਨਲ ਮੈਚ ਬੇ ਏਰੀਆ ਸਪੋਰਟਸ ਕਲੱਬ ਅਤੇ ਪੰਜਾਬ ਸਪੋਰਟਸ ਕਲੱਬ ਦਰਮਿਆਨ ਹੋਇਆ। ਦੂਜਾ ਸੈਮੀ ਫਾਈਨਲ ਯੂਨਾਈਟਿਡ ਸਪੋਰਟਸ ਕਲੱਬ ਅਤੇ ਬਾਬਾ ਸੇਵਾ ਦਾਸ ਸਪੋਰਟਸ ਕਲੱਬ ਨਾਰਥ ਕੈਰੋਲਾਈਨਾ ਵਿਚਾਲੇ ਖੇਡਿਆ ਗਿਆ।

ਫਾਈਨਲ ਵਿਚ ਪੁੱਜੀਆਂ ਯੂਨਾਈਟਿਡ ਸਪੋਰਟਸ ਕਲੱਬ ਅਤੇ ਬੇ ਏਰੀਆ ਸਪੋਰਟਸ ਕਲੱਬ ਦੀਆਂ ਟੀਮਾਂ ਵਿਚਾਲੇ ਹੋਇਆ ਮੈਚ ਇਸ ਕਰਕੇ ਵੀ ਨਿਵੇਕਲਾ ਲੱਗ ਰਿਹਾ ਸੀ ਕਿ ਇਸ ਨੂੰ ਵੇਖ ਕੇ ਬਲਵਿੰਦਰ ਫਿੱਡੇ ਅਤੇ ਹਰਜੀਤ ਬਾਜੇਖਾਨੇ ਦੇ ਦਿਨ ਯਾਦ ਆ ਰਹੇ ਸਨ। ਦਰਸ਼ਕ ਇੰਨੇ ਉਤਸ਼ਾਹੀ ਹੋਏ ਪਏ ਸਨ ਕਿ ਕੁਮੈਂਟੇਟਰ ਵਾਰ ਵਾਰ ਕਹਿ ਰਿਹਾ ਸੀ, "ਪੰਜਾਹ ਡਾਲਰ ਹਰ ਸਟਾਪ ਲਈ, ਸੰਦੀਪ ਲਈ ਸੌ, ਸੁਲਤਾਨ ਦੇ ਤਿੰਨ ਜੱਫਿਆਂ ਲਈ ਦੋ ਸੌ, ਹੈਰੋ ਲਈ ਸੌ, ਐਧਰੋਂ ਵੀ ਹੈਰੋ ਲਈ ਸੌ, ਪਾਲੇ ਲਈ ਪੰਜਾਹ, ਸੌ ਹੋਰ, ਐਧਰੋਂ ਵੀ ਸੌ, ਜਿਹੜਾ ਹੈਰੋ ਨੂੰ ਕਾਬੂ ਕਰੇ ਉਹਨੂੰ ਵੀ ਸੌ...।"

ਇਹ ਵੀ ਇਤਿਹਾਸਕ ਪਲ ਸੀ ਕਿ ਹੈਰੋ ਨੂੰ ਸਾਰੇ ਕਬੱਡੀ ਕੱਪ 'ਚ ਸਿਰਫ ਇਕ ਹੀ ਜੱਫਾ ਲੱਗਾ ਅਤੇ ਲੋਕ ਪੁੱਛਦੇ ਰਹੇ ਕਿ ਕਬੱਡੀ ਦਾ ਧਨੰਤਰ ਕਾਲਾ ਡੌਂਟੇ ਕਿਉਂ ਨਹੀਂ ਆਇਆ?

ਕਬੱਡੀ ਕੱਪ ਦਾ ਪਹਿਲਾ ਇਨਾਮ ਬਲਜੀਤ ਸੰਧੂ ਹੁਰਾਂ ਦੇ ਬੇ ਏਰੀਆ ਸਪੋਰਟਸ ਕਲੱਬ ਦੀ ਝੋਲੀ ਪਿਆ ਜਦੋਂਕਿ ਯੂਨਾਈਟਿਡ ਸਪੋਰਟਸ ਕਲੱਬ ਦੂਜੇ ਥਾਂ ਰਿਹਾ।

ਅੰਡਰ-25 ਮੁਕਾਬਲਿਆਂ ਵਿਚ ਫਤਹਿ ਸਪੋਰਟਸ ਕਲੱਬ ਟਰਲਕ, ਯੂਨਾਈਟਿਡ ਸਪੋਰਟਸ ਕਲੱਬ, ਕਿੰਗ ਸਪੋਰਟਸ ਕਲੱਬ ਅਤੇ ਦਸਮੇਸ਼ ਸਪੋਰਟਸ ਕਲੱਬ ਦੀਆਂ ਟੀਮਾਂ ਨੇ ਨੌਜਵਾਨ ਪੀੜ੍ਹੀ ਅੰਦਰ ਕਬੱਡੀ ਪ੍ਰਤੀ ਵਧ ਰਹੀ ਰੁਚੀ ਨੂੰ ਫਸਵੇਂ ਮੁਕਾਬਲਿਆਂ ਵਿਚ ਬਾਖੂਬੀ ਪੇਸ਼ ਕੀਤਾ। ਇਸ ਵਰਗ 'ਚੋਂ ਫਤਹਿ ਸਪੋਰਟਸ ਕਲੱਬ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਜਦੋਂਕਿ ਕਿੰਗ ਸਪੋਰਟਸ ਕਲੱਬ ਦੀ ਟੀਮ ਦੂਜੇ ਥਾਂ ਰਹੀ।

ਪਹਿਲਾ ਇਨਾਮ 'ਆਪਣਾ ਪੰਜਾਬ' ਅਤੇ ਨਾਰਦਰਨ ਕੈਲੀਫੋਰਨੀਆ ਸਪੋਰਟਸ ਕਲੱਬ ਵਲੋਂ ਮਰਹੂਮ ਸੰਤੋਖ ਸਿੰਘ ਤੱਖਰ ਦੀ ਯਾਦ ਵਿਚ ਤੱਖਰ ਪਰਿਵਾਰ ਵਲੋਂ ਦਿੱਤਾ ਗਿਆ। ਯੂਨਾਈਟਿਡ ਸਪੋਰਟਸ ਕਲੱਬ ਦੀ ਅੰਡਰ-25 ਦੀ ਟੀਮ ਨੱਥਾ ਸਿੰਘ ਗਾਖਲ, ਗੁਰਪ੍ਰੀਤ ਸਿੰਘ ਗਾਖਲ ਅਤੇ ਸੋਨੀ ਗਾਖਲ ਦੀ ਕੋਚਿੰਗ ਹੇਠ ਤਿਆਰ ਕੀਤੀ ਗਈ ਸੀ।

ਕਬੱਡੀ ਕੁਮੈਂਟੇਟਰਾਂ ਅਤੇ ਸਟੇਜ ਸੰਚਾਲਕਾਂ ਵਲੋਂ ਰੰਗ-ਬਰੰਗੀ ਲੱਛੇਦਾਰ ਸ਼ੈਲੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਵੀ ਕਰਦੀ ਰਹੀ, "ਆਹ ਆ ਪੰਜਾਬੀਆਂ ਦਾ ਸੁਲੱਖਣ ਹੈਰੋ, ਗੋਰਾ ਰੰਗ, ਮੱਖੀ ਨਹੀਂ ਪਿੰਡੇ 'ਤੇ ਬਹਿੰਦੀ...ਐਧਰ ਐ ਸੁਰਖਪੁਰ ਪਿੰਡ ਨੂੰ ਭਾਗ ਲਾਉਣ ਵਾਲਾ ਸੰਦੀਪ, ਖੁਸ਼ੀ ਨੇ ਖੁਸ਼ੀਆਂ ਲਿਆਂਦੀਆਂ ਪਈਆਂ ਨੇ, ਰੰਗ ਬੰਨ੍ਹੇ ਪਏ ਨੇ, ਹਰਖੋਵਾਲੀਏ ਦਾ ਕੋਈ ਜਵਾਬ ਨਹੀਂ, ਧੂੰਆਂ ਕੱਢੀ ਜਾਂਦਾ...ਵਾਹ ਬਈ ਵਾਹ ਖਡੂਰ ਸਾਹਿਬ ਵਾਲਿਆ! ਗਾਖਲ ਭਰਾਵਾਂ ਦੀ ਬੱਲੇ ਬੱਲੇ, ਕੋਈ ਨਹੀਂ ਮੁੱਕਰ ਸਕਦਾ ਤੁਹਾਡੀ ਕਬੱਡੀ ਦੀ ਦੇਣ ਤੋਂ...।" ਇਉਂ ਇਹ ਖੇਡ ਮੇਲਾ ਮੱਖਣ ਅਲੀ, ਇਕਬਾਲ ਗਾਲਿਬ, ਸੁਰਜੀਤ ਕਕਰਾਲੀ ਦੀ ਕਮਾਲ ਦੀ ਕੁਮੈਂਟਰੀ 'ਚ ਸਾਰਾ ਦਿਨ ਰੰਗਿਆ ਰਿਹਾ। ਸਟੇਜ ਸੰਚਾਲਨ ਆਸ਼ਾ ਸ਼ਰਮਾ ਅਤੇ ਯੂਨਾਈਟਿਡ ਸਪੋਰਟਸ ਕਲੱਬ ਦੇ ਮੀਡੀਆ ਇੰਚਾਰਜ ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਨੇ ਕੀਤਾ।

ਦਰਸ਼ਕਾਂ ਲਈ ਲੰਗਰ ਦੀ ਸੇਵਾ ਗੁਰਦੁਆਰਾ ਫਰੀਮਾਂਟ, ਸੈਨ ਹੋਜੇ, ਸਟਾਕਟਨ ਅਤੇ ਰਾਜਾ ਸਵੀਟਸ ਵਲੋਂ ਇੰਨੀ ਸ਼ਰਧਾ ਨਾਲ ਨਿਭਾਈ ਗਈ ਕਿ ਕਬੱਡੀ ਕੱਪ ਤਾਂ ਮੁੱਕ ਗਿਆ ਪਰ ਲੰਗਰ ਫਿਰ ਵੀ ਚੱਲਦਾ ਰਿਹਾ।

ਕਲੱਬ ਨੇ ਜਿਨ੍ਹਾਂ ਸਹਿਯੋਗੀਆਂ ਅਤੇ



*ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਸੁਰਜੀਤ ਸਿੰਘ ਟੁੱਟ ਤੇ ਸੇਵਾ ਸਿੰਘ ਰੰਧਾਵਾ। ਨਾਲ ਹਨ ਸੁਰਿੰਦਰ ਸਿੰਘ ਅਟਵਾਲ, ਅਮੋਲਕ ਸਿੰਘ ਗਾਖਲ ਤੇ ਸਾਧੂ ਸਿੰਘ ਖਲੌਰ*

ਸਪਾਂਸਰਾਂ ਦਾ ਪਲੈਕ ਦੇ ਕੇ ਸਨਮਾਨ ਕੀਤਾ, ਉਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ, ਸੈਂਟਰ ਵੈਲੀ ਸਪੋਰਟਸ ਕਲੱਬ, ਸਿੱਖ ਪੰਚਾਇਤ, ਮੈਨੀ ਗਰੇਵਾਲ, ਚੜ੍ਹਦਾ ਪੰਜਾਬ ਸਪੋਰਟਸ ਕਲੱਬ, ਮਾਨ ਇੰਸ਼ੋਰੈਂਸ, ਕੁਲਵੰਤ ਸਿੰਘ ਨਿੱਝਰ, ਸੁਖਵੀਰ ਸਿੰਘ ਨਿੱਝਰ, ਜੀ. ਐਨ. ਟਾਇਰਜ਼, ਸੰਤੋਖ ਸਿੰਘ ਜੱਜ (ਸੰਸਾਰ ਰੈਸਟੋਰੈਂਟ), ਆਰ. ਐਸ. ਇੰਸ਼ੋਰੈਂਸ, ਬਿੱਲਾ ਸੰਘੇੜਾ, ਕਸ਼ਮੀਰ ਸਿੰਘ ਧੂਤ, ਪਰਗਣ ਸਿੰਘ, ਰਿੰਪਲ ਨਿੱਝਰ, ਸੁਰਿੰਦਰ ਅਟਵਾਲ, ਹਰਵਿੰਦਰ ਅਟਵਾਲ, ਤੀਰਥ ਗਾਖਲ, ਤਰਲੋਚਨ ਸਿੰਘ ਲੱਛਰ, ਕੁਲਵੰਤ ਸਿੰਘ ਲੱਛਰ, ਜਸਵਿੰਦਰ ਸਿੰਘ ਲੱਛਰ, ਬਲਜੀਤ ਸਿੰਘ ਸਹੋਤਾ, ਅਮਰਜੀਤ ਸਿੰਘ ਸੰਘਾ, ਸਨਰਾਈਜ਼ ਟਰੱਕਿੰਗ, ਗਰਨਾਮ ਸਿੰਘ, ਮੰਗਲ ਭੰਡਾਲ, ਕੁਲਦੀਪ ਧਾਲੀਵਾਲ, ਰਾਜ ਭਨੋਟ, ਜਸਵੰਤ ਹੋਠੀ, ਮਹਿਫਿਲ ਇੰਡੀਅਨ ਰੈਸਟੋਰੈਂਟ ਦੇ ਸਤਨਾਮ ਬੱਲ, ਸੁਰਜੀਤ ਸੰਧੜ, ਸ਼ਹੀਦ ਭਗਤ ਸਿੰਘ ਕ੍ਰਿਕਟ ਕਲੱਬ, ਰਘਬੀਰ ਗਾਖਲ, ਪ੍ਰੀਤਮ ਸਿੰਘ ਗਰੇਵਾਲ, ਮਹਿੰਗਾ ਸਿੰਘ ਸਰਪੰਚ, ਬੇਏਰੀਆ ਟਰਾਂਸਪੋਰਟ, ਸਰਬਜੀਤ ਸਿੰਘ ਸਰਾਓ, ਸ਼ਿਕਾਗੋ ਪੀਜ਼ਾ, ਅਵਤਾਰ ਸਿੰਘ ਬੈਂਸ, ਅਵਤਾਰ ਸਿੰਘ ਸਰਾਏ, ਜੀ. ਸੀ. ਆਰ. ਟਾਇਰਜ਼, ਅਮਰੀਕ ਚੰਦ ਲਾਖਾ, ਹਰਵਿੰਦਰ ਧਾਲੀਵਾਲ, ਮਨਜਿੰਦਰ ਸੰਧੂ, ਬਲਰਾਜ ਸਿੰਘ, ਮਿੱਕੀ ਸਰਾਂ, ਭੁਪਿੰਦਰ ਸਿੰਘ ਢਿੱਲੋਂ, ਜਗਤਾਰ ਸਿੰਘ, ਭਜਨ ਸਿੰਘ ਗਾਖਲ, ਸੁਖਦੇਵ ਬੈਨੀਪਾਲ, ਲਛਮਣ ਸਿੰਘ ਮਾਂਗਟ, ਬਿਲ ਬੈਂਸ, ਗੈਰੀ ਸਿੰਘ ਕੌਂਸਲ ਮੈਂਬਰ, ਟਰੈਵਲ ਫਾਰ ਲੈਸ, ਗਿੱਲ ਰਾਏ ਕਾਰ ਵਾਸ਼, ਸ਼ੀਰਾ ਸਿੰਘ ਗਿੱਲ ਰੌਣੇ, ਸੰਦੀਪ ਸੰਧੂ, ਸੁਰਿੰਦਰ ਧਨੋਆ, ਮੇਜਰ ਗਾਖਲ, ਸੋਹਣ ਸਿੰਘ ਗਾਖਲ, ਜਸਵੀਰ ਸਿੰਘ ਤੱਖਰ, ਜਰਨੈਲ ਮਾਨ, ਨਛੱਤਰ ਖਾਬੜਾ ਸ਼ਾਮਲ ਸਨ।

ਸਮਾਜਿਕ ਗਤੀਵਿਧੀਆਂ ਵਿਚ ਸ਼ਰੀਕ ਹੋਣ ਵਾਲੇ ਗਾਖਲ ਭਰਾ-ਅਮੋਲਕ ਸਿੰਘ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਪਹਿਲਾਂ ਵਾਂਗ ਇਸ ਕਬੱਡੀ ਕੱਪ ਦੇ ਵੀ ਰੂਹੇ ਰਵਾਂ ਬਣੇ ਰਹੇ ਤੇ ਗਰਾਊਂਡ 'ਚੋਂ ਨਿਕਲਦੇ ਦਰਸ਼ਕਾਂ ਦੀ ਇਹ ਆਵਾਜ਼ 'ਜਿਉਂਦੇ ਵਸਦੇ ਰਹੋ ਗਾਖਲ ਭਰਾਵੋ' ਨਾਲ ਲੱਗਦਾ ਸੀ ਕਿ ਡਰੱਗ ਵਰਗੇ ਕਈ ਉਲਾਂਭਿਆਂ 'ਚ ਘਿਰੀ ਕਬੱਡੀ ਨੂੰ ਮੁੜ ਸਿਹਤਮੰਦ ਰੁਝਾਨ ਵੱਲ ਇਸ ਕਬੱਡੀ ਕੱਪ ਨੇ ਤੋਰਿਆ ਹੈ।



*13ਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਦੇ ਦੋ ਵੱਡੇ ਰਾਜ-ਮੁੱਖ ਪ੍ਰਬੰਧਕ ਅਮੋਲਕ ਸਿੰਘ ਗਾਖਲ ਤੇ ਚੇਅਰਮੈਨ ਮੱਖਣ ਸਿੰਘ ਬੈਂਸ*

ਮੇਲੇ ਦੇ ਮੁੱਖ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਹ

**(ਬਾਕੀ ਅਗਲੇ ਸਫੇ 'ਤੇ)**



*ਦੂਜੇ ਨੰਬਰ 'ਤੇ ਆਈ ਯੂਨਾਈਟਿਡ ਸਪੋਰਟਸ ਕਲੱਬ ਦੀ ਟੀਮ ਜਸਪ੍ਰੀਤ ਸਿੰਘ ਅਟਾਰਨੀ, ਤੀਰਥ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਨਰਿੰਦਰ ਸਹੋਤਾ ਨਾਲ*



*ਅੰਡਰ-25 ਵਰਗ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਫਤਹਿ ਸਪੋਰਟਸ ਕਲੱਬ ਦੀ ਟੀਮ ਕੋਚ ਜੰਟੀ ਅਤੇ ਆਪਣਾ ਪੰਜਾਬ ਤੇ ਨੌਰਦਰਨ ਕੈਲੀਫੋਰਨੀਆ ਕਲੱਬ ਦੇ ਅਹੁਦੇਦਾਰਾਂ ਨਾਲ*

# ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦਾ 13ਵਾਂ ਕਬੱਡੀ ਕੱਪ

*(ਪਿਛਲੇ ਸਫੇ ਦੀ ਬਾਕੀ)*

ਇਸ ਸਫਲਤਾ ਦਾ ਸਾਰਾ ਸਿਹਰਾ ਦਰਸ਼ਕਾਂ ਦੇ ਸਿਰ ਬੰਨ੍ਹਦੇ ਹਨ ਕਿਉਂਕਿ ਸਾਰਾ ਦਿਨ ਵੱਡੀ ਗਿਣਤੀ ਵਿਚ ਉਨ੍ਹਾਂ ਦੀ ਹਾਜ਼ਰੀ ਉਨ੍ਹਾਂ ਨੂੰ ਅਗਲੇ



*ਇਹ ਹੈ 13ਵੇਂ ਵਿਸ਼ਵ ਕਬੱਡੀ ਕੱਪ ਦੀ ਸ਼ਾਨਦਾਰ ਟਰਾਫੀ*

ਵਰ੍ਹਿਆਂ ਵਿਚ ਅਜਿਹੇ ਕਬੱਡੀ ਕੱਪ ਅਯੋਜਿਤ ਕਰਨ ਲਈ ਹੋਰ ਵੀ ਉਤਸ਼ਾਹਿਤ ਕਰੇਗੀ। ਕਿਸੇ ਵੀ ਖਿਡਾਰੀ ਨੂੰ ਸੱਟ-ਫੇਟ ਨਾ ਲੱਗਣ ਅਤੇ ਕਿਸੇ ਤਰ੍ਹਾਂ ਦੀ ਕੋਈ ਹੁੱਲੜਬਾਜੀ ਨਾ ਹੋਣ 'ਤੇ ਸ.



*ਬੱਲੇ ਓਏ ਸਿੰਘਾ ਲਾ ਦੇਹ ਹੱਥ, ਬਚਣ ਨੂੰ ਫਿਰਦੈ*



*ਏਸੇ ਕਰਕੇ ਪੰਜਾਬੀ ਆਪਣੀ ਮਾਂ ਖੇਡ ਕਬੱਡੀ ਤੇ ਮਾਣ ਕਰਦੇ ਹਨ-ਫਾਈਨਲ ਮੈਚ ਦਾ ਇਕ ਜ਼ਬਰਦਸਤ ਦ੍ਰਿਸ਼, ਤਿੰਨ ਸਿਹਤਮੰਦ ਪੰਜਾਬੀਆਂ ਦਾ ਰੰਗ*



*ਕਬੱਡੀ ਨੂੰ ਪ੍ਰੋਮੋਟ ਕਰਨ ਵਾਲੇ ਨਾਮੀ ਪਰਿਵਾਰ ਲੱਛਰ ਭਰਾਵਾਂ 'ਚੋਂ ਤਰਲੋਚਨ ਸਿੰਘ ਲੱਛਰ ਦਾ ਸਨਮਾਨ*

ਗਾਖਲ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਦਰਸ਼ਕਾਂ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ।

ਕਲੱਬ ਦੇ ਚੇਅਰਮੈਨ ਤੇ ਰਾਜਾ ਸਵੀਟਸ ਵਾਲੇ ਸ. ਮੱਖਣ ਸਿੰਘ ਬੈਂਸ ਨੇ ਇਸ ਕਬੱਡੀ ਕੱਪ ਦੀ ਸਫਲਤਾ 'ਚ ਰੀੜ੍ਹ ਦੀ ਹੱਡੀ ਵਰਗਾ ਰੋਲ ਅਦਾ ਕੀਤਾ। ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਦੀਆਂ ਸੇਵਾਵਾਂ ਵੀ ਸਲਾਹੀਆਂ ਜਾਂਦੀਆਂ ਰਹਿਣਗੀਆਂ। ਪ੍ਰਸਿੱਧ ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ ਦੀਆਂ ਤਕਨੀਕੀ ਸੇਵਾਵਾਂ ਨੇ ਖਿਡਾਰੀਆਂ ਅਤੇ ਖੇਡ ਕਲੱਬਾਂ 'ਚ ਕੋਈ ਵੀ ਗਿਲਾ ਸ਼ਿਕਵਾ ਨਹੀਂ ਪੈਦਾ ਹੋਣ ਦਿੱਤਾ।

ਮੇਲਾ ਵੇਖਣ ਹੋਰਨਾਂ ਤੋਂ ਇਲਾਵਾ ਸਿਆਟਲ ਤੋਂ ਕਬੱਡੀ ਦਾ ਸ਼ੌਕੀਨ ਚੰਨਾ ਆਲਮਗੀਰ, ਮਿਸੀਸਿੱਪੀ ਤੋਂ ਦੇਵ ਥਿੰਦ, ਨਿਊ ਯਾਰਕ ਤੋਂ ਗੁਰਵਿੰਦਰ ਸਿੰਘ ਕੰਬੋਜ, ਲਖਵਿੰਦਰ ਲਾਡੀ, ਮੱਖਣ ਸਿੰਘ, ਜਗੀਰ ਸਿੰਘ ਸਬਜ਼ੀ ਮੰਡੀ, ਸਿਮਰਨ ਤੇ ਜੰਟੀ, ਸੈਨ ਹੋਜੇ ਤੋਂ ਜਸਵਿੰਦਰ ਸੋਹਲ, ਯੂਬਾ ਸਿਟੀ ਤੋਂ ਸਰਬਜੀਤ ਥਿਆੜਾ, ਰਾਣਾ ਟੁੱਟ, ਪਰਮਜੀਤ ਸਿੰਘ ਦਿਓਲ, ਦੇਬੀ ਸੋਹਲ, ਇੰਡੀਆ ਤੋਂ ਸਾਧੂ ਸਿੰਘ ਖਲੌਰ, ਲਾਡੀ ਗਿੱਲ, ਕਿੰਗ ਸਪੋਰਟਸ ਕਲੱਬ ਦੇ ਸਾਰੇ ਅਹੁਦੇਦਾਰ ਤੇ ਯੂਨੀਅਨ ਸਿਟੀ ਦੇ ਪੁਲਿਸ ਮੁਖੀ ਬੇਰੀਅਲ ਮੈਕਲਿਸਟਰ ਅਤੇ ਕਬੱਡੀ ਫੈਡਰੇਸ਼ਨ ਦੇ ਸੁਰਿੰਦਰ ਸਿੰਘ ਅਟਵਾਲ ਉਚੇਚਾ ਪੁੱਜੇ ਹੋਏ ਸਨ।

**ਕਬੱਡੀ ਕੱਪ ਦੀਆਂ ਹੋਰ ਤਸਵੀਰਾਂ ਸਫੇ 21 ਉਤੇ ਦੇਖੋ**



*ਅੰਡਰ-25 ਵਰਗ ਵਿਚ ਦੂਜਾ ਸਥਾਨ ਹਾਸਲ ਕਰਨ ਵਾਲੀ ਕਿੰਗ ਸਪੋਰਟਸ ਕਲੱਬ ਦੀ ਟੀਮ ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਕੁਲਵੰਤ ਸਿੰਘ ਨਿੱਝਰ ਅਤੇ ਇਕਬਾਲ ਸਿੰਘ ਗਾਖਲ ਨਾਲ*



*ਯੂਨੀਅਨ ਸਿਟੀ ਦੇ ਪੁਲਿਸ ਚੀਫ ਡੈਰਲ ਮੈਕਲਿਸਟਰ ਦਾ ਸਨਮਾਨ ਕਰਦੇ ਹੋਏ ਕਾਂਗਰਸਮੈਨ ਗੈਰੀ ਸਿੰਘ, ਮੱਖਣ ਸਿੰਘ, ਜਗੀਰ ਸਿੰਘ ਤੇ ਅਮੋਲਕ ਸਿੰਘ ਗਾਖਲ*



*ਸੋਹਣ ਸਿੰਘ ਗਾਖਲ ਦਾ ਸਨਮਾਨ ਕਰਦੇ ਹੋਏ ਜੁਗਰਾਜ ਸਿੰਘ ਸਹੋਤਾ, ਨੱਥਾ ਸਿੰਘ ਗਾਖਲ ਤੇ ਗੋਪੀ ਗਾਖਲ*



*ਸਿੱਖ ਪੰਚਾਇਤ ਦੇ ਮੈਂਬਰਾਂ ਨਾਲ ਯੂਨੀਅਨ ਸਿਟੀ ਪੁਲਿਸ ਚੀਫ ਡੈਰਲ ਮੈਕਲਿਸਟਰ ਅਤੇ ਅਮੋਲਕ ਸਿੰਘ ਗਾਖਲ*

# ਕਰਮਨ ਹਾਰਵੈਸਟ ਫੈਸਟੀਵਲ 'ਚ ਪੰਜਾਬੀਆਂ ਦੀ ਬੱਲੇ ਬੱਲੇ




**ਫਰਿਜ਼ਨੋ (ਬਿਊਰੋ):** ਨਜ਼ਦੀਕੀ ਸ਼ਹਿਰ ਕਰਮਨ ਵਿਚ ਹਾਰਵੈਸਟ ਫੈਸਟੀਵਲ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਫੈਸਟੀਵਲ ਪੱਕੀ ਫਸਲ ਦੀ ਕਟਾਈ ਕਰਨ ਦੀ ਖੁਸ਼ੀ ਵਿਚ ਪਰੰਪਰਾਗਤ ਮੇਲੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ, ਐਨ ਉਸੇ ਤਰਜ 'ਤੇ ਜਿਵੇਂ ਪੰਜਾਬ ਵਿਚ ਵਿਸਾਖੀ ਮਨਾਈ ਜਾਂਦੀ ਹੈ।

ਮੇਲੇ ਦੀ ਸ਼ੁਰੂਆਤ ਪਰੇਡ ਨਾਲ ਹੋਈ ਜਿਸ ਵਿਚ ਵੱਖ ਵੱਖ ਝਾਕੀਆਂ ਦਰਸਾਉਂਦੇ ਫਲੋਟ ਸ਼ਾਮਲ ਸਨ। ਕਰਮਨ ਪੰਜਾਬੀ ਸਕੂਲ ਨੇ ਆਪਣੇ ਫਲੋਟ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਸਿੱਖੀ ਦੀ ਪਛਾਣ ਦਰਸਾਉਂਦਾ ਫਲੋਟ ਪਰੇਡ ਵਿਚ ਸ਼ਾਮਲ ਕੀਤਾ। ਸੜਕਾਂ ਦੁਆਲੇ ਬੈਠੇ ਲੋਕ ਪਰੇਡ ਦਾ ਪੂਰਾ ਅਨੰਦ ਲੈ ਰਹੇ ਸਨ। ਫਲੋਟ ਨੂੰ ਵਧੀਆ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਰਹੇ ਜਿਸ ਵਿਚ ਕਰਮਨ ਪੰਜਾਬੀ ਸਕੂਲ ਦੇ ਫਲੋਟ ਨੂੰ ਤੀਜਾ ਇਨਾਮ ਪ੍ਰਾਪਤ ਹੋਇਆ।

ਪਰੇਡ ਦੀ ਸਮਾਪਤੀ ਉਪਰੰਤ ਲੋਕ ਚਾਰ ਦਿਨ ਮੇਲੇ 'ਚ ਗੀਤ-ਸੰਗੀਤ, ਖੇਡਾਂ, ਰਾਈਡਾਂ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆਂ ਦਾ ਅਨੰਦ ਮਾਣਦੇ ਹਨ। ਮੇਲੇ 'ਚ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ ਅਤੇ ਹੋਰ ਪੁਰਾਤਨ ਸਾਜ਼ੋ-ਸਮਾਨ ਲਿਸ਼ਕਾ-ਚਮਕਾ ਕੇ ਲਿਆਏ ਤੇ ਖੁੱਲ੍ਹੀ ਪ੍ਰਦਰਸ਼ਨੀ ਲਾਈ। ਇਕੱਲੇ ਸਥਾਨਕ ਮੂਲ ਦੇ ਅਮਰੀਕੀ ਹੀ ਨਹੀਂ, ਹੋਰਨਾਂ ਭਾਈਚਾਰਿਆਂ ਨੇ ਵੀ ਆਪੋ ਆਪਣੇ ਸਭਿਆਚਾਰ ਦਾ ਖੁੱਲ੍ਹ ਦੇ ਪ੍ਰਦਰਸ਼ਨ ਕੀਤਾ।

## ਸਿੰਗਾਪੁਰ 'ਚ ਹਲੀਮਾ ਯਾਕੂਬ ਪਹਿਲੀ ਮਹਿਲਾ ਰਾਸ਼ਟਰਪਤੀ ਬਣੀ

**ਸਿੰਗਾਪੁਰ:** ਸਿੰਗਾਪੁਰ ਵਿਚ ਸੰਸਦ ਦੀ ਸਾਬਕਾ ਸਪੀਕਰ ਹਲੀਮਾ ਯਾਕੂਬ ਦੇਸ਼ ਦੀ ਪਹਿਲੀ ਔਰਤ ਰਾਸ਼ਟਰਪਤੀ ਬਣ ਗਈ। ਚੋਣ ਅਧਿਕਾਰੀ ਵੱਲੋਂ ਉਨ੍ਹਾਂ ਦੇ ਇਕਲੌਤੇ ਯੋਗ ਉਮੀਦਵਾਰ ਹੋਣ ਦਾ ਐਲਾਨ ਕਰਨ ਬਾਅਦ ਉਨ੍ਹਾਂ ਨੂੰ ਰਾਸ਼ਟਰਪਤੀ ਚੁਣ ਲਿਆ ਗਿਆ। ਸਿੰਗਾਪੁਰ 'ਚ ਇਸ ਵਾਰ ਰਾਸ਼ਟਰਪਤੀ ਦਾ ਅਹੁਦਾ ਘੱਟ ਗਿਣਤੀ ਮੁਸਲਿਮ ਮਲਯ ਭਾਈਚਾਰੇ ਦੇ ਉਮੀਦਵਾਰ ਲਈ ਰਾਖਵਾਂ ਸੀ।

# ਪੰਥ ਵਿਰੋਧੀ ਤਾਕਤਾਂ ਤੋਂ ਸੁਚੇਤ ਹੋਣ ਦੀ ਲੋੜ: ਏ.ਐਸ.ਓ

**ਸ਼ਿਕਾਗੋ (ਬਿਊਰੋ):** ਸਿੱਖ ਜਥੇਬੰਦੀ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ.ਐਸ.ਓ) ਨੇ ਪੰਥਕ ਸਫਾਂ ਅੰਦਰ ਵਧ ਰਹੀਆਂ ਆਪਸੀ ਤਕਰਾਰ ਅਤੇ ਖਿੱਚਧੂਹ ਦੀਆਂ ਘਟਨਾਵਾਂ ਨੂੰ ਅਫਸੋਸਨਾਕ ਕਰਾਰ ਦਿੰਦਿਆਂ ਸਮੂਹ ਸਿੱਖ ਪੰਥ ਨੂੰ ਅਜਿਹੀਆਂ ਘਟਨਾਵਾਂ ਲਈ ਜ਼ਿੰਮੇਵਾਰ ਲੋਕਾਂ ਅਤੇ ਅਖੌਤੀ ਵਿਦਵਾਨਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

ਜਥੇਬੰਦੀ ਦੇ ਆਗੂਆਂ-ਭਾਈ ਦਵਿੰਦਰ ਸਿੰਘ ਕੈਲੀਫੋਰਨੀਆ, ਭਾਈ ਦੀਦਾਰ ਸਿੰਘ ਸੋਹਲ, ਭਾਈ ਸੁਖਦੇਵ ਸਿੰਘ ਨਾਗਰਾ, ਭਾਈ ਕਰਨੈਲ ਸਿੰਘ ਇੰਡੀਆਨਾ, ਭਾਈ ਜਸਦੀਪ ਸਿੰਘ ਜੱਸੀ, ਭਾਈ ਅਮਰਦੀਪ ਸਿੰਘ ਅਮਰ, ਭਾਈ ਸਤਪ੍ਰਕਾਸ਼ ਸਿੰਘ ਨਿਊ ਯਾਰਕ ਅਤੇ ਭਾਈ ਹਰਵਿੰਦਰ ਸਿੰਘ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਵਿਰੋਧੀ ਤਾਕਤਾਂ ਸਿੱਖ ਪੰਥ ਨੂੰ ਘਰੇਲੂ ਖਾਨਾਜੰਗੀ ਵੱਲ ਧਕੇਲਣ ਤੇ ਵਿਵਾਦਗ੍ਰਸਤ ਅਖੌਤੀ ਵਿਦਵਾਨਾਂ ਜ਼ਰੀਏ ਗੁਮਰਾਹਕੁਨ ਪ੍ਰਚਾਰ ਕਰਵਾਉਣ ਦੀਆਂ ਸਾਜ਼ਿਸ਼ਾਂ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੌਮ ਨੂੰ ਆਪਸੀ ਮਸਲਿਆਂ ਵਿਚ ਉਲਝਣ ਦੀ ਥਾਂ ਕੌਮੀ ਆਜ਼ਾਦੀ ਪ੍ਰਤੀ ਵਚਨਬੱਧ ਹੋਣ ਦੀ ਵਧੇਰੇ ਲੋੜ ਹੈ।

ਜਥੇਬੰਦੀ ਨੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਹੋਰਨਾਂ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਗੁਰਮਤਿ ਸਿਧਾਂਤ ਦੇ ਥੰਮਾਂ-ਬਾਣੀ, ਬਾਣਾ, ਸੇਵਾ ਤੇ ਸਿਮਰਨ ਉਤੇ ਕਟਾਕਸ਼ ਅਤੇ ਵਿਵਾਦਗ੍ਰਸਤ ਲੈਕਚਰ ਜਾਂ ਕਥਾ ਕਰਨ ਵਾਲੇ ਪ੍ਰਚਾਰਕ ਨੂੰ ਸਟੇਜਾਂ 'ਤੇ ਬੋਲਣ ਦਾ ਸਮਾਂ ਨਾ ਦੇਣ।

# ਨੱਚੇ ਇਨਕਲਾਬ

## ਬੈਲੇ ਡਾਂਸਰ ਲੇਕਾ ਦੀ 25 ਵਰ੍ਹਿਆਂ ਬਾਅਦ ਰਿਹਾਈ




*25 ਸਾਲ ਪਹਿਲਾਂ (ਖੱਬੇ) ਪੇਸ਼ੀ ਮੌਕੇ ਗੈਰੀਦੋ ਲੇਕਾ।*

ਕਲਾ ਪਰਿਕਰਮਾ

**ਗੁਰਜੰਟ ਸਿੰਘ**

ਪੇਰੂ ਦੇ ਮਸ਼ਹੂਰ ਮਾਓਵਾਦੀ ਆਗੂ ਅਬੀਮਲ ਗੁਜ਼ਮਾਨ ਉਰਫ਼ ਪ੍ਰੈਜੀਡੈਂਟ ਗੰਜ਼ਾਲੋ ਨੂੰ ਆਪਣੀ ਘਰੇ ਪਨਾਹ ਦੇਣ ਦੇ ਦੋਸ਼ ਵਿਚ 25 ਸਾਲ ਪਹਿਲਾਂ ਗ੍ਰਿਫ਼ਤਾਰ ਹੋਈ ਡਾਂਸਰ ਮਾਰੀਤਜ਼ਾ ਗੈਰੀਦੋ ਲੇਕਾ ਆਖਰਕਾਰ ਰਿਹਾਅ ਹੋ ਕੇ ਬਾਹਰ ਆ ਗਈ। ਉਸ ਨੂੰ ਪੇਰੂ ਦੀ ਰਾਜਧਾਨੀ ਲੀਮਾ ਵਿਚ 1992 ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਵੇਲੇ ਉਸ ਦੀ ਉਮਰ 27 ਵਰ੍ਹਿਆਂ ਦੀ ਸੀ। ਹੁਣ ਜਦੋਂ ਉਹ ਰਿਹਾਅ ਹੋ ਕੇ ਆਈ ਹੈ ਤਾਂ 52 ਵਰ੍ਹਿਆਂ ਦੀ ਅਧੇੜ ਔਰਤ ਹੈ। ਉਸ ਦੀ ਰਿਹਾਈ 11 ਸਤੰਬਰ 2017 ਨੂੰ ਹੋਈ ਹੈ, ਜਦਕਿ ਇਹ ਰਿਹਾਈ 2012 ਵਿਚ ਹੋਣੀ ਸੀ।


ਲੇਕਾ ਨੂੰ 2005 ਵਿਚ 20 ਵਰ੍ਹਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਦੋਂ ਤੱਕ ਉਹ 13 ਵਰ੍ਹੇ ਜੇਲ੍ਹ ਅੰਦਰ ਗੁਜ਼ਾਰ ਚੁੱਕੀ ਸੀ। ਮਿਲੀ ਸਜ਼ਾ ਮੁਤਾਬਕ, ਉਸ ਨੇ ਅਕਤੂਬਰ 2012 ਨੂੰ ਰਿਹਾਅ ਹੋਣਾ ਸੀ, ਪਰ ਅਧਿਕਾਰੀਆਂ ਵੱਲੋਂ ਉਸ ਨੂੰ ਰਿਹਾਅ ਨਹੀਂ ਕੀਤਾ ਗਿਆ, ਸਗੋਂ ਇਹ ਬਹਾਨਾ ਬਣਾ ਕੇ, ਕਿ ਜੇਲ੍ਹਾਂ ਵਿਚੋਂ ਛੁੱਟ ਰਹੇ ਬਾਗੀ ਦੁਬਾਰਾ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਸਕਦੇ ਹਨ, ਉਸ ਨੂੰ 2012 ਵਿਚ ਛੱਡਿਆ ਨਹੀਂ ਗਿਆ।

ਯਾਦ ਰਹੇ ਕਿ ਗੰਜ਼ਾਲੋ ਨੂੰ ਲੀਮਾ ਦੇ ਜਿਸ ਘਰ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ, ਉਹ ਦਰਅਸਲ ਗੈਰੀਦੋ ਲੇਕਾ ਦਾ ਸੀ। ਲੇਕਾ ਇਸ ਘਰ ਦੇ ਹੇਠਲੇ ਹਿੱਸੇ ਵਿਚ ਡਾਂਸ ਦੀਆਂ ਕਲਾਸਾਂ ਲਗਾਉਂਦੀ ਹੁੰਦੀ ਸੀ ਅਤੇ ਘਰ ਦੇ ਉਪਰਲੇ ਹਿੱਸੇ ਵਿਚ ਗੰਜ਼ਾਲੋ ਤੇ ਉਸ ਦੀ ਜਥੇਬੰਦੀ 'ਸ਼ਾਈਨਿੰਗ ਪਾਥ' ਦੇ ਸਰਕਰਦਾ ਆਗੂ ਰਹਿੰਦੇ ਅਤੇ ਆਉਂਦੇ-ਜਾਂਦੇ ਸਨ। ਉਸ ਵਕਤ ਮੁਲਕ ਦੇ ਹਾਲਾਤ ਇਹ ਸਨ ਕਿ ਭ੍ਰਿਸ਼ਟਾਚਾਰ ਦੀ ਦਲ-ਦਲ ਵਿਚ ਖੁੱਭੀ ਸਰਕਾਰ ਮਾਓਵਾਦੀਆਂ ਦੇ ਜ਼ੋਰ ਅੱਗੇ ਗੋਡਿਆਂ ਪਰਨੇ ਹੋਈ ਪਈ ਸੀ ਅਤੇ ਉਥੇ ਭਵਿਖਬਾਣੀ ਇਹ ਕੀਤੀ ਜਾ ਰਹੀ ਸੀ ਕਿ ਮਾਓਵਾਦੀ ਕਦੇ ਵੀ ਸਰਕਾਰ ਦਾ ਤਖ਼ਤਾ ਪਲਟਾ ਸਕਦੇ ਹਨ। ਕਹਿੰਦੇ ਹਨ ਕਿ ਉਸ ਵੇਲੇ ਮਾਓਵਾਦੀਆਂ ਦੀ ਫੜੋ-ਫੜਾਈ ਵਿਚ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਦਾ ਬੜਾ ਅਹਿਮ ਯੋਗਦਾਨ ਰਿਹਾ ਅਤੇ ਗੰਜ਼ਾਲੋ ਦੀ ਗ੍ਰਿਫਤਾਰੀ ਲਈ ਚਲਾਈ ਮੁਹਿੰਮ ਵਿਚ ਵੀ ਇਸ ਖੁਫੀਆ ਏਜੰਸੀ ਦਾ ਤਾਣਾ-ਬਾਣਾ ਹੀ ਕੰਮ ਕਰ ਰਿਹਾ ਸੀ; ਹਾਲਾਂਕਿ ਅਮਰੀਕਾ ਨੇ ਇਹ ਗੱਲ ਅੱਜ ਤੱਕ ਸਵੀਕਾਰੀ ਨਹੀਂ ਹੈ। ਇਸ ਦਾ ਦਾਅਵਾ ਹੈ ਕਿ 'ਸ਼ਾਈਨਿੰਗ ਪਾਥ' ਦੇ ਲੀਡਰਾਂ ਦਾ ਖੁਰਾ-ਖੋਜ ਸਥਾਨਕ ਪੁਲਿਸ ਨੇ ਹੀ ਲੱਭਿਆ ਸੀ। ਯਾਦ ਰਹੇ ਕਿ ਸਥਾਨਕ ਸੁਰੱਖਿਆ ਏਜੰਸੀਆਂ ਉਦੋਂ ਇਹੀ ਤਸੱਵਰ ਕਰ ਰਹੀਆਂ ਸਨ ਕਿ ਗੰਜ਼ਾਲੋ ਆਪਣੇ ਕਿਸੇ ਦਿਹਾਤੀ ਟਿਕਾਣੇ ਤੋਂ ਮੁਹਿੰਮਾਂ ਚਲਾ ਰਿਹਾ ਹੈ।




*ਲੇਕਾ: ਰਿਹਾਈ ਵੇਲੇ ਦੀ ਤਸਵੀਰ*

ਜੇਲ੍ਹ ਤੋਂ ਬਾਹਰ ਆਉਂਦੇ ਸਾਰ ਲੇਕਾ ਉਤੇ ਸਵਾਲਾਂ ਦੀ ਵਾਛੜ ਸ਼ੁਰੂ ਹੋ ਗਈ। ਉਸ ਨੂੰ ਇਕ ਹੀ ਸਵਾਲ ਵਾਰ-ਵਾਰ ਪੁੱਛਿਆ ਜਾ ਰਿਹਾ ਸੀ ਕਿ ਉਸ ਨੂੰ ਆਪਣੇ ਕੀਤੇ ਦਾ ਪਛਤਾਵਾ ਹੈ ਜਾਂ ਨਹੀਂ? ਆਪਣੀ ਜ਼ਿੰਦਗੀ ਦੇ ਅਹਿਮ ਵਰ੍ਹੇ ਜੇਲ੍ਹ ਅੰਦਰ ਗਾਲ ਦੇਣ ਵਾਲੀ ਲੇਕਾ ਨੇ ਇਸ ਸਵਾਲ ਨੂੰ ਉਕਾ ਨਹੀਂ ਗੌਲਿਆ। ਅਸਲ ਵਿਚ ਉਹ ਜੇਲ੍ਹ ਅੰਦਰ ਵੀ ਕਿਸੇ ਗੁਰੀਲੇ ਵਾਂਗ ਲੜਦੀ ਰਹੀ ਹੈ। ਉਸ ਬਾਰੇ ਖ਼ਬਰਾਂ ਭਾਵੇਂ ਘੱਟ ਹੀ ਆਉਂਦੀਆਂ ਸਨ, ਪਰ ਉਸ ਨੇ ਮੁਆਫੀ ਲਈ ਕਦੀ ਸੋਚਿਆ ਤੱਕ ਨਹੀਂ; ਸਗੋਂ 'ਸ਼ਾਈਨਿੰਗ ਪਾਥ' ਦੇ ਕਿਸੇ ਵੀ ਕਾਮਰੇਡ ਨੇ ਮੁਆਫੀ ਲਈ ਚਾਰਾਜੋਈ ਨਹੀਂ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਭ੍ਰਿਸ਼ਟ ਸਰਕਾਰ ਦੇ ਖਿਲਾਫ ਲੜ ਰਹੇ ਸਨ ਅਤੇ ਲੜਦੇ ਰਹਿਣਗੇ।




### ਨਾਵਲ ਅਤੇ ਫਿਲਮ ਵਿਚ ਦਰਜ ਹੋਈ ਕਹਾਣੀ

*ਮਾਰੀਤਜ਼ਾ ਗੈਰੀਦੋ ਲੇਕਾ ਦੀ ਗ੍ਰਿਫ਼ਤਾਰੀ ਦੀ ਉਦੋਂ ਖੂਬ ਚਰਚਾ ਹੋਈ ਸੀ। ਨਿਕੋਲਸ ਸ਼ੇਕਸਪੀਅਰ ਨੇ ਉਹਦੀ ਕਹਾਣੀ ਨੂੰ ਆਧਾਰ ਬਣਾ ਕੇ 1995 ਵਿਚ ਨਾਵਲ 'ਦਿ ਡਾਂਸਰ ਅੱਪਸਟੇਅਰਸ' ਲਿਖਿਆ। ਮਗਰੋਂ ਇਸੇ ਨਾਵਲ ਨੂੰ ਆਧਾਰ ਬਣਾ ਕੇ ਫਿਲਮਸਾਜ਼ ਜੌਹਨ ਮਾਲਕੋਵਿਚ ਨੇ 2002 ਵਿਚ ਇਸੇ ਨਾਂ ਦੀ ਫਿਲਮ ਬਣਾਈ। ਆਪਣੇ ਨਾਵਲ ਵਿਚ ਨਿਕੋਲਸ ਨੇ ਲੇਕਾ ਦੀ ਕਹਾਣੀ ਵਿਚ ਬੜੀ ਭੰਨ-ਤੋੜ ਕੀਤੀ ਅਤੇ ਇਸ ਨੂੰ ਅਮਰੀਕਾ ਦੇ ਹਿਸਾਬ ਨਾਲ ਹੀ ਲਿਖਿਆ ਗਿਆ ਸੀ।*




# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਸਤੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-292



*ਸੌਂ ਜਾ ਬੱਚਿਆ ਕਰ'ਤੀ ਤੈਨੂੰ, ਮੈਂ ਛਤਰੀ ਦੀ ਛਾਂ।*
*ਰਿਕਸ਼ਾ ਖਿੱਚੇ ਬਾਪੂ ਤੇਰਾ, ਧੱਕਾ ਲਾਵੇ ਤੇਰੀ ਮਾਂ।*
*ਢੋਅ ਪੁਰਾਣੀਆਂ ਇੱਟਾਂ ਦਾ, ਘਰ ਤਾਂ ਨਵਾਂ ਬਣਾਵਾਂਗੇ।*
*ਮਿਹਨਤ ਦੇ ਮੁੜ੍ਹਕੇ ਨਾਲ, ਦੁਨੀਆਂ ਨਵੀਂ ਵਸਾਵਾਂਗੇ।*

## ਕੈਪਸ਼ਨ ਮੁਕਾਬਲਾ-290



ਗੋਰੇ-ਕਾਲੇ ਨੰਨੇ ਬੱਚੇ
ਜਦੋਂ ਵੀ ਮਿਲਣ, ਮਿਲਦੇ ਧਾਹ ਕੇ।
ਜੋਬਨ ਰੁੱਤੇ ਖਾਰਾਂ ਖਾਂਦੇ,
ਨਸਲਵਾਦ ਦੇ ਰੰਗ 'ਚ ਆ ਕੇ।
ਵੈਰੀ ਬਣ ਜਾਂਦੇ ਇੱਕ ਦੂਜੇ ਦੇ,
ਜਿਹੜੇ ਖੇਡਦੇ ਸੀ ਜੱਫੀਆਂ ਪਾ ਕੇ।
ਬੱਚਿਆਂ ਵਾਂਗੂੰ ਮਾਸੂਮ ਜੇ ਰਹੀਏ
ਖੁਸ਼ੀਆਂ ਨੱਚਣ ਧਰਤੀ 'ਤੇ ਆ ਕੇ।

**-ਦਵਿੰਦਰ ਕੌਰ**

---

ਬਚਪਨ ਦਾ ਮਨ ਪਾਕਿ-ਪਵਿੱਤਰ
ਤੇਰ-ਮੇਰ ਨਾ ਨੇੜੇ ਆਵੇ।
ਹਾਣ ਨੂੰ ਹਾਣ ਪਿਆਰਾ ਹੁੰਦਾ
ਨਾਲ ਸੈਨਤਾਂ ਗੱਲ ਸਮਝਾਵੇ।
ਰੰਗ ਨਸਲ ਦੀਆਂ ਖਿੱਚ ਲਕੀਰਾਂ
ਸ਼ੈਤਾਨ ਪੁਆੜੇ ਪਾਈ ਜਾਵੇ।

**-ਜਗਮੀਤ ਸਿੰਘ ਪੰਧੇਰ**

---

ਬਚਪਨ ਕਿੰਨਾ ਅਣਭੋਲ ਹੈ ਯਾਰੋ
ਰੰਗ ਨਸਲ ਦਾ ਭੇਦ ਨਾ ਜਾਣੇ।
ਨਿਰਛਲ, ਮਾਸੂਮ ਤੇ ਮਨ ਦੇ ਸੱਚੇ
ਸਦਾ ਹੀ ਹੁੰਦੇ ਕਹਿਣ ਨਿਆਣੇ।
ਹਾਣ ਨੂੰ ਹਾਣ ਪਿਆਰਾ ਹੁੰਦਾ
ਸੀਨੇ ਖਿੱਚ ਦੋਹਾਂ ਨੂੰ ਪਾਵੇ।
ਦੇਣ ਸੁਨੇਹਾ ਮਾਨਵਤਾ ਨੂੰ ਭੀ
ਮੁਕਾਓ ਝਗੜੇ ਜੱਗ ਇਕ ਹੋ ਜਾਵੇ।

**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਮਨੁੱਖ ਜਾਤੀ ਦੋ ਰੰਗਾਂ 'ਚ ਵੰਡੀ
ਫਿਰ ਵੀ ਹਰ ਜੀਵ ਲੱਗੇ ਨਿਆਰਾ।
ਕੋਈ ਹੋਵੇ ਕਾਲਾ ਤੇ ਭਾਵੇਂ ਗੋਰਾ
ਅਸਾਨੂੰ ਸਾਡਾ ਮਿੱਤਰ ਪਿਆਰਾ।
ਹਰ ਇਨਸਾਨ ਵਿਚ ਗੁਣ ਨੇ ਹੁੰਦੇ
ਰੰਗ-ਨਸਲ ਦਾ ਫਰਕ ਨਾ ਕੋਈ।
ਘੁਲ-ਮਿਲ ਬੈਠੇ ਬੱਚਿਆਂ ਦਾ ਸੰਸਾਰ
ਭੁੱਲ ਵਿਤਰਕੇ ਗੂੜ੍ਹੀ ਦੋਸਤੀ ਹੋਈ।

**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਨੇਤਾ ਧਰਮ ਦੇ ਨਾਂ 'ਤੇ ਵੰਡੀਆਂ ਪਾ ਦਿੰਦੇ
ਇਨਸਾਨੀਅਤ ਨੂੰ ਖੂੰਜੇ ਲਾ ਦਿੰਦੇ।
ਦਿਲਾਂ ਵਿਚ ਫਿੱਕ ਇਹ ਪਾ ਦਿੰਦੇ
ਰੰਗ-ਨਸਲ ਦੇ ਭੇਦ ਵਧਾ ਦਿੰਦੇ।
ਪਰ ਵੇਖੋ, ਇਨ੍ਹਾਂ ਦੋ ਬੱਚਿਆਂ ਨੇ
ਨਾ ਪਾਲਿਆ ਰੰਗ-ਨਸਲ ਦਾ ਜ਼ਹਿਰ।
ਗੁਰੂਆਂ-ਪੀਰਾਂ ਵੀ ਸਿੱਖਿਆ ਦਿੱਤੀ
ਨਾ ਕਰੀਏ ਇਕ ਦੂਜੇ ਨਾਲ ਵੈਰ।

**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਮਿਲ ਜਾਣ ਦੋ ਦਿਲ ਜਦੋਂ
ਪੈ ਜਾਂਦੀ ਹੈ ਪ੍ਰੀਤ ਫਿਰ ਗੂੜ੍ਹੀ
ਸੰਗਲ ਦੀਆਂ ਫਸੀਆਂ ਕੜੀਆਂ ਵਾਂਗ।
ਮੁਕਤ ਹੁੰਦਾ ਹੈ ਬੱਚੇ ਦਾ ਮਨ
ਰੰਗ-ਰੂਪ, ਨਸਲ, ਜਾਤ-ਪਾਤ ਤੋਂ।
ਰੰਗਾਂ-ਜਾਤਾਂ ਦੀਆਂ ਵੰਡੀਆਂ ਪਾ ਕੇ
ਇਕ ਦੂਜੇ ਨੂੰ ਆਪਸ 'ਚ ਲੜਾ ਕੇ
ਰਾਜ ਕਰਦੇ ਆਏ ਦਿਲਾਂ ਦੇ ਕਾਲੇ।
ਰੰਗ ਗੋਰਾ ਹੋਵੇ ਜਾਂ ਹੋਵੇ ਕਾਲਾ
ਕਸੂਰ ਨਹੀਂ ਇਹਦੇ 'ਚ ਕਿਸੇ ਦਾ।
ਇਹ ਰੱਬ ਦੇ ਰੰਗ ਵੇ ਲੋਕੋ,
ਰੰਗ ਚਿੱਟਾ ਹੋਵੇ ਜਾਂ ਕਾਲਾ।

**-ਦਰਸ਼ਨਪਾਲ ਦੋਸਾਂਝ**

---

ਬਹੁਰੰਗੀ ਦੁਨੀਆਂ ਰੱਬ ਦੀ
ਮਾਲਕ ਕੋਈ ਭੇਦ ਨਹੀਂ ਕਰਦਾ।
ਪਰ ਬੰਦਾ ਕਾਲੇ ਰੰਗ ਨੂੰ
ਕਿਉਂ ਹੈ ਨਫਰਤ ਕਰਦਾ?
ਬੱਚਿਆਂ 'ਚ ਕੋਈ ਵਲ-ਛਲ ਨਾ
ਪਰ ਬੰਦਾ ਬੰਦੇ ਨੂੰ ਡੱਸਦਾ।
ਹੋਵੇ ਗੋਰਾ ਭਾਵੇਂ ਕੋਈ ਕਾਲਾ
ਬਿਨਾ ਕਿਸੇ ਭੇਦ-ਭਾਵ ਦੇ,
ਰੱਬ ਸਭ 'ਚ ਹੈ ਵੱਸਦਾ।

**-ਅਮਰਜੀਤ ਸਿੰਘ ਤੂਰ**

# ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ

## 13ਵੇਂ ਵਿਸ਼ਵ ਕਬੱਡੀ ਕੱਪ ਦੀਆਂ ਕੁਝ ਝਲਕਾਂ:ਤਸਵੀਰਾਂ ਦੀ ਜ਼ੁਬਾਨੀ



ਕਬੱਡੀ ਦੇ ਰੰਗ ਮਾਣਦੇ ਹੋਏ ਵੱਡੀ ਗਿਣਤੀ 'ਚ ਆਏ ਦਰਸ਼ਕ


ਚੰਨਾ ਆਲਮਗੀਰ ਦਾ ਸਨਮਾਨ ਕਰਦੇ ਹੋਏ ਸੁਰਿੰਦਰ ਸਿੰਘ ਅਟਵਾਲ, ਸੁਰਜੀਤ ਸਿੰਘ ਟੁੱਟ, ਸੁਖਦੇਵ ਸਿੰਘ ਬੈਨੀਵਾਲ, ਮਹਿੰਗਾ ਸਿੰਘ ਸਰਪੰਚ, ਮੰਗਲ ਭੰਡਾਲ ਅਤੇ ਪਲਵਿੰਦਰ ਗਾਖਲ


ਗੁਰਦੁਆਰਾ ਸਾਹਿਬ ਸੈਨ ਹੋਜੇ ਦੀ ਅੰਡਰ-25 ਟੀਮ ਦੇ ਕੋਚ ਜਸਵਿੰਦਰ ਸਿੰਘ ਸੋਹਲ ਦਾ ਸਨਮਾਨ ਕਰਦੇ ਹੋਏ ਅਮੋਲਕ ਸਿੰਘ ਗਾਖਲ


ਸੰਸਾਰ ਰੈਸਟੋਰੈਂਟ ਦੇ ਸੰਤੋਖ ਸਿੰਘ ਜੱਜ ਅਤੇ ਮਹਿਫਿਲ ਇੰਡੀਆ ਰੈਸਟੋਰੈਂਟ ਦੇ ਸਤਨਾਮ ਸਿੰਘ ਬੱਲ ਦਾ ਮਾਣ ਸਨਮਾਨ ਕਰਦੇ ਹੋਏ ਸ. ਗਾਖਲ


ਬੋਪਾਰਾਏ ਭਰਾਵਾਂ-ਮਾਈਕ ਬੋਪਾਰਾਏ ਤੇ ਜਸਵਿੰਦਰ ਬੋਪਾਰਾਏ ਦਾ ਸਨਮਾਨ ਕਰਦੇ ਹੋਏ ਗੁਲਵਿੰਦਰ ਸਿੰਘ ਗਾਖਲ



ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਮੱਖਣ ਬੈਂਸ, ਜਗੀਰ ਸਿੰਘ ਸਬਜ਼ੀ ਮੰਡੀ ਤੇ ਅਟਾਰਨੀ ਜਸਪ੍ਰੀਤ ਸਿੰਘ


ਸੁਰਜੀਤ ਸਿੰਘ ਟੁੱਟ ਤੇ ਰਣਜੀਤ ਸਿੰਘ ਟੁੱਟ ਦੇ ਸਨਮਾਨ ਸਮੇਂ ਸਰਬਜੀਤ ਥਿਆੜਾ, ਮੱਖਣ ਸਿੰਘ ਬੈਂਸ ਤੇ ਸਾਧੂ ਸਿੰਘ ਖਲੌਰ


ਬਿੱਲਾ ਸੰਘੇੜਾ, ਰਘੁਬੀਰ ਸਿੰਘ ਸ਼ੇਰਗਿੱਲ ਤੇ ਸਰਬਜੀਤ ਸਿੰਘ ਥਿਆੜਾ ਦਾ ਸਨਮਾਨ ਕਰਦੇ ਹੋਏ ਅਮੋਲਕ ਸਿੰਘ ਗਾਖਲ ਤੇ ਪਲਵਿੰਦਰ ਸਿੰਘ ਗਾਖਲ। ਮਾਈਕ 'ਤੇ ਹਨ ਐਸ ਅਸ਼ੋਕ ਭੌਰਾ


ਕਬੱਡੀ ਦਾ ਅਨੰਦ ਮਾਣਦੇ ਹੋਏ ਕੁਲਵੰਤ ਸਿੰਘ ਨਿੱਝਰ, ਬਿੱਲਾ ਸੰਘੇੜਾ, ਸਰਬਜੀਤ ਸਰਾਓ, ਰਘੁਬੀਰ ਸਿੰਘ ਸ਼ੇਰਗਿੱਲ, ਕੁਲਵੰਤ ਸਿੰਘ ਲੱਛਰ


ਇਕਬਾਲ ਸਿੰਘ ਗਾਖਲ, ਅਮਰਜੀਤ ਸਿੰਘ ਨਿੱਝਰ ਤੇ ਮੰਗਲ ਸਿੰਘ ਭੰਡਾਲ ਕਬੱਡੀ ਕੱਪ ਦੀ ਸਫਲਤਾ 'ਤੇ ਬਾਗੋ ਬਾਗ ਹੁੰਦੇ ਹੋਏ


ਕੁਮੈਂਟੇਟਰ ਲੱਖਾ ਸਿੱਧਵਾਂ, ਮੱਖਣ ਅਲੀ, ਇਕਬਾਲ ਗਾਲਿਬ, ਸੁਰਜੀਤ ਕਕਰਾਲੀ ਅਤੇ ਸੰਤ ਬਾਬਾ ਸੇਵਾ ਸਿੰਘ ਕਲੱਬ ਦੇ ਕੋਚ ਕਾਬਲ ਸਿੰਘ


ਯੂਨਾਈਟਿਡ ਸਪੋਰਟਸ ਕਲੱਬ ਦੀ ਅੰਡਰ-25 ਟੀਮ ਪਲਵਿੰਦਰ ਸਿੰਘ ਗਾਖਲ, ਅਮੋਲਕ ਸਿੰਘ ਗਾਖਲ, ਸੁਰਜੀਤ ਸਿੰਘ ਟੁੱਟ ਅਤੇ ਹੋਰਨਾਂ ਨਾਲ


ਯੁਨਾਈਟਿਡ ਸਪੋਰਟਸ ਕਲੱਬ ਅੰਡਰ-25 ਦੀ ਟੀਮ ਕਲੱਬ ਦੇ ਸਮੂਹ ਅਹੁਦੇਦਾਰਾਂ, ਸਪਾਂਸਰਾਂ ਅਤੇ ਸਹਿਯੋਗੀਆਂ ਨਾਲ



ਮੰਚ ਤੇ ਸੁਸ਼ੋਭਿਤ ਸ਼ਖਸੀਅਤਾਂ ਅਤੇ ਕਬੱਡੀ ਕੱਪ ਦੇ ਆਫੀਸ਼ੀਅਲਸ


ਕਬੱਡੀ ਦਾ ਅਨੰਦ ਲੈਂਦੇ ਹੋਏ ਬਜ਼ੁਰਗ


ਰਾਜਾ ਸਵੀਟਸ ਦੇ ਗਿਆਨੀ ਰਵਿੰਦਰ ਸਿੰਘ (ਵਿਚਕਾਰ) ਨਿਰੋਲ ਪੰਜਾਬੀ ਰੰਗ ਵਿਚ ਮੱਖਣ ਬੈਂਸ ਦੇ ਪਿਤਾ ਸ. ਮੇਜਰ ਸਿੰਘ (ਖੱਬੇ) ਨਾਲ

# ਗੈਰਕਾਨੂੰਨੀ ਕੰਮਾਂ ਵਿਚ ਬਾਦਲਾਂ ਦੇ ਹਲਕੇ ਮੋਹਰੀ

## ਬਾਦਲਾਂ ਵੇਲੇ ਵਜ਼ੀਫੇ, ਟਿਊਬਵੈਲ ਕੁਨੈਕਸ਼ਨ ਤੇ ਪੈਨਸ਼ਨਾਂ ਵਿਚ ਵੱਡੇ ਘਪਲੇ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੇ ਸੱਤਾ ਵਿਚ ਰਹਿਣ ਸਮੇਂ ਸਭ ਤੋਂ ਵੱਧ ਗੈਰਕਾਨੂੰਨੀ ਕੰਮ ਬਾਦਲਾਂ ਦੇ ਹਲਕਿਆਂ ਵਿਚ ਹੋਏ ਹਨ। ਵਿਦਿਆਰਥੀਆਂ ਨੂੰ ਵਜ਼ੀਫੇ, ਕਿਸਾਨਾਂ ਨੂੰ ਟਿਊਬਵੈਲ ਕੁਨੈਕਸ਼ਨ ਤੇ ਪੈਨਸ਼ਨਾਂ ਵਿਚ ਵੱਡੇ ਪੱਧਰ 'ਤੇ ਘਪਲੇ ਹੋਏ। ਕੈਪਟਨ ਸਰਕਾਰ ਵੱਲੋਂ ਬੁਢਾਪਾ ਪੈਨਸ਼ਨਾਂ ਸਬੰਧੀ ਕਰਵਾਈ ਗਈ ਪੜਤਾਲ ਦੌਰਾਨ ਬਾਦਲਾਂ ਦੇ ਰਾਜਸੀ ਪ੍ਰਭਾਵ ਵਾਲੇ ਖੇਤਰਾਂ ਵਿਚ ਫਰਜ਼ੀ ਪੈਨਸ਼ਨਰਾਂ ਦੇ ਵਧੇਰੇ ਕੇਸ ਸਾਹਮਣੇ ਆਏ ਹਨ। ਅਜਿਹੇ ਕੇਸਾਂ ਵਿਚ ਮਾਨਸਾ ਜ਼ਿਲ੍ਹੇ ਦੀ ਝੰਡੀ ਹੈ ਜਦਕਿ ਇਸ ਤੋਂ ਬਾਅਦ ਮੁਕਤਸਰ, ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਸੰਗਰੂਰ ਜ਼ਿਲ੍ਹਿਆਂ ਦਾ ਨੰਬਰ ਆਉਂਦਾ ਹੈ।




ਕਪੂਰਥਲਾ ਤੇ ਨਵਾਂ ਸ਼ਹਿਰ ਪੰਜਾਬ ਦੇ ਦੋ ਜ਼ਿਲ੍ਹੇ ਅਜਿਹੇ ਹਨ ਜਿਥੇ ਫਰਜ਼ੀ ਪੈਨਸ਼ਨਾਂ ਦੇ ਮਾਮਲੇ ਨਾਮਾਤਰ ਹਨ। ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਪੈਨਸ਼ਨਾਂ ਦੇ 19.87 ਲੱਖ ਕੇਸਾਂ ਵਿਚੋਂ 82.48 ਫੀਸਦੀ ਭਾਵ 16.39 ਲੱਖ ਕੇਸਾਂ ਦੀ ਪੜਤਾਲ ਕੀਤੀ ਜਾ ਚੁੱਕੀ ਹੈ। ਵਿਭਾਗ ਅਧਿਕਾਰੀਆਂ ਦਾ ਦੱਸਣਾ ਹੈ ਕਿ ਇਨ੍ਹਾਂ ਵਿਚ 80 ਹਜ਼ਾਰ ਦੇ ਕਰੀਬ ਫਰਜ਼ੀ ਪੈਨਸ਼ਨਰ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2016 ਦੌਰਾਨ ਹੀ ਬਾਦਲ ਸਰਕਾਰ ਦੇ ਸਮੇਂ ਤਕਰੀਬਨ 50 ਕਰੋੜ ਰੁਪਏ ਦੀ ਰਾਸ਼ੀ ਫਰਜ਼ੀ ਪੈਨਸ਼ਨਰਾਂ ਨੂੰ ਵੰਡੀ ਗਈ। ਜੇਕਰ ਬਾਦਲਾਂ ਦੇ ਰਾਜ ਦਾ ਮੁਕੰਮਲ ਲੇਖਾ ਜੋਖਾ ਲਾਇਆ ਜਾਵੇ ਤਾਂ ਅਧਿਕਾਰੀਆਂ ਮੁਤਾਬਕ 10 ਸਾਲਾਂ ਦੇ ਅਰਸੇ ਦੌਰਾਨ ਫਰਜ਼ੀ ਪੈਨਸ਼ਨਰਾਂ ਨੂੰ 300 ਕਰੋੜ ਰੁਪਏ ਤੋਂ ਵੱਧ ਦਿੱਤਾ ਗਿਆ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਅਕਾਲੀ-ਭਾਜਪਾ ਦੇ ਰਾਜ ਸਮੇਂ ਫਰਜ਼ੀ ਪੈਨਸ਼ਨਾਂ ਦੀ ਰਾਸ਼ੀ ਦਾ ਮੋਟਾ ਹਿੱਸਾ ਰਾਜਸੀ ਵਿਅਕਤੀਆਂ ਖਾਸ ਕਰ ਪਿੰਡਾਂ ਦੇ ਸਰਪੰਚਾਂ ਜਾਂ ਪੰਚਾਂ ਦੀਆਂ ਜੇਬਾਂ ਵਿਚ ਹੀ ਗਿਆ ਹੈ। ਵਿਭਾਗ ਨੇ ਬੁਢਾਪਾ ਪੈਨਸ਼ਨਾਂ ਦੀ ਪੜਤਾਲ ਤੋਂ ਬਾਅਦ ਅਗਲੀ ਕਾਰਵਾਈ ਲਈ ਮਾਮਲਾ ਵਿੱਤ ਵਿਭਾਗ ਹਵਾਲੇ ਕਰ ਦਿੱਤਾ ਹੈ।

ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਪੈਨਸ਼ਨਾਂ ਦੀ ਕੀਤੀ ਪੜਤਾਲ ਦੌਰਾਨ ਜੋ ਤੱਥ ਸਾਹਮਣੇ ਆਏ ਹਨ, ਉਨ੍ਹਾਂ ਮੁਤਾਬਕ ਮਾਨਸਾ ਤੇ ਬਠਿੰਡਾ ਜ਼ਿਲ੍ਹਿਆਂ ਵਿਚ ਕ੍ਰਮਵਾਰ 10.54 ਤੇ 4.56 ਫੀਸਦੀ ਬੁਢਾਪਾ ਪੈਨਸ਼ਨਾਂ ਦੇ ਮਾਮਲੇ ਫਰਜ਼ੀ ਸਾਹਮਣੇ ਆਏ ਹਨ। ਮਾਨਸਾ ਜ਼ਿਲ੍ਹਾ ਬਠਿੰਡਾ ਸੰਸਦੀ ਹਲਕੇ ਦਾ ਹਿੱਸਾ ਹੈ ਤੇ ਇਸ ਸੰਸਦੀ ਹਲਕੇ ਦੀ ਨੁਮਾਇੰਦਗੀ ਹਰਸਿਮਰਤ ਕੌਰ ਬਾਦਲ ਕਰ ਰਹੇ ਹਨ। ਦੂਜੇ ਨੰਬਰ 'ਤੇ ਮੁਕਤਸਰ ਜ਼ਿਲ੍ਹਾ ਆਉਂਦਾ ਹੈ ਜਿਥੇ ਪੈਨਸ਼ਨਾਂ ਦੇ 8.4 ਫੀਸਦੀ ਮਾਮਲੇ ਜਾਅਲੀ ਦੇਖੇ ਗਏ ਹਨ। ਇਹ ਜ਼ਿਲ੍ਹਾ ਬਾਦਲ ਪਰਿਵਾਰ ਦਾ ਜੱਦੀ ਜ਼ਿਲ੍ਹਾ ਹੈ। ਜਿਨ੍ਹਾਂ ਹੋਰਨਾਂ ਜ਼ਿਲ੍ਹਿਆਂ ਵਿਚ ਸੂਬੇ ਦੀਆਂ ਕੁੱਲ ਫਰਜ਼ੀ ਪੈਨਸ਼ਨਾਂ ਦੀ ਔਸਤ 4.23 ਫੀਸਦੀ ਨਾਲੋਂ ਵੱਧ ਹੈ, ਉਨ੍ਹਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਵਿਚ 6.63 ਫੀਸਦੀ, ਤਰਨਤਾਰਨ 8.36 ਫੀਸਦੀ, ਸੰਗਰੂਰ ਵਿਚ 8.78 ਫੀਸਦੀ, ਗੁਰਦਾਸਪੁਰ 5.58 ਫੀਸਦੀ, ਫਰੀਦਕੋਟ 4.81 ਫੀਸਦੀ, ਫਤਿਹਗੜ੍ਹ ਸਾਹਿਬ 4.56 ਫੀਸਦੀ ਅਤੇ ਪਟਿਆਲਾ ਜ਼ਿਲ੍ਹੇ ਵਿਚ 4.32 ਫੀਸਦੀ ਪੈਨਸ਼ਨਾਂ ਫਰਜ਼ੀ ਨਿਕਲੀਆਂ ਹਨ। ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਵਿਚ ਫਰਜ਼ੀ ਪੈਨਸ਼ਨਾਂ ਦਾ ਅੰਕੜਾ ਦੋ ਫੀਸਦੀ ਤੋਂ ਘੱਟ ਹੀ ਹੈ।

# ਸ਼੍ਰੋਮਣੀ ਕਮੇਟੀ ਵੱਲੋਂ 'ਤਾਰਿਕ ਮਹਿਤਾ' ਉਤੇ ਇਤਰਾਜ਼

**ਅੰਮ੍ਰਿਤਸਰ:** ਸਬ ਟੀਵੀ ਚੈਨਲ ਵੱਲੋਂ ਲੜੀਵਾਰ 'ਤਾਰਿਕ ਮਹਿਤਾ ਕਾ ਉਲਟਾ ਚਸ਼ਮਾ' ਵਿਚ ਇਕ ਕਿਰਦਾਰ ਨੂੰ ਦਸਵੇਂ ਗੁਰੂ ਵਾਂਗ ਦਿਖਾਏ ਜਾਣ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਇਤਰਾਜ਼ ਕਰਦਿਆਂ ਇਸ ਮਾਮਲੇ ਦੀ ਪੜਤਾਲ ਲਈ ਪੰਜ ਮੈਂਬਰੀ ਜਾਂਚ ਕਮੇਟੀ ਬਣਾਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸਬ ਟੀਵੀ 'ਤੇ ਚੱਲਦੇ ਸੀਰੀਅਲ 'ਤਾਰਿਕ ਮਹਿਤਾ ਕਾ ਉਲਟਾ ਚਸ਼ਮਾ' ਵਿਚ ਰੌਸ਼ਨ ਸਿੰਘ ਸੋਢੀ ਨਾਂ ਦੇ ਇਕ ਪਾਤਰ ਨੂੰ ਦਸਵੇਂ ਗੁਰੂ ਵਾਂਗ ਪੇਸ਼ ਕਰਨ ਉਤੇ ਇਤਰਾਜ਼ ਕਰਦਿਆਂ ਕਿਹਾ ਕਿ ਇਸ ਦੇ ਨਿਰਮਾਤਾ ਅਤੇ ਹੋਰਨਾਂ ਦੀ ਇਹ ਕਾਰਵਾਈ ਮੁਆਫੀ ਯੋਗ ਨਹੀਂ ਹੈ। ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪੁੱਜੀ ਹੈ।

ਇਸ ਤੋਂ ਪਹਿਲਾਂ ਵੀ ਇਸ ਚੈਨਲ ਵੱਲੋਂ ਇਸੇ ਸੀਰੀਅਲ ਵਿਚ ਹੀ ਸਿੱਖ ਪਰੰਪਰਾਵਾਂ ਦੇ ਵਿਰੁੱਧ ਫਿਲਮਾਂਕਣ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸੇ ਚੈਨਲ ਵਿਚ ਕਿਰਪਾਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੀ ਵੀ ਬੇਅਦਬੀ ਕੀਤੀ ਗਈ ਸੀ।

# ਹੁਣ ਭਿਖਾਰੀਆਂ ਉਤੇ ਤਰਸ ਕਰਨ ਵਾਲੇ ਸਾਵਧਾਨ!

**ਅੰਮ੍ਰਿਤਸਰ:** ਗੁਰੂ ਨਗਰੀ ਵਿਚ ਵਧ ਭਿਖਾਰੀਆਂ ਦੀ ਗਿਣਤੀ ਅਤੇ ਬਾਲ ਮਜ਼ਦੂਰੀ 'ਤੇ ਰੋਕਥਾਮ ਲਈ ਪ੍ਰਸ਼ਾਸਨ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਕੋਈ ਵੀ ਭੀਖ ਮੰਗਦਾ ਪਾਇਆ ਗਿਆ ਤਾਂ ਉਸ ਖਿਲਾਫ ਤਾਂ ਕਾਰਵਾਈ ਹੋਵੇਗੀ ਹੀ, ਨਾਲ ਹੀ ਭੀਖ ਦੇਣ ਵਾਲੇ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਤਹਿਤ 3 ਤੋਂ 7 ਸਾਲ ਸਜ਼ਾ ਹੋ ਸਕਦੀ ਹੈ। ਬਾਲ ਸੁਰੱਖਿਆ ਅਧਿਕਾਰੀਆਂ ਨੇ ਸ਼ਹਿਰ ਵਿਚ ਭੀਖ ਮੰਗਣ ਵਾਲੇ ਅਤੇ ਦੁਕਾਨਾਂ ਤੇ ਹੋਰ ਕਾਰੋਬਾਰੀਆਂ ਅਦਾਰਿਆਂ ਵਿਚ ਬਾਲ ਮਜ਼ਦੂਰੀ ਕਰਦੇ ਬੱਚਿਆਂ ਤੇ ਉਨ੍ਹਾਂ ਤੋਂ ਕੰਮ ਕਰਵਾ ਰਹੇ ਮਾਲਕਾਂ ਵਿਰੁੱਧ ਸਖਤ ਕਾਰਵਾਈ ਕਰਨ ਲਈ ਵੱਖ-ਵੱਖ ਥਾਵਾਂ ਉਤੇ ਛਾਪੇ ਮਾਰੇ।



ਬਾਲ ਸੁਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਰੇਲਵੇ ਅਤੇ ਬੱਸ ਸਟੈਂਡ 'ਤੇ ਭਿਖਾਰੀਆਂ ਅਤੇ ਇਸ ਦੇ ਨਾਲ ਲੱਗਦੀਆਂ ਦੁਕਾਨਾਂ 'ਤੇ ਕੰਮ ਕਰਦੇ ਬਾਲ ਮਜ਼ਦੂਰਾਂ ਨੂੰ ਰੋਕਣ ਲਈ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਅਤੇ ਭੀਖ ਮੰਗ ਰਹੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਪਹਿਲੀ ਵਾਰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ ਹੈ, ਪਰ ਭਵਿੱਖ ਵਿਚ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਤਹਿਤ 3 ਤੋਂ 7 ਸਾਲ ਤੱਕ ਦੀ ਸਜ਼ਾ ਵੀ ਹੋ ਸਕਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਬਾਲ ਮਜ਼ਦੂਰੀ ਅਤੇ ਭੀਖ ਦੋਵੇਂ ਕੰਮ ਗੈਰ ਕਾਨੂੰਨੀ ਹਨ, ਜੋ ਕਿ ਇਸ ਪਵਿੱਤਰ ਤੇ ਇਤਿਹਾਸਕ ਨਗਰੀ ਵਿਚ ਬਰਦਾਸ਼ਤ ਨਹੀਂ ਕੀਤੇ ਜਾਣਗੇ। ਭਵਿੱਖ ਵਿਚ ਭੀਖ ਮੰਗਣ ਅਤੇ ਭੀਖ ਦੇਣ ਵਾਲਿਆਂ ਦੋਵਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਅਧੀਨ ਯੂਨੀਵਰਸਿਟੀ ਵਿਚ ਨਹੀਂ ਮਿਲੇਗਾ ਮੀਟ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਸ੍ਰੀ ਗੁਰੂ ਰਾਮ ਦਾਸ ਮੈਡੀਕਲ ਇੰਸਟੀਚਿਊਟ ਅਤੇ ਯੂਨੀਵਰਸਿਟੀ ਅੰਦਰ ਬਣੇ ਰੈਸਟੋਰੈਂਟ ਵਿਚ ਹੁਣ ਮੀਟ ਪਰੋਸੇ ਜਾਣ ਉਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਇਸ ਸੰਸਥਾਨ ਅੰਦਰ ਬਣੀ ਕੰਟੀਨ ਵਿਚ ਵੀ ਹੁਣ ਮਾਸਾਹਾਰੀ ਭੋਜਨ ਨਹੀਂ ਪਰੋਸਿਆ ਜਾਵੇਗਾ।

ਦਰਅਸਲ, ਪਿਛਲੇ ਕਈ ਦਿਨਾਂ ਤੋਂ ਇਹ ਮਾਮਲਾ ਭਖਿਆ ਹੋਇਆ ਸੀ ਕਿ ਮੈਡੀਕਲ ਇੰਸਟੀਚਿਊਟ ਵੱਲੋਂ ਕਿਰਾਏ 'ਤੇ ਦਿੱਤੇ ਰੈਸਟੋਰੈਂਟ ਵਿਚ ਵਿਦਿਆਰਥੀਆਂ ਨੂੰ ਮੀਟ ਪਰੋਸਿਆ ਜਾਂਦਾ ਹੈ। ਇਹ ਮੁੱਦਾ ਸਥਾਨਕ ਆਗੂ ਮਨਦੀਪ ਸਿੰਘ ਮੰਨਾ ਵੱਲੋਂ ਚੁੱਕਿਆ ਗਿਆ ਸੀ ਅਤੇ ਉਸ ਵੱਲੋਂ ਇਸ ਸਾਰੇ ਮਾਮਲੇ ਸਬੰਧੀ ਇਕ ਵੀਡੀਓ ਵੀ ਜਾਰੀ ਕੀਤਾ ਗਿਆ ਸੀ।

ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਅਤੇ ਯੂਨੀਵਰਸਿਟੀ ਪ੍ਰਬੰਧਕ ਪਹਿਲਾਂ ਤਾਂ ਇਹ ਕਹਿ ਰਹੇ ਸਨ ਇਕ ਅਜਿਹਾ ਕੁਝ ਵੀ ਨਹੀਂ ਹੋ ਰਿਹਾ ਪਾਰ ਬਾਅਦ ਵਿਚ ਕਿਹਾ ਗਿਆ ਕਿ ਇਹ ਇਕ ਮੈਡੀਕਲ ਇੰਸਟੀਚਿਊਟ ਹੈ ਅਤੇ ਇਥੇ ਹਰ ਧਰਮ ਨਾਲ ਸਬੰਧਤ ਬੱਚੇ ਡਾਕਟਰੀ ਵਿੱਦਿਆ ਲੈਣ ਲਈ ਆਉਂਦੇ ਹਨ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਕਮੇਟੀ ਵੀ ਬਣਾਈ ਗਈ ਸੀ। ਕਮੇਟੀ ਨੇ ਜਾਂਚ ਵਿਚ ਸੰਸਥਾਨ ਵੱਲੋਂ ਕੀਤੀਆਂ ਜਾ ਰਹੀਆਂ ਗਲਤੀਆਂ ਬਾਰੇ ਆਪਣੀ ਰਿਪੋਰਟ ਦਿੱਤੀ ਸੀ। ਇਸ ਤੋਂ ਬਾਅਦ ਟਰੱਸਟ ਦੇ ਇਕ ਮੈਂਬਰ ਨੂੰ ਫਾਰਗ ਵੀ ਕਰ ਦਿੱਤਾ ਗਿਆ ਸੀ।

## ਅਸ਼ਲੀਲ ਵੀਡੀਓ: ਖਾਲਸਾ ਦੀਆਂ ਮੁਸੀਬਤਾਂ ਵਧੀਆਂ

**ਲੁਧਿਆਣਾ:** ਹਲਕਾ ਫਤਹਿਗੜ੍ਹ ਸਾਹਿਬ ਤੋਂ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖਾਲਸਾ ਦੀਆਂ ਮੁਸੀਬਤਾਂ ਵਧਦੀਆਂ ਜਾ ਰਹੀਆਂ ਹਨ। ਉਨ੍ਹਾਂ ਦੇ ਸਰਕਾਰੀ ਮੋਬਾਈਲ ਤੋਂ ਇਕ ਵਟਸਐਪ ਗਰੁੱਪ ਵਿਚ ਅਪਲੋਡ ਹੋਈ ਅਸ਼ਲੀਲ ਵੀਡੀਓ ਨੂੰ ਲੈ ਕੇ ਗਰੁੱਪ ਦੀ ਮਹਿਲਾ ਮੈਂਬਰ ਨੇ ਐਨ.ਜੀ.ਓ. ਯੂਨੀਵਰਸਲ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਦੇ ਮੈਂਬਰਾਂ ਨਾਲ ਮਿਲ ਕੇ ਡੀ. ਆਈ. ਜੀ. ਗੁਰਸ਼ਰਨ ਸਿੰਘ ਸੰਧੂ ਨੂੰ ਸ਼ਿਕਾਇਤ ਦਿੱਤੀ ਹੈ। ਸਮਰਾਲਾ ਵਾਸੀ ਰੇਣੂ ਸੋਨੀਆ ਨੇ ਸ਼ਿਕਾਇਤ ਵਿਚ ਕਿਹਾ ਕਿ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖਾਲਸਾ ਨੇ ਗਰੁੱਪ ਵਿਚ ਅਸ਼ਲੀਲ ਵੀਡੀਓ ਅਪਲੋਡ ਕਰ ਦਿੱਤੀ। ਉਨ੍ਹਾਂ ਨੇ ਫੋਨ ਕਰ ਕੇ ਇਤਰਾਜ਼ ਵੀ ਪ੍ਰਗਟਾਇਆ, ਜਿਸ 'ਤੇ ਖਾਲਸਾ ਨੇ ਜਵਾਬ ਦੇਣ ਦੀ ਬਜਾਏ ਗਰੁੱਪ ਛੱਡ ਦਿੱਤਾ।

ਹਰਿੰਦਰ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਉਹ 3 ਸਤੰਬਰ ਨੂੰ ਇੰਗਲੈਂਡ ਵਿਚ ਸਨ ਤੇ ਫੋਨ ਘਰ ਵਿਚ ਸੀ, ਜਿਥੇ ਵਾਈ-ਫਾਈ ਦੌਰਾਨ ਕਿਸੇ ਨੇ ਗਲਤੀ ਨਾਲ ਉਹ ਵੀਡੀਓ ਪਾ ਦਿੱਤੀ।

# ਮੋਦੀ ਦੇ ਸਿੱਖ ਮੰਤਰੀ ਵੱਲੋਂ ਪੰਜਾਬ ਦੇ ਵਿਕਾਸ ਦਾ ਭਰੋਸਾ



**ਅੰਮ੍ਰਿਤਸਰ:** ਆਵਾਸ ਤੇ ਸ਼ਹਿਰੀ ਵਿਕਾਸ ਬਾਰੇ ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਨੇ ਭਰੋਸਾ ਦਿੱਤਾ ਕਿ ਉਹ ਪੰਜਾਬ ਦੇ ਸ਼ਹਿਰੀ ਵਿਕਾਸ ਵੱਲ ਉਚੇਚਾ ਧਿਆਨ ਦੇਣਗੇ। ਉਨ੍ਹਾਂ ਖੁਲਾਸਾ ਕੀਤਾ ਕਿ ਉਹ ਦਹਾਕਿਆਂ ਤੋਂ ਭਾਜਪਾ ਨਾਲ ਜੁੜੇ ਰਹੇ ਹਨ ਅਤੇ ਪਾਰਟੀ ਪ੍ਰਤੀ ਵਫਾਦਾਰੀ ਕਰ ਕੇ ਹੀ ਉਨ੍ਹਾਂ ਨੂੰ ਇਹ ਅਹੁਦਾ ਮਿਲਿਆ ਹੈ। ਉਹ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੇ ਸਨ।

ਭਾਰਤੀ ਸਫੀਰ ਅਤੇ ਹੋਰ ਕਈ ਅਹਿਮ ਅਹੁਦਿਆਂ ਉਤੇ ਰਹਿ ਚੁੱਕੇ ਸ੍ਰੀ ਪੁਰੀ ਨੇ ਪੰਜਾਬ ਨੂੰ ਤਰਜੀਹ ਦੇਣ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਉਹ ਇਸ ਸਬੰਧੀ ਛੇਤੀ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਭਾਜਪਾ ਦੇ ਆਗੂਆਂ ਨਾਲ ਗੱਲਬਾਤ ਕਰਨਗੇ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਇੰਗਲੈਂਡ ਵਿਚ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਮਿਲਣ ਦੀ ਇੱਛਾ ਪ੍ਰਗਟਾਈ ਹੈ। ਕੇਂਦਰ ਦੀ ਅਮਰੁਤ ਯੋਜਨਾ ਹੇਠ ਆਉਂਦੇ ਪੰਜਾਬ ਦੇ 16 ਸ਼ਹਿਰਾਂ ਦੇ ਵਿਕਾਸ ਬਾਰੇ ਉਨ੍ਹਾਂ ਕਿਹਾ ਕਿ ਸੂਬੇ ਦੀ ਲਗਭਗ 60 ਫੀਸਦੀ ਸ਼ਹਿਰੀ ਵਸੋਂ ਇਨ੍ਹਾਂ ਸ਼ਹਿਰਾਂ ਵਿਚ ਹੈ ਤੇ ਇਨ੍ਹਾਂ ਦੇ ਵਿਕਾਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਨ੍ਹਾਂ ਸ਼ਹਿਰਾਂ ਦੇ ਵਿਕਾਸ ਲਈ 9471 ਕਰੋੜ ਰੁਪਏ ਨੂੰ ਪ੍ਰਵਾਨਗੀ ਮਿਲ ਚੁੱਕੀ ਹੈ, ਜੋ ਪੰਜ ਸਾਲਾਂ ਵਿਚ ਖਰਚੇ ਜਾਣਗੇ। ਇਸ ਯੋਜਨਾ ਹੇਠ ਪੰਜਾਬ ਦੇ ਸ਼ਹਿਰਾਂ ਦੀ ਗਿਣਤੀ ਵਿਚ ਵਾਧਾ ਵੀ ਕੀਤਾ ਜਾ ਸਕਦਾ ਹੈ ਅਤੇ ਵਿਕਾਸ ਰਾਸ਼ੀ ਨੂੰ ਵਧਾਇਆ ਵੀ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਲਈ 3754 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ। ਪਿਛਲੇ ਤਿੰਨ ਸਾਲਾਂ ਵਿਚ ਸ਼ਹਿਰੀ ਵਿਕਾਸ ਦੀ ਤਸਵੀਰ ਵਿਚ ਬਦਲਾਅ ਆਇਆ ਹੈ ਅਤੇ ਅਗਲੇ ਇਕ ਸਾਲ ਵਿਚ ਹੋਰ ਵੀ ਵੱਡੇ ਬਦਲਾਅ ਦੇਖਣ ਨੂੰ ਮਿਲਣਗੇ। ਸ੍ਰੀ ਪੁਰੀ ਨੇ ਕਿਹਾ ਕਿ ਉਹ ਅਗਲੇ 6 ਮਹੀਨਿਆਂ ਵਿਚ ਕੇਂਦਰੀ ਯੋਜਨਾਵਾਂ ਦੀ ਸਮੀਖਿਆ ਲਈ ਮੀਟਿੰਗਾਂ ਕਰਨਗੇ।


# ਜੇਲ੍ਹ 'ਚੋਂ ਨਾ ਭੱਜਦਾ ਤਾਂ ਹੁਣ ਤੱਕ ਰਿਹਾ ਹੋ ਜਾਂਦਾ ਖਾੜਕੂ ਮਿੰਟੂ

**ਪਟਿਆਲਾ:** ਕੇਂਦਰੀ ਜੇਲ੍ਹ ਵਿਚ ਬੰਦ ਖਾੜਕੂ ਹਰਮਿੰਦਰ ਸਿੰਘ ਮਿੰਟੂ ਸੱਤ ਸਾਲ ਪੁਰਾਣੇ ਧਮਾਕਾਖੇਜ਼ ਸਮੱਗਰੀ ਕੇਸ ਵਿਚੋਂ ਬਰੀ ਹੋ ਗਿਆ ਹੈ। ਥਾਣਾ ਸਦਰ ਨਾਭਾ 'ਚ ਇਹ ਕੇਸ 2010 ਵਿਚ ਦਰਜ ਹੋਇਆ ਸੀ। ਮਿੰਟੂ ਦੀ ਗ੍ਰਿਫਤਾਰੀ 2014 ਵਿਚ ਹੋਈ ਸੀ ਜਦੋਂ ਮਲੇਸ਼ੀਆ 'ਚ ਫੜੇ ਜਾਣ ਬਾਅਦ ਉਸ ਨੂੰ ਭਾਰਤ ਹਵਾਲੇ ਕੀਤਾ ਸੀ। ਦਿੱਲੀ ਹਵਾਈ ਅੱਡੇ 'ਤੇ ਉਸ ਨੂੰ ਗ੍ਰਿਫਤਾਰ ਕਰ ਕੇ ਪਟਿਆਲਾ ਲਿਆਂਦਾ ਗਿਆ ਸੀ। ਨਾਭਾ ਪੁਲਿਸ ਨੇ ਰੋਹਟੀ ਦੇ ਪੁਲਾਂ ਕੋਲ ਲਾਏ ਨਾਕੇ ਦੌਰਾਨ ਇਕ ਕਾਰ ਵਿਚੋਂ ਪਿਸਤੌਲ, 315 ਬੋਰ ਬੰਦੂਕ, ਕਾਰਤੂਸ, 40 ਸਟਿਕਾਂ ਡਾਇਟੋਮੀਟਰ, ਡੈਕੋਨ ਪਾਊਡਰ ਦੀਆਂ 30 ਸਟਿਕਾਂ ਆਦਿ ਬਰਾਮਦ ਕਰਨ ਦਾ ਦਾਅਵਾ ਕਰਦਿਆਂ 21 ਫਰਵਰੀ, 2010 ਨੂੰ ਇਹ ਕੇਸ ਦਰਜ ਕੀਤਾ ਸੀ। ਜੇਕਰ ਨਵੰਬਰ 2016 ਵਿਚ ਹਰਮਿੰਦਰ ਮਿੰਟੂ ਨਾਭਾ ਜੇਲ੍ਹ 'ਚੋਂ ਨਾ ਭੱਜਦਾ ਤਾਂ ਉਸ ਨੇ ਹੁਣ ਰਿਹਾਅ ਹੋ ਜਾਣਾ ਸੀ ਕਿਉਂਕਿ ਉਹ ਨਾਭਾ ਗੈਸ ਪਲਾਂਟ 'ਤੇ ਬੰਬ ਫਿੱਟ ਕਰਨ ਸਮੇਤ ਲੁਧਿਆਣਾ ਆਧਾਰਤ ਇਕ ਹੋਰ ਕੇਸ ਵਿਚੋਂ ਪਹਿਲਾਂ ਹੀ ਬਰੀ ਹੋ ਚੁੱਕਾ ਹੈ ਜਦੋਂ ਕਿ ਚਾਰ ਕੇਸਾਂ 'ਚ ਉਸ ਦੀ ਜ਼ਮਾਨਤ ਮਨਜ਼ੂਰ ਹੋ ਚੁੱਕੀ ਹੈ।

# ਨਵੇਂ ਭਰਤੀ ਹੋਏ ਡਾਕਟਰਾਂ ਨੂੰ ਮਿਲੀ ਰਾਹਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅਗਸਤ 2015 ਵਿਚ ਭਰਤੀ ਕੀਤੇ ਐਮ.ਬੀ.ਬੀ.ਐਸ. ਡਾਕਟਰਾਂ ਨੂੰ ਰਾਹਤ ਦਿੰਦਿਆਂ ਉਨ੍ਹਾਂ ਨੂੰ ਤਿੰਨ ਸਾਲ ਦੇ ਪਰਖ ਸਮੇਂ ਦੀ ਸ਼ਰਤ ਤੋਂ ਬਾਹਰ ਕਰ ਦਿੱਤਾ ਹੈ। ਇਨ੍ਹਾਂ ਡਾਕਟਰਾਂ ਦਾ ਦੋ ਸਾਲ ਦਾ ਪ੍ਰੋਬੇਸ਼ਨ ਸਮਾਂ ਖਤਮ ਹੋਣ ਤੋਂ ਬਾਅਦ ਪੂਰੀ ਤਨਖਾਹ ਉਤੇ ਰੈਗੂਲਰ ਨਿਯੁਕਤੀ ਦੇ ਪੱਤਰ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਸਤੰਬਰ 2016 ਵਿਚ ਭਰਤੀ ਕੀਤੇ ਐਮ.ਬੀ.ਬੀ.ਐਸ. ਡਾਕਟਰਾਂ ਉਤੇ ਤਿੰਨ ਸਾਲਾਂ ਦਾ ਪ੍ਰੋਬੇਸ਼ਨ ਪੀਰੀਅਡ ਮੁਕੰਮਲ ਕਰਨ ਦੀ ਤਲਵਾਰ ਅਜੇ ਲਟਕ ਰਹੀ ਹੈ।

ਸਿਹਤ ਵਿਭਾਗ ਨੇ ਅਗਸਤ 2015 ਵਿਚ



350 ਐਮ.ਬੀ.ਬੀ.ਐਸ. ਡਾਕਟਰਾਂ ਨੂੰ ਦੋ ਸਾਲਾਂ ਦੇ ਪ੍ਰੋਬੇਸ਼ਨ ਪੀਰੀਅਡ 'ਤੇ ਰੱਖਿਆ ਸੀ। ਉਨ੍ਹਾਂ ਨੂੰ ਬੇਸਿਕ ਤਨਖਾਹ 15,600 ਰੁਪਏ ਮਹੀਨਾ ਦਿੱਤੀ ਜਾ ਰਹੀ ਸੀ। ਇਕ ਸਾਲ ਬਾਅਦ ਉਨ੍ਹਾਂ ਦੀ ਤਨਖਾਹ ਵਿਚ 25 ਫੀਸਦੀ ਪ੍ਰੈਕਟਿਸ ਭੱਤਾ ਜੋੜ ਦਿੱਤਾ ਗਿਆ ਸੀ, ਜਿਸ ਮਗਰੋਂ ਤਨਖਾਹ 18,300 ਰੁਪਏ ਹੋ ਗਈ ਸੀ। ਵਿਭਾਗ ਨੇ ਸਤੰਬਰ 2016 ਵਿਚ ਡੇਢ ਸੌ ਹੋਰ ਐਮ.ਬੀ.ਬੀ.ਐਸ. ਡਾਕਟਰ ਬੇਸਿਕ ਪੇਅ 'ਤੇ ਭਰਤੀ ਕੀਤੇ ਸਨ, ਜਿਨ੍ਹਾਂ ਦਾ ਪ੍ਰੋਬੇਸ਼ਨ ਪੀਰੀਅਡ ਤਿੰਨ ਸਾਲ ਰੱਖਿਆ ਗਿਆ ਸੀ। ਪੰਜਾਬ ਸਰਕਾਰ ਨੇ ਦੂਜੇ ਵਿਭਾਗਾਂ ਵਿਚ ਵੀ ਮੁਲਾਜ਼ਮਾਂ ਦੀ ਭਰਤੀ ਇਨ੍ਹਾਂ ਸ਼ਰਤਾਂ ਉਤੇ ਹੀ ਕੀਤੀ ਸੀ ਪਰ ਪਿਛਲੇ ਦਿਨੀਂ ਇਕ ਸਰਕੂਲਰ ਜਾਰੀ ਕਰ ਕੇ ਸਾਲ 2015 'ਚ ਦੋ ਸਾਲਾਂ ਦੇ ਪ੍ਰੋਬੇਸ਼ਨ ਪੀਰੀਅਡ ਉਤੇ ਭਰਤੀ ਕੀਤੇ ਮੁਲਾਜ਼ਮਾਂ ਦਾ ਸਮਾਂ ਤਿੰਨ ਸਾਲ ਕੀਤਾ ਗਿਆ ਹੈ।

# ਪੀ.ਵੀ. ਸਿੰਧੂ ਵੱਲੋਂ ਕੋਰੀਆ ਬੈਡਮਿੰਟਨ ਓਪਨ ਸੀਰੀਜ਼ ਫਤਿਹ

## ਓਕੂਹਾਰਾ ਨੂੰ ਹਰਾ ਕੇ ਵਿਸ਼ਵ ਕੱਪ ਦੀ ਹਾਰ ਦਾ ਲਿਆ ਬਦਲਾ



**ਸਿਓਲ:** ਉਲੰਪਿਕ ਚਾਂਦੀ ਤਗਮਾ ਜੇਤੂ ਭਾਰਤੀ ਸਟਾਰ ਬੈਡਮਿੰਟਨ ਖਿਡਾਰਨ ਪੀ. ਵੀ. ਸਿੰਧੂ ਨੇ ਜਾਪਾਨ ਦੀ ਵਿਸ਼ਵ ਚੈਂਪੀਅਨ ਖਿਡਾਰਨ ਨੋਜ਼ੋਮੀ ਓਕੂਹਾਰਾ ਨੂੰ ਫਾਈਨਲ ਵਿਚ ਹਰਾ ਕੇ ਕੋਰੀਆ ਓਪਨ ਸੁਪਰ ਸੀਰੀਜ਼ ਬੈਡਮਿੰਟਨ ਟੂਰਨਾਮੈਂਟ ਦਾ ਮਹਿਲਾ ਸਿੰਗਲ ਵਰਗ ਦਾ ਖਿਤਾਬ ਜਿੱਤ ਲਿਆ। 22 ਸਾਲ ਦੀ ਖਿਡਾਰਨ ਸਿੰਧੂ ਨੇ ਇਸ 6,00,000 ਡਾਲਰ ਇਨਾਮੀ ਟੂਰਨਾਮੈਂਟ ਦੇ ਫਾਈਨਲ ਵਿਚ ਓਕੂਹਾਰਾ ਨੂੰ 1 ਘੰਟਾ 23 ਮਿੰਟ ਤੱਕ ਚੱਲੇ ਮੈਚ ਵਿਚ 22-20, 11-21, 20-18 ਨਾਲ ਮਾਤ ਦੇ ਕੇ ਇਸ ਖਿਤਾਬ ਉਤੇ ਕਬਜ਼ਾ ਕੀਤਾ। ਸਿੰਧੂ ਨੇ ਪਹਿਲੇ ਹਾਫ ਦੇ ਸ਼ੁਰੂ ਵਿਚ ਹੀ 2-0 ਨਾਲ ਬੜਤ ਬਣਾ ਲਈ ਪਰ ਵਿਰੋਧੀ ਖਿਡਾਰਨ ਨੇ ਜਲਦ ਹੀ ਬਰਾਬਰੀ ਕਰ ਲਈ ਜਿਸ ਤੋਂ ਬਾਅਦ ਸਿੰਧੂ ਫਿਰ 5-4 ਨਾਲ ਅੱਗੇ ਹੋ ਗਈ।

ਇਨ੍ਹਾਂ ਦੋਵੇਂ ਖਿਡਾਰਨਾਂ ਵਿਚਕਾਰ ਵਿਸ਼ਵ ਚੈਂਪੀਅਨਸ਼ਿਪ ਦੀ ਝਲਕ 6-5 ਦੇ ਅੰਕਾਂ 'ਤੇ ਦੇਖਣ ਨੂੰ ਮਿਲੀ ਜਦ ਉਨ੍ਹਾਂ ਵਿਚਕਾਰ ਕਾਫੀ ਲੰਮੇ ਸਮੇਂ ਤੱਕ ਖੇਡ ਚੱਲੀ। ਇਸੇ ਦੌਰਾਨ ਸਿੰਧੂ ਨੇ ਕਰਾਰਾ ਸਮੈਸ਼ ਕਰ ਕੇ ਅੰਕ ਆਪਣੇ ਨਾਂ ਕੀਤਾ। ਹਾਲਾਂਕਿ ਓਕੂਹਾਰਾ ਨੇ ਇਸ ਤੋਂ ਬਾਅਦ ਲਗਾਤਾਰ ਚਾਰ ਅੰਕ ਬਣਾਏ ਜਦਕਿ ਸਿੰਧੂ ਨੇ ਅੰਕਾਂ ਨੂੰ ਫਿਰ 9-9 ਦੀ ਬਰਾਬਰੀ 'ਤੇ ਲਿਆ ਦਿੱਤਾ ਪਰ ਜਾਪਾਨੀ ਖਿਡਾਰਨ ਬ੍ਰੇਕ ਤੱਕ 11-9 ਨਾਲ ਬੜਤ ਬਣਾਉਣ ਵਿਚ ਸਫਲ ਰਹੀ। ਇਸ ਤੋਂ ਬਾਅਦ ਸਿੰਧੂ ਨੇ ਵਿਚਕਾਰ ਅੱਠਾਂ ਵਿਚੋਂ ਪੰਜ ਅੰਕ ਹਾਸਲ ਕੀਤੇ ਤੇ ਉਹ 14-13 ਨਾਲ ਅੱਗੇ ਹੋ ਗਈ। ਫਿਰ ਦੋਵਾਂ ਵਿਚ ਕੁਝ ਰੁਮਾਂਚਕ ਖੇਡ ਦੇਖਣ ਨੂੰ ਮਿਲੀ ਤੇ ਇਸੇ ਵਿਚਕਾਰ ਓਕੂਹਾਰਾ ਨੂੰ ਦੋ ਗੇਮ ਪੁਆਇੰਟ ਮਿਲੇ ਗਏ ਤੇ ਦੂਜਾ ਹਾਫ ਉਸ ਨੇ ਆਪਣੇ ਨਾਂ ਕਰ ਲਿਆ। ਕੋਰੀਆ ਓਪਨ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਬਣੀ


ਸਿੰਧੂ ਪਿਛਲੇ ਮਹੀਨੇ ਗਲਾਸਗੋ 'ਚ ਵਿਸ਼ਵ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਕਾਫੀ ਰੁਮਾਂਚਕ ਮੁਕਾਬਲੇ ਨਾਲ ਓਕੂਹਾਰਾ ਤੋਂ ਹਾਰ ਗਈ ਸੀ। ਇਸ ਮੈਚ ਨੂੰ ਮਾਹਰਾਂ ਨੇ ਬਹੁਤ ਅਹਿਮ ਮੈਚ ਕਰਾਰ ਦਿੱਤਾ ਸੀ ਪਰ ਸਿੰਧੂ ਨੇ ਜਾਪਾਨੀ ਖਿਡਾਰਨ ਤੋਂ ਬਦਲਾ ਲੈ ਕੇ ਟੂਰਨਾਮੈਂਟ ਜਿੱਤ ਲਿਆ। ਇਸ ਤਰ੍ਹਾਂ ਕੋਰੀਆ ਓਪਨ ਸੁਪਰ ਸੀਰੀਜ਼ ਜਿੱਤਣ ਵਾਲੀ ਉਹ ਪਹਿਲੀ ਭਾਰਤੀ ਖਿਡਾਰਨ ਬਣ ਗਈ ਹੈ।

### ਓਕੂਹਾਰਾ ਖਿਲਾਫ ਰਿਕਾਰਡ ਦੀ ਕੀਤੀ ਬਰਾਬਰੀ

ਸਿੰਧੂ ਨੇ ਓਕੂਹਾਰਾ ਦਾ ਆਸਟਰੇਲੀਆ ਓਪਨ ਤੇ ਵਿਸ਼ਵ ਚੈਂਪੀਅਨਸ਼ਿਪ ਤੋਂ ਬਾਅਦ ਲਗਾਤਾਰ ਤੀਜਾ ਖਿਤਾਬ ਜਿੱਤਣ ਦਾ ਸੁਪਨਾ ਪੂਰਾ ਨਹੀਂ ਹੋਣ ਦਿੱਤਾ। ਇਸ ਸੀਰੀਜ਼ 'ਚ ਸਿੰਧੂ ਓਕੂਹਾਰਾ ਖਿਲਾਫ਼ ਆਪਣੇ ਰਿਕਾਰਡ ਨੂੰ ਬਰਾਬਰੀ ਉਤੇ ਲਿਆਉਣ 'ਚ ਵੀ ਸਫਲ ਰਹੀ। ਇਨ੍ਹਾਂ ਦੋਵੇਂ ਖਿਡਾਰਨਾਂ ਨੇ ਹੁਣ ਤੱਕ ਇਕ-ਦੂਜੇ ਖਿਲਾਫ਼ 8 ਮੈਚ ਖੇਡੇ ਹਨ ਜਿਨ੍ਹਾਂ ਵਿਚੋਂ ਹੁਣ ਦੋਵਾਂ ਨੇ 4-4 ਮੈਚਾਂ ਵਿਚ ਜਿੱਤ ਪ੍ਰਾਪਤ ਕੀਤੀ ਹੈ।

### ਮਨਪ੍ਰੀਤ ਹੱਥ ਭਾਰਤੀ ਹਾਕੀ ਟੀਮ ਦੀ ਕਪਤਾਨੀ

**ਨਵੀਂ ਦਿੱਲੀ:** ਮਿਡ-ਫੀਲਡਰ ਮਨਪ੍ਰੀਤ ਸਿੰਘ 11 ਤੋਂ 22 ਅਕਤੂਬਰ ਤੱਕ ਢਾਕਾ ਵਿਚ ਹੋਣ ਵਾਲੇ ਹੀਰੋ ਏਸ਼ੀਆ ਕੱਪ ਵਿਚ ਭਾਰਤ ਦੀ 18 ਮੈਂਬਰੀ ਹਾਕੀ ਟੀਮ ਦੀ ਕਮਾਨ ਸਾਂਭੇਗਾ ਤੇ ਫਾਰਵਰਡ ਐਸ.ਵੀ. ਸੁਨੀਲ ਟੀਮ ਦਾ ਉਪ ਕਪਤਾਨ ਹੋਵੇਗਾ। ਹਾਲ ਹੀ ਵਿਚ ਯੂਰਪ ਦੌਰੇ ਉਤੇ ਕੁਝ ਜੂਨੀਅਰ ਖਿਡਾਰੀਆਂ ਨੂੰ ਮੌਕੇ ਦੇਣ ਤੋਂ ਬਾਅਦ ਹਾਕੀ ਇੰਡੀਆ ਨੇ ਨੌਜਵਾਨ ਅਤੇ ਤਜਰਬੇਕਾਰ ਖਿਡਾਰੀਆਂ ਨੂੰ ਟੀਮ ਵਿਚ ਸ਼ਾਮਲ ਕੀਤਾ ਹੈ। ਗੋਲ-ਕੀਪਰ ਆਕਾਸ਼ ਚਿਕਤੇ ਅਤੇ ਸੂਰਜ ਕਰਕੇਰਾ ਟੀਮ ਵਿਚ ਸ਼ਾਮਲ ਹਨ ਜਦਕਿ ਡਿਫੈਂਡਰ ਹਰਮਨਪ੍ਰੀਤ ਸਿੰਘ ਅਤੇ ਸੁਰਿੰਦਰ ਕੁਮਾਰ ਨੇ ਵੀ ਯੂਰਪ ਦੌਰੇ ਦੌਰਾਨ ਆਰਾਮ ਦਿੱਤੇ ਜਾਣ ਤੋਂ ਬਾਅਦ ਵਾਪਸੀ ਕੀਤੀ ਹੈ।



# ਭਾਰਤ-ਪਾਕਿ ਵਿਚਾਲੇ ਸਿੰਧੂ ਜਲ ਸੰਧੀ ਗੱਲਬਾਤ ਸਿਰੇ ਨਾ ਚੜ੍ਹੀ



**ਵਾਸ਼ਿੰਗਟਨ:** ਭਾਰਤ ਤੇ ਪਾਕਿਸਤਾਨ ਦਰਮਿਆਨ ਸਿੰਧੂ ਜਲ ਸੰਧੀ ਬਾਰੇ ਗੱਲਬਾਤ ਦਾ ਤਾਜ਼ਾ ਦੌਰ ਸਿਰੇ ਨਹੀਂ ਚੜ੍ਹਿਆ ਅਤੇ ਬਿਨਾਂ ਕਿਸੇ ਸਹਿਮਤੀ ਦੇ ਇਹ ਖਤਮ ਹੋ ਗਈ। ਵਿਸ਼ਵ ਬੈਂਕ ਨੇ ਕਿਹਾ ਹੈ ਕਿ ਉਹ ਬਿਨਾਂ ਕਿਸੇ ਪੱਖਪਾਤ ਦੇ ਇਸ ਮਸਲੇ ਨੂੰ ਸੁਲਝਾਉਣ ਦੇ ਯਤਨ ਕਰਦਾ ਰਹੇਗਾ। ਭਾਰਤ ਅਤੇ ਪਾਕਿਸਤਾਨ ਦੇ ਦੁਵੱਲੇ ਰਿਸ਼ਤਿਆਂ ਵਿਚ ਖਟਾਸ ਦਰਮਿਆਨ ਇਥੇ ਵਿਸ਼ਵ ਬੈਂਕ ਹੈੱਡਕੁਆਰਟਰ ਉਤੇ 14 ਅਤੇ 15 ਸਤੰਬਰ ਨੂੰ ਵਿਸ਼ਵ ਬੈਂਕ ਦੀ ਅਗਵਾਈ ਹੇਠ ਗੱਲਬਾਤ ਹੋਈ ਸੀ।

ਪਾਕਿਸਤਾਨ ਵੱਲੋਂ ਰੈਟਲ ਅਤੇ ਕਿਸ਼ਨਗੰਗਾ ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟਾਂ ਉਤੇ ਇਤਰਾਜ਼ ਉਠਾਏ ਜਾ ਰਹੇ ਹਨ। ਭਾਰਤੀ ਵਫਦ ਦੀ ਅਗਵਾਈ ਜਲ ਸਰੋਤਾਂ ਬਾਰੇ ਸਕੱਤਰ ਅਮਰਜੀਤ ਸਿੰਘ ਨੇ ਕੀਤੀ ਜਿਸ 'ਚ ਸਿੰਧੂ ਜਲ ਕਮਿਸ਼ਨਰ, ਵਿਦੇਸ਼, ਬਿਜਲੀ ਅਤੇ ਕੇਂਦਰੀ ਜਲ ਕਮਿਸ਼ਨ ਮਾਮਲਿਆਂ ਬਾਰੇ ਮੰਤਰਾਲਿਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਵਿਸ਼ਵ ਬੈਂਕ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ, "ਬੈਠਕਾਂ ਦੌਰਾਨ ਭਾਵੇਂ ਕੋਈ ਨਤੀਜਾ ਨਹੀਂ ਨਿਕਲ ਸਕਿਆ ਪਰ ਵਿਸ਼ਵ ਬੈਂਕ ਦੋਵੇਂ ਮੁਲਕਾਂ ਨਾਲ ਮਿਲ ਕੇ ਸੰਧੀ ਦੀਆਂ ਧਾਰਾਵਾਂ ਅੰਦਰ ਢੁਕਵਾਂ ਹੱਲ ਕੱਢਣ ਦੀ ਕੋਸ਼ਿਸ਼ ਜਾਰੀ ਰੱਖੇਗਾ।" ਸਕੱਤਰ ਪੱਧਰ ਦੀ ਗੱਲਬਾਤ ਮਗਰੋਂ ਵਿਸ਼ਵ ਬੈਂਕ ਅਤੇ ਦੋਵੇਂ ਮੁਲਕਾਂ ਨੇ ਵਿਚਾਰ ਵਟਾਂਦਰੇ ਦੀ ਸ਼ਲਾਘਾ ਕੀਤੀ ਅਤੇ ਸੰਧੀ ਦੇ ਪਾਲਣ ਦੀ ਵਚਨਬੱਧਤਾ ਦੁਹਰਾਈ।

## ਸਿਟੀ ਸੈਂਟਰ ਘੁਟਾਲੇ ਦੀ ਕਲੋਜ਼ਰ ਰਿਪੋਰਟ ਨੂੰ ਚੁਣੌਤੀ

**ਲੁਧਿਆਣਾ:** ਲੁਧਿਆਣਾ ਸਿਟੀ ਸੈਂਟਰ ਘੁਟਾਲੇ ਵਿਚ ਵਿਜੀਲੈਂਸ ਬਿਊਰੋ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਲੀਨ ਚਿੱਟ ਦਿੰਦੇ ਹੋਏ ਅਦਾਲਤ ਵਿਚ ਕਲੋਜ਼ਰ ਰਿਪੋਰਟ ਦਾਖਲ ਕਰਨ ਨੂੰ ਲੋਕ ਇਨਸਾਫ ਪਾਰਟੀ ਦੇ ਸੁਪਰੀਮੋ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਚੁਣੌਤੀ ਦਿੱਤੀ ਹੈ। ਸ੍ਰੀ ਬੈਂਸ ਨੇ ਆਪਣੇ ਵਕੀਲ ਰਾਹੀਂ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿਚ ਪੇਸ਼ ਹੋ ਕੇ ਇਸ ਕੇਸ ਨੂੰ ਬੰਦ ਨਾ ਕਰਨ ਦੀ ਅਪੀਲ ਕੀਤੀ ਹੈ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 7 ਅਕਤੂਬਰ ਨੂੰ ਤੈਅ ਕੀਤੀ ਹੈ। ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੀ ਜਨਤਾ ਦੀ ਖੂਨ ਪਸੀਨੇ ਦੀ ਕਮਾਈ ਨੂੰ ਬਰਬਾਦ ਨਹੀਂ ਹੋਣ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਅਦਾਲਤ 'ਚ ਅਪੀਲ ਕੀਤੀ ਗਈ ਹੈ ਕਿ ਇਸ ਕੇਸ ਨੂੰ ਰੈਗੂਲਰ ਚਲਾਇਆ ਜਾਵੇ ਤੇ ਮੁਲਜ਼ਮਾਂ ਨੂੰ ਸਖਤ ਸਜ਼ਾ ਦਿੱਤੀ ਜਾਵੇ। ਸ੍ਰੀ ਬੈਂਸ ਨੇ ਕਿਹਾ ਵਿਜੀਲੈਂਸ ਬਿਊਰੋ ਨੇ ਪਹਿਲਾਂ ਇਸ ਕੇਸ ਵਿਚ 12 ਹਜ਼ਾਰ ਸਫਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਤੇ ਹੁਣ ਕਲੀਨ ਚਿੱਟ ਦੇ ਦਿੱਤੀ। ਇਸ ਤੋਂ ਸਾਫ ਹੈ ਕਿ ਬਾਦਲ ਅਤੇ ਕੈਪਟਨ ਆਪਸ ਵਿਚ ਮਿਲੇ ਹੋਏ ਹਨ।

# ਇਰਾਕ ਕੋਲ ਪੰਜਾਬੀ ਬੰਦੀਆਂ ਬਾਰੇ ਕੋਈ ਜਾਣਕਾਰੀ ਨਹੀਂ



**ਬਗਦਾਦ:** ਇਰਾਕ ਦੇ ਪ੍ਰਧਾਨ ਮੰਤਰੀ ਹੈਦਰ ਅਲ-ਅਬਦੀ ਦਾ ਕਹਿਣਾ ਹੈ ਕਿ ਤਕਰੀਬਨ ਤਿੰਨ ਸਾਲ ਪਹਿਲਾਂ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਵੱਲੋਂ ਮੋਸੂਲ ਵਿਚ ਬੰਧਕ ਬਣਾਏ ਗਏ 39 ਭਾਰਤੀ ਕਾਮਿਆਂ ਸਬੰਧੀ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ। ਪ੍ਰਧਾਨ ਮੰਤਰੀ ਨੇ ਇਕ ਇੰਟਰਵਿਊ 'ਚ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਸਬੰਧੀ ਜਾਂਚ ਅਜੇ ਚੱਲ ਰਹੀ ਹੈ। ਉਹ ਇਸ ਸਬੰਧੀ ਅਜੇ ਕੁਝ ਨਹੀਂ ਕਹਿ ਸਕਦਾ। ਜ਼ਿਕਰਯੋਗ ਹੈ ਕਿ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਲਾਪਤਾ ਕਾਮਿਆਂ ਦੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਦੇ ਮੋਸੂਲ ਦੇ ਉਤਰ ਪੱਛਮੀ ਖੇਤਰ 'ਚ ਸਥਿਤ ਕਿਸੇ ਜੇਲ੍ਹ ਵਿਚ ਹੋਣ ਦੀ ਉਮੀਦ ਹੈ, ਜਿਸ ਨੂੰ ਇਰਾਕੀ ਸੈਨਿਕਾਂ ਨੇ ਆਈ.ਐਸ. ਦੇ ਕਬਜ਼ੇ ਵਿਚੋਂ ਛੁਡਾ ਲਿਆ ਹੈ। ਲਾਪਤਾ ਭਾਰਤੀ ਕਾਮੇ ਇਰਾਕ ਦੀ ਇਕ ਨਿਰਮਾਣ ਕੰਪਨੀ 'ਚ ਕੰਮ ਕਰ ਰਹੇ ਸਨ। 2014 ਵਿਚ ਇਰਾਕ ਦੇ ਉਤਰ ਅਤੇ ਪੱਛਮ ਵਿਚ ਆਈ.ਐਸ. ਦੇ ਕਬਜ਼ੇ ਤੋਂ ਪਹਿਲਾਂ ਹਜ਼ਾਰਾਂ ਭਾਰਤੀ ਉਥੇ ਕੰਮ ਲਈ ਗਏ ਸਨ, ਹਾਲਾਂਕਿ ਇਸ ਸਾਲ ਜੁਲਾਈ 'ਚ ਸੈਨਿਕਾਂ ਨੇ 9 ਮਹੀਨਿਆਂ ਦੇ ਸੰਘਰਸ਼ ਪਿਛੋਂ ਮੋਸੂਲ 'ਤੇ ਮੁੜ ਆਪਣਾ ਕਬਜ਼ਾ ਕਰ ਲਿਆ ਸੀ।

# ਪੰਜਾਬ ਦੇ ਖੇਤ ਮਜ਼ਦੂਰ 'ਤੇ ਪ੍ਰਤੀ ਪਰਿਵਾਰ 90 ਹਜ਼ਾਰ ਕਰਜ਼ਾ



**ਬਠਿੰਡਾ:** ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਮਾਲਵੇ ਦੇ ਅੱਧੀ ਦਰਜਨ ਜ਼ਿਲ੍ਹਿਆਂ ਦੇ 13 ਪਿੰਡਾਂ ਵਿਚ ਖੇਤ ਮਜ਼ਦੂਰਾਂ ਸਿਰ ਚੜ੍ਹੇ ਕਰਜ਼ਿਆਂ ਸਬੰਧੀ ਸਰਵੇਖਣ ਦੀ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਮੁਤਾਬਕ 1618 ਪਰਿਵਾਰਾਂ ਵਿਚੋਂ 1364 ਪਰਿਵਾਰਾਂ ਸਿਰ 12,47,20,499 ਰੁਪਏ ਦਾ ਕਰਜ਼ਾ ਹੈ ਤੇ ਇਹ ਕਰਜ਼ਾ ਪ੍ਰਤੀ ਪਰਿਵਾਰ 91,437 ਰੁਪਏ ਬਣਦਾ ਹੈ।

ਉਨ੍ਹਾਂ ਕਿਹਾ ਕਿ 10 ਏਕੜ ਜ਼ਮੀਨ ਤੋਂ ਵੱਧ ਮਾਲਕੀ ਵਾਲੇ ਕਿਸਾਨਾਂ ਤੇ ਸ਼ਾਹੂਕਾਰਾਂ ਵੱਲੋਂ ਖੇਤ ਮਜ਼ਦੂਰਾਂ ਨੂੰ ਦਿੱਤੇ ਕਰਜ਼ੇ ਦੀ ਰਕਮ 1,92,69,900 ਰੁਪਏ ਬਣਦੀ ਹੈ। ਸਰਕਾਰੀ ਤੇ ਪ੍ਰਾਈਵੇਟ ਬੈਂਕਾਂ ਤੇ ਕੋਆਪ੍ਰੇਟਿਵ ਸੁਸਾਇਟੀਆਂ ਦੇ ਕਰਜ਼ੇ ਦੀ ਰਕਮ 2,02,19,969 ਰੁਪਏ, 5 ਤੋਂ 10 ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਤੋਂ ਲਿਆ ਕਰਜ਼ਾ 93,28,500 ਰੁਪਏ, 5 ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਤੋਂ ਲਿਆ ਕਰਜ਼ਾ 85,84,400 ਰੁਪਏ, ਸੁਨਿਆਰਾਂ ਤੋਂ ਲਿਆ ਕਰਜ਼ਾ, ਰਿਸ਼ਤੇਦਾਰਾਂ ਤੋਂ ਲਿਆ ਕਰਜ਼ਾ 17,04,725 ਰੁਪਏ, ਦੋਸਤਾਂ-ਮਿੱਤਰਾਂ ਤੋਂ ਲਿਆ ਕਰਜ਼ਾ 77,82,300 ਰੁਪਏ ਤੇ ਦੁਕਾਨਦਾਰਾਂ ਤੋਂ ਲਏ ਸੌਦੇ ਦਾ ਕਰਜ਼ਾ 57 ਹਜ਼ਾਰ 500 ਰੁਪਏ ਬਣਦਾ ਹੈ। ਉਨ੍ਹਾਂ ਕਿਹਾ ਕਿ ਖੇਤ ਮਜ਼ਦੂਰਾਂ ਨੂੰ 18 ਤੋਂ 60 ਫੀਸਦੀ ਜਿਹੀਆਂ ਉਚੀਆਂ ਦਰਾਂ 'ਤੇ ਵਿਆਜ ਤਾਰਨਾ ਪੈ ਰਿਹਾ ਹੈ।

# ਜਬਰ ਜਨਾਹ ਦੇ ਦੋਸ਼ 'ਚ ਦੋ ਨੂੰ ਉਮਰ ਕੈਦ

**ਅੰਮ੍ਰਿਤਸਰ:** ਨਾਬਾਲਗ ਨਾਲ ਜਬਰ ਜਨਾਹ ਤੇ ਹੱਤਿਆ ਮਾਮਲੇ ਵਿਚ ਇਕ ਔਰਤ ਸਣੇ ਦੋ ਦੋਸ਼ੀਆਂ ਨੂੰ ਮੌਤ ਹੋਣ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੋਸ਼ੀਆਂ 'ਚ ਪਰਮਜੀਤ ਕੌਰ ਤੇ ਗੁਰਨਾਮ ਸਿੰਘ ਸ਼ਾਮਲ ਹਨ। ਰਾਜਾਸਾਂਸੀ ਦੀ ਰਹਿਣ ਵਾਲੀ ਲੜਕੀ ਲਾਪਤਾ ਹੋ ਗਈ, ਜਿਸ ਦਾ ਪਿਤਾ ਹਰਜੀਤ ਸਿੰਘ ਕਾਫੀ ਸਮਾਂ ਭਾਲਦਾ ਰਿਹਾ। 23 ਜੁਲਾਈ 2013 ਨੂੰ ਪਤਾ ਲਗਾ ਕਿ ਉਸ ਦੀ ਧੀ ਸੜਕ ਦੇ ਕੰਢੇ ਜ਼ਖਮੀ ਪਈ ਹੈ ਜੋ ਬਾਅਦ ਵਿਚ ਇਲਾਜ ਦੌਰਾਨ ਦਮ ਤੋੜ ਗਈ।

# ਸਾਬਕਾ ਸਰਕਲ ਜਥੇਦਾਰ ਹਵਾਈ ਅੱਡੇ ਤੋਂ ਦਬੋਚਿਆ

**ਬਠਿੰਡਾ:** ਬਠਿੰਡਾ ਪੁਲਿਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸਰਕਲ ਜਥੇਦਾਰ ਅਕਬਰ ਸਿੰਘ ਗਿੱਲਪੱਤੀ ਨੂੰ ਦਿੱਲੀ ਦੇ ਹਵਾਈ ਅੱਡੇ ਤੋਂ ਦਬੋਚ ਲਿਆ ਹੈ, ਜੋ ਕੈਨੇਡਾ ਜਾਣ ਦੀ ਤਿਆਰੀ ਵਿਚ ਸੀ। ਪਿੰਡ ਗਿੱਲਪੱਤੀ ਦੀ ਮਹਿਲਾ ਸਰਪੰਚ ਪਰਮਜੀਤ ਕੌਰ ਦੇ ਪਤੀ ਅਕਬਰ ਸਿੰਘ ਖਿਲਾਫ਼ ਥਾਣਾ ਨੇਹੀਆਂ ਵਾਲਾ ਵਿਚ ਕੇਸ ਦਰਜ ਹੈ। ਜ਼ਿਲ੍ਹਾ ਅਦਾਲਤ 'ਚੋਂ ਉਸ ਦੀ ਜ਼ਮਾਨਤ ਅਰਜ਼ੀ ਰੱਦ ਹੋ ਗਈ ਸੀ ਤੇ ਉਸ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜ਼ਮਾਨਤ ਅਰਜ਼ੀ ਦਾਇਰ ਕੀਤੀ ਹੋਈ ਸੀ, ਜਿਸ ਦੀ 14 ਸਤੰਬਰ ਤਰੀਕ ਸੀ। ਥਾਣਾ ਨੇਹੀਆਂ ਵਾਲਾ ਪੁਲਿਸ ਨੇ ਜਦੋਂ ਅਕਬਰ ਸਿੰਘ ਗਿੱਲਪੱਤੀ ਨੂੰ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਤਾਂ ਅਦਾਲਤ ਨੇ ਉਸ ਨੂੰ 50 ਹਜ਼ਾਰ ਦੇ ਮੁਚੱਲਕੇ 'ਤੇ ਰਿਹਾਅ ਕਰ ਦਿੱਤਾ।



ਵੇਰਵਿਆਂ ਅਨੁਸਾਰ 14 ਸਤੰਬਰ ਦੀ ਰਾਤ ਨੂੰ ਅਕਾਲੀ ਆਗੂ ਅਕਬਰ ਸਿੰਘ ਗਿੱਲਪੱਤੀ ਦੀ ਕੈਨੇਡਾ ਦੀ ਉਡਾਣ ਸੀ, ਪਰ ਇਮੀਗਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਹਿਰਾਸਤ ਵਿਚ ਲੈ ਕੇ ਬਠਿੰਡਾ ਪੁਲਿਸ ਨੂੰ ਸੂਚਨਾ ਭੇਜ ਦਿੱਤੀ। ਥਾਣਾ ਨੇਹੀਆਂ ਵਾਲਾ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਸੀ। ਦੱਸਣਯੋਗ ਹੈ ਕਿ ਥਾਣਾ ਨੇਹੀਆਂ ਵਾਲਾ ਵਿਚ ਦਰਜ ਐਫ.ਆਈ.ਆਰ. 131 ਤਹਿਤ ਪੰਜ ਵਿਅਕਤੀਆਂ ਖਿਲਾਫ਼ ਕੇਸ ਦਰਜ ਹੋਇਆ ਸੀ, ਜਿਸ ਵਿਚ ਅਕਬਰ ਸਿੰਘ ਨੂੰ 28 ਜੁਲਾਈ ਨੂੰ ਨਾਮਜ਼ਦ ਕੀਤਾ ਗਿਆ ਸੀ। ਇਹ ਕੇਸ ਪਿੰਡ ਗਿੱਲਪੱਤੀ ਦੇ ਪ੍ਰੀਤਮ ਸਿੰਘ ਨੇ ਦਰਜ ਕਰਾਇਆ ਸੀ, ਜਿਸ ਨੇ ਆਪਣੀ 14 ਕਨਾਲ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਸੀ ਤੇ ਜ਼ਮੀਨ ਸਬੰਧੀ ਲੜਾਈ-ਝਗੜਾ ਹੋ ਗਿਆ ਸੀ।

# ਰੋਹਿੰਗੀਆ ਲੋਕਾਂ ਦੀ ਦਰਦਨਾਕ ਦਾਸਤਾਨ

ਭਾਰਤ ਦੇ ਗੁਆਂਢੀ ਮੁਲਕ ਮਿਆਂਮਾਰ ਵਿਚ ਰਹਿਣ ਵਾਲੇ ਰੋਹਿੰਗੀਆਈ ਮੁਸਲਮਾਨਾਂ ਦੀ ਬਹੁਤ ਬੁਰੀ ਦਸ਼ਾ ਦੀਆਂ ਖ਼ਬਰਾਂ ਆ ਰਹੀਆਂ ਹਨ। ਮਿਆਂਮਾਰ (ਬਰਮਾ) ਤੇ ਭਾਰਤ ਦੇ ਬਹੁਤ ਪੁਰਾਣੇ ਇਤਿਹਾਸਕ ਰਿਸ਼ਤੇ ਹਨ। ਅੰਗਰੇਜ਼ਾਂ ਨੇ ਬਰਮਾ ਨੂੰ ਪਹਿਲਾਂ ਬੰਗਾਲ ਦੀ ਪ੍ਰੈਜ਼ੀਡੈਂਸੀ ਤੇ ਫਿਰ ਬਰਤਾਨਵੀ ਹਿੰਦੁਸਤਾਨ ਦਾ ਹਿੱਸਾ ਬਣਾ ਲਿਆ ਸੀ। 1937 ਵਿਚ ਇਸ ਨੂੰ ਭਾਰਤ ਤੋਂ ਅੱਡ ਕਰ ਦਿੱਤਾ ਮਲਾਇਆ ਵਾਂਗ ਬਰਮਾ ਵਿਚ ਵੀ ਅੰਗਰੇਜ਼ਾਂ ਨੂੰ ਰਬੜ ਦੀ ਖੇਤੀ ਦਾ ਬਹੁਤ ਯਕੀਨ ਸੀ। ਬੰਗਾਲ

**ਅਭੈ ਸਿੰਘ**
ਫੋਨ: +91-98783-75903

ਤੋਂ ਮਜ਼ਦੂਰਾਂ ਦੀ ਵੱਡੀ ਗਿਣਤੀ ਲਿਆ ਕੇ ਜੰਗਲ ਸਾਫ਼ ਕਰਵਾਏ, ਪਰ ਰਬੜ ਦੀ ਖੇਤੀ ਕਾਮਯਾਬ ਨਹੀਂ ਹੋਈ। ਉਂਜ, ਇਹ ਮਜ਼ਦੂਰ ਲੋਕ ਉਥੇ ਹੀ ਵਸੇ ਰਹੇ ਅਤੇ ਹੋਰ ਜੰਗਲ ਕੱਟ ਕੇ ਖੇਤੀ ਕਰਨ ਲੱਗੇ। ਹੁਣ ਲੰਮੀ ਦੇਰ ਤੱਕ ਚੱਲੇ ਫ਼ੌਜੀ ਰਾਜ ਦੌਰਾਨ ਫ਼ੌਜੀ ਅਫ਼ਸਰਾਂ ਦੀ ਨਜ਼ਰ ਇਨ੍ਹਾਂ ਲੋਕਾਂ ਵੱਲੋਂ ਜੰਗਲ ਕੱਟ ਕੱਟ ਕੇ ਬਣਾਈ ਖੇਤੀਯੋਗ ਜ਼ਮੀਨ ਉਪਰ ਪਈ। ਇਨ੍ਹਾਂ ਕੋਲ ਜ਼ਮੀਨਾਂ ਦੀ ਮਾਲਕੀ ਇਨ੍ਹਾਂ ਦੀ ਆਪਸੀ ਪੰਚਾਇਤੀ ਤਕਸੀਮ ਰਾਹੀਂ ਹੀ ਸੀ, ਕੋਈ ਸਰਕਾਰੀ ਦਸਤਾਵੇਜ਼ ਜਾਂ ਜਮਾਂਬੰਦੀਆਂ ਨਹੀਂ ਸਨ।

ਦਸਤਾਵੇਜ਼ ਤਾਂ ਇਨ੍ਹਾਂ ਦੀ ਆਪਣੀ ਰਿਹਾਇਸ਼ ਦੇ ਵੀ ਨਹੀਂ ਹਨ। ਇਨ੍ਹਾਂ ਦੀਆਂ ਤਾਂ ਵੋਟਾਂ ਵੀ ਨਹੀਂ ਹਨ। ਇਸੇ ਲਈ ਇਨ੍ਹਾਂ ਨੂੰ ਗ਼ੈਰ ਮੁਲਕੀ ਪਨਾਹਗੀਰ ਕਰਾਰ ਦਿੱਤਾ ਗਿਆ ਤਾਂ ਜੋ ਇਹ ਵਾਪਸ ਆਪਣੇ ਮੁਲਕ ਬੰਗਲਾਦੇਸ਼ ਚਲੇ ਜਾਣ। ਇਹ ਲੋਕ ਉਥੇ 200 ਸਾਲ ਤੋਂ ਰਹਿ ਰਹੇ ਹਨ ਤੇ ਹੁਣ ਕਿਧਰੇ ਨਹੀਂ ਜਾ ਸਕਦੇ। ਲਗਪਗ ਹਰ ਮੁਲਕ ਦੀ ਵਰਤਮਾਨ ਆਬਾਦੀ ਕਿਧਰੋਂ ਨਾ ਕਿਧਰੋਂ ਬਾਹਰੋਂ ਆਈ ਹੋਈ ਹੈ। ਬਰਮਾ ਦੀ ਵੱਡੀ ਬੋਧੀ ਆਬਾਦੀ ਵੀ ਕਿਸੇ ਵਕਤ ਦੱਖਣੀ ਤੇ ਪੱਛਮੀ ਚੀਨ ਤੋਂ ਆਈ ਸੀ। ਇਨ੍ਹਾਂ ਦੇ ਰੰਗ ਗੋਰੇ ਹਨ। ਆਬਾਦੀ ਦਾ ਇਕ ਹਿੱਸਾ ਤਾਮਿਲ, ਤੇਲਗੂ, ਮਲਿਆਲਮ ਤੇ ਉੜੀਆ ਲੋਕਾਂ ਦਾ ਵੀ ਹੈ। ਵੱਡੀ ਗਿਣਤੀ ਆਦਿਵਾਸੀਆਂ ਦੀ ਹੈ ਜੋ ਜੰਗਲਾਂ ਵਿਚ ਹੀ ਰਹਿੰਦੇ ਹਨ। ਇਹ ਲੋਕ ਜ਼ਿਆਦਾਤਰ ਪਛੜੇ ਹੋਏ ਹਨ। ਅਸਲ ਵਿਚ ਇਹੀ ਬਰਮਾ ਦੇ ਅਸਲ ਬਸ਼ਿੰਦੇ ਹਨ, ਬਾਕੀ ਸਭ ਬਾਅਦ ਵਿਚ ਆਏ ਹਨ।

ਜੇ ਇਹ ਹਿਸਾਬ ਲਗਾਏ ਜਾਣ ਤਾਂ ਮਲੇਸ਼ੀਆ, ਸਿੰਗਾਪੁਰ, ਹਾਂਗਕਾਂਗ, ਫਿਜ਼ੀ, ਫਿਲੀਪੀਨਜ਼, ਆਸਟਰੇਲੀਆ ਤੇ ਨਿਊਜ਼ੀਲੈਂਡ ਬਾਹਰੋਂ ਆਏ ਲੋਕਾਂ ਦੀ ਵੱਡੀ ਗਿਣਤੀ ਨਾਲ ਵੱਸੇ ਹਨ, ਪਰ ਕੀ ਉਹ ਲੋਕ ਹੁਣ ਵਾਪਸ ਜਾ ਸਕਦੇ ਹਨ? ਸਾਡੇ ਆਪਣੇ ਉਪ ਮਹਾਂਦੀਪ ਦੇ ਲੋਕ ਵੀ ਆਰੀਆ ਨਸਲ ਦੇ ਹਨ, ਤੇ ਕਿਧਰੋਂ ਬਾਹਰੋਂ ਆਏ ਹਨ। ਅਮਰੀਕਾ ਤੇ ਕੈਨੇਡਾ ਪੂਰੀ ਤਰ੍ਹਾਂ ਯੂਰਪ ਤੋਂ ਆਏ ਲੋਕਾਂ ਵੱਲੋਂ ਵਸਾਏ ਹੋਏ ਮੁਲਕ ਹਨ। ਅਸੀਂ ਸਭ ਜਾਣਦੇ ਹਾਂ ਕਿ ਅਜਿਹੇ ਆਵਾਸੀਆਂ ਨੂੰ ਬਾਹਰ ਨਹੀਂ ਕੱਢਿਆ ਜਾ ਸਕਦਾ। ਇਤਿਹਾਸ ਨੇ ਜਿਨ੍ਹਾਂ ਲੋਕਾਂ ਨੂੰ ਜਿਥੇ ਜਾ ਵਸਾਇਆ ਹੈ, ਉਹੀ ਉਨ੍ਹਾਂ ਦਾ ਘਰ ਹੈ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਲੋਕ ਜਿਸ ਜਿਸ ਜਗ੍ਹਾ ਜਨਮ ਲੈਂਦੇ ਤੇ ਪਲਦੇ ਹੋਣ, ਉਨ੍ਹਾਂ ਨੂੰ ਵਿਦੇਸ਼ੀ ਕਹਿ ਦਿੱਤਾ ਜਾਵੇ, ਬਹੁਤ ਦੁਖਦਾਈ ਹੈ। ਰੋਹਿੰਗੀਆ ਲੋਕਾਂ ਦਾ ਅਸਲ ਘਰ ਮਿਆਂਮਾਰ ਹੈ, ਤੇ ਉਹੀ ਰਹਿਣਾ ਚਾਹੀਦਾ ਹੈ। ਇਸ ਬਾਰੇ ਕੌਮਾਂਤਰੀ ਭਾਈਚਾਰੇ ਦਾ ਪੂਰਾ ਦਬਾਓ ਪੈਣਾ ਚਾਹੀਦਾ ਹੈ ਜੋ ਨਹੀਂ ਪੈ ਰਿਹਾ।

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਮਿਆਂਮਾਰ ਦੇ ਦੌਰੇ ਉਪਰ ਜਾਣ ਤੋਂ ਬਾਅਦ ਵੀ ਰੋਹਿੰਗੀਆ ਲੋਕਾਂ ਦੀਆਂ ਪ੍ਰੇਸ਼ਾਨੀਆਂ ਤੋਂ ਚੁਪ ਰਹੇ। ਉਨ੍ਹਾਂ ਆਤੰਕਵਾਦ ਦੇ ਖ਼ਾਤਮੇ ਦੀ ਗੱਲ ਹੀ ਕੀਤੀ। ਠੀਕ ਹੈ, ਆਤੰਕਵਾਦ ਵੀ ਇਕ ਸਮੱਸਿਆ ਹੈ, ਗੰਭੀਰ ਸਮੱਸਿਆ ਹੈ; ਲੇਕਿਨ ਹਜ਼ਾਰਾਂ ਦੀ ਗਿਣਤੀ ਵਿਚ ਬੇਘਰ ਹੋਣ ਵਾਲੇ ਭੁੱਖ ਦੇ ਮਾਰੇ ਲੋਕਾਂ ਦੀ ਫੌਰੀ ਸਮੱਸਿਆ ਬਾਰੇ ਗੱਲ ਨਾ ਕਰਨਾ ਗਲਤ ਹੈ, ਜਦੋਂ ਕਿ ਭਾਰਤ ਉਪਰ ਇਸ ਦਾ ਨਤੀਜਾ ਸ਼ਰਨਾਰਥੀਆਂ ਦੀ ਆਮਦ ਦੀ ਸ਼ਕਲ ਵਿਚ ਭੁਗਤ ਰਿਹਾ ਹੈ। ਭਾਰਤ ਲੰਮੀ ਦੇਰ ਤੋਂ ਮਿਆਂਮਾਰ ਨਾਲ ਕਈ ਸਾਂਝੇ ਪ੍ਰੋਜੈਕਟਾਂ ਦੀ ਗੱਲ ਕਰ ਰਿਹਾ ਹੈ। ਇਹ ਉਥੋਂ ਤੇਲ ਤੇ ਗੈਸ ਹਾਸਲ ਕਰਨ ਦਾ ਵੀ ਖਾਹਿਸ਼ਮੰਦ ਹੈ ਤੇ ਮਿਆਂਮਾਰ ਵਿਚੋਂ ਦੀ 3200 ਕਿਲੋਮੀਟਰ ਲੰਮੀ ਰੇਲਵੇ ਲਾਈਨ ਦੀ ਤਜਵੀਜ਼ ਵੀ ਹੈ ਜੋ ਅੱਗੇ ਵੀਅਤਨਾਮ ਅਤੇ ਸਿੰਗਾਪੁਰ ਤਕ ਵੀ ਪਹੁੰਚ ਸਕਦੀ ਹੈ। ਇਹ ਸਾਰੇ ਪ੍ਰੋਜੈਕਟ ਬਣਨੇ ਚਾਹੀਦੇ ਹਨ, ਪਰ ਇਹ ਸਾਨੂੰ ਇਨਸਾਨੀ ਦਰਦ ਦੇ ਮਸਲੇ ਉਠਾਉਣ ਤੋਂ ਨਹੀਂ ਰੋਕ ਸਕਦੇ।

ਮਿਆਂਮਾਰ ਦੇ ਆਜ਼ਾਦੀ ਅੰਦੋਲਨ ਵਿਚ ਭਾਰਤ ਦਾ ਮੋਹਰੀ ਰੋਲ ਰਿਹਾ ਹੈ। ਜਦੋਂ ਉਥੋਂ ਦੀ ਫ਼ੌਜੀ ਹਕੂਮਤ ਨੇ ਮਿਆਂਮਾਰ ਦੀ ਵਰਤਮਾਨ ਨੇਤਾ ਆਂਗ ਸਾਨ ਸੂ ਚੀ ਨੂੰ ਲੰਮੀ ਦੇਰ ਤੱਕ ਕੈਦ ਰੱਖਿਆ ਤਾਂ ਭਾਰਤ ਦੀ ਸਰਕਾਰ ਅਤੇ ਲੋਕ ਵੀ ਉਸ ਦੇ ਹੱਕ ਵਿਚ ਡਟੇ ਰਹੇ। ਆਂਗ ਸਾਨ ਸੂ ਚੀ ਦਾ ਵੀ



ਭਾਰਤ ਨਾਲ ਰਿਸ਼ਤਾ ਹੈ। ਉਹ ਲੰਮੀ ਦੇਰ ਦਿੱਲੀ ਰਹੀ, ਇਥੋਂ ਹੀ ਪੜ੍ਹਾਈ ਕੀਤੀ ਤੇ ਹਿੰਦੀ ਜਾਣਦੀ ਹੈ। ਰੋਹਿੰਗੀਆ ਮਸਲੇ ਉਪਰ ਗੱਲ ਕਰਨੀ, ਉਸ ਮੁਲਕ ਦੇ ਅੰਦਰੂਨੀ ਮਾਮਲੇ ਵਿਚ ਦਖ਼ਲ ਨਹੀਂ, ਕਿਉਂਕਿ ਇਸ ਮਸਲੇ ਕਾਰਨ ਭਾਰਤ ਉਪਰ ਵੀ ਸ਼ਰਨਾਰਥੀਆਂ ਦਾ ਭਾਰ ਪੈਂਦਾ ਹੈ।

ਭਾਰਤ ਵਿਚ ਕਰੀਬ 40 ਹਜ਼ਾਰ ਰੋਹਿੰਗੀਆ ਸ਼ਰਨਾਰਥੀ ਪਹੁੰਚ ਚੁੱਕੇ ਹਨ। ਇਹ ਵੱਖ ਵੱਖ ਸਥਾਨਾਂ ਉਪਰ ਗਏ ਹਨ, ਪਰ ਇਹ ਜਿਥੇ ਵੀ ਜਾਣਗੇ, ਉਥੋਂ ਦੀ ਸਥਾਨਕ ਆਬਾਦੀ ਨਾਲ ਪ੍ਰੇਸ਼ਾਨੀਆਂ ਪੈਦਾ ਹੋਣ ਦੇ ਖ਼ਦਸ਼ੇ ਹਨ। ਹੈਦਰਾਬਾਦ ਤੇ ਦਿੱਲੀ ਵਿਚ ਜਿਥੇ ਇਨ੍ਹਾਂ ਡੇਰੇ ਬਣਾਏ, ਗੁਆਂਢੀਆਂ ਨੇ ਇਤਰਾਜ਼ ਕੀਤੇ ਹਨ। ਜੰਮੂ ਵਿਚ ਤਾਂ ਕੁਝ ਲੋਕਾਂ ਨੇ ਮੁਜ਼ਾਹਰੇ ਵੀ ਕੀਤੇ ਤੇ ਭਾਜਪਾ ਦੇ ਇਕ ਨੇਤਾ ਨੇ ਬਹੁਤ ਭੜਕਾਊ ਬਿਆਨ ਵੀ ਦਿੱਤਾ। ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿਚ ਸਿੰਧ ਦੇ ਲੀਡਰਾਂ ਨੇ ਐਲਾਨ ਕੀਤਾ ਹੈ ਕਿ ਇਨ੍ਹਾਂ ਦਾ ਕੋਈ ਡੇਰਾ ਸਿੰਧ ਵਿਚ ਨਹੀਂ ਲੱਗਣਾ ਚਾਹੀਦਾ। ਮੰਨਿਆ ਕਿ ਜੇ ਦੁਖੀ ਲੋਕ ਪਨਾਹ ਲੈਣ ਆਉਣ ਤਾਂ ਉਨ੍ਹਾਂ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ; ਇਹ ਇਨਸਾਨੀ ਫਰਜ਼ ਹੈ; ਲੇਕਿਨ ਵਿਹਾਰੀ ਗੱਲ ਵੀ ਅਸੀਂ ਸਮਝਦੇ ਹਾਂ ਕਿ ਸਭ ਜਗ੍ਹਾ ਲੋਕਾਂ ਦੀ ਸੰਘਣੀ ਆਬਾਦੀ ਦੀ ਪਹਿਲਾਂ ਹੀ ਪ੍ਰੇਸ਼ਾਨੀ ਹੈ। ਗੁਆਂਢੀ ਮੁਲਕਾਂ ਦੀਆਂ ਸਰਕਾਰਾਂ ਦੀ ਪੂਰੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਨੂੰ ਆਪਣੇ ਹੀ ਮੁਲਕ, ਮਿਆਂਮਾਰ ਵਿਚ ਵਸਾਉਣ ਦੀ ਗੱਲ ਤੋਰਨ, ਪੂਰੀ ਸੁਰੱਖਿਆ ਤੇ ਸਤਿਕਾਰ ਨਾਲ। ਜਦੋਂ ਤਕ ਇਹ ਸੰਭਵ ਨਹੀਂ, ਇਨ੍ਹਾਂ ਦਾ ਹੋਰ ਅਬਾਦੀਆਂ ਵਿਚ ਡੇਰਾ ਲਵਾਉਣ ਦੀ ਬਜਾਏ ਸਰਕਾਰ ਖੁਦ ਇਨ੍ਹਾਂ ਦੇ ਸ਼ਰਨਾਰਥੀ ਕੈਂਪ ਲਗਵਾਏ ਤੇ ਫਿਰ ਯੂ.ਐਨ.ਓ. ਦੇ ਅਦਾਰਿਆਂ ਤੋਂ ਮਦਦ ਦੀ ਮੰਗ ਕਰੇ। ਇਸ ਤੋਂ ਪਹਿਲਾਂ 1978 ਵਿਚ ਅਜਿਹਾ ਹੋ ਵੀ ਸਕਿਆ ਹੈ ਅਤੇ ਮਿਆਂਮਾਰ ਨੇ ਬੰਗਲਾਦੇਸ਼ ਤੋਂ ਦੋ ਲੱਖ ਸ਼ਰਨਾਰਥੀ ਵਾਪਸ ਲੈ ਲਏ ਸਨ।

ਦਰਅਸਲ ਅਜੇ ਵੀ ਮਿਆਂਮਾਰ ਵਿਚ ਜਮਹੂਰੀਅਤ ਆਪਣੇ ਪੈਰ ਪੱਕੇ ਨਹੀਂ ਕਰ ਸਕੀ। ਉਥੋਂ ਦੀ ਲੀਡਰ ਆਂਗ ਸਾਨ ਸੂ ਚੀ ਨਾ ਰਾਸ਼ਟਰਪਤੀ ਹੈ ਤੇ ਨਾ ਪ੍ਰਧਾਨ ਮੰਤਰੀ। ਉਸ ਨੂੰ ਕੌਂਸਲਰ ਆਖਿਆ ਜਾਂਦਾ ਹੈ। ਅਜੇ ਵੀ ਫ਼ੌਜੀ ਜੁੰਡਲੀ ਵੱਡੀ ਤਾਕਤ ਰੱਖਦੀ ਹੈ। ਤਾਨਾਸ਼ਾਹੀ ਦੇ ਕਠਿਨ ਦੌਰ ਵਿਚ ਰੋਹਿੰਗੀਆ ਲੋਕ ਆਪਣੇ ਤਰੀਕੇ ਨਾਲ ਪੈਰ ਧਰਾਵਾ ਕਰ ਰਹੇ ਸਨ। ਸ਼ਹਿਰੀਅਤ ਦੀਆਂ ਦਸਤਾਵੇਜ਼ਾਂ ਨਾ ਹੋਣ ਦੇ ਬਾਵਜੂਦ ਕੁਝ ਨਾ ਕੁਝ ਆਵਾਜ਼ ਰੱਖਦੇ ਸਨ। ਰੰਗੂਨ ਦੇ ਬਹੁਤ ਪੱਤਰਕਾਰ, ਤੇ ਸ਼ਹਿਰੀ ਹਕੂਕਾਂ ਦੀਆਂ ਜਥੇਬੰਦੀਆਂ ਉਨ੍ਹਾਂ ਦੀ ਮਦਦ ਕਰਦੀਆਂ ਸਨ ਤੇ ਉਥੇ ਸਕੂਲਾਂ ਆਦਿ ਦਾ ਪ੍ਰਬੰਧ ਕਰਦੀਆਂ ਸਨ। ਇਨ੍ਹਾਂ ਵਿਚ ਤਾਮਿਲ ਮੁਸਲਮਾਨ ਤੇ ਪੜ੍ਹੇ ਲਿਖੇ ਬੋਧੀ ਵੀ ਸ਼ਾਮਿਲ ਹਨ।

ਹਕੀਕਤ ਵਿਚ ਉਨ੍ਹਾਂ ਦੀ ਹੁਣ ਵਾਲੀ ਗੰਭੀਰ ਸਮੱਸਿਆ ਦੀ ਜੜ ਕੋਈ ਪੰਦਰਾਂ ਸਾਲ ਪਹਿਲਾਂ ਬਣੀ 'ਅਰਾਕਾਨ ਰੋਹਿੰਗੀਆ ਲਿਬਰੇਸ਼ਨ ਆਰਮੀ' ਹੈ ਜਿਸ ਨੇ ਕਈ ਮੁਲਕਾਂ ਤੋਂ ਹਥਿਆਰ ਇਕੱਠੇ ਕੀਤੇ ਤੇ 'ਰਖੀਨ' ਸੂਬੇ ਨੂੰ ਵੱਖਰਾ ਆਜ਼ਾਦ ਮੁਲਕ ਬਣਾਉਣ ਦੀ ਮੰਗ ਕਰਨ ਲੱਗੀ। ਇਨ੍ਹਾਂ ਵਿਚ ਮੁਕਾਮੀ ਲੋਕਾਂ ਤੋਂ ਇਲਾਵਾ ਅਰਬ ਮੁਲਕਾਂ, ਰੂਸ ਦੇ ਚੇਚਨੀਆ ਇਲਾਕੇ ਦੇ ਲੋਕ, ਅਫ਼ਗਾਨ ਤੇ ਪਾਕਿਸਤਾਨੀ ਵੀ ਹਨ। ਇਨ੍ਹਾਂ ਵੱਲੋਂ ਫੌਜ ਤੇ ਪੁਲਿਸ ਉਪਰ ਕੀਤੇ ਹਮਲੇ ਲੋਕਾਂ ਵਾਸਤੇ ਮੁਸੀਬਤਾਂ ਦੇ ਅੰਬਾਰ ਪੈਦਾ ਕਰਦੇ ਹਨ। ਹਕੀਕੀ ਤੇ ਦਹਿਸ਼ਤਗਰਦੀ ਮਸਲੇ ਰਲਗੱਡ ਹੋ ਗਏ ਹਨ।

ਸਭ ਤਰ੍ਹਾਂ ਦੀ ਹਿਜਰਤ ਦੇ ਬਾਵਜੂਦ ਰੋਹਿੰਗੀਆ ਮੁਸਲਮਾਨਾਂ ਦੀ ਦੋ ਤਿਹਾਈ ਤੋਂ ਵੱਧ ਆਬਾਦੀ ਅਜੇ ਵੀ ਮਿਆਂਮਾਰ ਵਿਚ ਹੈ। ਆਲਮੀ ਭਾਈਚਾਰੇ ਦਾ ਦਖ਼ਲ ਜ਼ਰੂਰੀ ਹੈ, ਪਰ ਬਹੁਤ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਇਨਸਾਨੀ ਦਰਦ ਤਕਲੀਫਾਂ ਤੇ ਦਹਿਸ਼ਤਗਰਦੀ 'ਚੋਂ ਸਿਰਫ ਕਿਸੇ ਇਕੋ ਦੀ ਗੱਲ ਨਹੀਂ ਕੀਤੀ ਜਾ ਸਕਦੀ। ਦੋਵੇਂ ਮਸਲੇ ਨਾਲ ਚੱਲਣਗੇ। ਅੱਜ ਮਿਆਂਮਾਰ ਨੂੰ ਫਿਟਕਾਰਾਂ ਨਾਲ ਮਸਲਾ ਹੱਲ ਨਹੀਂ ਹੋ ਸਕਦਾ। ਉਸ ਦੀ ਮਦਦ ਨਾਲ ਮਸਲੇ ਦਾ ਨਿਪਟਾਰਾ ਹੋ ਸਕਦਾ ਹੈ।

# ਨੋਟਬੰਦੀ ਦੇ ਖੋਟ ਸਾਹਮਣੇ ਆਏ

ਜਿਸ ਸਮੇਂ ਸਮੁੱਚੇ ਭਾਰਤ ਵਿਚ ਰੇਲ ਗੱਡੀਆਂ ਪਟੜੀਆਂ ਤੋਂ ਉਤਰ ਰਹੀਆਂ ਹਨ ਤੇ ਛੋਟੀਆਂ-ਵੱਡੀਆਂ ਦੁਰਘਟਨਾਵਾਂ ਦਾ ਲੰਮਾ ਸਿਲਸਿਲਾ ਚੱਲ ਰਿਹਾ ਹੈ, ਉਸ ਸਮੇਂ ਅਹਿਮਦਾਬਾਦ-ਮੁੰਬਈ ਵਿਚਕਾਰ ਇਕ ਲੱਖ ਕਰੋੜ ਰੁਪਏ ਦੀ ਲਾਗਤ ਨਾਲ ਬੁਲਟ ਟਰੇਨ ਚਲਾਉਣ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਮਨ ਨੂੰ ਬੇਚੈਨ ਕਰਦਾ ਹੈ। ਇਹ ਤਾਂ ਉਹੀ ਗੱਲ ਹੋਈ ਕਿ ਚਾਰੇ ਪਾਸੇ ਤਬਾਹੀ ਅਤੇ ਬਰਬਾਦੀ ਦਾ ਆਲਮ ਹੋਵੇ ਅਤੇ ਉਸ ਵਿਚ ਬੈਠ ਕੇ ਕੋਈ ਮਨੋਹਰੀ ਮੂਰਤ ਇਸ ਦਾਅਵੇ ਨਾਲ ਬਣਾ ਰਿਹਾ ਹੋਵੇ ਕਿ ਇਹ ਸਾਡੇ ਭਵਿਖ ਦੀ ਪ੍ਰਤੀਕ ਹੈ!

ਮੈਂ ਇਹ ਗੱਲ ਤਾਂ ਮੰਨਣ ਲਈ ਤਿਆਰ ਹਾਂ

**ਅਭੈ ਕੁਮਾਰ ਦੂਬੇ**

ਕਿ ਬੁਲਟ ਟਰੇਨ ਅਤੇ ਇਸ ਤਰ੍ਹਾਂ ਦੇ ਕਿਸੇ ਵੀ ਪ੍ਰੋਜੈਕਟ ਦਾ ਵਿਰੋਧ ਸਿਰਫ ਇਸ ਆਧਾਰ 'ਤੇ ਨਹੀਂ ਕੀਤਾ ਜਾਣਾ ਚਾਹੀਦਾ ਕਿ ਭਾਰਤ ਗਰੀਬ ਮੁਲਕ ਹੈ ਅਤੇ ਇਸ ਤਰ੍ਹਾਂ ਦੀਆਂ ਯੋਜਨਾਵਾਂ ਆਰਥਿਕ ਤੇ ਨੈਤਿਕ ਰੂਪ ਵਿਚ ਚਲਾਉਣਾ ਸਹੀ ਨਹੀਂ। ਦਰਅਸਲ, ਆਲੋਚਨਾ ਦੀ ਇਹ ਸ਼ੈਲੀ ਪੁਰਾਣੀ ਹੋ ਚੁੱਕੀ ਹੈ, ਕਿਉਂਕਿ 60 ਦੇ ਦਹਾਕੇ ਵਿਚ ਰਾਜਧਾਨੀ ਐਕਸਪ੍ਰੈੱਸ ਚਲਾਉਣ ਦੇ ਪ੍ਰਸਤਾਵ ਦੀ ਆਲੋਚਨਾ ਇਸੇ ਤਰਕ ਦੇ ਆਧਾਰ 'ਤੇ ਹੋਈ ਸੀ ਅਤੇ ਕੰਪਿਊਟਰਾਂ ਦੇ ਆਉਣ ਦਾ ਇਸੇ ਲਹਿਜ਼ੇ ਵਿਚ ਨਿਰਾਦਰ ਕੀਤਾ ਗਿਆ ਸੀ। ਹਾਲ ਹੀ ਵਿਚ ਦਿੱਲੀ ਮੈਟਰੋ ਦੇ ਪ੍ਰੋਜੈਕਟ 'ਤੇ ਇਸ ਤਰ੍ਹਾਂ ਦੀਆਂ ਦਲੀਲਾਂ ਦੇ ਆਧਾਰ 'ਤੇ ਹਮਲੇ ਕੀਤੇ ਗਏ ਸਨ, ਪਰ ਆਲੋਚਨਾ ਕਰਨ ਵਾਲੇ ਅੱਜ ਰਾਜਧਾਨੀਆਂ ਅਤੇ ਸ਼ਤਾਬਦੀਆਂ ਵਿਚ ਬੈਠ ਕੇ ਆਪਣੇ ਲੈਪਟਾਪ, ਕੰਪਿਊਟਰ 'ਤੇ ਕੰਮ ਕਰਦੇ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਅੱਜ ਦਿੱਲੀ ਮੈਟਰੋ ਦੇ ਮਾਮਲੇ ਵਿਚ ਆਲੋਚਕ ਆਪਣੀਆਂ ਪੁਰਾਣੀਆਂ ਗੱਲਾਂ ਨੂੰ ਯਾਦ ਕਰਨ ਲਈ ਤਿਆਰ ਨਹੀਂ, ਪਰ ਮੇਰਾ ਵਿਚਾਰ ਹੈ ਕਿ ਬੁਲਟ ਟਰੇਨ ਦੀ ਯੋਜਨਾ ਇਸ ਸ਼੍ਰੇਣੀ ਵਿਚ ਨਹੀਂ ਆਉਂਦੀ। ਇਸ ਦੇ ਪਿੱਛੇ ਰੇਗਿਸਤਾਨ ਵਿਚ ਨਖ਼ਲਿਸਤਾਨ ਬਣਾਉਣ ਅਤੇ ਉਥੇ ਬੈਠ ਕੇ ਆਪਣੀ ਉਨਤੀ 'ਤੇ ਖੁਸ਼ ਹੁੰਦੇ ਰਹਿਣ ਦਾ ਪ੍ਰੋਜੈਕਟ ਹੈ। ਅਸੀਂ ਜਾਣਦੇ ਹਾਂ ਕਿ ਜੇ ਇਹੀ ਇਕ ਲੱਖ ਕਰੋੜ ਭਾਰਤੀ ਰੇਲ ਗੱਡੀਆਂ 'ਤੇ ਲਾਏ ਗਏ ਹੁੰਦੇ ਤਾਂ ਉਨ੍ਹਾਂ ਨੂੰ ਸਾਫ਼-ਸੁਥਰਾ, ਸੁਰੱਖਿਅਤ ਅਤੇ ਸਮੇਂ 'ਤੇ ਪਹੁੰਚਣ-ਪਹੁੰਚਾਉਣ ਦੇ ਸਮੱਰਥ ਬਣਾਇਆ ਜਾ ਸਕਦਾ ਸੀ। ਰੇਲ ਵਿਭਾਗ ਪੂੰਜੀ ਦੀ ਕਮੀ ਦਾ ਸ਼ਿਕਾਰ ਹੈ, ਪਰ ਸਰਕਾਰ ਉਸ ਲਈ ਪੂੰਜੀ ਜੁਟਾਉਣ ਦੀ ਬਜਾਏ ਬੁਲਟ ਟਰੇਨ ਦੀ ਸ਼ੋਸ਼ੇਬਾਜ਼ੀ ਵਿਚ ਲੱਗੀ ਹੋਈ ਹੈ।

ਸ਼ੋਸ਼ੇਬਾਜ਼ੀ ਇਸ ਸਰਕਾਰ ਦੀ ਆਦਤ ਹੈ। ਇਸ ਨੇ ਆਰਥਿਕ ਸਵਾਲਾਂ ਨੂੰ ਸਮਾਜਿਕ ਸਵਾਲਾਂ ਨਾਲ ਜੋੜਨ ਦੀ ਬਜਾਏ ਸ਼ੋਸ਼ੇਬਾਜ਼ੀ ਨੂੰ ਤਰਜੀਹ ਦਿੱਤੀ ਹੈ। ਨੋਟਬੰਦੀ ਵੀ ਅਜਿਹਾ ਹੀ ਮਸਲਾ ਹੈ। ਨੋਟਬੰਦੀ ਨਾਲ ਜੁੜੇ ਕੁਝ ਖਾਸ ਸਵਾਲਾਂ 'ਤੇ ਗੌਰ ਕਰਦਿਆਂ ਹੀ ਇਹ ਸਪਸ਼ਟ ਹੋ ਜਾਵੇਗਾ। ਇਹ ਮੁੱਦੇ ਇਸ ਲਈ ਮਹੱਤਵਪੂਰਨ ਬਣ ਗਏ ਕਿ ਮੋਦੀ ਸਰਕਾਰ ਦੇ ਇਸ ਇਤਿਹਾਸਕ ਫੈਸਲੇ ਬਾਰੇ ਪਹਿਲੀ ਅਧਿਕਾਰਤ ਰਿਪੋਰਟ ਆ ਗਈ ਹੈ। ਰਿਜ਼ਰਵ ਬੈਂਕ ਦੀ ਸਾਲਾਨਾ ਰਿਪੋਰਟ ਦੇ ਪ੍ਰਕਾਸ਼ਨ ਨਾਲ ਹੀ ਇਸ ਬਾਰੇ ਚੱਲ ਰਹੀਆਂ ਕਿਆਸਅਰਾਈਆਂ ਖ਼ਤਮ ਹੋ ਗਈਆਂ ਹਨ। ਹੁਣ ਸਾਡੇ ਕੋਲ ਉਹ ਅੰਕੜੇ ਹਨ ਜਿਨ੍ਹਾਂ ਦੇ ਪੜਚੋਲ ਦੇ ਜ਼ਰੀਏ ਅਸੀਂ ਠੋਸ ਅੰਦਾਜ਼ਾ ਲਗਾ ਸਕਦੇ ਹਾਂ ਕਿ ਆਖਰ ਨੋਟਬੰਦੀ ਦੇ ਨਾਂ 'ਤੇ ਪਿਛਲੇ ਸਾਲ ਦੇ ਆਖਰੀ ਮਹੀਨਿਆਂ ਅਤੇ ਇਸ ਸਾਲ ਦੇ ਸ਼ੁਰੂਆਤੀ ਮਹੀਨਿਆਂ ਦੌਰਾਨ ਹੋਇਆ ਕੀ ਸੀ? ਇਸ ਸਵਾਲ 'ਤੇ ਇਕ ਹੋਰ ਵਜ੍ਹਾ ਨਾਲ ਰੌਸ਼ਨੀ ਪਈ ਹੈ। ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਇਸੇ ਮਹੀਨੇ ਭਾਰਤ ਦਾ ਦੌਰਾ ਕਰ ਕੇ ਆਪਣੀ ਕਿਤਾਬ ਦਾ ਪ੍ਰਚਾਰ ਕੀਤਾ ਅਤੇ ਵੱਖ-ਵੱਖ ਅਖ਼ਬਾਰਾਂ ਅਤੇ ਚੈਨਲਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ। ਉਨ੍ਹਾਂ ਦੀਆਂ ਗੱਲਾਂ ਵਿਚ ਨੋਟਬੰਦੀ ਦੀ ਸਖ਼ਤ ਆਲੋਚਨਾ ਵੀ ਸ਼ਾਮਿਲ ਸੀ। ਅਸੀਂ ਇਹ ਮੰਨ ਕੇ ਚੱਲ ਸਕਦੇ ਹਾਂ ਕਿ ਰਾਜਨ ਨੇ ਆਪਣੀਆਂ ਗੱਲਾਂ ਕਹਿੰਦੇ ਸਮੇਂ ਰਿਜ਼ਰਵ ਬੈਂਕ ਦੀ ਰਿਪੋਰਟ ਦਾ ਧਿਆਨ ਜ਼ਰੂਰ ਰੱਖਿਆ ਹੋਵੇਗਾ, ਇਸ ਲਈ ਉਨ੍ਹਾਂ ਦੀਆਂ ਗੱਲਾਂ 'ਤੇ ਧਿਆਨ ਦੇਣਾ ਬਣਦਾ ਹੈ। ਆਖਰਕਾਰ ਨੋਟਬੰਦੀ ਦਾ ਫੈਸਲਾ ਕਰਨ ਤੋਂ ਕੁਝ ਸਮਾਂ ਪਹਿਲਾਂ ਭਾਰਤ ਸਰਕਾਰ ਨੇ ਰਾਜਨ ਤੋਂ ਉਨ੍ਹਾਂ ਦੀ ਰਾਇ ਮੰਗੀ ਸੀ। ਰਾਜਨ ਨੇ ਆਪਣੇ ਵਿਚਾਰ ਸਰਕਾਰ ਨੂੰ ਲਿਖ ਕੇ ਤਾਂ ਨਹੀਂ ਦਿੱਤੇ, ਪਰ ਨੋਟਬੰਦੀ ਨਾ ਕਰਨ ਦੀ ਰਾਇ ਜ਼ਰੂਰ ਦਿੱਤੀ ਸੀ।

ਰਿਜ਼ਰਵ ਬੈਂਕ ਦੀ ਰਿਪੋਰਟ ਦੇ ਦੋ ਪਹਿਲੂ ਹਨ। ਇਕ ਪਹਿਲੂ ਨੋਟਬੰਦੀ ਦੇ ਹਾਂ-ਪੱਖੀ ਪਹਿਲੂਆਂ ਨੂੰ ਸਾਹਮਣੇ ਰੱਖਦਾ ਹੈ ਅਤੇ ਦੂਜਾ ਨਾਂਹ-ਪੱਖੀ ਪਹਿਲੂਆਂ ਨੂੰ ਉਭਾਰਦਾ ਹੈ। ਪਹਿਲਾਂ ਹਾਂ-ਪੱਖੀ ਪਹਿਲੂ। ਨੋਟਬੰਦੀ ਦੌਰਾਨ ਮੋਟੇ ਤੌਰ 'ਤੇ ਬੈਂਕਾਂ ਵਿਚ ਜਮ੍ਹਾਂ ਹੋਈ ਰਕਮ ਦੇ ਇਕ ਵੱਡੇ ਹਿੱਸੇ 10.3 ਖਰਬ ਰੁਪਏ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਸ ਵਿਚ ਅੱਧੇ, ਭਾਵ 5.3 ਖਰਬ ਰੁਪਏ ਸਿਰਫ 1,47,000 ਲੋਕਾਂ ਨੇ ਜਮ੍ਹਾਂ ਕਰਾਏ। ਜੇ ਔਸਤ ਕੱਢੀ ਜਾਵੇ ਤਾਂ ਪ੍ਰਤੀ ਵਿਅਕਤੀ 3.4 ਕਰੋੜ ਰੁਪਏ ਦੀ ਜਮ੍ਹਾਂ ਰਾਸ਼ੀ ਨਿਕਲਦੀ ਹੈ। ਜ਼ਾਹਰ ਹੈ ਕਿ ਡੇਢ ਲੱਖ ਤੋਂ ਵੀ ਘੱਟ ਇਹ ਗਿਣਤੀ ਲਗਪਗ ਸਾਢੇ ਤਿੰਨ ਕਰੋੜ ਦੀ ਨਕਦੀ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਕਿਸੇ ਨਾ ਕਿਸੇ ਖੁਫ਼ੀਆ ਜਗ੍ਹਾ 'ਤੇ ਦੱਬੀ ਬੈਠੀ ਸੀ। ਅਸੀਂ ਇਸ ਨੂੰ ਕਾਲਾ ਧਨ ਮੰਨ ਸਕਦੇ ਹਾਂ। ਬਾਕੀ 5 ਖਰਬ ਰੁਪਏ ਜਮ੍ਹਾਂ ਕਰਨ ਵਾਲੇ ਕਰੋੜਾਂ ਲੋਕ ਹਨ। ਅਸੀਂ ਮੋਟੇ ਤੌਰ 'ਤੇ ਮੰਨ ਸਕਦੇ ਹਾਂ ਕਿ ਇਹ ਸਫੈਦ ਧਨ ਸੀ, ਕਿਉਂਕਿ ਇਥੇ ਪ੍ਰਤੀ ਵਿਅਕਤੀ ਜਮ੍ਹਾਂ ਰਾਸ਼ੀ ਦਾ ਔਸਤ ਸੁਭਾਵਿਕ ਲਗਦਾ ਹੈ। ਨਤੀਜਾ ਨਿਕਲਦਾ ਹੈ ਕਿ ਨੋਟਬੰਦੀ ਦਾ ਕਾਲੇ ਧਨ 'ਤੇ ਅਸਰ ਜ਼ਰੂਰ ਪਿਆ ਹੈ। ਆਪਣਾ ਕਾਲਾ ਧਨ ਨਸ਼ਟ ਹੋ ਜਾਣ ਦੇ ਡਰ ਤੋਂ ਲੋਕਾਂ ਨੂੰ ਇਹ ਰਕਮ ਜਮ੍ਹਾਂ ਕਰਾਉਣੀ ਪਈ। ਕਰੀਬ 30 ਹਜ਼ਾਰ ਕਰੋੜ ਤੋਂ ਜ਼ਿਆਦਾ ਰਕਮ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਦੇ ਖਾਤਿਆਂ ਵਿਚ ਵੀ ਆਈ। ਇਹ ਰਕਮ ਵੀ ਨਿਸ਼ਚਤ ਰੂਪ ਨਾਲ ਕਾਲਾ ਧਨ ਹੈ। ਰਿਜ਼ਰਵ ਬੈਂਕ ਦੀ ਰਿਪੋਰਟ ਇਹ ਵੀ ਦੱਸਦੀ ਹੈ ਕਿ ਇਸ ਵਿਚੋਂ ਜ਼ਿਆਦਾਤਰ ਰੁਪਏ ਹੁਣ ਵੀ ਬੈਂਕਾਂ ਵਿਚ ਹਨ। ਜਨ ਧਨ ਖਾਤਿਆਂ ਦਾ ਵੀ ਦੋ-ਤਿਹਾਈ ਪੈਸਾ ਅਜੇ ਖਾਤਿਆਂ ਵਿਚ ਮੌਜੂਦ ਹੈ; ਮਤਲਬ ਕਾਲੇ ਧਨ ਵਾਲੇ ਹੁਣ ਤੱਕ ਕਾਲੀ ਕਮਾਈ ਨੂੰ ਲੁਕੋਣ ਦਾ ਕੋਈ ਹੋਰ ਤਰੀਕਾ ਨਹੀਂ ਲੱਭ ਸਕੇ। ਪਿਛਲੇ 9 ਮਹੀਨਿਆਂ ਤੋਂ ਇਹ ਰਕਮ ਬੈਂਕਾਂ ਵਿਚ ਪਏ ਰਹਿਣ ਦਾ ਕਾਰਨ ਕੁੱਲ ਘਰੇਲੂ ਉਤਪਾਦ ਵਿਚ ਇਜ਼ਾਫ਼ਾ ਹੋਣਾ ਹੈ ਅਤੇ ਵਿਆਜ ਦਰਾਂ ਵੀ ਹੇਠਾਂ ਆਈਆਂ ਹਨ। ਸੋਚਿਆ ਜਾ ਸਕਦਾ ਹੈ ਕਿ ਜੇ ਨੋਟਬੰਦੀ ਦਾ ਇਹ ਪਹਿਲੂ ਨਾ ਹੁੰਦਾ ਤਾਂ ਕੁੱਲ ਘਰੇਲੂ ਉਤਪਾਦ ਦੀ ਹਾਲਤ ਇਸ ਸਮੇਂ ਹੋਰ ਖਸਤਾ ਹੁੰਦੀ।

ਹੁਣ ਨਾਂਹ-ਪੱਖੀ ਪਹਿਲੂ। ਪਹਿਲਾ ਅਤੇ ਸਰਕਾਰ ਲਈ ਨੁਕਸਾਨਦਾਇਕ ਨਾਂਹ-ਪੱਖੀ ਪਹਿਲੂ ਇਹ ਹੈ ਕਿ ਜਿਹੜਾ ਪੈਸਾ ਬੈਂਕਾਂ ਤੋਂ ਬਾਹਰ ਸੀ, ਉਹ ਸਾਰਾ ਵਾਪਸ ਆ ਗਿਆ। ਸਰਕਾਰ ਮੰਨ ਕੇ ਚੱਲ ਰਹੀ ਸੀ ਕਿ ਕੁਝ ਹਜ਼ਾਰ ਕਰੋੜ ਵਾਪਸ ਨਹੀਂ ਆਉਣਗੇ ਜਿਸ ਨਾਲ ਇਕ ਕਿਸਮ ਦਾ ਲਾਭ ਹੋਵੇਗਾ ਜੋ ਨਹੀਂ ਹੋਇਆ। ਦੂਸਰੇ ਪਹਿਲੂ ਵੱਲ ਰਘੂਰਾਮ ਰਾਜਨ ਨੇ ਧਿਆਨ ਦਿਵਾਇਆ ਹੈ ਕਿ ਜੋ ਕਾਲਾ ਧਨ ਬਾਹਰ ਪਿਆ ਸੀ, ਹੁਣ ਬੈਂਕਾਂ ਵਿਚ ਆ ਕੇ ਸਫੈਦ ਧਨ ਦੇ ਰੂਪ ਵਿਚ ਵਿਆਜ ਕਮਾ ਰਿਹਾ ਹੈ। ਇਹ ਉਦੋਂ ਤੱਕ ਸਫੈਦ ਧਨ ਰਹੇਗਾ, ਜਦੋਂ ਤੱਕ ਆਮਦਨ ਕਰ ਵਿਭਾਗ ਇਸ ਨੂੰ ਜਾਂਚ ਰਾਹੀਂ ਕਾਲਾ ਧਨ ਕਰਾਰ ਨਹੀਂ ਦਿੰਦਾ ਅਤੇ ਇਸ ਨੂੰ ਜਮ੍ਹਾਂ ਕਰਨ ਵਾਲਿਆਂ 'ਤੇ ਭਾਰੀ ਜੁਰਮਾਨੇ ਨਹੀਂ ਲਗਾਉਂਦਾ। ਜੇ ਆਮਦਨ ਕਰ ਵਿਭਾਗ ਅਜਿਹਾ ਨਾ ਕਰ ਸਕਿਆ ਤਾਂ ਨੋਟਬੰਦੀ ਦੀ ਪੂਰੀ ਕਵਾਇਦ ਦਰਅਸਲ ਕਾਲਾ ਧਨ ਸਫੈਦ ਕਰਨ ਦੀ ਸਰਕਾਰੀ ਯੋਜਨਾ ਬਣ ਜਾਵੇਗੀ। ਜੇ ਅਜਿਹਾ ਹੋਇਆ ਤਾਂ ਇਤਿਹਾਸ ਇਸ ਮਾੜੇ ਕੰਮ ਲਈ ਸਰਕਾਰ ਨੂੰ ਕਦੇ ਮੁਆਫ਼ ਨਹੀਂ ਕਰੇਗਾ। ਇਤਿਹਾਸ ਵਿਚ ਦਰਜ ਹੋਵੇਗਾ ਕਿ ਸੂਟ-ਬੂਟ ਵਾਲੀ ਸਰਕਾਰ ਦਾ ਅਕਸ ਬਦਲਣ ਲਈ ਮੋਦੀ ਨੇ ਕਾਲੇ ਧਨ ਵਾਲਿਆਂ ਨੂੰ ਸੁਨਹਿਰਾ ਮੌਕਾ ਦੇ ਦਿੱਤਾ।

ਸਰਕਾਰ ਦੀ ਇੱਜ਼ਤ ਹੁਣ ਆਮਦਨ ਕਰ ਵਿਭਾਗ ਦੇ ਹੱਥਾਂ ਵਿਚ ਹੈ। ਕੀ ਆਮਦਨ ਕਰ ਵਿਭਾਗ ਮੋਦੀ ਸਰਕਾਰ ਨੂੰ ਸ਼ਰਮਸਾਰ ਹੋਣ ਤੋਂ ਬਚਣ ਦਾ ਮੌਕਾ ਦੇ ਸਕਦਾ ਹੈ? ਇਹ ਵਿਭਾਗ ਕੋਸ਼ਿਸ਼ਾਂ ਵਿਚ ਲੱਗਿਆ ਹੋਇਆ ਹੈ ਅਤੇ ਇਸ ਨੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਨੋਟਿਸ ਭੇਜੇ ਹਨ, ਪਰ ਅਸੀਂ ਜਾਣਦੇ ਹਾਂ ਕਿ ਸਿਰਫ ਨੋਟਿਸ ਭੇਜਣ ਨਾਲ ਕੋਈ ਕਾਲੇ ਧਨ ਤੋਂ ਸਫੈਦ ਹੋਈ ਜਮ੍ਹਾਂ ਰਾਸ਼ੀ ਕਾਲੀ ਨਹੀਂ ਹੋ ਸਕਦੀ। ਮਾਹਿਰਾਂ ਨੂੰ ਡਰ ਹੈ ਕਿ ਕਾਲਾ ਧਨ ਜਮ੍ਹਾਂ ਕਰਾਉਣ ਵਾਲੇ ਅਦਾਲਤੀ ਪ੍ਰਕਿਰਿਆ ਵਿਚ ਆਮ ਤੌਰ 'ਤੇ ਹੋਣ ਵਾਲੀ ਦੇਰੀ ਦਾ ਲਾਭ ਉਠਾ ਕੇ ਇਨ੍ਹਾਂ ਮੁਕੱਦਮਿਆਂ ਨੂੰ ਲੰਮਾ ਖਿੱਚਣ ਦੀ ਰਣਨੀਤੀ ਅਪਣਾਉਣਗੇ। ਭਾਰਤ ਦੇ ਆਮਦਨ ਕਰ ਵਿਭਾਗ ਕੋਲ ਨਾ ਤਾਂ ਏਨੇ ਕਰਮਚਾਰੀ ਹਨ ਅਤੇ ਨਾ ਹੀ ਏਨੀ ਸਮਰਥਾ ਹੈ ਕਿ ਵੱਡੇ ਪੈਮਾਨੇ 'ਤੇ ਜਾਂਚ-ਪੜਤਾਲ ਕਰ ਸਕੇ। ਮਾਹਿਰਾਂ ਨੂੰ ਤਾਂ ਲੱਗ ਰਿਹਾ ਹੈ ਕਿ ਅੰਤ ਵਿਚ ਸਰਕਾਰ ਨੂੰ ਇਸ ਕਾਲੇ ਧਨ 'ਤੇ ਮਾਲੀ ਰੂਪ ਵਿਚ ਕੋਈ ਖਾਸ ਆਮਦਨੀ ਨਹੀਂ ਹੋਣ ਵਾਲੀ।

ਇਸ ਜਗ੍ਹਾ ਰਘੂਰਾਮ ਰਾਜਨ ਦੀ ਇਕ ਹੋਰ ਆਲੋਚਨਾ ਯਾਦ ਆਉਂਦੀ ਹੈ ਕਿ ਨੋਟਬੰਦੀ ਵਰਗੀ ਕਵਾਇਦ ਉਸ ਸਮੇਂ ਤੱਕ ਨਾਕਾਮ ਮੰਨੀ ਜਾਵੇਗੀ, ਜਦੋਂ ਤੱਕ ਉਸ ਨਾਲ ਹੋਣ ਵਾਲੇ ਲਾਭ ਬਹੁਤ ਵੱਡੇ ਪੈਮਾਨੇ 'ਤੇ ਨਾ ਹੋਣ। ਸਿਰਫ ਕਰ (ਟੈਕਸ) ਆਧਾਰ ਵਿਚ ਕੁਝ ਹੋਰ ਲੋਕਾਂ ਦੇ ਸ਼ਾਮਿਲ ਹੋਣ ਜਾਂ ਥੋੜ੍ਹਾ-ਬਹੁਤ ਡਿਜੀਟਲ ਟ੍ਰਾਂਸੈਕਸ਼ਨ ਵਧ ਜਾਣ ਨੂੰ ਇਸ ਦੀ ਕਾਮਯਾਬੀ ਦਾ ਨਤੀਜਾ ਨਹੀਂ ਮੰਨਿਆ ਜਾ ਸਕਦਾ। ਬਸ ਕੁਝ ਦਿਨ ਰੁਕਣ ਦੀ ਜ਼ਰੂਰਤ ਹੋਰ ਹੈ, ਜਿਵੇਂ ਹੀ ਨੋਟਬੰਦੀ ਦੇ ਲੰਮੇ ਸਮੇਂ ਦੇ ਅੰਕੜੇ ਆਏ, ਇਹ ਤੈਅ ਹੋ ਜਾਵੇਗਾ ਕਿ ਅਰਥ ਵਿਵਸਥਾ ਨੂੰ ਸ਼ੋਸ਼ੇਬਾਜ਼ੀ ਵਿਚ ਬਦਲ ਦੇਣ ਵਾਲੇ ਨਰੇਂਦਰ ਮੋਦੀ ਨਾਲ ਇਤਿਹਾਸ ਕੀ ਸਲੂਕ ਕਰੇਗਾ?

# ਮਾਂਵਾਂ ਰੋਂਦੀਆਂ ਢਿੱਡਾਂ 'ਤੇ ਹੱਥ ਧਰ ਕੇ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਘਰ ਟੁੱਟਣ ਦਾ ਸਭ ਤੋਂ ਵੱਡਾ ਕਾਰਨ ਹੈ ਕਿ ਨੂੰਹਾਂ ਸੱਸਾਂ ਨੂੰ ਮਾਂਵਾਂ ਤੇ ਸੱਸਾਂ ਨੂੰਹਾਂ ਨੂੰ ਧੀਆਂ ਵਾਂਗ ਨਹੀਂ ਅਪਨਾ ਰਹੀਆਂ। ਮਾਂ ਨੇ ਧੀ ਦੇ ਘਰ ਪ੍ਰਸੰਨ ਰਹਿਣ ਦਾ ਸੰਕਲਪ ਪੈਦਾ ਕਰ ਲਿਆ ਹੈ ਤੇ ਪੁੱਤ ਸੱਸ ਨੂੰ ਮਾਂ ਬਣਾਉਣ ਦੇ ਭਰਮ ਵਿਚ ਹੈ। ਕੈਸੇ ਹਾਲਾਤ ਬਣ ਰਹੇ ਹਨ ਕਿ ਬਿਰਧ ਆਸ਼ਰਮਾਂ ਵਿਚ ਮਾਪੇ ਨੂੰਹਾਂ ਨੂੰ ਨਹੀਂ, ਪੁੱਤਰਾਂ ਨੂੰ ਉਲਾਂਭੇ ਦੇ ਰਹੇ ਹਨ। ਧਾਰਮਿਕ ਅਸਥਾਨ 'ਤੇ ਜਾ ਕੇ ਜਦੋਂ ਬੰਦਾ ਆਖਦਾ ਹੈ, 'ਮੇਰਾ ਆਹ ਕਰ ਦੇਹ, ਮੈਨੂੰ ਆਹ ਦੇ ਦੇਹ, ਮੈਂ ਫਿਰ ਆਹ ਕਰਾਂਗਾ' ਤਾਂ ਕਿਵੇਂ ਨਾ ਮੰਨੀਏ ਕਿ ਮਨੌਤਾਂ ਪੂਰੀਆਂ ਹੋਣ ਤੋਂ ਬਾਅਦ ਸ਼ਰਧਾ ਲੰਮੀ ਪੈ ਗਈ ਹੁੰਦੀ ਹੈ। 'ਮਦਰ'ਜ਼ ਡੇਅ' 'ਤੇ ਮਾਂ ਨੂੰ ਤੋਹਫੇ ਤੇ ਫੁੱਲ ਭੇਟ ਕਰਕੇ ਔਲਾਦ ਸੋਚ ਰਹੀ ਹੁੰਦੀ ਹੈ, ਮਮਤਾ ਪ੍ਰਸੰਨ ਹੋ ਰਹੀ ਹੈ ਪਰ ਮਾਂ ਦਾ ਰੁਤਬਾ ਖਿਸਕਦਾ ਜਾ ਰਿਹਾ ਹੈ, ਫਿਰ ਵੀ ਧਾਹੀਂ ਰੋਂਦੇ ਸਮਾਜ ਦੀਆਂ ਅੱਖਾਂ ਪੂੰਝਣ ਲਈ ਮਾਂ ਕਾਹਲੀ ਵਿਚ ਲੱਗਦੀ ਹੈ। ਜਿਨ੍ਹਾਂ ਘਰਾਂ ਵਿਚ ਬੁੱਢੀ ਮਾਂ ਲਈ ਸਿਰਫ ਇੱਕ ਨੁੱਕਰ ਰਾਖਵੀਂ ਰੱਖ ਲਈ ਗਈ ਹੈ, ਉਨ੍ਹਾਂ ਘਰਾਂ ਦੇ ਵਿਹੜੇ ਫੁੱਲ-ਬੂਟਿਆਂ ਤੇ ਕਮਰੇ ਮਹਿੰਗੀਆਂ ਵਸਤਾਂ ਨਾਲ ਸ਼ਿੰਗਾਰੇ ਹੋਣ ਦੇ ਬਾਵਜੂਦ 'ਭਾਂ ਭਾਂ' ਕਰ ਰਹੇ ਹੁੰਦੇ ਹਨ। ਬਹੁਤੇ ਲੋਕਾਂ ਨੂੰ ਵਹਿਮ ਹੀ ਹੋ ਗਿਆ ਹੈ ਕਿ ਜਵਾਨੀ ਵਿਚ ਪਤਨੀ 'ਸਭ ਕੁਝ' ਤੇ ਮਾਂ 'ਕੁਝ ਵੀ ਨਹੀਂ' ਹੁੰਦੀ। ਫਿਰ ਵੀ ਅਸੀਂ ਪੈਸੇ ਨਾਲ ਬਰਕਤਾਂ 'ਕੱਠੀਆਂ ਕਰਨ ਦੇ ਯਤਨ ਵਿਚ ਲੱਗੇ ਹੋਏ ਹਾਂ। ਔਰਤ ਸਿਰਫ ਕਾਮ ਵਾਸ਼ਨਾ ਦੀ ਭੱਠੀ ਨਹੀਂ ਹੁੰਦੀ, ਪਰਿਵਾਰ ਤੇ ਸੰਸਾਰ ਚਲਾਉਣ ਵਾਲਾ ਅਹਿਮ ਕਿਰਦਾਰ ਵੀ ਹੈ। ਮਾਂ ਨੂੰ ਸਤਾ ਕੇ ਅਨੰਦ ਲੱਭਣ ਵਾਲਾ ਮਨੁੱਖ ਜਿੰਨੇ ਮਰਜੀ ਪਖੰਡ ਕਰੇ, ਧਰਮੀ ਹੋ ਹੀ ਨਹੀਂ ਸਕਦਾ। ਜਿਨ੍ਹਾਂ ਦੀਆਂ ਰੀਝਾਂ ਵੱਧ ਨੇ, ਉਨ੍ਹਾਂ ਦੀ ਪੀੜ ਘੱਟ ਨਹੀਂ ਹੋ ਸਕਦੀ ਜਾਂ ਜਿਹੜੇ ਮਾਂ ਵੱਲ ਪਿੱਠ ਕਰੀ ਬੈਠੇ ਹਨ, ਰੱਬ ਦਾ ਉਨ੍ਹਾਂ ਵੱਲ ਮੂੰਹ ਹੋ ਹੀ ਨਹੀਂ ਸਕਦਾ। ਜਿਹੜੇ ਮਾਂ ਨੂੰ ਬਿਰਧ ਆਸ਼ਰਮ ਵਿਚ ਛੱਡ ਕੇ ਚੰਗੇ ਭਵਿੱਖ ਦੀ ਉਡੀਕ ਵਿਚ ਹਨ, ਉਨ੍ਹਾਂ ਨੂੰ ਸਮਝ ਲੈਣਾ ਪਵੇਗਾ ਕਿ ਜ਼ਿੰਦਗੀ ਹੀ ਮੁੱਕ ਜਾਵੇਗੀ, ਉਡੀਕ ਦੇ ਮੁੱਕਣ ਦੀ ਆਸ ਤਿਆਗ ਦਿਓ। ਮਨੁੱਖ ਬਾਹਰੋਂ ਧਰਮੀ ਹੋਣ ਦਾ ਵਿਖਾਵਾ ਕਰ ਰਿਹਾ ਹੈ ਪਰ ਅੰਦਰੋਂ ਕਪਟ ਨਾਲ ਹੱਥ ਮਿਲਾ ਰਿਹਾ ਹੈ। ਬਾਹਰੋਂ ਸਿਆਣਪ ਦੇ ਦੀਦੇ ਬਾਲਣ ਦੀ ਕੋਸ਼ਿਸ਼ ਵਿਚ ਹੈ, ਅੰਦਰ ਹੇਰਾ-ਫੇਰੀ, ਠੱਗੀ-ਠੋਰੀ ਤੇ ਪਾਪ ਦਾ ਤੂਫਾਨ ਉਠ ਰਿਹਾ ਹੈ। ਨੱਕ ਤੇ ਮੱਥਾ ਰਗੜਨ ਨਾਲ ਨਹੀਂ, ਮੁਰਾਦਾਂ ਤਾਂ ਮਨ ਭੇਟ ਕਰਨ ਨਾਲ ਮਿਲਣਗੀਆਂ। ਮਨੁੱਖ ਟਿਕਾਓ ਦੀ ਸਥਿਤੀ ਵਿਚ ਨਹੀਂ, ਇਸੇ ਲਈ ਜ਼ਮਾਨਾ ਤਾਂ ਸਾਡੇ ਹੱਕ 'ਚ ਸੀ ਪਰ ਅਸੀਂ ਵਿਰੁਧ ਹੋ ਗਏ ਹਾਂ।*

ਜ਼ੁਬਾਨ ਦੇ ਤਿਲਕਣ ਦਾ ਡਰ ਹੁੰਦਾ ਹੈ ਕਿਉਂਕਿ ਇਹ ਗਿੱਲੀ ਰਹਿੰਦੀ ਹੈ। ਸਿਆਣੇ ਲੋਕਾਂ ਨੇ ਆਪਣੇ ਆਪ 'ਤੇ ਘੱਟ, ਜ਼ੁਬਾਨ 'ਤੇ ਜ਼ਿਆਦਾ ਕਾਬੂ ਰੱਖਿਆ ਹੁੰਦਾ ਹੈ। ਕੁਦਰਤ ਦਾ ਕ੍ਰਿਸ਼ਮਾ ਵੇਖੋ ਕਿ ਇਸੇ ਜ਼ੁਬਾਨ ਨੂੰ ਦੋ ਬੂਹੇ ਲਾ ਕੇ ਰੱਖੇ ਹਨ-ਜੀਭ ਦੰਦਾਂ ਦੇ ਵੀ ਅੰਦਰ ਹੈ ਅਤੇ ਬੁੱਲਾਂ ਦੇ ਵੀ। ਇਸ ਕਰਕੇ ਕਿ ਜ਼ੁਬਾਨ ਨੂੰ ਬਾਹਰ ਕੱਢਣ ਤੋਂ ਪਹਿਲਾਂ ਇਹ ਦੋ ਬੂਹੇ ਖੋਲ੍ਹਣ ਵੇਲੇ ਹੀ ਸੁਚੇਤ ਨਹੀਂ ਹੋਣਾ ਚਾਹੀਦਾ ਸਗੋਂ ਦਿਮਾਗ ਦੀਆਂ ਖਿੜਕੀਆਂ ਖੋਲ੍ਹਣ ਲਈ ਵੀ ਸੌ ਵਾਰ ਸੁਚੇਤ ਹੋਣਾ ਚਾਹੀਦਾ ਹੈ। ਮਾਂ ਘਰ ਵਿਚ ਉਦਾਸ ਹੋਵੇ ਤਾਂ ਖੁਸ਼ੀ ਦਾ ਗਿੱਧਾ ਪੈਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਘਰ ਵਿਚ ਜੇ ਮਾਂ ਖੁਸ਼ ਹੈ ਤਾਂ ਉਦਾਸੀ ਤੇ ਗਮੀ ਬਾਹਰਲੇ ਬੂਹਿਓਂ ਹੀ ਪਰਤ ਜਾਂਦੀ ਹੈ। ਦੁੱਖ ਇਸ ਗੱਲ ਦਾ ਹੈ ਕਿ ਅੱਜ ਕਲ ਮਾਂਵਾਂ ਦੀਆਂ ਪੀੜਾਂ ਵਧ ਗਈਆਂ ਹਨ, ਘਰ ਸਿਰਫ ਮਕਾਨ ਹਨ ਤੇ ਮਾਂਵਾਂ ਦੇ ਚਿਹਰਿਆਂ ਤੋਂ ਉਦਾਸੀ ਦਾ ਮੁੜਕਾ ਪੂੰਝਣ ਲਈ ਔਲਾਦ ਵੀ ਲਾਪ੍ਰਵਾਹੀ ਵਰਤਣ ਲੱਗ ਪਈ ਹੈ। ਰਿਸ਼ਤਿਆਂ ਦੀ ਮਹੱਤਤਾ ਆਪੋ ਆਪਣੇ ਸੰਸਕਾਰਾਂ ਅਨੁਸਾਰ ਹੀ ਹੁੰਦੀ ਹੈ। ਇਸੇ ਕਰਕੇ ਪੱਛਮੀ ਦੇਸ਼ਾਂ 'ਚ ਮਾਂ-ਬਾਪ ਨੂੰ ਬੁਢਾਪੇ 'ਚ ਬਿਰਧ ਆਸ਼ਰਮਾਂ 'ਚ ਭੇਜਣਾ ਬੁਰਾ ਨਹੀਂ ਲੱਗਦਾ, ਪਰ ਭਾਰਤੀ ਸੰਸਕ੍ਰਿਤੀ 'ਚ ਮਾਂਵਾਂ ਘਰਾਂ ਦੀਆਂ ਬਰੂਹਾਂ 'ਚੋਂ ਬਾਹਰ ਨਿਕਲਣ ਦਾ ਸੰਕਲਪ ਹੀ ਨਹੀਂ ਹੈ।

ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ। ਬਾਬੇ ਨਾਨਕ ਨੇ 'ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ' ਆਖਿਆ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ ਬਹੁਤੇ ਘਰਾਂ 'ਚ ਮਾਂਵਾਂ ਅੱਜ ਕੱਲ ਉਦਾਸ ਹੀ ਨਹੀਂ, ਚਿੰਤਤ ਵੀ ਹਨ। ਅਸੀਂ ਆਪਣੀ ਸੰਸਕ੍ਰਿਤੀ ਅਤੇ ਸੰਸਕਾਰਾਂ ਦੇ ਪੈਰਾਂ 'ਚ ਸੁਆਰਥ ਦੀਆਂ ਬੇੜੀਆਂ ਪਾ ਦਿੱਤੀਆਂ ਹਨ। ਆਹ ਕੁਝ ਗੱਲਾਂ ਸੁਣ ਕੇ ਚਿੱਤ ਨੂੰ ਚਿਤਮਣੀ ਲੱਗ ਜਾਂਦੀ ਹੈ ਕਿ ਵਾਰਸ ਤਾਂ ਮਹਾਨ ਵਿਰਸੇ ਦੇ ਹਾਂ ਪਰ ਵਕਤ ਨੇ ਸਾਡੀ ਚਾਲ ਇਨ੍ਹਾਂ ਪਾਕਿ-ਪਵਿੱਤਰ ਰਿਸ਼ਤਿਆਂ ਪ੍ਰਤੀ ਇਕ ਤਰ੍ਹਾਂ ਨਾਲ ਲੰਗੜੀ ਕਰ ਦਿੱਤੀ ਹੈ।

ਕੁਝ ਅਰਸਾ ਪਹਿਲਾਂ ਪੰਜਾਬ ਦੇ ਇਕ ਬਿਰਧ ਆਸ਼ਰਮ 'ਚ ਜਾਣ ਦਾ ਮੌਕਾ ਮਿਲਿਆ। ਸੋਚਦਾ ਸਾਂ ਕਿ ਅਸੀਂ ਸੰਸਕਾਰਾਂ ਨੂੰ ਕਿੰਨਾ ਲਾਂਬੂ ਲਾ ਲਿਆ ਹੈ ਕਿ ਸੇਕ ਤਾਂ ਹੱਦੋਂ ਵੱਧ ਹੈ ਪਰ ਇਸ ਦਾ ਅਨੁਭਵ ਨਹੀਂ ਕਰ ਰਹੇ। ਧੁੱਪੇ ਬੈਠੀਆਂ ਕੁਝ ਮਾਂਵਾਂ ਦੇ ਹਉਕੇ ਸੁਣਨ ਦਾ ਮੌਕਾ ਮਿਲਿਆ। ਇਨ੍ਹਾਂ 'ਚੋਂ ਬਹੁਤੀਆਂ ਨੂੰਹਾਂ ਤੋਂ ਨਹੀਂ, ਪੁੱਤਾਂ ਤੋਂ ਦੁਖੀ ਸਨ। ਪਰ ਕਮਾਲ ਇਹ ਹੈ ਕਿ ਮਾਂ ਦੇ ਅੰਦਰ ਮਮਤਾ ਹੀ ਨਹੀਂ ਸਗੋਂ ਮਾਂ ਦੀ ਸੰਸਕ੍ਰਿਤੀ ਦੇ ਚਾਵਾਂ ਦਾ ਵੀ ਦੀਵਾ ਹਾਲੇ ਉਸੇ ਤਰ੍ਹਾਂ ਜਗ ਰਿਹਾ ਹੈ। ਉਹ ਦੁੱਖ ਜਰਦਿਆਂ ਵੀ ਪੁੱਤ ਨੂੰ ਕਪੁੱਤ ਕਹਿਣ ਲਈ ਤਿਆਰ ਨਹੀਂ ਤੇ ਨਾ ਹੀ ਕੋਈ ਬਦ-ਅਸੀਸ ਦੇਣ ਦੇ ਮੂਡ ਵਿਚ। ਉਹ ਸਾਰਾ ਦੋਸ਼ ਕਿਸੇ 'ਤੇ ਨਹੀਂ, ਆਪਣੇ ਮੁਕੱਦਰਾਂ ਸਿਰ ਮੜ੍ਹ ਰਹੀਆਂ ਹਨ। ਇਕ ਬਿਰਧ ਔਰਤ, ਨਾਂ ਜਿਸ ਦਾ ਸ਼ਾਇਦ ਜਸਵੰਤ ਕੌਰ ਸੀ, ਮੈਨੂੰ ਵਾਰ ਵਾਰ ਪੁੱਛ ਰਹੀ ਸੀ, "ਪੁੱਤਰ, ਤੇਰਾ ਨਾਂ ਅਮਰੀਕ ਤਾਂ ਨਹੀਂ?" ਵਰਤਾਰੇ ਤੋਂ ਇੰਜ ਲੱਗਦਾ ਸੀ ਕਿ ਉਸ ਦਾ ਮਾਨਸਿਕ ਸੰਤੁਲਨ ਇਕੱਲ ਅਤੇ ਬੁਢਾਪੇ ਦਾ ਝੰਬਿਆ ਹੋਣ ਕਰਕੇ ਕਾਇਮ ਨਹੀਂ ਸੀ। ਮੈਂ ਨਾਂਹ ਵਿਚ ਸਿਰ ਹਿਲਾਇਆ ਤਾਂ ਉਹ ਆਖਣ ਲੱਗੀ, "ਨਹੀਂ! ਤੂੰ ਮੇਰਾ ਅਮਰੀਕ ਹੀ ਹੈਂ।"

ਇਹ ਅਮਰੀਕ ਪਿੱਛੇ ਕਹਾਣੀ ਜੋ ਉਸ ਨੇ ਆਪਣੀ ਜ਼ੁਬਾਨੀ ਪੇਸ਼ ਕੀਤੀ, ਸੱਚੀਂ ਇਹ ਬੁੱਢੇਵਾਰੇ ਦਰਦ ਦੀ ਬਹੁਤ ਵੱਡੀ ਵਿਥਿਆ ਸੀ। ਉਹ ਆਖਣ ਲੱਗੀ ਕਿ ਚਾਲੀ ਵਰ੍ਹਿਆਂ ਦੀ ਉਮਰੇ ਮੇਰੀ ਗੋਦ ਨੂੰ ਭਾਗ ਲੱਗੇ। ਪੁੱਤ ਅਮਰੀਕ ਨੇ ਜਨਮ ਲਿਆ, ਪਤੀ ਸੁਰਜਣ ਨੇ ਰੱਜ ਕੇ ਖੁਸ਼ੀਆਂ ਮਨਾਈਆਂ, ਲੋਹੜੀ ਵੰਡੀ, ਢੋਲ ਢਮੱਕਾ ਵੱਜਿਆ, ਘਰ 'ਚ ਖੁਸ਼ੀਆਂ ਦੀ ਬਰਸਾਤ ਹੋਈ। ਪਰ ਬੁਢਾਪਾ ਉਦਾਸੀ ਦੀ ਘਨ੍ਹੇੜੀ ਚੜ੍ਹ ਗਿਆ। ਜਦੋਂ ਅਮਰੀਕ ਨੇ ਵੱਡੇ ਆਪ੍ਰੇਸ਼ਨ ਨਾਲ ਜਨਮ ਲਿਆ ਤਾਂ ਡਾਕਟਰਾਂ ਨੇ ਕਿਹਾ ਕਿ ਉਹ ਮੁੜ ਮਾਂ ਨਹੀਂ ਬਣ ਸਕੇਗੀ। ਇਸ ਲਈ ਇਸ ਬਦਕਿਸਮਤ ਮਾਂ ਦੀ ਬੱਚੇਦਾਨੀ ਵੀ ਪੁੱਤਰ ਨੂੰ ਪੇਟ 'ਚੋਂ ਬਾਹਰ ਕੱਢਣ ਦੇ ਨਾਲ ਹੀ ਹਮੇਸ਼ਾ ਲਈ ਬਾਹਰ ਕੱਢ ਦਿੱਤੀ ਗਈ। ਘਰ ਸੜਕ ਦੇ ਕਿਨਾਰੇ ਹੋਣ ਕਾਰਨ ਉਸ ਦਾ ਬਾਹਰ ਖੇਡਦਾ ਪੁੱਤਰ ਇਕ ਟਰੱਕ ਦੀ ਲਪੇਟ ਵਿਚ ਆ ਗਿਆ ਤੇ ਮਾਂ ਦੀ ਕੁੱਖ ਸੱਖਣੀ ਕਰ ਗਿਆ। ਇਕ ਮਾਂ ਤੇ ਔਰਤ ਹੋਣ ਦਾ ਰੁਤਬਾ ਇਕ ਬਦਕਿਸਮਤ



ਮਾਂ ਤੋਂ ਉਪਰ ਵਾਲੇ ਨੇ ਪਤਾ ਨਹੀਂ ਕਿਹੜੀ ਗੱਲੋਂ ਖਫਾ ਹੋ ਕੇ ਸਦਾ ਲਈ ਖੋਹ ਲਿਆ।

ਪਤੀ ਸੁਰਜਣ ਸਿੰਘ ਨੇ ਕੁਝ ਵਰ੍ਹੇ ਬੀਤਣ ਤੋਂ ਬਾਅਦ ਉਹਦੀ ਛੋਟੀ ਭੈਣ ਕਮਲੇਸ਼ ਨੂੰ ਘਰੇ ਲਿਆਉਣ ਲਈ ਜ਼ੋਰ ਪਾਇਆ, ਕਿਉਂਕਿ ਔਲਾਦ ਦੀ ਚਾਹਤ ਇਕ ਮਰਦ ਦੇ ਅੰਦਰ ਉਬਾਲੇ ਮਾਰ ਰਹੀ ਸੀ। ਮਾਪੇ ਮੰਨ ਗਏ ਤੇ ਭੈਣ ਕਮਲੇਸ਼ ਸੌਕਣ ਬਣ ਕੇ ਘਰ ਆ ਗਈ। ਫਿਰ ਘਰ 'ਚ ਦੋ ਪੁੱਤਰਾਂ ਤੇ ਦੋ ਧੀਆਂ ਨੇ ਜਨਮ ਲਿਆ। ਢਲਦੀ ਉਮਰ ਵੱਲ ਜਸਵੰਤ ਖਿਸਕੀ ਤਾਂ ਪਤੀ ਸੁਰਜਣ ਸਿੰਘ ਵੀ ਰੱਬ ਨੂੰ ਪਿਆਰਾ ਹੋ ਗਿਆ। ਘਰ 'ਚ ਉਹ ਇਕ ਵਾਧੂ ਜੀਅ ਪ੍ਰਤੀਤ ਹੋਣ ਲੱਗ ਪਈ। ਧੀਆਂ ਸਹੁਰੇ ਚਲੇ ਗਈਆਂ, ਘਰ ਨੂੰਹਾਂ ਆ ਗਈਆਂ। ਉਹਨੂੰ ਖੂੰਜੇ ਪਈ ਇਕ ਖੂੰਡੀ ਵਾਂਗ ਬੇਸਹਾਰਾ ਕਰ ਦਿੱਤਾ ਗਿਆ।

ਘਰ 'ਚ ਅਜਿਹੀ ਬੇਇਤਫਾਕੀ ਦਾ ਦਾਖਲਾ ਹੋਇਆ ਕਿ ਜਸਵੰਤ ਨੂੰ ਬਾਹਰ ਨਿਕਲਣਾ ਪੈ ਗਿਆ। ਕਮਲੇਸ਼ ਦੇ ਵੱਡੇ ਪੁੱਤਰ ਨੇ ਉਸ ਨੂੰ ਬਿਰਧ ਆਸ਼ਰਮ 'ਚ ਛੱਡਣ ਦਾ ਫੈਸਲਾ ਕਰ ਲਿਆ। ਅੱਠ ਵਰ੍ਹੇ ਹੋ ਗਏ ਹਨ, ਉਸ ਨੂੰ ਇਸ ਬਿਰਧ ਆਸ਼ਰਮ ਵਿਚ ਓਪਰਿਆਂ ਨੂੰ ਆਪਣੇ ਸਮਝ ਕੇ ਜ਼ਿੰਦਗੀ ਗੁਜ਼ਾਰਦਿਆਂ। ਨਾ ਕੋਈ ਪੁੱਤ, ਨਾ ਕੋਈ ਧੀ, ਉਹਦੀ ਕਦੀ ਖਬਰਸਾਰ ਲੈਣ ਆਇਆ। ਜਦੋਂ ਵੀ ਕੋਈ ਜੁਆਨ ਇਸ ਬਿਰਧ ਆਸ਼ਰਮ ਵਿਚ ਆਉਂਦਾ ਹੈ ਤਾਂ ਉਹਨੂੰ ਲੱਗਦਾ ਹੈ ਕਿ ਅਮਰੀਕ ਵੱਡਾ ਹੋ ਕੇ ਉਸ ਨੂੰ ਮਿਲਣ ਆਇਆ ਹੈ। ਪਰ ਅਫਸੋਸ ਕਿ ਅਜਿਹਾ ਨਹੀਂ ਹੁੰਦਾ। ਉਹ ਅਮਰੀਕ ਲਈ ਤਾਂ ਦੁਆਵਾਂ ਮੰਗਦੀ ਹੈ, ਆਪਣੀ ਭੈਣ ਤੇ ਸੌਕਣ ਕਮਲੇਸ਼ ਦੇ ਜੀਆ ਜੰਤ ਲਈ ਵੀ ਖੈਰ-ਸੁੱਖ ਮੰਗਦੀ ਹੈ। ਉਹ ਡਾਢੇ ਅੱਗੇ ਵਾਰ ਵਾਰ ਹੱਥ ਜੋੜਦੀ ਇਹੋ ਕਹਿੰਦੀ ਹੈ, 'ਮੈਨੂੰ ਚੱਕ ਲੈ, ਬੁੱਢੇ ਸਰੀਰ ਨਾਲ ਹੁਣ ਹਉਕਿਆਂ ਦਾ ਭਾਰ ਨਹੀਂ ਚੁੱਕਿਆ ਜਾਂਦਾ।' ਫਿਰ ਉਹਦੀਆਂ ਨਿਕਲਦੀਆਂ ਉਚੀਆਂ ਧਾਹਾਂ ਸ਼ਾਇਦ ਰੱਬ ਨੂੰ ਵੀ ਕੋਈ ਉਲਾਂਭਾਂ ਦੇ ਰਹੀਆਂ ਹੁੰਦੀਆਂ ਨੇ। ਮੈਂ ਉਸ ਬਦਕਿਸਮਤ ਮਾਂ ਨੂੰ ਪੰਜ ਸੌ ਦਾ ਨੋਟ ਫੜਾਉਣ ਦੀ ਪੇਸ਼ਕਸ਼ ਕੀਤੀ ਪਰ ਉਸ ਨੇ ਆਪਣੇ ਖੀਸੇ 'ਚੋਂ ਪੰਜਾਂ ਦਾ ਨੋਟ ਕੱਢ ਕੇ ਕਿਹਾ, 'ਜਿਉਂਦਾ ਰਹਿ ਪੁੱਤਰਾ, ਮੈਨੂੰ ਪੈਸੇ ਨਹੀਂ ਚਾਹੀਦੇ, ਮੈਨੂੰ ਮੇਰਾ ਅਮਰੀਕ ਚਾਹੀਦਾ ਹੈ ਪਰ ਮੈਂ ਜਾਣਦੀ ਹਾਂ ਕਿ ਉਹ ਮੈਨੂੰ ਹੁਣ ਕਦੇ ਨਹੀਂ ਮਿਲੇਗਾ।'

ਬਿਰਧ ਆਸ਼ਰਮ ਵਿਚ ਉਸ ਦੀਆਂ ਸੰਗੀ ਔਰਤਾਂ ਉਸ ਨੂੰ ਸਮਝਾਉਣ-ਬੁਝਾਉਣ ਦੀ ਬਹੁਤ ਕੋਸ਼ਿਸ਼ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਮਾਂ ਜਸਵੰਤ ਦਾ ਸਾਰਾ ਦਿਨ ਰੋਂਦਿਆਂ ਕੁਰਲਾਉਂਦਿਆਂ ਨਿਕਲਦਾ ਹੈ ਤੇ ਉਹ ਸਾਰਾ ਦਿਨ ਅਮਰੀਕ ਦੇ ਹੀ ਜੈਕਾਰੇ ਲਾਉਂਦੀ ਰਹਿੰਦੀ ਹੈ। ਇਸ ਘਟਨਾ ਤੋਂ ਬਾਅਦ ਮੇਰਾ ਕਿਸੇ ਵੀ ਬਿਰਧ ਆਸ਼ਰਮ 'ਚ ਜਾਣ ਨੂੰ ਚਿੱਤ ਨਹੀਂ ਕਰਦਾ ਕਿਉਂਕਿ ਇਉਂ ਲੱਗਦਾ ਹੈ ਕਿ ਆਸ਼ਰਮ ਬਣਾਏ ਤਾਂ ਭਲੇ ਲੋਕਾਂ ਨੇ ਬਜ਼ੁਰਗਾਂ ਦੀ ਭਲਾਈ ਲਈ ਹਨ ਤੇ ਮਿਸ਼ਨ ਸਫਲ ਵੀ ਹੈ ਪਰ ਉਥੋਂ ਉਠਦੀਆਂ ਚੀਕਾਂ ਦਾ ਧੂੰਆਂ ਦੁਖੀ ਮਾਂਵਾਂ ਦਾ ਇਕ ਠਿਕਾਣਾ ਜਾਪ ਰਿਹਾ ਹੁੰਦਾ ਹੈ। ਇਕ ਕਹਾਵਤ ਹੈ ਕਿ ਜਦੋਂ ਜ਼ਿੰਦਗੀ 'ਚ ਬਹੁਤ ਉਦਾਸ ਹੋ ਜਾਵੋ, ਉਦੋਂ ਠਾਣੇ, ਜੇਲ੍ਹਾਂ ਜਾਂ ਹਸਪਤਾਲਾਂ ਦਾ ਦੌਰਾ ਕਰਕੇ ਦੇਖੋ ਪਰ ਮੈਂ ਇਹ ਕਹਾਂਗਾ ਕਿ ਜੇ ਹਾਲੇ ਜ਼ਿੰਦਗੀ ਦੇ ਅਰਥਾਂ ਤੋਂ ਨਾਵਾਕਿਫ ਹੋ, ਅਣਜਾਣ ਹੋ ਤਾਂ ਇਨ੍ਹਾਂ ਬਿਰਧ ਆਸ਼ਰਮਾਂ 'ਚ ਇਕ ਵਾਰੀ ਜਾ ਕੇ ਆਓ, ਤਾਂ ਤੁਹਾਨੂੰ ਲੱਗੇਗਾ ਕਿ ਸੁਚੇਤ ਹੋਵੋ ਅੱਗਾ ਤੁਹਾਡੇ ਵੀ ਨੇੜੇ ਆ ਰਿਹਾ ਹੈ।

ਮੇਰੇ ਨਾਲ ਇਕ ਅਧਿਆਪਕ ਹੁੰਦਾ ਸੀ। ਨਵੇਂ ਨਵੇਂ ਨੌਕਰੀ 'ਚ ਆਏ ਸਾਂ। ਅਕਸਰ ਜਦੋਂ ਸਕੂਲ 'ਚ ਛੁੱਟੀ ਹੋਣੀ ਤਾਂ ਉਹਨੇ ਕਹਿਣਾ, 'ਚਲੋ ਪੁਰਾਣੇ ਧਾਰਮਿਕ ਸਥਾਨ 'ਤੇ ਜਾ ਕੇ ਆਉਂਦੇ ਹਾਂ।' ਪਰ ਅਸੀਂ ਦੋ ਤਿੰਨ ਜਣਿਆਂ ਨੇ ਅਕਸਰ ਟਾਲਾ ਵੱਟ ਜਾਣਾ। ਨਾਂ ਉਹਦਾ ਮੁਕੇਸ਼ ਸੀ, ਉਮਰ ਕੋਈ ਪੈਂਤੀ-ਚਾਲੀ ਸਾਲ ਹੋਵੇਗੀ। ਔਲਾਦ ਕੋਈ ਨਹੀਂ ਸੀ। ਫਿਰ ਇਕ ਦਿਨ ਅਜਿਹਾ ਆਇਆ ਕਿ ਉਹਦੇ ਸਵੇਰੇ ਸਕੂਲ ਆਉਂਦੇ ਦੇ ਹੱਥਾਂ ਵਿਚ ਮਿਠਾਈ ਦੇ ਡੱਬੇ ਸਨ। ਸਕੂਲ ਮੁਖੀ ਅਤੇ ਸਾਰੇ ਸਟਾਫ ਨੂੰ ਪਤਾ ਲੱਗ ਗਿਆ ਕਿ ਮੁਕੇਸ਼ ਦੇ ਘਰ 'ਚ ਖੁਸ਼ੀਆਂ ਦਾ ਚੰਨ ਚੜ੍ਹ ਗਿਆ ਹੈ। ਮਿਠਾਈ ਵੰਡੀ ਗਈ ਤੇ ਫਿਰ ਕਈ ਦਿਨ ਏਦਾਂ ਲੱਗਦਾ ਰਿਹਾ ਜਿਵੇਂ ਉਹਦੇ ਚਿਹਰੇ ਦੀ ਮੁਸਕਰਾਹਟ ਕਹਿ ਰਹੀ ਹੋਵੇ ਕਿ ਮੈਂ ਬਾਪ ਬਣ ਗਿਆ ਹਾਂ, ਤੇ ਬਾਪ ਬਣਨਾ ਕੋਈ ਛੋਟੀ ਗੱਲ ਨਹੀਂ ਹੁੰਦੀ।

ਇਕ ਦਿਨ ਉਹ ਸਾਰੇ ਸਟਾਫ ਨੂੰ ਉਸੇ ਧਾਰਮਿਕ ਅਸਥਾਨ 'ਤੇ ਲੈ ਗਿਆ ਜਿੱਥੇ ਉਹ ਅਕਸਰ ਜਾਣ ਲਈ ਕਹਿੰਦਾ ਹੁੰਦਾ ਸੀ। ਉਹਦੇ ਨਾਲ ਉਹਦੀ ਬੀਵੀ, ਤੇ ਚਹੁੰ ਕੁ ਮਹੀਨਿਆਂ ਦਾ ਪੁੱਤਰ ਸੀ। ਪਹਾੜੀ ਚੜ੍ਹਦਿਆਂ ਲੰਮਾ ਪੈ ਕੇ ਲਕੀਰ ਖਿੱਚੇ, ਫਿਰ ਉਸ ਤੋਂ ਅੱਗੇ ਪੈਰ ਰੱਖ ਕੇ ਅੱਗੇ ਤੁਰੇ ਤੇ ਇੰਜ ਡੰਡਾਉਤ ਕਰਦਾ ਜੈਕਾਰੇ ਛੱਡੇ, 'ਜ਼ੋਰ ਸੇ ਬੋਲੋ, ਜੈ ਮਾਤਾ ਦੀ, ਜੀਭ ਨੀ ਦੁਖਦੀ, ਜੈ ਮਾਤਾ ਦੀ; ਮਈਆ ਲਾਵੇ ਪਾਰ, ਜੈ ਮਾਤਾ ਦੀ।' ਇਉਂ ਕਈ ਘੰਟਿਆਂ ਬਾਅਦ ਅਸੀਂ ਉਹਦੇ ਨਾਲ ਉਹਦੀ ਸ਼ਰਧਾ 'ਚ ਆਪਣਾ 'ਮੱਥਾ ਉਥੇ ਰੱਖ ਆਏ' ਜਿੱਥੇ ਉਹ ਚਾਹੁੰਦਾ ਸੀ।

ਕੁਝ ਮਹੀਨਿਆਂ ਬਾਅਦ ਉਸੇ ਮੁਕੇਸ਼ ਦੀ ਮਾਂ ਸਕੂਲ ਆਈ। ਮੁਕੇਸ਼ ਸਕੂਲ ਨਹੀਂ ਸੀ। ਵਿਧਵਾ ਤੇ ਬੇਸਹਾਰਾ ਮਾਂ ਅਪੰਗ ਸੀ, ਉਹ ਕਿਸੇ ਦੇ ਸਹਾਰੇ ਬੜੀ ਮੁਸ਼ਕਿਲ ਨਾਲ ਪਹੁੰਚੀ ਸੀ। ਉਹ ਮੁਕੇਸ਼ ਬਾਰੇ ਪੁੱਛਣ ਲੱਗੀ ਤੇ ਜਦੋਂ ਉਸ ਨੂੰ ਪਤਾ ਲੱਗਾ ਕਿ ਉਹ ਅੱਜ ਸਕੂਲ ਨਹੀਂ ਆਇਆ ਤਾਂ ਉਹ ਉਚੀ ਉਚੀ ਰੋਣ ਲੱਗ ਪਈ। ਉਸ ਦਾ ਟੁੱਟਿਆ ਹੋਇਆ ਗੁੱਟ ਉਹਦੀ ਪੀੜਾ 'ਚ ਹੋਰ ਵੀ ਵਾਧਾ ਕਰ ਰਿਹਾ ਸੀ। ਉਦੋਂ ਸਾਰੇ ਹੈਰਾਨ ਰਹਿ ਗਏ, ਜਦੋਂ ਉਸ ਨੇ ਲਾਸਾਂ ਨਾਲ ਪਰੁੰਨਿਆ ਆਪਣਾ ਪਿੰਡਾ ਵਿਖਾਇਆ। ਉਹ ਆਖ ਰਹੀ ਸੀ ਕਿ ਗੁੱਟ ਵੀ ਪੁੱਤ ਨੇ ਤੋੜਿਆ ਹੈ। ਇਸ ਕਰਕੇ ਕਿ ਉਸ ਨੂੰ ਕਿਸੇ 'ਸਿਆਣੇ' ਨੇ ਭਰਮ ਪਾ ਦਿੱਤਾ ਹੈ, ਘਰ 'ਚ ਇਹ ਮਾਂ ਮਨਹੂਸ ਹੈ ਤੇ ਜੇ ਇਹ ਘਰ ਰਹੇਗੀ ਤਾਂ ਨਵਜੰਮੇ ਪੁੱਤਰ ਦੀ ਸੁੱਖ-ਸਾਂਦ ਨਹੀਂ ਰਹੇਗੀ। ਉਹ ਸਕੂਲ ਆਪਣੀ ਪੀੜਾ ਇਹ ਕਹਿ ਕੇ ਸੁਣਾਉਣ ਆਈ ਸੀ ਕਿ ਮੇਰੇ ਪੇਕਿਆਂ 'ਚ ਵੀ ਕੋਈ ਨਹੀਂ। ਇਸ ਮੁਕੇਸ਼ ਨੂੰ ਸਮਝਾਉ, ਭਲਾ ਕਦੇ ਮਾਂਵਾਂ ਵੀ ਡੈਣਾਂ ਹੁੰਦੀਆਂ ਹਨ? ਮੈਨੂੰ ਘਰੋਂ ਕੱਢ ਦਿੱਤਾ ਹੈ, ਨੂੰਹ ਤਾਂ ਮੇਰੀ ਗੱਲ ਸੁਣਨ ਲਈ ਹੀ ਤਿਆਰ ਨਹੀਂ, ਧੱਕੇ ਮਾਰਦੀ ਹੈ, ਗੁੱਤ ਪੱਟਦੀ ਹੈ ਤੇ ਇਹ ਮੈਥੋਂ ਸਾਰਾ ਕੁਝ ਜਰਿਆ ਨਹੀਂ ਜਾਂਦਾ। ਕੁਝ ਤਾਂ ਸਮਝਾਉ ਮੇਰੇ ਪੜ੍ਹੇ-ਲਿਖੇ ਪੁੱਤ ਨੂੰ।

ਮੇਰੀਆਂ ਅੱਖਾਂ ਅੱਗੇ ਧਾਰਮਿਕ ਸਥਾਨ ਦੀ ਉਹ ਡੰਡਾਉਤ ਕਰਕੇ ਪਹਾੜੀ ਚੜ੍ਹਨ ਦਾ ਦ੍ਰਿਸ਼ ਘੁੰਮਣ ਲੱਗਾ ਕਿ ਮੁਕੇਸ਼ ਸ਼ਾਇਦ ਆਪਣੀ ਜ਼ੁਬਾਨ ਨਾਲ 'ਜ਼ੋਰ ਸੇ ਬੋਲੋ, ਜੈ ਮਾਤਾ ਕੀ' ਨਹੀਂ ਕਹਿ ਰਿਹਾ ਸੀ ਕਿਉਂਕਿ ਮਰੀਆਂ ਹੋਈਆਂ ਜ਼ਮੀਰਾਂ ਦੀ ਆਪਣੀ ਜ਼ੁਬਾਨ ਨਹੀਂ ਹੁੰਦੀ। ਫਿਰ ਪਤਾ ਲੱਗਾ ਕਿ ਬਦਕਿਸਮਤ ਮਾਂ ਨੂੰ ਵੀ ਫਿਰ ਕਿਸੇ ਨੇ ਬਿਰਧ ਆਸ਼ਰਮ ਪੁਚਾ ਦਿੱਤਾ ਸੀ।

ਧਾਰਮਿਕ ਜਨੂੰਨੀਆਂ ਅਤੇ ਕੱਟੜਵਾਦੀਆਂ ਨੂੰ ਇਹ ਗੱਲ, ਜੋ ਮੈਂ ਸੁਣਾਉਣ ਲੱਗਾ ਹਾਂ, ਸ਼ਾਇਦ ਚੁੱਭੇ ਬਹੁਤ ਪਰ ਸੋਸ਼ਲ ਮੀਡੀਏ 'ਤੇ ਘੁੰਮਦੀ ਇਹ ਕਹਾਣੀ ਸ਼ਾਇਦ ਜਿਨ੍ਹਾਂ ਨੇ ਨਾ ਵੇਖੀ ਤੇ ਸੁਣੀ ਹੋਵੇ, ਉਨ੍ਹਾਂ ਦੀ ਜੀਭ ਦੰਦਾਂ ਹੇਠ ਆ ਜਾਵੇ ਅਤੇ ਅਕਲ ਤੇ ਦਿਮਾਗ ਦੇ ਬੂਹੇ ਬਾਰੀਆਂ ਖੁੱਲ੍ਹ ਜਾਣ। ਕਹਾਣੀ ਇਉਂ ਸੀ ਕਿ ਇਕ ਸੱਸ ਆਪਣੀ ਨਵੀਂ ਵਿਆਹੀ ਨੂੰਹ ਨੂੰ ਇਕ ਧਾਰਮਿਕ ਅਸਥਾਨ 'ਤੇ ਲੈ ਗਈ। ਜਦੋਂ ਉਹ ਦਾਖਲ ਹੋਣ ਲੱਗੀਆਂ ਤਾਂ ਦੁਆਰ ਦੇ ਦੋਹੀਂ ਪਾਸੀਂ ਸ਼ੇਰਾਂ ਦੇ ਬੁੱਤ ਸਨ। ਨੂੰਹ ਨੇ ਚੀਕਾਂ ਮਾਰੀਆਂ, "ਮਾਂ ਆ ਨੱਠ ਚੱਲੀਏ, ਇਹ ਸ਼ੇਰ ਸਾਨੂੰ ਖਾ ਜਾਣਗੇ।" ਸੱਸ ਕਹਿਣ ਲੱਗੀ, "ਮੂਰਖ ਕਿਸੇ ਥਾਂ ਦੀ, ਵਿਚੋਲਾ ਕਹਿੰਦੀ ਸੀ ਪੜ੍ਹੀ-ਲਿਖੀ ਕੁੜੀ ਹੈ ਪਰ ਇਹ ਤਾਂ ਅਕਲੋਂ ਖਾਲੀ ਹੈ। ਇਹ ਸਾਡਾ ਘਰ ਬਰਬਾਦ ਕਰੇਗੀ।" ਉਹਨੇ ਬਾਹੋਂ ਫੜ੍ਹ ਕੇ ਨੂੰਹ ਨੂੰ ਖਿੱਚ ਕੇ ਕਿਹਾ, "ਵੱਡੀਏ ਸਿਆਣੀਏ, ਅੱਖਾਂ ਕੰਮ ਨਹੀਂ ਕਰਦੀਆਂ। ਇਹ ਅਸਲੀ ਸ਼ੇਰ ਨਹੀਂ, ਇਹ ਪੱਥਰ ਦੇ ਬੁੱਤ ਨੇ।"

"ਉਹ ਅੱਛਾ ਮਾਂ, ਮੈਂ ਤਾਂ ਸੋਚਿਆ ਜੰਗਲ ਵਿਚੋਂ ਅਸਲੀ ਹੀ ਆ ਗਏ ਹਨ।"

ਫਿਰ ਅੱਗੇ ਗਏ, ਇਕ ਗਾਂ ਵੱਛੇ ਨੂੰ ਦੁੱਧ ਚੁੰਘਾ ਰਹੀ ਸੀ। ਸੀ ਤਾਂ ਇਹ ਵੀ ਬੁੱਤ ਹੀ ਪਰ ਨੂੰਹ ਖਿੜ-ਖਿੜ ਹੱਸਦਿਆਂ ਕਹਿਣ ਲੱਗੀ, "ਮਾਂ, ਜਾਹ ਭੱਜ ਕੇ ਵੱਡੀ ਬਾਲਟੀ ਚੁੱਕ ਕੇ ਲਿਆ, ਮੈਂ ਵੱਛੇ ਨੂੰ ਪਰ੍ਹਾਂ ਹਟਾ ਕੇ ਧਾਰ ਕੱਢਦੀ ਹਾਂ।"

ਸੱਸ ਨੇ ਮੱਥੇ 'ਤੇ ਹੱਥ ਮਾਰਿਆ, "ਹਾਇ ਓ ਰੱਬਾ! ਮੇਰੇ ਪੜ੍ਹੇ-ਲਿਖੇ ਪੁੱਤ ਲਈ ਇਹ ਬੇਅਕਲ ਹੀ ਰੱਖੀ ਸੀ। ਇਹਦੀਆਂ ਅੱਖਾਂ ਨਹੀਂ, ਡੇਲੇ ਹਨ। ਇਹ ਗਾਂ ਤੇ ਵੱਛਾ ਤਾਂ ਪੱਥਰ ਦੇ ਨੇ।" ਤੇ ਗਾਂ ਦੇ ਬੁੱਤ 'ਤੇ ਹੱਥ ਫੇਰਦਿਆਂ ਸੱਸ ਨੂੰਹ ਨੂੰ ਸਮਝਾਉਣ ਲੱਗੀ, "ਸਾਰੇ ਜਹਾਨ ਦੀਏ ਮੂਰਖੇ! ਇਹ ਅਸਲੀ ਗਾਂ-ਵੱਛਾ ਨਹੀਂ ਹਨ। ਇਹ ਤਾਂ ਕਿਸੇ ਬੁੱਤਘਾੜੇ ਨੇ ਬੁੱਤ ਬਣਾਏ ਹਨ।" ਨੂੰਹ ਫਿਰ ਹੱਸ ਪਈ, "ਅੱਛਾ ਮਾਂ! ਮੈਂ ਤਾਂ ਭੁਲੇਖੇ ਵਿਚ ਹੀ ਸੀ।" ਅੱਗੇ ਫਿਰ ਉਸ ਦੇਵੀ ਦੀ ਮੂਰਤੀ ਆ ਗਈ। ਨੂੰਹ ਸੱਸ ਨੂੰ ਕਹਿਣ ਲੱਗੀ, "ਚਰਨਾਂ 'ਚ ਸਿਰ ਰੱਖ ਤੇ ਮੰਗ ਕਿ ਮੇਰੀ ਕੁੱਖ ਨੂੰ ਭਾਗ ਲੱਗਣ, ਮੁਰਾਦਾਂ ਪੂਰੀਆਂ ਹੋਣ, ਜ਼ਿੰਦਗੀ 'ਚ ਖੁਸ਼ੀਆਂ ਮਿਲਣ।" ਨੂੰਹ ਫਿਰ ਸੱਸ ਨੂੰ ਹੈਰਾਨੀ ਨਾਲ ਪੁੱਛਣ ਲੱਗੀ, "ਮਾਂ! ਤੂੰ ਤਾਂ ਬਹੁਤ ਸਿਆਣੀ ਏ, ਪਰ ਇਕ ਗੱਲ ਦੱਸ ਜੇ ਨਕਲੀ ਸ਼ੇਰ ਸਾਨੂੰ ਖਾ ਨਹੀਂ ਸਕਦਾ, ਜੇ ਨਕਲੀ ਗਾਂ ਦੁੱਧ ਨਹੀਂ ਦੇ ਸਕਦੀ, ਤਾਂ ਇਹ ਪੱਥਰ ਦੀ ਮੂਰਤੀ ਸਾਨੂੰ ਕੀ ਦੇ ਸਕਦੀ ਹੈ?"

ਨੂੰਹ-ਸੱਸ ਦੀ ਬਹਿਸ ਸੁਣ ਕੇ ਸਿਆਣੇ ਲੋਕਾਂ ਦੇ ਪਰਦੇ ਤਾਂ ਚੁੱਕੇ ਗਏ ਸਨ ਪਰ ਅੰਨ੍ਹੀ ਸ਼ਰਧਾ ਵਾਲੇ ਫਿਰ ਵੀ ਕਤਾਰ 'ਚ ਲੱਗ ਕੇ ਧੱਕਮ-ਧੱਕਾ ਹੋ ਰਹੇ ਸਨ। ਇਸ ਭੀੜ 'ਚ ਸਿਆਣੀ ਨੂੰਹ ਨੇ ਸੱਸ ਨੂੰ ਘੁੱਟ ਕੇ ਗਲ ਨਾਲ ਲਾ ਕੇ ਕਿਹਾ, "ਮਾਂ ਮੇਰੇ ਲਈ ਤੂੰ ਹੀ ਪੂਜਾ ਏਂ, ਮੈਂ ਤੇਰੀ ਸੇਵਾ ਕਰੂੰ, ਮੈਂ ਤੇਰੇ ਤੋਂ ਦੁੱਧ ਤੇ ਪੁੱਤ ਮੰਗਾਂਗੀ, ਮੈਨੂੰ ਪੱਥਰਾਂ ਅੱਗੇ ਸਿਰ ਨੀਵਾਂ ਕਰਨ ਦੀ ਲੋੜ ਨਹੀਂ।"

ਦੁੱਖ ਹੈ ਕਿ ਜਿਸ ਯੁੱਗ 'ਚ ਅਸੀਂ ਵਿਚਰ ਰਹੇ ਹਾਂ, ਉਥੇ ਗਿਆਨ ਦੀਆਂ ਉਦਾਹਰਣਾਂ ਤਾਂ ਹੋਰ ਵੀ ਬੜੀਆਂ ਹੋ ਸਕਦੀਆਂ ਨੇ, ਪਰ ਅਗਿਆਨੀ ਮਨੁੱਖ ਵਹਿਮ ਤੇ ਭਰਮ 'ਚੋਂ ਨਿਕਲ ਨਹੀਂ ਰਿਹਾ। ਇਸੇ ਕਰਕੇ ਮਾਂਵਾਂ ਕੰਧਾਂ-ਕੌਲਿਆਂ ਨਾਲ ਲੱਗ ਕੇ ਨਹੀਂ, ਕੁੱਖ 'ਤੇ ਹੱਥ ਰੱਖ ਕੇ ਉਚੀ ਉਚੀ ਧਾਹਾਂ ਮਾਰ ਰਹੀਆਂ ਹਨ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਵਜ਼ੀਰ-ਏ-ਆਜ਼ਮ ਦਾ ਚਾਅ

ਅਸੀਂ ਜਿੱਧਰ ਨੂੰ ਵੀ ਮੂੰਹ ਕਰੀਏ, ਓਧਰ ਹੀ ਚੋਰ ਬਾਜ਼ਾਰੀ ਹੈ।
ਇਥੇ ਬੱਚੀਆਂ ਮਾਂਵਾਂ ਬਣ ਗਈਆਂ, ਮਾੜੇ ਦੇ ਵੱਸ ਲਾਚਾਰੀ ਹੈ।
ਕਹਿਣੇ ਨੂੰ ਸ਼ੋਰ-ਸ਼ਰਾਬਾ ਹੈ ਪਰ ਹੈ ਤਾਂ ਚੀਕ ਚਿਹਾੜਾ ਏ,
ਨਿੱਤ ਪੱਗ ਸ਼ਰੀਫ ਦੀ ਲਹਿੰਦੀ ਏ, ਤੇ ਲੁੱਚਿਆਂ ਦੀ ਸਰਦਾਰੀ ਹੈ।
ਸਭ ਮੂੰਹ ਕੂੰਜਾਂ ਦੇ ਬੰਦ ਹੋਏ, ਕੋਇਲਾਂ ਦੇ ਗਲੇ 'ਚ ਹਉਕਾ ਹੈ,
ਖੌਰੇ ਕਾਂਵਾਂ ਦੇ ਸੰਗ ਬਾਜਾਂ ਨੇ ਕਿੱਧਰ ਨੂੰ ਭਰੀ ਉਡਾਰੀ ਹੈ?
ਮੇਰੇ ਦੇਸ਼ ਵਜ਼ੀਰ-ਏ-ਆਜ਼ਮ ਨੂੰ, ਰਹੇ ਚੜ੍ਹਿਆ ਚਾਅ ਵਿਦੇਸ਼ਾਂ ਦਾ,
ਗੱਦੀ 'ਤੇ ਬਹਿੰਦੇ ਸਾਰ ਉਹਨੂੰ, ਇਹ ਚੰਬੜੀ ਨਵੀਂ ਬਿਮਾਰੀ ਹੈ।
ਇਥੇ ਸੂਰਜ ਭਾਵੇਂ ਨਿੱਤ ਚੜ੍ਹਦਾ, ਪਰ ਦਿਨ 'ਨ੍ਹੇਰੇ ਵਿਚ ਡੁੱਬਦਾ ਏ,
ਹੁਣ ਚੰਦ ਦੀ ਵੀ ਤਾਂ ਲੱਗਦਾ ਏ, ਫਸਣੇ ਨੂੰ ਫਿਰੇ ਗਰਾਰੀ ਹੈ।
ਮੁਕੱਦਰਾਂ ਦੀ ਰੇਖਾ ਪੜ੍ਹਨੇ ਨੂੰ, ਹਰ ਪਾਸੇ ਹੀ ਖੂਬ ਦੁਕਾਨਾਂ ਨੇ,
ਇਹ ਕਹਿ ਕੇ ਲੁੱਟੀ ਜਾਂਦੇ ਨੇ, ਦੁਨੀਆਂ 'ਤੇ ਬਾਹਲੀ ਭਾਰੀ ਹੈ।
ਇਕ ਯੰਤਰ ਫੜਿਆ ਹੱਥਾਂ ਵਿਚ, ਜੀਨਾਂ ਦੀਆਂ ਲੀਰਾਂ ਲਮਕਦੀਆਂ,
ਫਿਰ ਤਾਂ ਸਿਆਣੇ ਪੁੱਛਦੇ ਨੇ, ਇਹ ਨਰ ਜਾਂਦਾ ਕਿ ਨਾਰੀ ਹੈ?
ਹੁਣ 'ਅਸ਼ੋਕ' ਫੁੱਲਾਂ ਨਾਲ 'ਭੌਰੇ' ਦੀ ਵੀ, ਬਹੁਤੀ ਬਣਦੀ ਲੱਗਦੀ ਨਹੀਂ,
ਹਾਏ! ਆਪ ਮੁਹਾਰੇ ਕਿੱਧਰ ਨੂੰ ਇਹ ਖਲਕਤ ਤੁਰ ਪਈ ਸਾਰੀ ਹੈ?

ਵਿਚਾਰ-ਚਰਚਾ

# ਗੁਰਦੁਆਰਾ ਕਾਨੂੰਨ

**ਗੁਣੀ-ਗਿਆਨੀ ਲਿਖਾਰੀ ਹਾਕਮ ਸਿੰਘ ਜਿਨ੍ਹਾਂ ਦੀਆਂ ਲਿਖਤਾਂ 'ਪੰਜਾਬ ਟਾਈਮਜ਼' ਦੇ ਪਾਠਕ ਗਾਹੇ-ਬਗਾਹੇ ਪੜ੍ਹਦੇ ਰਹਿੰਦੇ ਹਨ ਅਤੇ ਆਪਣੀ ਟਿੱਪਣੀਆਂ ਵੀ ਦਰਜ ਕਰਦੇ ਰਹਿੰਦੇ ਹਨ, ਨੇ ਐਤਕੀਂ ਆਪਣੇ ਨਵੇਂ ਲੇਖ 'ਗੁਰਦੁਆਰਾ ਕਾਨੂੰਨ' ਵਿਚ ਗੁਰਦੁਆਰਾ ਐਕਟ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਹਨ। ਉਨ੍ਹਾਂ ਤੱਥਾਂ ਸਹਿਤ ਦਰਸਾਇਆ ਹੈ ਕਿ ਸਿੱਖ ਧਰਮ ਦੇ ਹੁਲਾਰੇ ਲਈ ਬਣੀ ਸ਼੍ਰੋਮਣੀ ਕਮੇਟੀ ਅਤੇ ਸਰਕਾਰੀ ਦਖਲ ਨਾਲ ਬਣੇ ਗੁਰਦੁਆਰਾ ਐਕਟ ਨੇ ਧਾਰਮਿਕ ਆਗੂਆਂ ਦੀਆਂ ਲਾਲਸਾਵਾਂ ਕਾਰਨ ਕਿਸ ਤਰ੍ਹਾਂ ਸਿੱਖ ਧਰਮ ਨੂੰ ਰਸਾਤਲ ਵੱਲ ਤੋਰਨ ਦਾ ਗਾਡੀਗਾਹ ਬਣਾ ਦਿੱਤਾ। -ਸੰਪਾਦਕ**

ਧਰਮ ਅਤੇ ਕਾਨੂੰਨ ਦਾ ਕੋਈ ਮੇਲ ਨਹੀਂ ਹੈ। ਕਾਨੂੰਨ ਰਾਜ ਅਧਿਕਾਰੀਆਂ ਵਲੋਂ ਵਿਹਾਰ ਲਈ ਨਿਯਤ ਕੀਤੇ ਨਿਯਮ ਹਨ ਜੋ ਮਨੁੱਖਾਂ ਅਤੇ ਸੰਸਥਾਵਾਂ ਦੀ ਆਜ਼ਾਦੀ ਦੀ ਸੀਮਾ ਨਿਰਧਾਰਤ ਕਰਦੇ ਹਨ। ਕਾਨੂੰਨ ਦਾ ਅਰਥ ਸਰਕਾਰ ਦੀ ਸਰਪ੍ਰਸਤੀ ਅਤੇ ਦਖਲਅੰਦਾਜ਼ੀ ਹੁੰਦਾ ਹੈ। ਕਾਨੂੰਨ ਅਸਲ ਵਿਚ ਬੰਦਿਸ਼ ਹੁੰਦਾ ਹੈ ਅਤੇ ਆਜ਼ਾਦੀ ਦੀ ਅਣਹੋਂਦ ਵਲ ਸੰਕੇਤ ਕਰਦਾ ਹੈ। ਇਸ ਦੇ ਉਲਟ ਧਰਮ ਮਨੁੱਖ ਦਾ ਅਧਿਆਤਮਕ ਗਿਆਨ ਬਾਰੇ ਨਿਜੀ ਵਿਸ਼ਵਾਸ ਹੈ। ਮਨੁੱਖ ਦਾ ਨਿਜ ਹੀ ਉਸ ਨੂੰ ਆਜ਼ਾਦ, ਸਭ ਦੇ ਬਰਾਬਰ ਤੇ ਸਭ ਤੋਂ ਵਖਰਾ ਬਣਾਉਂਦਾ ਹੈ ਅਤੇ ਉਸ ਵਿਚ ਧਰਮ ਦਾ ਅਹਿਮ ਰੋਲ ਹੁੰਦਾ ਹੈ। ਇਸੇ ਲਈ ਜਮਹੂਰੀ ਦੇਸ਼ਾਂ ਦੇ ਸੰਵਿਧਾਨਾਂ ਵਿਚ ਧਰਮ ਦੀ ਆਜ਼ਾਦੀ ਨੂੰ ਮੂਲ ਮਨੁੱਖੀ ਹੱਕ ਮੰਨਿਆ ਗਿਆ ਹੈ। ਧਰਮਤੰਤਰ ਰਾਜ ਪ੍ਰਣਾਲੀਆਂ ਅਤੇ ਤਾਲਿਬਾਨੀ ਸੋਚ ਦੇ ਧਾਰਨੀ ਨਾਗਰਿਕਾਂ ਦੇ ਧਾਰਮਿਕ ਵਿਚਾਰਾਂ ਨੂੰ ਕੰਟਰੋਲ

ਹਾਕਮ ਸਿੰਘ
hak1270@yahoo.com

ਕਰਨ ਦਾ ਯਤਨ ਕਰਦੇ ਹਨ। ਸ਼ਾਇਦ ਜਮਹੂਰੀ ਰਾਜਾਂ ਦੇ ਧਰਮਾਂ 'ਚ ਸਿੱਖ ਧਰਮ ਹੀ ਐਸਾ ਧਰਮ ਹੈ ਜਿਸ ਦੇ ਪ੍ਰਚਾਰ ਕੇਂਦਰਾਂ ਦੇ ਪ੍ਰਬੰਧ ਲਈ ਕਾਨੂੰਨ ਬਣਿਆ ਹੋਇਆ ਹੈ।

ਗੁਰਦੁਆਰਾ ਸਿੱਖ ਧਰਮ ਦੀ ਕੇਂਦਰੀ ਸੰਸਥਾ ਮੰਨਿਆ ਜਾਂਦਾ ਹੈ। ਇਤਿਹਾਸਕ ਗੁਰਦੁਆਰਿਆਂ ਤੋਂ ਇਲਾਵਾ ਪੰਜਾਬ ਦੇ ਹਰ ਪਿੰਡ ਵਿਚ ਘੱਟੋ ਘੱਟ ਇੱਕ ਗੁਰਦੁਆਰਾ ਜ਼ਰੂਰ ਹੈ। ਪੰਜਾਬ ਦੇ ਸ਼ਹਿਰੀ ਮੁਹੱਲਿਆਂ ਅਤੇ ਕਈ ਭਾਈਚਾਰਿਆਂ ਨੇ ਆਪਣੇ ਗੁਰਦੁਆਰੇ ਬਣਾਏ ਹੋਏ ਹਨ। ਅਰਬ ਦੇਸ਼ਾਂ ਨੂੰ ਛੱਡ ਕੇ ਵਿਦੇਸ਼ਾਂ ਵਿਚ ਵੀ ਕਰੀਬ ਹਰ ਸ਼ਹਿਰ ਦੀ ਸਿੱਖ ਵਸੋਂ ਨੇ ਆਪਣਾ ਗੁਰਦੁਆਰਾ ਬਣਾਇਆ ਹੋਇਆ ਹੈ। ਇਹ ਜਾਣ ਕੇ ਕਈ ਸ਼ਰਧਾਲੂਆਂ ਨੂੰ ਹੈਰਾਨੀ ਹੋ ਸਕਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਗੁਰਦੁਆਰੇ ਦਾ ਸੰਕਲਪ ਨਹੀਂ ਹੈ ਅਤੇ ਗੁਰੂ ਸਾਹਿਬਾਨ ਨੇ ਵੀ ਕੋਈ ਸਥਾਈ ਗੁਰਦੁਆਰਾ ਨਹੀਂ ਸੀ ਬਣਾਇਆ। ਗੁਰਬਾਣੀ ਵਿਚ ਧਰਮਸਾਲ ਅਤੇ ਸਤਸੰਗਤ ਦੇ ਸੰਕਲਪ ਹਨ, ਪਰ ਧਰਮਸਾਲ ਗੁਰਦੁਆਰਾ ਨਹੀਂ ਹੁੰਦੀ, ਕਿਉਂਕਿ ਧਰਮਸਾਲ ਵਿਚ ਗੁਰਦੁਆਰੇ ਵਾਂਗ ਨਿਸ਼ਚਿਤ ਬਿਲਡਿੰਗ ਤੇ ਸੇਵਾਦਾਰ ਨਹੀਂ ਹੁੰਦੇ। ਗੁਰਬਾਣੀ ਤਾਂ ਸਾਰੀ ਧਰਤੀ ਨੂੰ ਹੀ ਧਰਮਸਾਲ ਮੰਨਦੀ ਹੈ:

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
*(ਪੰਨਾ 7)*

ਅਤੇ

ਮੋਹਨ ਤੇਰੇ ਸੋਹਨਿ ਦੁਆਰਿ
ਜੀਉ ਸੰਤ ਧਰਮਸਾਲਾ॥
ਧਰਮਸਾਲ ਅਪਾਰ ਦੈਆਰ ਠਾਕੁਰ
ਸਦਾ ਕੀਰਤਨੁ ਗਾਵਹੇ॥
ਜਹ ਸਾਧ ਸੰਤ ਇਕਤ੍ਰ ਹੋਵਹਿ
ਤਹਾ ਤੁਝਹਿ ਧਿਆਵਹੇ॥ *(ਪੰਨਾ 248)*

ਜਿਥੇ ਸਾਧ ਸੰਤ ਇਕੱਤਰ ਹੋ ਜਾਣ, ਉਥੇ ਹੀ ਧਰਮਸਾਲ ਬਣ ਜਾਂਦੀ ਹੈ। ਧਰਮਸਾਲ ਨੂੰ ਕਿਸੇ ਵਿਸ਼ੇਸ਼ ਥਾਂ ਜਾਂ ਬਿਲਡਿੰਗ ਦੀ ਲੋੜ ਨਹੀਂ ਹੁੰਦੀ। ਧਰਮਸਾਲ ਬਾਰੇ ਗੁਰਬਾਣੀ ਦਾ ਦ੍ਰਿਸ਼ਟੀਕੋਣ ਸਪਸ਼ਟ ਹੈ:

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ॥
*(ਪੰਨਾ 450)*
ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥
*(ਪੰਨਾ 319)*
ਗੁਰਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰੁ ਦਿਖਾਇਆ॥
*(ਪੰਨਾ 922)*
ਅਠਸਠ ਤੀਰਥ ਜਹ ਸਾਧ ਪਗ ਧਰਹਿ॥
ਤਹ ਬੈਕੁੰਠੁ ਜਹ ਨਾਮੁ ਉਚਰਹਿ॥
*(ਪੰਨਾ 890)*

ਗੁਰੂ ਸਾਹਿਬਾਨ ਨੇ ਵੀ ਕੋਈ ਪੱਕਾ ਗੁਰ ਅਸਥਾਨ ਨਹੀਂ ਸੀ ਬਣਾਇਆ। ਗੁਰੂ ਨਾਨਕ ਸਾਰੇ ਭਾਰਤ, ਸ੍ਰੀ ਲੰਕਾ, ਤਿੱਬਤ ਅਤੇ ਅਰਬ ਦੇਸ਼ਾਂ ਦਾ ਰਟਨ ਕਰ ਕੇ ਕਰਤਾਰਪੁਰ ਆ ਟਿਕੇ। ਗੁਰੂ ਅੰਗਦ ਕਰਤਾਰਪੁਰ ਛੱਡ ਕੇ ਖਡੂਰ ਸਾਹਿਬ ਚਲੇ ਗਏ ਅਤੇ ਗੁਰੂ ਅਮਰਦਾਸ ਨੇ ਖਡੂਰ ਸਾਹਿਬ ਦੀ ਥਾਂ ਗੋਇੰਦਵਾਲ ਸਾਹਿਬ ਦੀ ਸੋਭਾ ਵਧਾਈ। ਗੁਰੂ ਰਾਮਦਾਸ ਨੇ ਗੋਇੰਦਵਾਲ ਦੀ ਥਾਂ ਅੰਮ੍ਰਿਤਸਰ ਵਸਾ ਕੇ ਉਸ ਨੂੰ ਮਾਣ ਬਖਸ਼ਿਆ। ਗੁਰੂ ਅਰਜਨ ਨੂੰ ਪੋਥੀ ਸਾਹਿਬ ਦੀ ਰਚਨਾ ਕਰਨ ਲਈ ਅੰਮ੍ਰਿਤਸਰ ਰਹਿਣਾ ਪਿਆ ਸੀ ਜੋ ਉਨ੍ਹਾਂ ਦੀ ਸ਼ਹੀਦੀ ਦਾ ਕਾਰਨ ਬਣਿਆ। ਗੁਰੂ ਹਰਿਗੋਬਿੰਦ ਦਰਬਾਰ ਸਾਹਿਬ, ਅੰਮ੍ਰਿਤਸਰ ਛੱਡ ਕੇ ਪੁਆਧ ਵਿਚ ਕੀਰਤਪੁਰ ਸਾਹਿਬ ਚਲੇ ਗਏ ਸਨ। ਗੁਰੂ ਤੇਗ ਬਹਾਦਰ ਨੇ ਅਨੰਦਪੁਰ ਸਾਹਿਬ ਵਸਾਇਆ। ਧੀਰ ਮੱਲੀਆਂ ਨੇ ਪਹਿਲੋਂ ਉਨ੍ਹਾਂ 'ਤੇ ਜਾਨ ਲੇਵਾ ਹਮਲਾ ਕਰਵਾਇਆ ਅਤੇ ਫਿਰ ਗੁਰ ਪਰਿਵਾਰਾਂ ਦੇ ਗੁਰਗੱਦੀ ਅਤੇ ਸੰਪਤੀ ਦੇ ਅਭਿਲਾਸ਼ੀਆਂ ਨੇ ਸਾਜ਼ਿਸ਼ਾਂ ਰਚ ਕੇ ਉਨ੍ਹਾਂ ਦੀ ਸ਼ਹੀਦੀ ਕਰਵਾ ਦਿੱਤੀ।

ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਗੁਰਬਾਣੀ ਦਾ ਸੰਚਾਰ ਕਰਨ ਲਈ ਸ਼ਾਂਤੀ ਚਾਹੁੰਦੇ ਸਨ, ਪਰ ਗੁਰ ਪਰਿਵਾਰਾਂ ਨਾਲ ਸਬੰਧਤ ਵਿਰੋਧੀਆਂ ਨੇ ਡੂੰਘੀਆਂ ਸਾਜ਼ਿਸ਼ਾਂ ਰਚ ਕੇ ਪਹਾੜੀ ਰਾਜਿਆਂ ਅਤੇ ਮੁਗਲੀਆ ਸਰਕਾਰ ਤੋਂ ਅਨੰਦਪੁਰ ਸਾਹਿਬ 'ਤੇ ਹਮਲੇ ਕਰਵਾ ਕੇ ਗੁਰੂ ਸਾਹਿਬ ਦਾ ਸਾਰਾ ਪਰਿਵਾਰ ਸ਼ਹੀਦ ਕਰਵਾ ਦਿੱਤਾ। ਗੁਰਗੱਦੀ ਅਤੇ ਸੰਪਤੀ ਹਥਿਆਉਣ ਲਈ ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀ ਮੁਸਲਮਾਨ ਸ਼ਾਸਕਾਂ ਨੂੰ ਝੂਠੀਆਂ ਸ਼ਿਕਾਇਤਾਂ ਕਰ ਕੇ ਉਨ੍ਹਾਂ ਵਿਰੁਧ ਕਾਰਵਾਈਆਂ ਕਰਨ ਲਈ ਉਕਸਾਉਂਦੇ ਰਹਿੰਦੇ ਅਤੇ ਆਪਣੀਆਂ ਨੀਚਤਾਈਆਂ ਛੁਪਾਉਣ ਲਈ ਕਸੂਰ ਮੁਸਲਮਾਨ ਸ਼ਾਸਕਾਂ ਦੇ ਸਿਰ ਮੜ੍ਹ ਦਿੰਦੇ ਸਨ। ਕਿਸੇ ਵੀ ਗੁਰੂ ਨੇ ਗੁਰਗੱਦੀ ਅਤੇ ਸੰਪਤੀ ਦੀ ਮਲਕੀਅਤ ਵਿਚ ਕਦੇ ਵੀ ਕੋਈ ਦਿਲਚਸਪੀ ਨਹੀਂ ਦਿਖਾਈ।

> **ਗੁਰੂ ਸਾਹਿਬ ਦੇ ਨਿਵਾਸ ਸਥਾਨ ਨੂੰ ਗੁਰਦੁਆਰਾ ਨਹੀਂ ਆਖਿਆ ਜਾਂਦਾ ਸੀ। ਗੁਰਦੁਆਰੇ ਅਸਲ ਵਿਚ ਉਦਾਸੀ ਅਤੇ ਨਿਰਮਲੇ ਸਾਧੂਆਂ ਨੇ ਹਿੰਦੂ ਮੰਦਿਰਾਂ ਦੀ ਨਕਲ ਵਿਚ ਬਣਾਏ ਸਨ। ਮੰਦਿਰ ਅਦਿਖ ਪ੍ਰਭੂ ਦੇ ਅਧਿਆਤਮਕ ਗਿਆਨ ਨੂੰ ਦ੍ਰਿਸ਼ਮਾਨ ਪਦਾਰਥ ਰਾਹੀਂ ਅਭਿਵਿਅਕਤ ਕਰਨ ਦਾ ਢੰਗ ਹੈ। ਮੰਦਿਰ ਵਿਚ ਮੂਰਤੀ, ਉਸ ਦੇ ਦਰਸ਼ਨ ਤੇ ਪੂਜਾ ਦੀ ਸੁਵਿਧਾ ਅਤੇ ਪੁਜਾਰੀ ਲਈ ਥਾਂ ਹੁੰਦੀ ਹੈ। ਇਸੇ ਲਈ ਪੁਰਾਣੇ ਇਤਿਹਾਸਕ ਗੁਰਦੁਆਰਿਆਂ ਅਤੇ ਦਰਬਾਰ ਸਾਹਿਬ ਦੀਆਂ ਇਮਾਰਤਾਂ ਵਿਚ ਸੰਗਤ ਲਈ ਬੈਠ ਕੇ ਗੁਰਬਾਣੀ ਸੁਣਨ ਤੇ ਵਿਚਾਰਨ ਲਈ ਕੋਈ ਥਾਂ ਨਹੀਂ ਹੈ, ਪਰ ਸਿੰਘ ਸਭਾਵਾਂ ਨੇ ਈਸਾਈ ਅਤੇ ਦੂਜੇ ਮਤਾਂ ਦੇ ਪ੍ਰਭਾਵ ਅਧੀਨ ਗੁਰਦੁਆਰਿਆਂ ਨੂੰ ਸਿੱਖ ਸਮਾਜ ਦਾ ਧਾਰਮਿਕ ਕੇਂਦਰ ਬਣਾਉਣ ਲਈ ਉਨ੍ਹਾਂ ਨੂੰ ਮੰਦਿਰ ਪ੍ਰਥਾ ਨਾਲੋਂ ਵੱਖਰੇ ਕਰ ਦਿੱਤਾ।**

ਗੁਰੂ ਸਾਹਿਬ ਦੇ ਨਿਵਾਸ ਸਥਾਨ ਨੂੰ ਗੁਰਦੁਆਰਾ ਨਹੀਂ ਕਿਹਾ ਜਾਂਦਾ ਸੀ। ਗੁਰਦੁਆਰੇ ਅਸਲ ਵਿਚ ਉਦਾਸੀ ਅਤੇ ਨਿਰਮਲੇ ਸਾਧੂਆਂ ਨੇ ਹਿੰਦੂ ਮੰਦਿਰਾਂ ਦੀ ਨਕਲ ਵਿਚ ਬਣਾਏ ਸਨ। ਮੰਦਿਰ ਅਦਿਖ ਪ੍ਰਭੂ ਦੇ ਅਧਿਆਤਮਕ ਗਿਆਨ ਨੂੰ ਦ੍ਰਿਸ਼ਮਾਨ ਪਦਾਰਥ ਰਾਹੀਂ ਅਭਿਵਿਅਕਤ ਕਰਨ ਦਾ ਢੰਗ ਹੈ। ਮੰਦਿਰ ਵਿਚ ਮੂਰਤੀ, ਉਸ ਦੇ ਦਰਸ਼ਨ ਤੇ ਪੂਜਾ ਦੀ ਸੁਵਿਧਾ ਅਤੇ ਪੁਜਾਰੀ ਲਈ ਥਾਂ ਹੁੰਦੀ ਹੈ। ਇਸੇ ਲਈ ਪੁਰਾਣੇ ਇਤਿਹਾਸਕ ਗੁਰਦੁਆਰਿਆਂ ਅਤੇ ਦਰਬਾਰ ਸਾਹਿਬ ਦੀਆਂ ਇਮਾਰਤਾਂ ਵਿਚ ਸੰਗਤ ਲਈ ਬੈਠ ਕੇ ਗੁਰਬਾਣੀ ਸੁਣਨ ਤੇ ਵਿਚਾਰਨ ਲਈ ਕੋਈ ਥਾਂ ਨਹੀਂ ਹੈ, ਪਰ ਸਿੰਘ ਸਭਾਵਾਂ ਨੇ ਈਸਾਈ ਅਤੇ ਦੂਜੇ ਮਤਾਂ ਦੇ ਪ੍ਰਭਾਵ ਅਧੀਨ ਗੁਰਦੁਆਰਿਆਂ ਨੂੰ ਸਿੱਖ ਸਮਾਜ ਦਾ ਧਾਰਮਿਕ ਕੇਂਦਰ ਬਣਾਉਣ ਲਈ ਉਨ੍ਹਾਂ ਨੂੰ ਮੰਦਿਰ ਪ੍ਰਥਾ ਨਾਲੋਂ ਵੱਖਰੇ ਕਰ ਦਿੱਤਾ।

ਇਤਿਹਾਸਕ ਗੁਰਦੁਆਰਿਆਂ ਦੇ ਨਾਂ ਜਗੀਰਾਂ ਲੱਗੀਆਂ ਹੋਈਆਂ ਸਨ ਅਤੇ ਉਨ੍ਹਾਂ 'ਤੇ ਮਹੰਤ ਕਾਬਜ਼ ਸਨ। ਨਨਕਾਣਾ ਸਾਹਿਬ ਦੇ ਨਾਂ ਰਾਏ ਬੁਲਾਰ ਨੇ ਵੱਡੀ ਜਾਗੀਰ ਲਾਈ ਹੋਈ ਸੀ। ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਉਦਾਸੀ ਅਤੇ ਨਿਰਮਲਿਆਂ ਵਲੋਂ ਇਤਿਹਾਸਕ ਅਤੇ ਦੂਜੀਆਂ ਥਾਂਵਾਂ 'ਤੇ ਬਣਾਏ ਗੁਰਦੁਆਰਿਆਂ ਦੇ ਨਾਂਵਾਂ 'ਤੇ ਵੀ ਜਾਗੀਰਾਂ ਲਾਈਆਂ ਗਈਆਂ ਸਨ। ਸਿੰਘ ਸਭਾਵਾਂ ਉਨ੍ਹਾਂ ਗੁਰਦੁਆਰਿਆਂ ਨੂੰ ਸਿੱਖ ਇਤਿਹਾਸ ਵਿਚ ਅਹਿਮ ਸਮਝਦੀਆਂ ਸਨ ਅਤੇ ਉਨ੍ਹਾਂ ਨੂੰ ਸਿੱਖ ਧਰਮ ਅਤੇ ਇਤਿਹਾਸ ਦੇ ਸਿਖਿਆ ਕੇਂਦਰ ਬਣਾਉਣ ਲਈ ਯਤਨਸ਼ੀਲ ਸਨ। ਉਨ੍ਹਾਂ ਦੇ ਉਦਾਸੀ ਅਤੇ ਨਿਰਮਲੇ ਮਹੰਤ ਮਾਲਕ ਸਿੰਘ ਸਭਾਵਾਂ ਨੂੰ ਸਹਿਯੋਗ ਦੇਣ ਲਈ ਤਿਆਰ ਨਹੀਂ ਸਨ। ਸਿੰਘ ਸਭਾਵਾਂ ਵਲੋਂ ਇਤਿਹਾਸਕ ਗੁਰਦੁਆਰਿਆਂ ਵਿਚ ਸੁਧਾਰ ਲਿਆਉਣ ਦੀਆਂ ਗਤੀਵਿਧੀਆਂ ਦਾ ਮਹੰਤਾਂ ਵਲੋਂ ਵਿਰੋਧ ਗੁਰਦੁਆਰਾ ਸੁਧਾਰ ਲਹਿਰ ਦਾ ਰੂਪ ਧਾਰਨ ਕਰ ਗਿਆ।

ਗੁਰਦੁਆਰਾ ਸੁਧਾਰ ਲਹਿਰ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਥਾਂ ਹੈ। ਇਹ ਲਹਿਰ ਸਿੱਖ ਧਰਮ 'ਚ ਮਨੁੱਖੀ ਆਜ਼ਾਦੀ ਅਤੇ ਨਿਆਂ ਪ੍ਰਤੀ ਦ੍ਰਿੜ੍ਹਤਾ ਦੀ ਪ੍ਰਤੀਕ ਹੈ, ਉਥੇ ਇਹ ਸਿੱਖਾਂ ਦੀ ਸਮੂਹਕ ਸੋਚ, ਸਿਆਣਪ ਅਤੇ ਨੈਤਿਕਤਾ 'ਤੇ ਸਵਾਲੀਆ ਨਿਸ਼ਾਨ ਵੀ ਲਾਉਂਦੀ ਹੈ। ਇਹ ਲਹਿਰ ਸੰਨ 1920 ਵਿਚ ਅਛੂਤ ਸਮਝੇ ਜਾਂਦੇ ਕੁਝ ਵਿਅਕਤੀਆਂ ਵਲੋਂ ਅੰਮ੍ਰਿਤ ਛਕ ਕੇ ਅਕਾਲ ਤਖਤ 'ਤੇ ਮੱਥਾ ਟੇਕਣ ਦੀ ਇੱਛਾ ਪ੍ਰਗਟਾਉਣ ਦੇ ਪ੍ਰਤੀਕਰਮ ਵਜੋਂ ਅਰੰਭ ਹੋਈ ਸੀ। ਅਕਾਲ ਤਖਤ ਦੇ ਪੁਜਾਰੀ ਬ੍ਰਾਹਮਣਵਾਦ ਦੇ ਧਾਰਨੀ ਹੋਣ ਕਾਰਨ ਅਛੂਤ ਸਿੱਖਾਂ ਦੇ ਅਕਾਲ ਤਖਤ ਵਿਚ ਦਾਖਲੇ ਦੇ ਵਿਰੁਧ ਸਨ, ਇਸ ਲਈ ਉਹ ਆਪਣੀ ਡਿਊਟੀ ਛੱਡ ਕੇ ਚਲੇ ਗਏ। ਉਨ੍ਹਾਂ ਦੀ ਗੈਰਹਾਜ਼ਰੀ ਵਿਚ ਸੰਗਤ ਨੂੰ ਅਕਾਲ ਤਖਤ ਦੀ ਸੇਵਾ ਦਾ ਪ੍ਰਬੰਧ ਕਰਨਾ ਪਿਆ। ਪੁਜਾਰੀਆਂ ਦੇ ਨਾਮਿਲਵਰਤਨ ਦੇ ਮੱਦੇਨਜ਼ਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਦਰਬਾਰ ਸਾਹਿਬ ਅਤੇ ਅਕਾਲ ਤਖਤ ਦੇ ਪ੍ਰਬੰਧ ਲਈ 9 ਸਿੰਘਾਂ ਦੀ ਆਰਜ਼ੀ ਕਮੇਟੀ ਬਣਾ ਦਿੱਤੀ। ਉਸ ਕਮੇਟੀ ਨੇ ਸਿੱਖ ਧਰਮ ਦੀ ਪ੍ਰਤੀਨਿਧ ਸੰਸਥਾ ਕਾਇਮ ਕਰਨ ਲਈ ਸਿੱਖ ਜਗਤ ਦੇ ਨਾਂ ਹੁਕਮਨਾਮਾ ਜਾਰੀ ਕਰ ਕੇ 15 ਨਵੰਬਰ 1920 ਨੂੰ ਅਕਾਲ ਤਖਤ 'ਤੇ ਸਿੱਖ ਆਗੂਆਂ ਦੀ ਇਕੱਤਰਤਾ ਬੁਲਾ ਲਈ। ਉਸ ਇਕੱਤਰਤਾ ਨੇ 15-16 ਨਵੰਬਰ 1920 ਨੂੰ 175 ਨੁਮਾਇੰਦਿਆਂ ਦੀ ਕਮੇਟੀ ਚੁਣ ਕੇ ਉਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਦਿੱਤਾ। ਉਸ ਕਮੇਟੀ ਨੇ 12 ਦਸੰਬਰ 1920 ਨੂੰ ਆਪਣੀ ਪਹਿਲੀ ਇਕੱਤਰਤਾ ਵਿਚ ਸੰਵਿਧਾਨ ਬਣਾਉਣ ਲਈ ਸਬ-ਕਮੇਟੀ ਬਣਾ ਦਿੱਤੀ। ਸੰਵਿਧਾਨ ਬਣਨ ਉਪਰੰਤ 30 ਅਪਰੈਲ 1921 ਨੂੰ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਰਜਿਸਟਰ ਹੋ ਗਈ ਅਤੇ ਜੁਲਾਈ 1921 ਵਿਚ ਉਸ ਨੇ ਆਪਣੀ ਐਗਜ਼ੈਕਟਿਵ ਕਮੇਟੀ ਲਈ ਬਾਬਾ ਖੜਕ ਸਿੰਘ ਪ੍ਰਧਾਨ, ਸ. ਮਹਿਤਾਬ ਸਿੰਘ ਸਕੱਤਰ ਅਤੇ 31 ਮੈਂਬਰ ਚੁਣ ਲਏ। ਉਸ ਕਮੇਟੀ ਨੇ ਗੁਰਦੁਆਰਾ ਸੁਧਾਰ ਲਈ ਲੰਮਾ ਸੰਘਰਸ਼ ਕੀਤਾ ਅਤੇ ਜਿੱਤਾਂ ਪ੍ਰਾਪਤ ਕੀਤੀਆਂ।

ਸਿੱਖਾਂ ਦੀ ਗੁਰਦੁਆਰਿਆਂ ਦੇ ਸੁਧਾਰ 'ਚ ਵਧ ਰਹੀ ਰੁਚੀ ਕਾਰਨ ਬਹੁਤ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਾਂ ਬਾਰੇ ਵਿਵਾਦ ਹੋਣੇ ਸ਼ੁਰੂ ਹੋ ਗਏ ਸਨ। ਤਰਨਤਾਰਨ ਸਾਹਿਬ ਵਿਚ ਇਹ ਵਿਵਾਦ ਹਿੰਸਕ ਹੋ ਗਿਆ ਅਤੇ ਨਨਕਾਣਾ ਸਾਹਿਬ ਵਿਚ ਹਿੰਸਾ ਭਿਆਨਕ ਰੂਪ ਧਾਰ ਗਈ। ਅੰਗਰੇਜ਼ ਸਰਕਾਰ ਨੇ ਦਰਬਾਰ ਸਾਹਿਬ ਦੇ ਤੋਸ਼ੇ ਖਾਨੇ ਦੀਆਂ ਚਾਬੀਆਂ ਦਾ ਵਿਵਾਦ ਛੇੜ ਕੇ ਸਿੱਖਾਂ ਦੀਆਂ ਗ੍ਰਿਫਤਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਗੁਰੂ ਕਾ ਬਾਗ ਮੋਰਚੇ 'ਚ ਸਿੱਖ ਸ਼ਰਧਾਲੂਆਂ 'ਤੇ ਵਹਿਸ਼ਿਆਨਾ ਤਸ਼ੱਦਦ ਕਰਨ ਲੱਗ ਪਏ। ਸਿੱਖ ਸੰਘਰਸ਼ ਨੂੰ ਅਸਫਲ ਬਣਾਉਣ ਲਈ ਸਰਕਾਰ ਗੁਰਦੁਆਰਿਆਂ ਦੇ ਪ੍ਰਬੰਧ ਲਈ ਕੋਈ ਕਾਨੂੰਨੀ ਰਾਹ ਵੀ ਲੱਭ ਰਹੀ ਸੀ। ਸੰਘਰਸ਼ ਖਤਮ ਕਰਨ ਲਈ ਸਰਕਾਰ ਨੇ ਗੁਰਦੁਆਰਾ ਕਾਨੂੰਨ ਬਣਾਉਣ ਦਾ ਮਤਾ ਰੱਖ ਦਿੱਤਾ ਜਿਸ ਦੀ ਪ੍ਰਵਾਨਗੀ ਪਿਛੋਂ ਸਰਕਾਰ ਨੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ 'ਸਿੱਖ ਗੁਰਦੁਆਰਾ ਐਕਟ 1925' ਬਣਾ ਦਿੱਤਾ।

ਐਕਟ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਲਈ 'ਸੈਂਟਰਲ ਬੋਰਡ' ਦੀ ਵਿਵਸਥਾ ਕੀਤੀ ਗਈ ਹੈ ਅਤੇ ਬੋਰਡ ਨੂੰ ਆਪਣਾ ਕੋਈ ਹੋਰ ਢੁਕਵਾਂ ਨਾਂ ਰੱਖਣ ਦਾ ਇਖਤਿਆਰ ਵੀ ਦਿੱਤਾ ਗਿਆ ਹੈ। ਬੋਰਡ ਨੇ ਆਪਣਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖ ਲਿਆ। ਬੋਰਡ ਦਾ ਇਹ ਫੈਸਲਾ ਨੈਤਿਕਤਾ ਅਤੇ ਕਾਨੂੰਨ ਪੱਖੋਂ ਇਤਰਾਜ਼ਯੋਗ ਸੀ, ਕਿਉਂਕਿ 15-16 ਨਵੰਬਰ 1920 ਦੀ ਅਕਾਲ ਤਖਤ 'ਤੇ ਹੋਈ ਇਕੱਤਰਤਾ ਨੇ ਪਹਿਲੋਂ ਹੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾ ਲਈ ਸੀ ਜੋ 30 ਅਪਰੈਲ 1921 ਨੂੰ ਪੰਜਾਬ ਗੌਰਮਿੰਟ ਵਿਚ ਰਜਿਸਟਰ ਹੋ ਚੁਕੀ ਸੀ ਅਤੇ ਭੰਗ ਨਹੀਂ ਸੀ ਹੋਈ। ਕਿਸੇ ਪ੍ਰਚਲਿਤ ਸੰਸਥਾ ਦਾ ਨਾਂ ਅਪਨਾਉਣਾ ਅਨੈਤਿਕ ਤੇ ਸ਼ਨਾਖਤ ਦੀ ਚੋਰੀ ਦਾ ਅਪਰਾਧ ਮੰਨਿਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਨੇ ਗੁਰਦੁਆਰਿਆਂ ਦੀ ਆਜ਼ਾਦੀ ਦੇ ਸੰਘਰਸ਼ ਵਿਚ ਗੌਰਵਮਈ ਰੋਲ ਅਦਾ ਕੀਤਾ ਸੀ। ਐਕਟ ਅਧੀਨ ਬਣੇ ਬੋਰਡ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਕੋਈ ਯੋਗਦਾਨ ਨਹੀਂ ਪਾਇਆ ਸੀ। ਉਸ ਨੂੰ ਹੋਰ ਸੰਸਥਾ ਦੀਆਂ ਪ੍ਰਾਪਤੀਆਂ ਨੂੰ ਆਪਣੇ ਨਾਂ ਨਾਲ ਜੋੜਨ ਤੋਂ ਗੁਰੇਜ ਕਰਨਾ ਚਾਹੀਦਾ ਸੀ।

ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ ਕਾਨੂੰਨ ਬਣਨ 'ਤੇ ਸਿੱਖ ਧਰਮ ਵਿਚ ਭਾਰੀ ਬਦਲਾਓ ਆਇਆ ਹੈ। ਬਦਲਾਓ ਆਉਣਾ ਸੁਭਾਵਕ ਵੀ ਸੀ, ਕਿਉਂਕਿ ਗੁਰਦੁਆਰਾ ਐਕਟ ਨੇ ਸਿੱਖ ਵੋਟਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰਾਂ ਦੀ ਸੀਮਾ ਨਿਰਧਾਰਤ ਕਰ ਦਿੱਤੀ ਹੈ। ਉਸ ਸੀਮਾ ਤੋਂ ਬਾਹਰ ਦੇ ਮਸਲਿਆਂ 'ਤੇ ਨਿਰਣਾ ਲੈਣ ਦਾ ਹੱਕ ਪੰਜਾਬ ਸਰਕਾਰ ਦਾ ਹੈ, ਜਿਵੇਂ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਵੋਟ ਦੇ ਹੱਕ ਦਾ ਨਿਰਣਾ ਸਰਕਾਰ ਕਰਦੀ ਹੈ। ਐਕਟ ਨੇ ਸਿੱਖਾਂ ਨੂੰ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਵੋਟਾਂ ਰਾਹੀਂ ਕਮੇਟੀ ਚੁਣਨ ਦਾ ਹੱਕ ਦਿੱਤਾ ਹੈ, ਇਹ ਉਨ੍ਹਾਂ ਦੇ ਹੱਕ ਦੀ ਸੀਮਾ ਹੈ। ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਇਤਿਹਾਸਕ ਗੁਰਦੁਆਰਿਆਂ ਦੀ ਪ੍ਰਬੰਧਕ ਹੈ ਅਤੇ ਉਨ੍ਹਾਂ ਦੀਆਂ ਬਿਲਡਿੰਗਾਂ, ਆਮਦਨ ਅਤੇ ਸੇਵਾਵਾਂ ਦੇ ਪ੍ਰਬੰਧ ਲਈ ਜ਼ਿੰਮੇਵਾਰ ਹੈ, ਪਰ ਮਹੰਤਾਂ ਵਾਂਗ ਗੁਰਦੁਆਰਿਆਂ 'ਤੇ ਮਾਲਕੀ ਦਾ ਹੱਕ ਜਤਾਉਣ ਦੀ ਅਧਿਕਾਰੀ ਨਹੀਂ। ਵੋਟਰਾਂ ਨੂੰ ਰਜਿਸਟਰ ਕਰਨ, ਉਮੀਦਵਾਰਾਂ ਦੀ ਪੜਤਾਲ ਕਰ ਕੇ ਪ੍ਰਵਾਨਗੀ ਦੇਣ, ਚੋਣਾਂ ਦੀ ਤਾਰੀਖ ਮੁਕੱਰਰ ਕਰਨ ਅਤੇ ਚੋਣਾਂ ਕਰਵਾ ਕੇ ਨਤੀਜਿਆਂ ਦਾ ਐਲਾਨ ਕਰਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ। ਸਰਕਾਰ ਨੂੰ ਇਤਿਹਾਸਕ ਅਤੇ ਦੂਜੇ ਗੁਰਦੁਆਰਿਆਂ ਬਾਰੇ ਕਾਨੂੰਨ ਬਣਾਉਣ, ਸੋਧਣ ਅਤੇ ਲਾਗੂ ਕਰਨ ਦਾ ਹੱਕ ਵੀ ਹੈ। ਪਬਲਿਕ ਕਾਰਪੋਰੇਸ਼ਨਾਂ ਵਾਂਗ ਇਤਿਹਾਸਕ ਗੁਰਦੁਆਰਿਆਂ ਦੀ ਮਾਲਕ ਹੁਣ ਪੰਜਾਬ ਸਰਕਾਰ ਹੈ। ਗੁਰਦੁਆਰਾ ਸੁਧਾਰ ਲਹਿਰ ਨੇ ਇਤਿਹਾਸਕ ਗੁਰਦੁਆਰਿਆਂ ਦੀ ਮਲਕੀਅਤ ਉਦਾਸੀ ਅਤੇ ਨਿਰਮਲੇ ਮਹੰਤਾਂ ਤੋਂ ਖੋਹ ਕੇ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਹੈ ਜਿਸ ਨਾਲ ਪੰਜਾਬ ਸਰਕਾਰ ਸਿੱਖ ਧਰਮ ਦੇ ਪ੍ਰਚਾਰ ਕੇਂਦਰਾਂ ਦੇ ਭਵਿਖ ਦੀ ਵਿਉਂਤਬੰਦੀ ਵਿਚ ਸਿੱਖ ਸਮਾਜ ਅਤੇ ਸ਼੍ਰੋਮਣੀ ਕਮੇਟੀ ਦੀ ਭਾਈਵਾਲ ਬਣ ਗਈ ਹੈ।

ਗੁਰਦੁਆਰਾ ਅਸਲ 'ਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਿਖਿਆ, ਸੰਚਾਰ, ਖੋਜ ਅਤੇ ਸੰਗਤ ਵਿਚ ਜੁੜ ਕੇ ਨਾਮ ਸਿਮਰਨ ਦੀ ਸਹੂਲਤ ਮੁਹੱਈਆ ਕਰਨ ਲਈ ਬਣਾਈ ਸੰਸਥਾ ਹੈ। ਇਸ ਦਾ ਮੁੱਖ ਮਨੋਰਥ ਗੁਰਬਾਣੀ ਦੇ ਅਧਿਆਤਮਕ ਗਿਆਨ ਦੀ ਸਿਖਿਆ ਦੇਣਾ ਅਤੇ ਉਸ ਦਾ ਪ੍ਰਸਾਰ ਕਰਨਾ ਹੈ। ਇਸ ਪੱਖੋਂ ਗੁਰਦੁਆਰੇ ਦੀ ਤੁਲਨਾ ਆਮ ਸਿਖਿਆ ਸੰਸਥਾਵਾਂ, ਜਿਵੇਂ ਯੂਨੀਵਰਸਿਟੀ, ਕਾਲਜ ਆਦਿ ਨਾਲ ਕੀਤੀ ਜਾ ਸਕਦੀ ਹੈ ਜਿਨ੍ਹਾਂ ਦੇ ਟੀਚਰ ਆਜ਼ਾਦ ਮਾਹੌਲ ਵਿਚ ਪਦਾਰਥਕ ਜਗਤ ਦੀ ਸਿਖਿਆ ਦਿੰਦੇ ਹਨ ਅਤੇ ਪ੍ਰਬੰਧਕ ਲੋੜੀਂਦੇ ਸਾਧਨਾਂ ਰਾਹੀਂ ਉਨ੍ਹਾਂ ਦੀ ਮਦਦ ਕਰਦੇ ਹਨ। ਗੁਰਦੁਆਰਿਆਂ ਵਿਚ ਗੁਰਬਾਣੀ ਦੇ ਅਧਿਆਤਮਕ ਗਿਆਨ ਦੀ ਸਿਖਿਆ ਦੇਣ ਦੀ ਜ਼ਿੰਮੇਵਾਰੀ ਸਿੱਖ ਵਿਦਵਾਨਾਂ ਦੀ ਹੋਣੀ ਸੀ, ਪਰ ਸ਼੍ਰੋਮਣੀ ਕਮੇਟੀ ਨੇ ਗੁਰਬਾਣੀ ਸਿਖਿਆ ਦੀ ਵਿਵਸਥਾ ਹੀ ਨਾ ਕੀਤੀ ਜਿਸ ਕਰ ਕੇ ਗੁਰਦੁਆਰਿਆਂ ਵਿਚ ਵਿਦਵਾਨਾਂ ਦੀ ਲੋੜ ਨਾ ਰਹੀ।

ਗੁਰਦੁਆਰਾ ਐਕਟ ਨੇ ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਿਆਂ ਦੇ ਪ੍ਰਬੰਧ ਦਾ ਹੱਕ ਦਿੱਤਾ ਹੈ। ਪ੍ਰਬੰਧਕ ਹੋਣ ਦੇ ਨਾਤੇ ਕਮੇਟੀ ਨੂੰ ਗੁਰਦੁਆਰਿਆਂ ਨੂੰ ਧਾਰਮਿਕ ਸਿਖਿਆ, ਸੰਚਾਰ ਅਤੇ ਖੋਜ ਕੇਂਦਰਾਂ ਵਜੋਂ ਵਿਕਸਿਤ ਕਰਨਾ ਚਾਹੀਦਾ ਸੀ, ਪਰ ਉਸ ਨੇ ਐਸਾ ਨਹੀਂ ਕੀਤਾ। ਸਿੱਖ ਵੋਟਰਾਂ ਵਲੋਂ ਚੁਣੀ ਹੋਈ ਹੋਣ ਕਾਰਨ ਕਮੇਟੀ ਨੂੰ ਆਪਣੇ ਕੰਮ ਵਿਚ ਜਮਹੂਰੀ ਢੰਗ ਅਪਨਾਉਣੇ ਚਾਹੀਦੇ ਸਨ। ਚਾਹੀਦਾ ਤਾਂ ਇਹ ਸੀ ਕਿ ਉਹ ਆਪਣੀਆਂ ਮੀਟਿੰਗਾਂ ਵਿਚ ਮੈਂਬਰਾਂ ਨੂੰ ਬਹਿਸ ਤੇ ਵਿਰੋਧ ਕਰਨ ਅਤੇ ਸਵਾਲ ਪੁੱਛਣ ਦੀ ਖੁੱਲ੍ਹ ਦਿੰਦੀ, ਵੋਟਰਾਂ ਦੀ ਜਾਣਕਾਰੀ ਲਈ ਆਪਣੀਆਂ ਕਾਰਵਾਈਆਂ ਨੂੰ ਪਾਰਦਰਸ਼ੀ ਰੱਖਦੀ ਤੇ ਉਨ੍ਹਾਂ ਨੂੰ ਆਪਣੀਆਂ ਯੋਜਨਾਵਾਂ ਵਿਚ ਭਾਈਵਾਲ ਬਣਾਉਂਦੀ, ਪਰ ਉਸ ਨੇ ਐਸਾ ਵੀ ਨਾ ਕੀਤਾ।

ਸ਼੍ਰੋਮਣੀ ਕਮੇਟੀ ਦੇ ਕਈ ਜ਼ਿੰਮੇਵਾਰ ਮੈਂਬਰ ਉਸ ਨੂੰ ਮਿਨੀ ਪਾਰਲੀਮੈਂਟ ਆਖਦੇ ਸਨ ਅਤੇ ਕਈ ਉਸ ਨੂੰ ਐਸੀ ਸੰਸਥਾ ਬਣਾਉਣ ਦੇ ਚਾਹਵਾਨ ਸਨ ਜੋ ਸਿੱਖ ਧਰਮ ਦੀ ਪ੍ਰਤੀਨਿਧ ਹੋਵੇ ਤਾਂ ਜੋ ਸਿੱਖ ਜਗਤ ਵਿਚ ਉਨ੍ਹਾਂ ਦੀ ਸ਼ਾਖ ਬਣ ਸਕੇ ਅਤੇ ਉਹ ਆਪਣੀਆਂ ਰਾਜਸੀ ਆਸ਼ਾਵਾਂ ਸਾਕਾਰ ਕਰ ਸਕਣ। ਉਹ ਕਮੇਟੀ ਨੂੰ ਆਪਣੀਆਂ ਰਾਜਸੀ ਇੱਛਾਵਾਂ ਦੀ ਪ੍ਰਾਪਤੀ ਦਾ ਸਾਧਨ ਬਣਾਉਣ

> **ਸ਼੍ਰੋਮਣੀ ਕਮੇਟੀ ਬਣਨ ਨਾਲ ਸਿੱਖ ਧਰਮ ਬਹੁਤ ਸਾਰੀਆਂ ਸੰਪਰਦਾਵਾਂ ਤੇ ਡੇਰਿਆਂ ਵਿਚ ਵੰਡਿਆ ਗਿਆ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਆਪ ਇੱਕ ਵੱਡੇ ਡੇਰੇ ਦਾ ਰੂਪ ਧਾਰ ਲਿਆ ਹੈ। ਇਸ ਦੀ 'ਸਿੱਖ ਰਹਿਤ ਮਰਿਆਦਾ' ਨੇ ਸਿੱਖਾਂ ਨੂੰ ਹੀ ਕਈ ਸ਼੍ਰੇਣੀਆਂ ਵਿਚ ਵੰਡ ਦਿੱਤਾ ਹੈ। ਰਹਿਤ ਮਰਿਆਦਾ ਅਨੁਸਾਰ ਕੇਵਲ 'ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ' ਰੱਖਣ ਵਾਲੇ ਹੀ ਸਿੱਖ ਹੁੰਦੇ ਹਨ, ਪਰ ਦੁਨੀਆਂ ਭਰ ਵਿਚ ਸਿੱਖ ਅਖਵਾਉਣ ਵਾਲਿਆਂ ਵਿਚ ਅੰਮ੍ਰਿਤਧਾਰੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ।**

ਦੇ ਅਭਿਲਾਸ਼ੀ ਸਨ।

ਸਿੱਖ ਵੋਟਰਾਂ ਦੀ ਬਹੁਗਿਣਤੀ ਸਿੱਖ ਧਾਰਮਿਕ ਪਰੰਪਰਾ ਦੀ ਸ਼ਰਧਾਲੂ ਸੀ। ਧਾਰਮਿਕ ਪਰੰਪਰਾ ਵਿਚ ਕਰਮ ਕਾਂਡ, ਮੂਰਤੀ ਪੂਜਾ ਆਦਿ ਦੀ ਪ੍ਰਮੁਖਤਾ ਸੀ। ਸਿੰਘ ਸਭਾ ਪਰੰਪਰਾਗਤ ਵਿਚਾਰਾਂ ਅਤੇ ਵਿਹਾਰ ਵਿਚ ਸੁਧਾਰ ਲਿਆਉਣ ਦੀ ਚਾਹਵਾਨ ਸੀ, ਪਰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਚੋਣਾਂ ਜਿੱਤਣ ਲਈ ਪਰੰਪਰਾ ਦੇ ਸ਼ਰਧਾਲੂਆਂ ਦੀਆਂ ਵੋਟਾਂ ਦੀ ਲੋੜ ਸੀ। ਇਸ ਲਈ ਉਹ ਪਰੰਪਰਾ ਵਿਚ ਸੁਧਾਰ ਲਿਆਉਣ ਦੀ ਥਾਂ ਉਸ ਦੇ ਉਪਾਸ਼ਕਾਂ ਦੇ ਸਹਿਯੋਗੀ ਬਣਨ ਨੂੰ ਤਰਜੀਹ ਦੇਣ ਲੱਗ ਪਏ।

ਧਰਮ ਵਿਚ ਗੁਰੂ, ਸੰਤ, ਮਹੰਤ, ਬਾਬੇ ਜਾਂ ਮਹਾਨ ਆਗੂ ਦੀ ਬਹੁਤ ਮਹੱਤਤਾ ਹੁੰਦੀ ਹੈ। ਸਿੱਖ

(ਬਾਕੀ ਅਗਲੇ ਸਫੇ 'ਤੇ)

# ਗੁਰੂ ਦੁਆਰੈ ਹੋਇ ਸੋਝੀ ਪਾਇਸੀ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਸਬੰਧਤ ਗੁਰਦੁਆਰਾ ਮੰਜੀ ਸਾਹਿਬ ਦੀ ਪ੍ਰਬੰਧਕੀ ਕਮੇਟੀ 'ਤੇ ਕਬਜੇ ਲਈ ਮੋਗਾ ਦੇ ਪਿੰਡ ਸਦਾ ਸਿੰਘ ਵਾਲਾ ਵਿਚ ਦੋ ਧੜਿਆਂ ਵਿਚਾਲੇ ਲੜਾਈ ਹੋ ਗਈ ਜਿਸ ਵਿਚ ਕਾਫੀ ਖੂਨ ਖਰਾਬਾ ਹੋਇਆ ਹੈ ਅਤੇ ਇੱਕ ਔਰਤ ਸਮੇਤ ਸੱਤ ਜਣੇ ਜ਼ਖਮੀ ਹੋਏ ਹਨ। 'ਪੰਜਾਬੀ ਟ੍ਰਿਬਿਊਨ' ਦੇ 11 ਸਤੰਬਰ ਦੇ ਅੰਕ ਵਿਚ ਖਬਰ ਦੇ ਨਾਲ ਆਪਸ ਵਿਚ ਲੜਦਿਆਂ ਦੀਆਂ ਅਤੇ ਲੜਾਈ ਵਿਚ ਜ਼ਖਮੀ ਹੋਏ ਬੰਦਿਆਂ ਦੀਆਂ ਤਸਵੀਰਾਂ ਵੀ ਛਪੀਆਂ ਹਨ। ਖਬਰ ਅਨੁਸਾਰ ਇਹ ਰੇੜਕਾ ਪਿਛਲੇ ਢਾਈ ਮਹੀਨੇ ਤੋਂ ਚੱਲ ਰਿਹਾ ਸੀ। ਕਾਂਗਰਸੀ ਵਿਧਾਇਕ ਡਾ. ਹਰਜੋਤ ਕਮਲ ਸਿੰਘ ਬਾਅਦ ਦੁਪਹਿਰ ਦੋ ਵਜੇ ਗੁਰਦੁਆਰੇ ਪਹੁੰਚੇ ਅਤੇ ਮੌਕੇ 'ਤੇ ਡੀ. ਐਸ. ਪੀ. ਸਿਟੀ ਗੋਬਿੰਦ ਸਿੰਘ ਵੀ ਮੌਜੂਦ ਸਨ। ਵਿਧਾਇਕ ਨੇ ਦੋਹਾਂ ਧਿਰਾਂ ਦਾ ਪੱਖ ਸੁਣਨ ਤੋਂ ਬਾਅਦ ਉਨ੍ਹਾਂ ਨਾਲ 12 ਸਤੰਬਰ ਨੂੰ ਤਿੰਨ ਵਜੇ ਮੁੜ ਮੀਟਿੰਗ ਕਰਨ ਦਾ ਸਮਾਂ ਰੱਖ ਲਿਆ। ਵਿਧਾਇਕ ਦੇ ਗੁਰਦੁਆਰੇ ਤੋਂ ਬਾਹਰ ਹੁੰਦੇ ਸਾਰ ਹੀ ਦੋਹਾਂ ਧਿਰਾਂ ਵਿਚ ਗਾਲੀ-ਗਲੋਚ ਤੋਂ ਗੱਲ ਸ਼ੁਰੂ ਹੋ ਕੇ ਹੱਥੋ-ਪਾਈ ਅਤੇ ਫਿਰ ਤਲਵਾਰਾਂ ਚੱਲਣ ਤੱਕ ਪਹੁੰਚ ਗਈ। ਜੇ ਪੁਲਿਸ ਉਥੇ ਹਾਜ਼ਰ ਨਾ ਹੁੰਦੀ ਤਾਂ ਨੁਕਸਾਨ ਹੋਰ ਵੀ ਜ਼ਿਆਦਾ ਹੋ ਸਕਦਾ ਸੀ।

ਇਹ ਹਾਲ ਹੈ ਸਾਡੇ ਸਿੱਖਾਂ ਦਾ! ਜਿਨ੍ਹਾਂ ਨੇ ਆਪਣੀ ਨਿਜੀ ਚੌਧਰ ਤੇ ਲਾਲਚ ਵੱਸ ਸਾਰੇ ਸਿੱਖ ਜਗਤ ਨੂੰ ਹੀ ਬਦਨਾਮ ਕੀਤਾ ਹੋਇਆ ਹੈ। ਇਹ ਵਰਤਾਰਾ ਦੇਸ਼-ਵਿਦੇਸ਼, ਹਰ ਥਾਂ ਵਾਪਰ ਰਿਹਾ ਹੈ। ਉਂਜ ਤਾਂ ਅਸੀਂ ਦਿਨ-ਦਿਹਾਰਾਂ 'ਤੇ ਨਗਰ ਕੀਰਤਨ ਅਤੇ ਹੋਰ ਸਮਾਗਮਾਂ ਰਾਹੀਂ ਦੁਨੀਆਂ ਨੂੰ ਖੂਬ ਦਿਖਾਉਂਦੇ ਹਾਂ ਕਿ ਅਸੀਂ ਗੁਰੂ ਦੇ ਕਿੰਨੇ ਸ਼ਰਧਾਲੂ ਸਿੱਖ ਹਾਂ ਪਰ ਆਪਣੀ ਹਉਮੈ ਨਹੀਂ ਤਿਆਗ ਸਕਦੇ!

ਭਾਈ ਕਾਹਨ ਸਿੰਘ ਨਾਭਾ ਨੇ 'ਗੁਰਦੁਆਰਾ' ਦੀ ਵਿਆਖਿਆ ਕਰਦਿਆਂ ਲਿਖਿਆ ਹੈ, "(1) ਕ੍ਰਿ. ਵਿ. ਗੁਰੂ ਦੀ ਮਾਰਫਤ, ਗੁਰੂ ਦੇ ਜਿਰੀਏ। (2) ਸੰਗਯਾ. ਗੁਰੂ ਦਾ ਘਰ। (3) ਸਿੱਖਾਂ ਦਾ ਧਰਮ ਮੰਦਿਰ. ਉਹ ਅਸਥਾਨ, ਜਿਸ ਨੂੰ ਦਸ ਸਤਿਗੁਰਾਂ ਵਿਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।" ਭਾਈ ਕਾਹਨ ਸਿੰਘ ਨਾਭਾ ਅੱਗੇ ਲਿਖਦੇ ਹਨ, "ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਿੱਖਾਂ ਦੇ ਧਰਮ ਮੰਦਿਰ ਦਾ ਨਾਮ 'ਧਰਮਸਾਲਾ' ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਨੇ ਸਭ ਤੋਂ ਪਹਿਲਾਂ ਅਮ੍ਰਿਤਸਰ ਸਰੋਵਰ ਦੇ ਧਰਮ ਮੰਦਿਰ ਦੀ 'ਹਰਿਮੰਦਿਰ' ਸੰਗਯਾ ਥਾਪੀ ਅਰ ਗੁਰੂ ਹਰਗੋਬਿੰਦ ਜੀ ਦੇ ਸਮੇਂ ਧਰਮਸਾਲਾ ਦੀ 'ਗੁਰਦੁਆਰਾ' ਸੰਗਯਾ ਹੋਈ ਹੈ।"

ਮੁਢਲੇ ਸਮਿਆਂ ਵਿਚ ਗੁਰਦੁਆਰੇ ਰਾਹੀਂ ਹੁੰਦੇ ਰਹੇ ਕਾਰਜਾਂ ਦੀ ਵਿਆਖਿਆ ਕਰਦਿਆਂ ਭਾਈ ਕਾਹਨ ਸਿੰਘ ਨਾਭਾ ਅੱਗੇ ਲਿਖਦੇ ਹਨ, "ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮਜਿਗਯਾਸਾ ਵਾਲਿਆਂ ਲਈ ਗਯਾਨਉਪਦੇਸ਼ਕ ਅਚਾਰਯ, ਰੋਗੀਆਂ ਲਈ ਸ਼ਫਾਖਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗਾ, ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ।"

ਭਾਈ ਸਾਹਿਬ ਅੱਗੇ ਲਿਖਦੇ ਹਨ, "ਸਤਿਗੁਰਾਂ ਦੇ ਵੇਲੇ ਅਤੇ ਬੁਢੇਦਲ ਦੇ ਸਮੇਂ ਗੁਰਦੁਆਰਿਆਂ ਦਾ ਖਾਸ ਧਯਾਨ ਰੱਖਿਆ ਜਾਂਦਾ ਸੀ, ਗੁਰਦੁਆਰੀਆ ਉਹ ਹੋਇਆ ਕਰਦਾ ਸੀ ਜੋ ਵਿਦਵਾਨ ਗੁਰਮਤਿ ਵਿਚ ਪੱਕਾ ਅਤੇ ਉਚੇ ਆਚਾਰ ਵਾਲਾ ਹੁੰਦਾ। ਜਮਾਨੇ ਦੀ ਗਰਦਿਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿਚ ਮੁਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ ਪੁਲਟ ਕਰ ਦਿੱਤਾ, ਜਿਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ 'ਤੇ ਭੀ ਹੌਲੀ ਹੌਲੀ ਹੋਇਆ ਪਰ ਕੌਮ ਵਿਚੋਂ ਜਿਉਂ ਜਿਉਂ ਗੁਰਮਤਿ ਦਾ ਪ੍ਰਚਾਰ ਲੋਪ ਹੁੰਦਾ ਗਿਆ, ਤਿਉਂ ਤਿਉਂ ਗੁਰਦੁਆਰਿਆਂ ਦੀ ਮਰਯਾਦਾ ਬਿਗੜਦੀ ਗਈ ਅਰ ਇਥੋਂ ਤੱਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਗੁਰਧਾਮ ਰਹਿ ਗਏ। ਗੁਰਦੁਆਰਿਆਂ ਦੇ ਸੇਵਕਾਂ ਨੇ ਗੁਰਦੁਆਰਿਆਂ ਦੀ ਜਾਯਦਾਦ ਨੂੰ ਆਪਣੀ ਘਰੋਗੀ ਬਣਾ ਲਿਆ ਅਰ ਪਵਿਤ੍ਰ ਅਸਥਾਨਾਂ ਵਿਚ ਉਹ ਅਪਵਿੱਤ੍ਰ ਕੰਮ ਹੋਣ ਲੱਗੇ, ਜਿਨ੍ਹਾਂ ਦਾ ਜਿਕਰ ਕਰਨਾ ਲੱਜਾ ਦਾ ਕਾਰਣ ਹੈ। ਸਮੇਂ ਦੇ ਗੇੜ ਨਾਲ ਜਦ ਹਿੰਦੋਸਤਾਨ ਦੇ ਅਨੇਕ ਮਤ ਦੇ ਲੋਕਾਂ ਨੇ ਆਪਣੇ ਸਮਾਜ ਅਤੇ ਜਥੇ ਧਰਮ ਸੁਧਾਰ ਲਈ ਬਣਾਏ, ਤਾਂ ਸਿੱਖਾਂ ਨੂੰ ਵੀ ਹੋਸ਼ ਆਈ ਅਤੇ ਉਨ੍ਹਾਂ ਨੇ ਸਿੰਘਸਭਾਵਾਂ ਅਰ ਖਾਲਸਾ ਦੀਵਾਨ ਬਣਾ ਕੇ ਧਰਮ ਅਤੇ ਸਮਾਜ ਦਾ ਸੁਧਾਰ ਕਰਨਾ ਅਰੰਭਿਆ, ਖਾਲਸਾ ਅਖਬਾਰ, ਖਾਲਸਾ ਸਮਾਚਾਰ ਆਦਿਕ ਅਖਬਾਰ ਅਤੇ ਖਾਲਸਾ ਟ੍ਰੈਕਟ ਸੋਸਾਇਟੀਆਂ ਦੁਆਰਾ ਉਤਮ ਲੇਖ ਨਿਕਲਣ ਲੱਗੇ, ਜਿਸ ਤੋਂ ਕੌਮ ਜਾਗ੍ਰਤ ਅਵਸਥਾ ਵਿਚ ਆਈ। ਇਸ ਵੇਲੇ ਜੋ 'ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇਖੀ ਜਾਂਦੀ ਹੈ, ਇਹ ਭੀ ਇਸੇ ਯਤਨ ਦਾ ਫਲ ਹੈ।"

ਗੁਰਦੁਆਰਾ ਮਹਿਜ ਇੱਕ ਧਾਰਮਿਕ ਸਥਾਨ ਨਹੀਂ ਹੈ, ਜਿੱਥੇ ਜਾ ਕੇ ਸਿੱਖ ਨੇ ਕੋਈ ਪੂਜਾ-ਪਾਠ ਕਰਨੀ ਹੈ, ਧਾਰਮਿਕ ਰਸਮਾਂ ਅਦਾ ਕਰਨੀਆਂ ਹਨ। ਗੁਰਦੁਆਰੇ ਰਾਹੀਂ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਮਨੁੱਖ ਦੀਆਂ, ਸਿੱਖ ਦੀਆਂ ਬਹੁਤ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ, ਜਿਸ ਦਾ ਵੇਰਵਾ ਭਾਈ ਕਾਹਨ ਸਿੰਘ ਨਾਭਾ ਨੇ ਗੁਰਦੁਆਰੇ ਦੀ ਵਿਆਖਿਆ ਕਰਦਿਆਂ ਦਿੱਤਾ ਹੈ। ਇਹ ਹੀ ਨਹੀਂ, ਧਾਰਮਿਕ ਸੰਸਥਾ ਹੋਣ ਦੇ ਨਾਲ ਨਾਲ ਗੁਰਦੁਆਰਾ ਸਿੱਖ ਵਾਸਤੇ ਇੱਕ ਸੰਕਲਪ ਹੈ, ਇੱਕ ਵਿਚਾਰਧਾਰਾ ਹੈ, ਇੱਕ ਸਿਧਾਂਤ ਹੈ, ਸਿਧਾਂਤ ਦਾ ਅਮਲੀ ਪ੍ਰਕਾਸ਼ਨ ਹੈ, ਜਿੱਥੇ ਜਾ ਕੇ ਉਸ ਨੇ ਗੁਰੂ-ਆਸ਼ੇ ਅਨੁਸਾਰ ਜੀਵਨ-ਜਾਚ ਸਿੱਖਣੀ ਹੈ, ਰਸਤਾ ਤਲਾਸ਼ਣਾ ਹੈ ਅਤੇ ਫਿਰ ਦੂਸਰਿਆਂ ਨੂੰ ਉਸ ਰਾਹ 'ਤੇ ਚੱਲਣ ਦੀ ਪ੍ਰੇਰਨਾ ਕਰਨੀ ਹੈ।

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਧਰਤੀ ਨੂੰ 'ਧਰਮਸਾਲ' ਕਿਹਾ ਹੈ ਜਿਸ ਨੂੰ ਕਰਤਾਰ ਨੇ ਧਰਮ ਕਮਾਉਣ ਦੇ ਸਥਾਨ ਵਜੋਂ ਸਥਾਪਤ ਕੀਤਾ ਹੈ। ਗੁਰੂ ਨਾਨਕ ਅਨੁਸਾਰ ਅਕਾਲ ਪੁਰਖ ਨੇ ਰਾਤਾਂ, ਰੁੱਤਾਂ, ਥਿਤਾਂ ਤੇ ਵਾਰ, ਹਵਾ, ਪਾਣੀ, ਅੱਗ ਅਤੇ ਪਾਤਾਲ ਆਦਿ ਦੀ ਰਚਨਾ ਕਰਕੇ ਇਨ੍ਹਾਂ ਵਿਚ ਧਰਤੀ ਨੂੰ ਧਰਮ ਕਮਾਉਣ ਲਈ ਸਥਾਨ ਬਣਾ ਕੇ ਟਿਕਾ ਦਿੱਤਾ, "ਰਾਤੀ ਰੁਤੀ ਥਿਤੀ ਵਾਰ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥" ਇਸੇ ਵਿਚਾਰ ਦੀ ਪ੍ਰੋੜਤਾ ਕਰਦਿਆਂ ਉਨ੍ਹਾਂ ਨੇ ਮਾਰੂ ਸੋਲਹੇ ਵਿਚ ਕਿਹਾ ਹੈ ਕਿ ਕਰਤਾ ਪੁਰਖ ਨੇ ਧਰਤੀ ਪੈਦਾ ਕਰਕੇ ਇਸ ਨੂੰ ਧਰਮ ਕਮਾਉਣ ਦੀ ਥਾਂ ਬਣਾ ਦਿੱਤਾ। ਗੁਰੂ ਅਮਰਦਾਸ ਵੀ ਇਸੇ ਵਿਚਾਰ ਨੂੰ ਦ੍ਰਿੜ ਕਰਦੇ ਹਨ, ਜਦੋਂ ਉਹ ਸੂਹੀ ਦੀ ਵਾਰ ਵਿਚ ਕਹਿੰਦੇ ਹਨ, "ਆਪੇ ਤਖਤੁ ਰਚਾਇਓਨੁ ਆਕਾਸ ਪਾਤਾਲਾ॥ ਹੁਕਮੇ ਧਰਤੀ ਸਾਜੀਅਨੁ ਸਚੀ ਧਰਮਸਾਲਾ॥"

ਗੁਰੂ ਅਰਜਨ ਦੇਵ ਰਾਗ ਸੂਹੀ ਵਿਚ 'ਧਰਮਸਾਲ' ਨੂੰ ਗੁਰਸਿੱਖਾਂ ਦਾ ਸਤਿਸੰਗੀਆਂ ਦੇ ਰੂਪ ਵਿਚ ਇਕੱਠੇ ਹੋ ਕੇ ਮਿਲ ਬੈਠਣ ਦਾ ਸਥਾਨ ਕਹਿੰਦੇ ਹਨ, ਜਿੱਥੇ ਬੈਠ ਕੇ ਅਕਾਲ ਪੁਰਖ ਦਾ ਸਿਮਰਨ ਕੀਤਾ ਜਾਂਦਾ ਹੈ। ਗੁਰੂ ਸਾਹਿਬ ਤਾਂ ਗੁਰੂ ਦੇ ਸਿੱਖਾਂ ਨੂੰ ਲੱਭ ਕੇ ਮਿਲਣ ਦੀ ਗੱਲ ਕਰਦੇ ਹਨ ਤਾਂ ਕਿ ਉਨ੍ਹਾਂ ਦੀ ਸੰਗਤਿ ਵਿਚ ਮਿਲ ਕੇ ਸਿਮਰਨ ਕੀਤਾ ਜਾਵੇ, ਗੁਰਸਿੱਖਾਂ ਦੀ ਸੇਵਾ ਕਰਨ ਦਾ ਅਵਸਰ ਮਿਲਣ ਦੀ ਗੱਲ ਕਰਦੇ ਹਨ, "ਮੈ ਬਧੀ ਸਦ ਧਰਮਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥" ਭਾਈ ਗੁਰਦਾਸ ਉਸ ਸਮਾਜਿਕ ਅਤੇ ਧਾਰਮਿਕ ਕਾਇਆਕਲਪ ਦੀ ਗੱਲ ਕਰਦਿਆਂ, ਜੋ ਗੁਰੂ ਨਾਨਕ ਸਾਹਿਬ ਦੇ ਇਸ ਧਰਤੀ 'ਤੇ ਪ੍ਰਗਟ ਹੋਣ ਨਾਲ ਹੁੰਦਾ ਹੈ, ਕਹਿੰਦੇ ਹਨ ਕਿ ਹਰ ਇੱਕ ਘਰ ਹੀ ਧਰਮ ਕਮਾਉਣ ਦਾ ਸਥਾਨ ਬਣ ਗਿਆ ਹੈ, ਜਿੱਥੇ ਅਕਾਲ ਪੁਰਖ ਦੀ ਉਸਤਤਿ ਕੀਤੀ ਜਾਂਦੀ ਹੈ, "ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।"

ਮਨੁੱਖ ਦਾ ਅਕਾਲ ਪੁਰਖ ਨਾਲ ਮੇਲ ਹੋਣਾ ਗੁਰੂ ਰਾਹੀਂ ਸੰਭਵ ਹੁੰਦਾ ਹੈ ਜਿਸ ਦਾ ਪ੍ਰਗਟਾਵਾ ਗੁਰੂ ਨਾਨਕ ਇਸ ਤਰ੍ਹਾਂ ਕਰਦੇ ਹਨ, "ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥" ਗੁਰੂ ਨਾਨਕ ਨੇ ਮਨੁੱਖ ਦੇ ਹਿਰਦੇ ਨੂੰ ਭਾਂਡਾ ਕਿਹਾ ਹੈ ਅਤੇ ਭਾਂਡਾ ਉਹੀ ਚੰਗਾ ਹੈ ਜੋ ਅਕਾਲ ਪੁਰਖ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋ ਜਾਂਦਾ ਹੈ ਅਰਥਾਤ ਜਿਸ ਹਿਰਦੇ ਵਿਚ ਅਕਾਲ ਪੁਰਖ ਦਾ ਨਿਵਾਸ ਹੋ ਜਾਂਦਾ ਹੈ। ਜੇ ਭਾਂਡਾ ਗੰਦਾ ਹੋ ਜਾਵੇ ਤਾਂ ਉਹ ਧੋਣ ਨਾਲ ਸਾਫ ਨਹੀਂ ਹੁੰਦਾ ਭਾਵ ਜੇ ਹਿਰਦੇ ਰੂਪੀ ਭਾਂਡਾ ਵਿਕਾਰਾਂ ਦੀ ਮੈਲ ਨਾਲ ਮੈਲਾ ਹੋ ਜਾਵੇ ਤਾਂ ਮਹਿਜ ਤੀਰਥ ਇਸ਼ਨਾਨ ਕੀਤਿਆਂ ਵਿਕਾਰਾਂ ਦੀ ਮੈਲ ਲੱਥ ਨਹੀਂ ਜਾਂਦੀ। ਇਸ ਹਿਰਦੇ ਵਿਚੋਂ ਵਿਕਾਰਾਂ ਦੀ ਮੈਲ ਨੂੰ ਕਿਸ ਤਰ੍ਹਾਂ ਉਤਾਰਨਾ ਹੈ, ਇਹ ਸੋਝੀ ਗੁਰੂ ਕੋਲੋਂ ਉਸ ਦੇ ਦਰਵਾਜ਼ੇ 'ਤੇ ਜਾਣ ਨਾਲ ਆਉਂਦੀ ਹੈ। ਗੁਰੂ ਦੇ ਦਰ 'ਤੇ ਰਹਿ ਕੇ ਹੀ ਉਸ ਦੀ ਅਗਵਾਈ ਵਿਚ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ ਅਤੇ ਮਨ ਪਵਿੱਤਰ ਹੁੰਦਾ ਹੈ। ਗੁਰੂ ਦੀ ਸਿੱਖਿਆ ਰਾਹੀਂ ਮਨੁੱਖ ਨੂੰ ਅਕਾਲ ਪੁਰਖ ਇਹ ਵਿਚਾਰਨ ਦੀ ਸੋਝੀ ਬਖਸ਼ਦਾ ਹੈ ਕਿ ਅਸੀਂ ਚੰਗੇ ਹਾਂ ਜਾਂ ਮੰਦੇ,

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥
ਗੁਰੂ ਦੁਆਰੈ ਹੋਇ ਸੋਝੀ ਹੋਇਸੀ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ॥

ਮਨੁੱਖ ਲਈ ਜੀਵਨ ਦੇ ਸਹੀ ਰਸਤੇ ਦਾ ਰਾਹ ਦਰਸਾਵਾ ਗੁਰੂ ਹੈ ਅਤੇ ਇਹ ਰਸਤਾ ਜਾਣਨ ਲਈ ਗੁਰੂ ਕੋਲ ਜਾਣਾ ਚਾਹੀਦਾ ਹੈ, ਗੁਰੂ ਨੂੰ ਮਿਲਣ ਲਈ ਗੁਰੂ ਦੇ ਦੁਆਰੇ 'ਤੇ ਜਾਣਾ ਹੈ। ਗੁਰੂ ਅਮਰਦਾਸ ਇਸੇ ਪਾਸੇ ਸੰਕੇਤ ਕਰਦਿਆਂ ਕਹਿੰਦੇ ਹਨ ਕਿ ਸਤਿਗੁਰੂ ਨੇ ਹੁਕਮ ਕੀਤਾ ਹੈ, ਮਨ ਨੂੰ ਭਰਮ-ਮੁਕਤ ਕਰਨ ਲਈ ਇਹ ਕਾਰ ਕਮਾਉਣੀ ਹੈ ਕਿ ਗੁਰੂ ਦੇ ਦਰ 'ਤੇ ਜਾ ਕੇ ਗੁਰੂ ਦੀ ਸਿੱਖਿਆ ਵਿਚ ਅਕਾਲ ਪੁਰਖ ਦਾ ਸਿਮਰਨ ਕਰਨਾ ਹੈ, ਉਹ ਹਰ ਇੱਕ ਦੇ ਅੰਗ-ਸੰਗ ਹੈ। ਇਸ ਲਈ ਆਪਣੀਆਂ ਅੱਖਾਂ ਤੋਂ ਭਰਮ ਦੇ ਜਾਲੇ ਲਾਹ ਕੇ ਆਪਣੇ ਅੰਦਰ ਉਸ ਦੀ ਜੋਤ ਨੂੰ ਟਿਕਾਉਣਾ ਹੈ,

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥
ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ॥

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਵੀ ਗੁਰਦੁਆਰੇ ਅਰਥਾਤ ਗੁਰੂ ਦੇ ਦਰ ਨੂੰ ਅਜਿਹਾ ਸਥਾਨ ਕਹਿੰਦੇ ਹਨ ਜਿਸ ਦਰ 'ਤੇ ਰਹਿ ਕੇ ਮਨੁੱਖ ਨੂੰ ਅਕਾਲ ਪੁਰਖ ਦੀ ਸਿਫਤਿ ਸਾਲਾਹ ਸੁਣਨੀ ਚਾਹੀਦੀ, ਅਕਾਲ ਪੁਰਖ ਦੀ ਵਡਿਆਈ, ਉਸ ਦਾ ਜਸ ਆਪਣੇ ਮੁੱਖ ਤੋਂ ਉਚਾਰਨਾ ਚਾਹੀਦਾ ਹੈ। ਉਹ ਮਨੁੱਖ ਅਜਿਹਾ ਉਦਮ ਕਰਦਾ ਹੈ ਜਿਸ ਨੂੰ ਗੁਰੂ ਮਿਲ ਪੈਂਦਾ ਹੈ ਅਤੇ ਗੁਰੂ ਰਾਹੀਂ ਮਨੁੱਖ ਦੇ ਸਾਰੇ ਝਗੜੇ, ਕਲੇਸ਼ ਖਤਮ ਹੋ ਜਾਂਦੇ ਹਨ। ਅਕਾਲ ਪੁਰਖ ਦੀ ਹਜ਼ੂਰੀ ਵਿਚ ਗੁਰੂ ਮਨੁੱਖ ਨੂੰ ਆਦਰ ਅਤੇ ਸਤਿਕਾਰ ਦਿੰਦਾ ਹੈ,

ਗੁਰਦੁਆਰੈ ਹਰਿ ਕੀਰਤਨੁ ਸੁਣੀਐ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ॥
ਕਲਿ ਕਲੇਸ ਮਿਟਾਏ ਸਤਿਗੁਰੁ
ਹਰਿ ਦਰਗਹ ਦੇਵੇ ਮਾਨਾ ਹੇ॥

ਭਾਈ ਕਾਹਨ ਸਿੰਘ ਨਾਭਾ ਨੇ ਗੁਰਦੁਆਰੇ ਦੀ ਵਿਆਖਿਆ ਕਰਦਿਆਂ ਜਿਸ ਤਰ੍ਹਾਂ ਦੇ ਕਾਰਜਾਂ ਦੀ ਪੂਰਤੀ ਗੁਰਦੁਆਰੇ ਰਾਹੀਂ ਹੋਣ ਦੀ ਗੱਲ ਕੀਤੀ ਹੈ, ਉਹ ਸਭ ਕਾਰਜ ਗੁਰਦੁਆਰੇ ਰਾਹੀਂ ਹੁੰਦੇ ਰਹੇ ਹਨ। ਪਰ ਇਹ ਬੀਤੇ ਦੀਆਂ ਗੱਲਾਂ ਹਨ। ਹੁਣ ਗੁਰਦੁਆਰਾ ਵਿਦਿਆਰਥੀਆਂ ਲਈ 'ਸਕੂਲ' ਦਾ ਕੰਮ ਨਹੀਂ ਕਰਦਾ ਕਿਉਂਕਿ ਇਹ ਕਾਰਜ ਵਿੱਦਿਆ ਕੇਂਦਰਾਂ ਨੇ ਸਾਂਭ ਲਏ ਹਨ। ਗੁਰਦੁਆਰਾ ਕਮੇਟੀਆਂ ਵੱਲੋਂ ਸਕੂਲ ਖੋਲ੍ਹੇ ਜਾਂਦੇ ਹਨ ਪਰ ਉਥੇ ਗਰੀਬ ਵਿਦਿਆਰਥੀਆਂ ਨੂੰ ਕੋਈ ਮੁਫਤ ਵਿੱਦਿਆ ਨਹੀਂ ਦਿੱਤੀ ਜਾਂਦੀ। ਆਤਮ ਜਗਿਆਸਾ ਦੀ ਥਾਂ ਰਾਜਨੀਤੀ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ, ਗੁਰਦੁਆਰੇ ਰਾਜਨੀਤਕ ਕੇਂਦਰ ਬਣ ਗਏ ਹਨ ਜਿਨ੍ਹਾਂ ਦੀ ਵਰਤੋਂ ਰਾਜਨੀਤਕ ਤਾਕਤ ਪਾਉਣ ਲਈ ਅਤੇ ਉਸ ਨੂੰ ਕਾਇਮ ਰੱਖਣ ਲਈ ਕੀਤੀ ਜਾਂਦੀ ਹੈ। ਰੋਗੀਆਂ ਲਈ ਸ਼ਫਾਖਾਨਾ ਹੁਣ ਗੁਰਦੁਆਰਾ ਨਹੀਂ ਹੈ ਅਤੇ ਇਹ ਕਾਰਜ ਡਾਕਟਰਾਂ ਅਤੇ ਹਸਪਤਾਲਾਂ ਨੇ ਸਾਂਭ ਲਿਆ ਹੈ। ਗੁਰਦੁਆਰਾ ਕਮੇਟੀਆਂ ਦੇ ਹਸਪਤਾਲ ਹਨ ਪਰ ਉਹ ਗਰੀਬਾਂ ਦਾ ਮੁਫਤ ਇਲਾਜ ਕਰਨ ਲਈ ਨਹੀਂ ਹਨ। ਲੰਗਰ ਦੀ ਸੰਸਥਾ ਭੁੱਖਿਆਂ ਲਈ ਅੰਨਪੂਰਣਾ ਹੈ ਪਰ ਉਸ ਵਿਚ ਬਹੁਤ ਵੱਡੀਆਂ ਤਬਦੀਲੀਆਂ ਆ ਗਈਆਂ ਹਨ ਅਤੇ ਇਸ ਦਾ ਸਬੰਧ ਭੁੱਖੇ ਨੂੰ ਪਰਸ਼ਾਦਾ ਛਕਾਉਣ ਨਾਲੋਂ ਦਿਖਾਵੇ ਨਾਲ ਵੱਧ ਹੈ।

ਇਸਤਰੀ ਜਾਤ ਦੀ ਪੱਤ ਰੱਖਣ ਜਾਂ ਉਸ ਦੀ ਕਿਸੇ ਮੁਸੀਬਤ ਸਮੇਂ ਸਹਾਇਤਾ ਕਰਨ ਦੀ ਇੱਕ ਉਦਾਹਰਣ 'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਡਾ. ਹਰਭਜਨ ਸਿੰਘ ਦੇ ਲੇਖ ਦੇ ਉਤਰ ਵਿਚ ਪਾਠਕਾਂ ਨੇ ਪੜ੍ਹੀ ਹੀ ਹੈ। ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਵਰਗੇ ਮੁਲਕਾਂ ਵਿਚ, ਭਾਰਤ ਵਿਚ ਤੇ ਭਾਰਤ ਤੋਂ ਵਿਆਹ ਕੇ ਆਈਆਂ ਬੀਬੀਆਂ ਨੂੰ ਬਥੇਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਮੇਰਾ ਖਿਆਲ ਨਹੀਂ ਕਿ ਕਿਸੇ ਵੀ ਗੁਰਦੁਆਰੇ ਵੱਲੋਂ ਕੋਈ ਇਸ ਕਿਸਮ ਦੀ ਕਮੇਟੀ ਜਾਂ ਅਜਿਹਾ ਸੰਗਠਨ ਬਣਾਇਆ ਗਿਆ ਹੋਵੇ ਜਿਹੜਾ ਦੁੱਖ ਝੱਲ ਰਹੀਆਂ ਇਨ੍ਹਾਂ ਬੀਬੀਆਂ ਦੀ ਕੋਈ ਸਹਾਇਤਾ ਕਰਦਾ ਹੋਵੇ।

ਪਿਛਲੇ ਲੇਖ ਵਿਚ ਜੋ ਅਸਲ ਪ੍ਰਸ਼ਨ ਉਠਾਉਣ ਦੀ ਕੋਸਿਸ਼ ਕੀਤੀ ਗਈ ਸੀ, ਉਹ ਸੀ ਜਾਤਾਂ, ਗੋਤਾਂ ਦੇ ਨਾਂ 'ਤੇ ਗੁਰਦੁਆਰਿਆਂ ਦੀ ਉਸਾਰੀ, ਖਾਸ ਕਰ ਪਿੰਡਾਂ ਵਿਚ ਦਲਿਤ ਭਾਈਚਾਰੇ ਦੇ ਅਲੱਗ ਗੁਰਦੁਆਰੇ ਸਥਾਪਤ ਹੋਣੇ ਜਦਕਿ ਗੁਰੂਆਂ ਵੱਲੋਂ ਸਥਾਪਤ ਕੀਤੇ ਧਰਮ ਦਾ ਮੁੱਖ ਆਦਰਸ਼ ਮਨੁੱਖਤਾ ਨੂੰ ਜੋੜਨਾ ਹੈ, ਨਾ ਕਿ ਜਾਤ, ਧਰਮ ਜਾਂ ਕੌਮ ਦੇ ਨਾਂ 'ਤੇ ਮਾਨਵਤਾ ਨੂੰ ਵੰਡਣਾ। ਵੱਡਾ ਤੇ ਅਹਿਮ ਨੁਕਤਾ ਇਹ ਹੈ ਕਿ ਅਜਿਹਾ ਆਮ ਸਿੱਖਾਂ ਵੱਲੋਂ ਨਹੀਂ ਕੀਤਾ ਜਾਂਦਾ, ਇਹ ਉਨ੍ਹਾਂ ਵੱਲੋਂ ਕੀਤਾ ਜਾਂਦਾ ਹੈ ਜੋ ਆਪਣੇ ਆਪ ਨੂੰ ਸਿੱਖੀ ਦੇ ਸਭ ਤੋਂ ਵੱਧ ਰਖਵਾਲੇ ਜਾਂ ਠੇਕੇਦਾਰ ਜਾਂ ਗਿਆਨੀ-ਧਿਆਨੀ ਸਮਝਦੇ ਹਨ। ਦਲਿਤ ਭਾਈਚਾਰੇ ਨੂੰ ਬਰਾਬਰ ਦਾ ਦਰਜਾ ਨਾ ਦੇਣਾ ਜਾਂ ਬਣਦਾ ਸਤਿਕਾਰ ਅਤੇ ਪ੍ਰਬੰਧਕੀ ਜਿੰਮੇਵਾਰੀਆਂ ਨਾ ਦੇਣ ਦਾ ਸੰਕੇਤ ਪਿਛਲੇ ਲੇਖ ਵਿਚ ਕੀਤਾ ਸੀ। ਡੇਰਾ ਸਿਰਸਾ ਨਾਲ ਜੁੜੇ ਗਰੀਬ ਪੇਂਡੂ ਪ੍ਰੇਮੀਆਂ ਬਾਰੇ ਛਪਦੀਆਂ ਖਬਰਾਂ ਅਨੁਸਾਰ ਇੱਕ ਹੋਰ ਕਾਰਨ ਘਰ ਦੇ ਕਿਸੇ ਇੱਕ ਮੈਂਬਰ ਦਾ ਰੁਜ਼ਗਾਰ ਦੀ ਖਾਤਰ ਡੇਰੇ ਨਾਲ ਜੁੜੇ ਹੋਣਾ ਹੈ। ਸੁਣਨ ਵਿਚ ਆਇਆ ਹੈ ਕਿ ਅਜਿਹੇ ਪਰਿਵਾਰਾਂ ਨੂੰ ਕਿਸੇ ਧਾਰਮਿਕ ਜਾਂ ਸਮਾਜਿਕ ਕਾਰਜ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦੇਣ ਤੋਂ ਇਨਕਾਰ ਕਰ ਦੇਣਾ ਜਾਂ ਉਨ੍ਹਾਂ ਨੂੰ ਗੁਰਦੁਆਰੇ ਵਿਚ ਦਾਖਲ ਹੋਣ ਤੋਂ ਮਨ੍ਹਾਂ ਕਰਨਾ ਵੀ ਇੱਕ ਕਾਰਨ ਹੈ। ਕਈ ਹੋਰ ਕਾਰਨ ਵੀ ਹੋ ਸਕਦੇ ਹਨ ਜਿਨ੍ਹਾਂ ਵਿਚ ਅਜਿਹੀ ਹਾਲਤ ਪੈਦਾ ਹੋ ਸਕਦੀ ਹੈ ਜਿਸ ਕਰਕੇ ਇਸ ਤੋਂ ਬਚਣ ਲਈ ਦਲਿਤ ਭਾਈਚਾਰਾ ਆਪਣਾ ਵੱਖਰਾ ਗੁਰਦੁਆਰਾ ਉਸਾਰ ਲੈਂਦਾ ਹੈ।

ਗੁਰੂ ਦਾ ਦਰ ਹਰ ਇੱਕ ਲਈ ਖੁੱਲ੍ਹਾ ਹੈ। ਸਿੱਖ ਹਰ ਰੋਜ਼ ਅਰਦਾਸ ਕਰਦਾ ਹੈ, 'ਜੋ ਜੀਅ ਆਵੇ ਸੋ ਰਾਜੀ ਜਾਵੇ।' ਸਿੱਖ ਦਾ ਫਰਜ਼ ਹੈ, ਭੁੱਲੇ-ਭਟਕਿਆਂ ਨੂੰ ਗੁਰੂ ਦੇ ਲੜ ਲਾਉਣਾ, ਉਨ੍ਹਾਂ ਨੂੰ ਰਸਤਾ ਦਿਖਾਉਣਾ ਨਾ ਕਿ ਦੁਰਕਾਰਨਾ। ਫਰਜ਼ ਬਣਦਾ ਹੈ ਕਿ ਪਹਿਲਾਂ ਉਸ ਜਾਂ ਉਸ ਦੇ ਪਰਿਵਾਰ ਦੀ, ਭਾਈਚਾਰੇ ਦੀ ਸਮੱਸਿਆ ਸਮਝੀ ਜਾਵੇ ਅਤੇ ਫਿਰ ਉਸ ਦਾ ਹੱਲ ਲੱਭਿਆ ਜਾਵੇ। ਹਰ ਸਮੱਸਿਆ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ ਅਤੇ ਸਿੱਖ ਨੂੰ ਗੁਰੂ ਨੇ ਹਦਾਇਤ ਕੀਤੀ ਹੈ ਕਿ ਸੰਗਤੀ ਰੂਪ ਵਿਚ ਮਿਲ-ਬੈਠ ਕੇ ਸ਼ਬਦ ਗੁਰੂ ਦੀ ਅਗਵਾਈ ਵਿਚ ਉਸ ਸਮੱਸਿਆ, ਉਸ ਦੁਬਿਧਾ ਦਾ ਹੱਲ ਲੱਭ ਕੇ ਸਮੱਸਿਆ ਦੂਰ ਕੀਤੀ ਜਾਵੇ,

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ॥
(ਪੰਨਾ 1185)

ਅਜਿਹੀਆਂ ਸਮੱਸਿਆਵਾਂ ਦਾ ਹੱਲ ਦੁਰਕਾਰਨ, ਅੱਡ ਕਰ ਦੇਣ ਜਾਂ ਅੱਡ ਹੋਣ ਵਰਗੇ ਹਾਲਾਤ ਪੈਦਾ ਕਰ ਦੇਣ ਵਿਚ ਨਹੀਂ ਹੈ। ਗੁਰੂ ਅਰਜਨ ਦੇਵ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਤਿਆਰ ਕੀਤੀ ਤਾਂ ਉਨ੍ਹਾਂ ਨੇ ਬਿਨਾ ਕਿਸੇ ਭੇਦ ਭਾਵ ਦੇ ਉਨ੍ਹਾਂ ਸੰਤਾਂ-ਭਗਤਾਂ ਦੀ ਬਾਣੀ ਵੀ ਨਾਲ ਸ਼ਾਮਲ ਕੀਤੀ, ਜਿਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ। ਜਦੋਂ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਤਾਂ ਚਾਰ ਦਿਸ਼ਾਵਾਂ ਵਿਚ ਚਾਰ ਦੁਆਰ ਰੱਖੇ ਤਾਂ ਕਿ ਬਿਨਾ ਕਿਸੇ ਭੇਦ-ਭਾਵ ਅਤੇ ਵਿਤਕਰੇ ਦੇ ਹਰ ਕੋਈ ਗੁਰੂ ਦੇ ਦਰਬਾਰ ਆ ਸਕੇ।

# ਗੁਰਦੁਆਰਾ ਕਾਨੂੰਨ

*(ਪਿਛਲੇ ਸਫੇ ਦੀ ਬਾਕੀ)*

ਧਰਮ ਦੀ ਪ੍ਰਤੀਨਿਧ ਬਣਨ ਲਈ ਸ਼੍ਰੋਮਣੀ ਕਮੇਟੀ ਨੂੰ ਵੀ ਐਸੇ ਆਗੂ ਦੀ ਲੋੜ ਸੀ ਜਿਸ ਨੂੰ ਲੋਕ ਮਹਾਨ ਸਮਝਦੇ ਹੋਣ। ਕਮੇਟੀ ਦੇ ਸਾਰੇ ਮੈਂਬਰ ਵੋਟਾਂ ਨਾਲ ਚੁਣੇ ਹੋਣ ਕਾਰਨ ਬਰਾਬਰ ਹੁੰਦੇ ਹਨ, ਉਨ੍ਹਾਂ ਵਿਚੋਂ ਕਿਸੇ ਇਕ ਨੂੰ ਮਹਾਨ ਬਣਾਉਣਾ ਵੋਟਤੰਤਰ ਪ੍ਰਣਾਲੀ ਦੇ ਵਿਰੁਧ ਸੀ, ਪਰ ਸਿੱਖ ਸਮਾਜ ਵਿਚ ਕਮੇਟੀ ਦੀ ਪ੍ਰਮੁਖਤਾ ਸਥਾਪਤ ਕਰਨ ਲਈ ਉਸ ਦੇ ਪ੍ਰਧਾਨ ਨੂੰ ਪੋਪਤੰਤਰ ਦੀ ਤਰਜ਼ 'ਤੇ ਧਾਰਮਿਕ ਤਾਨਾਸ਼ਾਹ ਬਣਾਉਣਾ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਸੀ।

ਸਿੱਖ ਧਰਮ 'ਤੇ ਆਪਣਾ ਨਿਵੇਕਲਾ ਕਬਜ਼ਾ ਜਮਾਉਣ ਲਈ ਸ਼੍ਰੋਮਣੀ ਕਮੇਟੀ ਨੇ ਜੋ ਵਿਵਸਥਾ ਕੀਤੀ ਹੈ, ਉਸ ਦੇ ਮੁੱਖ ਅੰਗ ਇਸ ਪ੍ਰਕਾਰ ਹਨ:

1. ਅਕਾਲ ਤਖਤ ਜੋ ਕਮੇਟੀ ਦੇ ਅਧੀਨ ਹੈ, ਨੂੰ ਸਿੱਖ ਧਰਮ ਦੀ ਕੇਂਦਰੀ ਅਤੇ ਮੁੱਖ ਸੰਸਥਾ ਐਲਾਨ ਕੇ ਕਮੇਟੀ ਦੇ ਇੱਕ ਕਰਮਚਾਰੀ ਨੂੰ ਇਸ ਦਾ ਅਹੁਦੇਦਾਰ ਨਿਯੁਕਤ ਕਰ ਕੇ ਉਸ ਦੀ ਉਪਾਧੀ ਨੂੰ ਜਥੇਦਾਰ ਦਾ ਨਾਂ ਦੇ ਦਿੱਤਾ।

2. ਅਕਾਲ ਤਖਤ ਦੇ ਜਥੇਦਾਰ ਨਾਲ ਦੋ ਆਪਣੇ ਕਰਮਚਾਰੀ ਅਤੇ ਦੋ ਹੋਰ ਜਥੇਦਾਰ ਮਿਲਾ ਕੇ ਪੰਜ ਵਿਅਕਤੀਆਂ ਦੀ ਇੱਕ ਜਥੇਦਾਰੀ ਸੰਸਥਾ ਬਣਾ ਕੇ ਉਸ ਨੂੰ ਸਿੱਖ ਧਰਮ ਨਾਲ ਸਬੰਧਤ ਹਰ ਮਸਲੇ ਦਾ ਫੈਸਲਾ ਕਰਨ, ਝਗੜੇ ਨਿਬੇੜਨ, ਸਿੱਖ ਵਿਦਵਾਨਾਂ ਦੀਆਂ ਲਿਖਤਾਂ ਨੂੰ ਸੈਂਸਰ ਕਰਨ ਅਤੇ ਦੰਡ ਦੇਣ ਦੇ ਅਧਿਕਾਰੀ ਹੋਣ ਦੀ ਘੋਸ਼ਣਾ ਕਰ ਦਿੱਤੀ। ਐਕਟ ਨੇ ਕਮੇਟੀ ਨੂੰ ਸਿੱਖਾਂ ਦੀ ਧਾਰਮਿਕ ਆਜ਼ਾਦੀ ਸੀਮਤ ਕਰਨ ਦਾ ਹੱਕ ਨਹੀਂ ਦਿੱਤਾ ਹੈ, ਪਰ ਉਸ ਨੇ ਆਪਣੇ ਕਰਮਚਾਰੀਆਂ ਦੀ ਸੰਸਥਾ ਨੂੰ ਐਸੇ ਹੱਕ ਦੇਣ ਦਾ ਵਾਅਦਾ ਕਰ ਕੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਨੂੰ ਸੀਮਤ ਕਰ ਦਿੱਤਾ।

3. ਸਿੱਖ ਧਰਮ ਨੂੰ ਗੁਰਮਤਿ ਦੀ ਥਾਂ ਗੁਰਦੁਆਰਾ ਪ੍ਰਬੰਧ ਦਾ ਭਾਗ ਅਤੇ ਪ੍ਰਸ਼ਾਸਕੀ ਕਰਤੱਵ ਅਤੇ ਗੁਰਮਤਿ ਦੀ ਸਿਖਿਆ, ਵਿਚਾਰ-ਵਟਾਂਦਰਾ ਅਤੇ ਖੋਜ ਦੀ ਥਾਂ ਅਖੰਡ ਪਾਠਾਂ ਦੀਆਂ ਲੜੀਆਂ, ਸੰਸਾਰਕ ਮੰਗਾਂ ਲਈ ਅਰਦਾਸਾਂ, ਸਿਆਸਤ ਤੋਂ ਪ੍ਰਭਾਵਿਤ ਜੋੜ ਮੇਲੇ, ਗੁਰਦੁਆਰਿਆਂ ਦੇ ਦਰਸ਼ਨ, ਲੰਗਰ, ਆਤਿਸ਼ਬਾਜ਼ੀ, ਦੀਵਿਆਂ ਦੀ ਪ੍ਰਦਰਸ਼ਨੀ, ਜਲਸੇ ਜਲੂਸ, ਖੇਡ ਤਮਾਸ਼ੇ, ਗਤਕਿਆਂ ਦੀਆਂ ਪ੍ਰਦਰਸ਼ਨੀਆਂ ਆਦਿ ਨੂੰ ਸਿੱਖ ਧਰਮ ਦੇ ਜ਼ਰੂਰੀ ਅੰਗ ਬਣਾ ਦਿੱਤਾ।

4. ਕਮੇਟੀ ਦੇ ਪ੍ਰਧਾਨ ਨੂੰ ਤਾਨਾਸ਼ਾਹਾਂ ਵਾਲੇ ਹੱਕ ਦੇ ਕੇ ਮਹਾਨ ਬਣਾ ਦਿੱਤਾ ਅਤੇ ਕਮੇਟੀ ਦੇ ਮੈਂਬਰਾਂ ਤੇ ਸਿੱਖ ਵੋਟਰਾਂ ਨੂੰ ਸਿੱਖ ਧਰਮ ਦੇ ਭਵਿਖ ਅਤੇ ਬਿਹਤਰੀ ਬਾਰੇ ਵਿਚਾਰ ਸਾਂਝੇ ਕਰਨ ਦੀ ਕੋਈ ਵਿਵਸਥਾ ਨਹੀਂ ਕੀਤੀ।

ਸ਼੍ਰੋਮਣੀ ਕਮੇਟੀ ਬਣਨ ਨਾਲ ਸਿੱਖ ਧਰਮ ਬਹੁਤ ਸਾਰੀਆਂ ਸੰਪਰਦਾਵਾਂ ਤੇ ਡੇਰਿਆਂ ਵਿਚ ਵੰਡਿਆ ਗਿਆ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਆਪ ਇੱਕ ਵੱਡੇ ਡੇਰੇ ਦਾ ਰੂਪ ਧਾਰ ਲਿਆ ਹੈ। ਇਸ ਦੀ 'ਸਿੱਖ ਰਹਿਤ ਮਰਿਆਦਾ' ਨੇ ਸਿੱਖਾਂ ਨੂੰ ਹੀ ਕਈ ਸ਼੍ਰੇਣੀਆਂ ਵਿਚ ਵੰਡ ਦਿੱਤਾ ਹੈ। ਰਹਿਤ ਮਰਿਆਦਾ ਅਨੁਸਾਰ ਕੇਵਲ 'ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ' ਰੱਖਣ ਵਾਲੇ ਹੀ ਸਿੱਖ ਹੁੰਦੇ ਹਨ, ਪਰ ਦੁਨੀਆਂ ਭਰ ਵਿਚ ਸਿੱਖ ਅਖਵਾਉਣ ਵਾਲਿਆਂ ਵਿਚ ਅੰਮ੍ਰਿਤਧਾਰੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਗੈਰ-ਅੰਮ੍ਰਿਤਧਾਰੀ ਸਿੱਖਾਂ ਵਿਚੋਂ ਬਹੁਤੇ ਕੇਸਾਧਾਰੀ ਵੀ ਨਹੀਂ ਹਨ ਅਤੇ ਉਨ੍ਹਾਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ, ਪਰ ਸਾਰੇ ਹੀ ਸਿੱਖ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਰੱਖਦੇ ਹਨ, ਐਤਵਾਰ ਨੂੰ ਗੁਰਦੁਆਰੇ ਜਾਂਦੇ ਹਨ, ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਸਮਾਜ ਸੇਵਾ ਕਰਨ ਲਈ ਤਤਪਰ ਰਹਿੰਦੇ ਹਨ। ਉਨ੍ਹਾਂ ਨੇ ਹੀ ਸਿੱਖ ਧਰਮ ਨੂੰ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਬਣਾਇਆ ਹੈ।

ਅਜੋਕੇ ਸਿੱਖ ਸਮਾਜ ਵਿਚ ਵੰਡੀਆਂ ਪੈ ਜਾਣ ਨਾਲ ਸਿੱਖ ਧਰਮ ਦੀ ਕੋਈ ਇੱਕ ਸਪਸ਼ਟ ਅਤੇ ਪ੍ਰਮਾਣਤ ਧਾਰਮਿਕ ਵਿਚਾਰਧਾਰਾ ਨਹੀਂ ਰਹਿ ਗਈ ਹੈ। ਕੇਵਲ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਹੀ ਸਿੱਖ ਧਰਮ ਦੀ ਏਕਤਾ ਦਾ ਆਧਾਰ ਬਣੀ ਹੋਈ ਹੈ। ਅਸਲ ਵਿਚ ਗੁਰਦੁਆਰਾ ਐਕਟ ਨੇ ਧਾਰਮਿਕ ਆਗੂਆਂ ਵਿਚ ਰਾਜਸੀ ਇੱਛਾਵਾਂ ਉਤੇਜਿਤ ਕਰ ਕੇ ਸਿੱਖ ਧਰਮ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੈ।

#

## ਪ੍ਰਕਾਸ਼ ਪੁਰਬ 'ਤੇ

# ਬਾਬਾ ਸ਼ੇਖ ਫਰੀਦ

ਬਾਬਾ ਸ਼ੇਖ ਫਰੀਦ ਦਾ ਜਨਮ ਪਿੰਡ ਖੇਤਵਾਲ, ਜਿਲ੍ਹਾ ਮੁਲਤਾਨ ਵਿਚ ਸੰਨ 1173 ਈ. ਵਿਚ ਮਾਤਾ ਕੁਰੈਸ਼ਮ ਖਾਤੂਨ ਦੀ ਕੁੱਖੋਂ ਹੋਇਆ। ਬਾਬਾ ਫਰੀਦ ਦੇ ਪਿਤਾ ਜਮਾਲ-ਉਦ-ਦੀਨ ਸੁਲੇਮਾਨ ਸੁਲਤਾਨ ਮਹਿਮੂਦ ਗਜ਼ਨੀ ਦੇ ਭਣੇਵੇਂ ਸਨ। ਪਰਿਵਾਰ ਸੁਲਤਾਨ ਸ਼ਹਾਬ-ਉਦ-ਦੀਨ ਦੇ ਸਮੇਂ ਕਾਬਲ ਤੋਂ ਕਸੂਰ ਆ ਗਿਆ ਅਤੇ ਉਥੋਂ ਖੇਤਵਾਲ।

ਵਾਸਦੇਵ ਸਿੰਘ ਪਰਹਾਰ
ਫੋਨ: 206-434-1155


ਬਾਬਾ ਫਰੀਦ ਦੀ ਪਤਨੀ ਵੀ ਸ਼ਾਹੀ ਖਾਨਦਾਨ ਵਿਚੋਂ ਸੁਲਤਾਨ ਗਿਆਸ-ਉਦ-ਦੀਨ ਬਲਬਨ ਦੀ ਪੁੱਤਰੀ ਸੀ। ਬਾਬਾ ਜੀ ਦੀ ਮੁਢਲੀ ਵਿਦਿਆ ਖੇਤਵਾਲ ਵਿਚ ਹੋਈ। ਫੇਰ ਉਹ ਮੁਲਤਾਨ ਚਲੇ ਗਏ ਅਤੇ ਮੌਲਵੀ ਮਨਹਾਲ-ਉਦ-ਦੀਨ ਤੋਂ ਕੁਰਾਨ ਸ਼ਰੀਫ, ਹਦੀਸ ਤੇ ਛਿਕਾ ਪੜ੍ਹੇ। ਉਸ ਪਿਛੋਂ ਦਿੱਲੀ ਚਲੇ ਆਏ ਅਤੇ ਖਵਾਜ਼ਾ ਕੁਤਬ-ਉਦ-ਦੀਨ ਕਾਕੀ ਨੂੰ ਗੁਰੂ ਧਾਰ ਲਿਆ। ਹੋਇਆ ਇਸ ਤਰ੍ਹਾਂ ਕਿ ਇਕ ਵਾਰ ਕਾਕੀ ਸਾਹਿਬ ਮੁਲਤਾਨ ਆਏ ਤੇ ਉਨ੍ਹਾਂ ਦੇਖਿਆ ਕਿ ਬਾਬਾ ਫਰੀਦ ਬੜੇ ਧਿਆਨ ਨਾਲ ਪੜ੍ਹ ਰਹੇ ਹਨ। ਉਨ੍ਹਾਂ ਪੁਛਿਆ, ਕੀ ਪੜ੍ਹ ਰਹੇ ਹੋ? ਬਾਬਾ ਫਰੀਦ ਨੇ ਉਤਰ ਦਿੱਤਾ, ਜਨਾਬ ਮੈਂ ਨਾਫਹ ਪੜ੍ਹ ਰਿਹਾ ਹਾਂ। ਕਾਕੀ ਸਾਹਿਬ ਨੇ ਬਚਨ ਕੀਤਾ, ਨਾਫਹ, ਨਾਫਹ ਹੀ ਸਾਬਤ ਹੋਵੇਗੀ। ਨਾਫਹ ਦਾ ਅਰਥ ਹੈ, ਨਫਾ ਦੇਣ ਵਾਲੀ।

ਫਰੀਦ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਮੈਨੂੰ ਆਪਣਾ ਚੇਲਾ ਬਣਾ ਲਓ। ਕਾਕੀ ਸਾਹਿਬ ਨੇ ਕਿਹਾ, ਅਜੇ ਤੁਸੀਂ ਸੰਸਾਰਕ ਵਿਦਿਆ ਪ੍ਰਾਪਤ ਕਰੋ, ਵਿਦਿਆ ਵੱਲ ਧਿਆਨ ਦੇਵੋ ਕਿਉਂਕਿ ਅਨਪੜ੍ਹ ਸੂਫੀ ਸ਼ੈਤਾਨ ਹੁੰਦਾ ਹੈ। ਪੜ੍ਹਾਈ ਪੂਰੀ ਕਰਕੇ ਮੇਰੇ ਪਾਸ ਆ ਜਾਣਾ।

ਬਾਬਾ ਜੀ ਨੇ ਵਿਦਿਆ ਪੂਰੀ ਕਰ ਕੇ ਦਿੱਲੀ ਦਾ ਰਾਹ ਫੜ੍ਹਿਆ। ਇਥੋਂ ਉਨ੍ਹਾਂ ਨੂੰ ਸਫਰ ਦਾ ਸ਼ੌਕ ਪੈਦਾ ਹੋਇਆ ਤੇ ਉਹ ਮੁਲਤਾਨ ਤੋਂ ਕੰਧਾਰ, ਬਗਦਾਦ ਅਤੇ ਈਰਾਨ ਗਏ। ਅਫਰੀਕਾ ਦੇ ਮੁਸਲਿਮ ਦੇਸ਼ਾਂ ਦਾ ਵੀ ਭਰਮਣ ਕੀਤਾ। ਉਹ ਉਨ੍ਹਾਂ ਮੁਲਕਾਂ ਦੇ ਵੱਡੇ ਵੱਡੇ ਵਿਦਵਾਨਾਂ ਨੂੰ ਮਿਲੇ ਜਿਨ੍ਹਾਂ ਵਿਚ ਸ਼ੇਖ ਸੁਹਾਬ-ਉਦ-ਦੀਨ ਸੁਹਰਾਵਰਦੀ, ਖਵਾਜ਼ਾ ਫਰੀਦ-ਉਦ-ਦੀਨ ਮਹੱਤਾਰ ਅਤੇ ਸ਼ੇਖ ਸ਼ਾਅਦੀ ਦੇ ਨਾਂ ਖਾਸ ਜ਼ਿਕਰਯੋਗ ਹਨ।

ਸਫਰ ਖਤਮ ਕਰਨ ਪਿਛੋਂ ਬਾਬਾ ਜੀ ਦਿੱਲੀ ਆ ਗਏ। ਕਾਕੀ ਸਾਹਿਬ ਨੇ ਉਨ੍ਹਾਂ ਨੂੰ ਭਾਈਚਾਰੇ ਤੇ ਦੋਸਤੀ ਦਾ ਪੈਗਾਮ ਫੈਲਾਉਣ ਦਾ ਉਪਦੇਸ਼ ਦਿੱਤਾ ਅਤੇ ਗਜ਼ਨੀ ਦਰਵਾਜ਼ੇ ਕੋਲ ਰਹਿਣ ਨੂੰ ਥਾਂ ਦੇ ਦਿੱਤੀ। ਇਥੇ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ। ਭੁੰਜੇ ਆਸਣ, ਇੱਟ ਦਾ ਸਿਰਹਾਣਾ, ਕੁਝ ਖਾਧੇ-ਪੀਤੇ ਬਿਨਾ ਸਰੀਰ ਹੱਡੀਆਂ ਦਾ ਪਿੰਜਰ ਬਣ ਗਿਆ। ਰਾਤ ਭਰ ਖੂਹ ਵਿਚ ਉਲਟੇ ਲਟਕਦੇ ਰਹਿੰਦੇ। ਉਨ੍ਹਾਂ ਪਾਸ ਲੋਕਾਂ ਦੀ ਆਵਾਜਾਈ ਵਧ ਗਈ ਅਤੇ ਭਗਤੀ ਦਾ ਸਮਾਂ ਨਾ ਮਿਲਦਾ। ਫਰੀਦ ਜੀ ਨੇ ਆਪਣੀ ਸਮੱਸਿਆ ਆਪਣੇ ਗੁਰੂ ਨੂੰ ਦੱਸੀ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਹਾਂਸੀ (ਹਿਸਾਰ) ਚਲੇ ਜਾਓ। ਉਥੇ ਇਕ ਮਸੀਤ ਵਿਚ ਰਹਿ ਕੇ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ।

ਇਨ੍ਹੀਂ ਦਿਨੀਂ ਕਾਕੀ ਸਾਹਿਬ ਰੱਬ ਨੂੰ ਪਿਆਰੇ ਹੋ ਗਏ ਅਤੇ ਬਾਬਾ ਫਰੀਦ ਨੂੰ ਉਨ੍ਹਾਂ ਦੀ ਥਾਂ ਦਿੱਲੀ ਦੀ ਗੱਦੀ ਮਿਲ ਗਈ ਪਰ ਦਿੱਲੀ ਵਿਖੇ ਆਏ-ਗਏ ਸੇਵਕਾਂ ਅਤੇ ਦੂਰੋਂ ਦੂਰੋਂ ਆਏ ਸ਼ਰਧਾਲੂਆਂ ਨਾਲ ਗੱਲਬਾਤ ਵਿਚ ਹੀ ਉਨ੍ਹਾਂ ਦਾ ਸਾਰਾ ਸਮਾਂ ਬਤੀਤ ਹੋ ਜਾਂਦਾ। ਅੱਲਾ ਦੀ ਬੰਦਗੀ ਲਈ ਸਮਾਂ ਹੀ ਨਾ ਮਿਲਦਾ। ਤੰਗ ਆ ਕੇ ਉਹ ਫੇਰ ਹਾਂਸੀ ਆ ਗਏ ਪਰ ਇਥੇ ਵੀ ਲੋਕਾਂ ਦੀ ਭੀੜ ਬਾਬਾ ਜੀ ਦੇ ਦਰਸ਼ਨਾਂ ਲਈ ਜੁੜੀ ਰਹਿੰਦੀ। ਉਥੋਂ ਉਹ ਅਯੋਧਨ ਚਲੇ ਗਏ। ਇਸ ਸ਼ਹਿਰ ਦਾ ਨਾਂ ਅਕਬਰ ਬਾਦਸ਼ਾਹ ਨੇ ਬਦਲ ਕੇ ਪਾਕ ਪੱਤਣ ਰੱਖ ਦਿੱਤਾ ਜੋ ਵਿਗੜ ਕੇ ਅੱਜ ਕਲ ਪਾਕਪਟਨ ਹੋ ਗਿਆ ਹੈ ਅਤੇ ਜਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਚ ਹੈ।



*ਬਾਬਾ ਸ਼ੇਖ ਫਰੀਦ ਜੀ ਦਾ ਇਕ ਚਿੱਤਰ*

ਬਚਪਨ ਵਿਚ ਸ਼ੇਖ ਫਰੀਦ ਨੂੰ ਨਮਾਜ ਪੜ੍ਹਾਉਣ ਲਈ ਉਨ੍ਹਾਂ ਦੀ ਮਾਤਾ ਜੀ ਉਨ੍ਹਾਂ ਦੇ ਆਸਣ ਹੇਠਾਂ ਥੋੜ੍ਹੀ ਜਿਹੀ ਸ਼ੱਕਰ ਰੱਖ ਦਿੰਦੇ ਅਤੇ ਆਖਦੇ, ਜੋ ਨਮਾਜ ਪੜ੍ਹਦਾ ਹੈ, ਅੱਲਾ ਉਸ ਨੂੰ ਸ਼ੱਕਰ ਦਿੰਦਾ ਹੈ। ਇਕ ਵਾਰ ਫਰੀਦ ਜੀ ਨੇ ਜੰਗਲ ਵਿਚ ਆਪਣੇ ਕਈ ਸਾਥੀਆਂ ਨਾਲ ਨਮਾਜ ਪੜ੍ਹੀ। ਪਹਿਲਾਂ ਦੀ ਤਰ੍ਹਾਂ ਮਸੱਲਾ ਚੁੱਕ ਕੇ ਦੇਖਿਆ, ਉਥੇ ਢੇਰ ਸਾਰੀ ਸ਼ੱਕਰ ਪਈ ਸੀ। ਉਨ੍ਹਾਂ ਦੀ ਮਾਂ ਘਰ ਬੈਠੀ ਫਿਕਰ ਕਰੇ ਕਿ ਅੱਜ ਉਸ ਦਾ ਪਾਜ ਖੁੱਲ੍ਹ ਜਾਏਗਾ ਕਿ ਉਹ ਫਰੀਦ ਦੇ ਮਸੱਲੇ (ਆਸਣ) ਹੇਠਾਂ ਸ਼ੱਕਰ ਰੱਖਦੀ ਸੀ। ਉਸ ਨੇਕ ਖਾਤੂਨ ਨੇ ਅੱਲਾ ਅੱਗੇ ਦੁਆ ਕੀਤੀ ਕਿ ਮੇਰੀ ਲਾਜ ਰੱਖੀਂ। ਫਰੀਦ ਜੀ ਨੇ ਘਰ ਆ ਕੇ ਦੱਸਿਆ ਕਿ ਅੱਜ ਤਾਂ ਢੇਰ ਸਾਰੀ ਸ਼ੱਕਰ ਮਿਲੀ ਜੋ ਅਸੀਂ ਸਾਰਿਆਂ ਨੇ ਰੱਜ ਰੱਜ ਖਾਧੀ। ਮਾਂ ਨੇ ਅੱਲਾ ਦਾ ਸ਼ੁਕਰ ਕੀਤਾ ਕਿ ਮਾਲਕ ਨੇ ਉਸ ਦੀ ਲਾਜ ਰੱਖੀ ਹੈ।

ਬਾਬਾ ਫਰੀਦ ਸ਼ਾਦੀ-ਸ਼ੁਦਾ ਫਕੀਰ ਸਨ। ਉਹ ਦਿੱਲੀ ਦੇ ਬਾਦਸ਼ਾਹ ਦੇ ਜਵਾਈ ਸਨ ਪਰ ਆਪ ਫਕੀਰੀ ਵੇਸ ਵਿਚ ਰਹਿੰਦੇ ਸਨ। ਫਰੀਦ ਜੀ ਦੇ ਛੇ ਪੁੱਤਰ ਅਤੇ ਦੋ ਧੀਆਂ ਸਨ। ਹਜਰਤ ਨਮਾਜ਼-ਉਦ-ਦੀਨ ਔਲੀਆ ਉਨ੍ਹਾਂ ਦੇ ਜਵਾਈ ਸਨ। ਪਾਕਪਟਨ ਦੀ ਗੱਦੀ ਉਨ੍ਹਾਂ ਪਿਛੋਂ ਵੱਡੇ ਪੁੱਤਰ ਸ਼ੇਖ ਬਦਰ-ਉਦ-ਦੀਨ ਸੁਲੇਮਾਨ ਨੂੰ ਮਿਲੀ।

ਬਾਬਾ ਫਰੀਦ 93 ਵਰ੍ਹਿਆਂ ਦੀ ਉਮਰੇ ਸੰਨ 1266 ਈ. ਵਿਚ ਇਸ ਜਹਾਨ-ਏ-ਫਾਨੀ ਨੂੰ ਅਲਵਿਦਾ ਆਖ ਗਏ। ਉਹ ਇਸਲਾਮ ਦੇ ਸਹੀ ਅਸੂਲਾਂ 'ਤੇ ਚਲਦੇ ਰਹੇ, ਹਾਲਾਂਕਿ ਕਈ ਸੂਫੀ ਇਸਲਾਮ ਦੇ ਅਸੂਲਾਂ ਦੇ ਪੂਰੇ ਪਾਬੰਦ ਨਹੀਂ ਸਨ। ਬਾਬਾ ਜੀ ਕਿਸੇ ਤੋਂ ਕੋਈ ਚੀਜ਼ ਮੰਗ ਕੇ ਨਹੀਂ ਸਨ ਲੈਂਦੇ। ਉਨ੍ਹਾਂ ਦੇ ਸਹੁਰਾ ਸਾਹਿਬ ਦਿੱਲੀ ਦੇ ਬਾਦਸ਼ਾਹ ਇਕ ਵਾਰ ਉਨ੍ਹਾਂ ਕੋਲ ਪਾਕਪਟਨ ਆਏ ਅਤੇ ਉਨ੍ਹਾਂ ਨੂੰ ਕੁਝ ਜਾਗੀਰ ਦੇਣੀ ਚਾਹੀ। ਬਾਬਾ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਹ ਕਿਸੇ ਜਰੂਰਤਮੰਦ ਨੂੰ ਦੇ ਦਿਓ, ਪੁੰਨ ਮਿਲੇਗਾ।

ਫਰੀਦ ਜੀ ਨੇ ਆਪਣੀ ਬਾਣੀ ਵਿਚ ਇਨਸਾਨ ਨੂੰ ਸਬਰ ਸੰਤੋਖ ਦਾ ਜੀਵਨ ਜਿਉਣ, ਸਹਿਨਸ਼ੀਲਤਾ, ਬੁਰੇ ਦਾ ਭਲਾ ਕਰਨ, ਅਹਿੰਸਾ ਅਤੇ ਇਮਾਨਦਾਰੀ ਨਾਲ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ। ਇਸੇ ਕਰਕੇ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨਯੋਗ ਥਾਂ ਮਿਲੀ। ਉਨ੍ਹਾਂ ਦੀ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਬਾਰੇ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਇਹ ਉਨ੍ਹਾਂ ਦੀ ਹੀ ਹੈ ਜਾਂ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਗੱਦੀ 'ਤੇ ਬੈਠਣ ਵਾਲੇ ਕਿਸੇ ਹੋਰ ਫਰੀਦ ਦੀ ਹੈ। ਇਸੇ ਤਰ੍ਹਾਂ ਭਗਤ ਕਬੀਰ ਅਤੇ ਭਗਤ ਰਵੀਦਾਸ ਜੀ ਦੀ ਵੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਦੇ 4 ਸ਼ਬਦ ਅਤੇ 112 ਸਲੋਕ ਹਨ। ਪੰਜਾਬੀ ਭਾਸ਼ਾ ਨੂੰ ਉਨ੍ਹਾਂ ਦੀ ਵੱਡੀ ਦੇਣ ਹੈ। ਉਨ੍ਹਾਂ ਨੇ ਫਾਰਸੀ ਦੀ ਥਾਂ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਆਪਣੀ ਮਾਂ ਬੋਲੀ ਨੂੰ ਸਤਿਕਾਰਿਆ।

# ਬਾਬਾ ਸ਼ੇਖ ਫਰੀਦ ਜੀ ਦੇ ਕੁਝ ਸਲੋਕ

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ॥
ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾਂ ਘਤਿ॥

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥
ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥
ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥

ਜੇ ਜਾਣਾ ਲੜਿ ਛਿਜਣਾ ਪੀਡੀ ਪਾਈਂ ਗੰਢਿ॥
ਤੈ ਜੇਵਡੁ ਮੈਂ ਨਾਹੀ ਕੋ ਸਭੁ ਜਗੁ ਡਿਠਾ ਹੰਢਿ॥

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰ ਦੇਖੁ॥

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥

ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ॥
ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ॥

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਈਂ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥

ਫਰੀਦਾ ਅਖੀ ਦੇਖ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥

ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
ਕਰ ਸਾਈਂ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈਂ ਡਿਠੁ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥

ਫਰੀਦਾ ਥੀਉ ਪਵਾਹੀ ਦਭੁ॥
ਜੇ ਸਾਈਂ ਲੋੜਹਿ ਸਭੁ॥
ਇਕੁ ਛਿਜਹਿ ਬਿਆ ਲਤਾੜੀਅਹਿ॥
ਤਾਂ ਸਾਈ ਦੈ ਦਰ ਵਾੜੀਅਹਿ॥

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾਂ ਤਲੈ ਮੁਇਆ ਉਪਰਿ ਹੋਇ॥

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤਾ ਕੂੜਾ ਨੇਹੁ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥

ਫਰੀਦਾ ਰਾਤੀ ਵਡੀਆਂ ਧਿਖ ਧੁਖਿ ਉਠਨਿ ਪਾਸ॥
ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ॥

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥
ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤਾ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ॥

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥

ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥
ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ॥
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ॥
ਸੋ ਹੇੜਾ ਘੜੀਆਲੁ ਜਿਉ ਡੁਖੀ ਰੈਣਿ ਵਿਹਾਇ॥

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ॥

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥

ਫਰੀਦਾ ਕੋਠੇ ਮੰਡਪ ਮਾੜੀਆਂ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਏ ਪਏ॥

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ॥

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
ਮੰਦੇ ਅਮਲ ਕਰੇਦਿਆ ਇਹ ਸਜਾਇ ਤਿਨਾਹ॥

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤ॥

ਫਰੀਦਾ ਰਤੀ ਰਤੁ ਨ ਨਿਕਲੈ ਜਿ ਤਨੁ ਚੀਰੈ ਕੋਇ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ॥

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥

ਫਰੀਦਾ ਸਿਰ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ॥

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰ॥
ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ॥

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥
ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ॥

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥

ਤਤੀ ਤੋਇ ਨ ਪਲਵੈ ਜਿ ਜਲਿ ਟੁਬੀ ਦੇਇ॥
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ॥

ਜਾਂ ਕੁਆਰੀ ਤਾ ਚਾਉ ਵੀਵਾਹੀ ਤਾ ਮਾਮਲੇ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥

ਕਲਰ ਕੇਰੀ ਛਪੜੀ ਆਏ ਉਲਥੇ ਹੰਝ॥
ਚਿੰਜੂ ਬੋੜਨ੍ਹਿ ਨਾ ਪੀਵਹਿ ਉਡਣ ਸੰਦੀ ਡੰਝ॥

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ॥

ਚਲਿ ਚਲਿ ਗਈਆਂ ਪੰਖੀਆ ਜਿਨ੍ਹੀ ਵਸਾਏ ਤਲ॥
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ॥

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀਆ ਲੜਿਓ ਮਾਸਿ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ॥

# ਜੈਤੋ ਦਾ ਮੋਰਚਾ ਅਤੇ ਸ਼ਹੀਦ ਭਗਤ ਸਿੰਘ

**ਸਿੱਖ ਇਤਿਹਾਸ ਵਿਚ ਜੈਤੋ ਦੇ ਮੋਰਚੇ ਦੀ ਵੱਖਰੀ ਪਛਾਣ ਹੈ। ਇਕ ਤਾਂ ਇਹ ਮੋਰਚਾ ਆਪਣੇ ਆਗਾਜ਼ ਪੱਖੋਂ ਵਿਲੱਖਣ ਸੀ, ਦੂਜੇ ਇਸ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਵਰਗੇ ਕੌਮੀ ਆਗੂਆਂ ਦੀ ਸ਼ਮੂਲੀਅਤ ਸਦਕਾ ਇਹ ਕੌਮੀ ਅੰਦੋਲਨ ਦਾ ਅਨਿੱਖੜਵਾਂ ਅੰਗ ਹੋ ਨਿਬੜਿਆ। ਇਸ ਤੋਂ ਇਲਾਵਾ ਭਗਤ ਸਿੰਘ ਵਰਗੇ ਇਨਕਲਾਬੀ ਵਿਚਾਰਧਾਰਾ ਨੂੰ ਸਮਰਪਿਤ ਨੌਜਵਾਨ ਦੀ ਨਿਰੋਲ ਧਾਰਮਿਕ ਲਹਿਰ ਵਿਚ ਸ਼ਮੂਲੀਅਤ ਕਰ ਕੇ ਪਹਿਲੀ ਰੂਪੋਸ਼ੀ ਸਹੇੜਨਾ ਵੀ ਉਸ ਦੀ ਵਿਸ਼ਾਲ ਚੇਤਨਤਾ ਦਾ ਪ੍ਰਤੱਖ ਪ੍ਰਮਾਣ ਹੈ। ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਨੇ ਆਪਣੇ ਇਸ ਲੇਖ ਵਿਚ ਇਸ ਮੋਰਚੇ ਦੇ ਵੱਖ ਵੱਖ ਪੱਖਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ।**

ਗੁਰਦੁਆਰਾ ਸੁਧਾਰ ਲਹਿਰ ਅੰਦਰ ਜੈਤੋ ਦੇ ਮੋਰਚੇ ਦੀ ਵੱਖਰੀ ਹੀ ਪਛਾਣ ਹੈ, ਕਿਉਂਕਿ ਇਹ ਨਾ ਸਿਰਫ ਆਪਣੇ ਆਗਾਜ਼ ਪੱਖੋਂ ਵਿਲੱਖਣ ਸੀ, ਬਲਕਿ ਇਸ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਵਰਗੇ ਕੌਮੀ ਆਗੂਆਂ ਦੀ ਸ਼ਮੂਲੀਅਤ ਸਦਕਾ ਇਹ ਕੌਮੀ ਅੰਦੋਲਨ ਦਾ ਅਨਿੱਖੜਵਾਂ ਅੰਗ ਵੀ ਹੋ ਨਿਬੜਿਆ ਸੀ। ਇਸ ਤੋਂ ਇਲਾਵਾ ਭਗਤ ਸਿੰਘ ਵਰਗੇ ਇਨਕਲਾਬੀ ਵਿਚਾਰਧਾਰਾ ਨੂੰ ਸਮਰਪਿਤ ਨੌਜਵਾਨ ਦੀ ਨਿਰੋਲ ਧਾਰਮਿਕ ਲਹਿਰ ਵਿਚ ਸ਼ਮੂਲੀਅਤ ਕਰ ਕੇ ਪਹਿਲੀ ਰੂਪੋਸ਼ੀ ਸਹੇੜਨਾ ਵੀ ਉਸ ਦੀ



**ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ**
**ਫੋਨ: +91-0172-2556314**

ਵਿਸ਼ਾਲ ਚੇਤਨਤਾ ਦਾ ਪ੍ਰਤੱਖ ਪ੍ਰਮਾਣ ਹੈ। ਹਾਲਾਂਕਿ ਉਸ ਨੇ ਇਸ ਮੋਰਚੇ ਤੋਂ ਤਿੰਨ-ਚਾਰ ਸਾਲ ਪਹਿਲਾਂ ਵੀ 1920 ਦੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਪਿੱਛੋਂ 5 ਮਾਰਚ ਨੂੰ ਇਸੇ ਸਾਕੇ ਦੀ ਯਾਦਗਾਰੀ ਕਾਨਫਰੰਸ ਵਿਚ ਨਾ ਕੇਵਲ ਹਾਜ਼ਰੀ ਹੀ ਭਰੀ ਸੀ, ਬਲਕਿ ਉਸ ਨੇ ਸਿੱਖ ਸੰਗਤਾਂ ਵਾਂਗ ਕਾਲੀ ਦਸਤਾਰ ਸਜਾਉਣ ਤੋਂ ਇਲਾਵਾ ਗੁਰਮੁਖੀ ਵਿਚ ਮੁਹਾਰਤ ਵੀ ਹਾਸਲ ਕੀਤੀ ਸੀ ਜੋ ਉਹ ਪਹਿਲਾਂ ਬਿਲਕੁਲ ਨਹੀਂ ਸੀ ਜਾਣਦਾ ਅਤੇ ਉਥੋਂ ਯਾਦਗਾਰੀ ਕੈਲੰਡਰ ਲਿਆਉਣੋਂ ਵੀ ਨਹੀਂ ਸੀ ਖੁੰਝਿਆ।

ਮੁਮਕਿਨ ਹੈ ਕਿ ਸ਼ਹੀਦੀ ਜਥੇ ਦੀ ਆਉ ਭਗਤ ਕਰਦਾ ਹੋਇਆ ਭਗਤ ਸਿੰਘ ਭਲੀ-ਭਾਂਤ ਸਚੇਤ ਸੀ ਕਿ ਇਸ ਦੇ ਬਦਲੇ ਉਸ ਨੂੰ ਜੇਲ੍ਹ ਜਾਣਾ ਹੀ ਪਵੇਗਾ, ਖਾਸ ਕਰ ਕੇ ਉਸ ਦਾ ਆਪਣਾ ਹੀ 'ਸ਼ਰੀਕ' ਦਿਲਬਾਗ ਸਿੰਘ ਜੋ ਸਰਕਾਰ ਕੋਲ ਹਮੇਸ਼ਾ ਇਹ ਦਾਅਵਾ ਕਰਦਾ ਆਇਆ ਸੀ ਕਿ 'ਸਾਡੇ ਪਿੰਡ ਵਿਚ ਮੇਰੀ ਰਜ਼ਾ ਬਿਨਾ ਪੱਤਾ ਵੀ ਨਹੀਂ ਹਿਲ ਸਕਦਾ', ਜਿਸ ਨੂੰ ਪੁਗਾਉਣ ਲਈ ਉਸ ਨੇ ਅੱਡੀ-ਚੋਟੀ ਦਾ ਜ਼ੋਰ ਵੀ ਲਾਇਆ ਸੀ।

ਇਸ ਵਰਤਾਰੇ ਬਾਰੇ ਚਰਚਾ ਕਰਦਿਆਂ ਇਹ ਵੀ ਕੁਥਾਏਂ ਨਹੀਂ ਹੋਵੇਗਾ ਕਿ ਭਗਤ ਸਿੰਘ ਕੁਝ ਕੁ ਮਹੀਨੇ ਪਹਿਲਾਂ ਹੀ ਆਪਣੇ ਘਰਦਿਆਂ ਵੱਲੋਂ 'ਰੂਪੋਸ਼ੀ' ਤੋਂ ਵਾਪਸ ਪਰਤਿਆ ਸੀ ਜਿਸ ਦੌਰਾਨ ਉਹ ਕਾਨ੍ਹਪੁਰ ਵਿਚ ਐਚ.ਐਸ.ਆਰ. ਦੇ ਗਠਨ ਅਤੇ ਨਾਲ ਹੀ ਉਸ ਦੀਆਂ 'ਵਾਰਦਾਤਾਂ' ਵਿਚ ਵੀ ਵਧ-ਚੜ੍ਹ ਕੇ ਸ਼ਾਮਲ ਰਹਿ ਚੁੱਕਿਆ ਸੀ। ਭਗਤ ਸਿੰਘ ਦੇ ਇਨਕਲਾਬੀ ਜੀਵਨ ਵਿਚ ਉਸ ਦੀ 1927 ਵਾਲੀ ਪਹਿਲੀ ਗ੍ਰਿਫਤਾਰੀ ਮੀਲ ਪੱਥਰ ਵਜੋਂ ਪ੍ਰਸਿਧ ਹੈ। ਸ਼ਾਇਦ ਇਕ ਤਾਂ ਉਸ ਦੀ ਲੁਭਾਉਣੀ ਮੰਜੇ ਵਾਲੀ ਫੋਟੋ ਕਰ ਕੇ ਅਤੇ ਉਸ ਗ੍ਰਿਫਤਾਰੀ ਦਾ 'ਮੈਂ ਨਾਸਤਕ ਕਿਉਂ ਹਾਂ' ਨਾਲ ਜੋੜ-ਮੇਲ ਕਰ ਕੇ। ਇਹ ਵੀ ਜ਼ਿਕਰਯੋਗ ਹੈ ਕਿ ਉਦੋਂ ਭਗਤ ਸਿੰਘ 16-17 ਕੁ ਸਾਲ ਦਾ ਹੀ ਸੀ।

### ਮੋਰਚੇ ਦਾ ਆਗਾਜ਼

**ਮਹਾਰਾਜ ਰਿਪੁਦਮਨ ਸਿੰਘ ਦੀ ਬਰਤਰਫੀ:** ਮਹਾਰਾਜ ਰਿਪੁਦਮਨ ਸਿੰਘ ਦਾ ਜਨਮ ਪਿਤਾ ਮਹਾਰਾਜਾ ਹੀਰਾ ਸਿੰਘ ਅਤੇ ਮਾਤਾ ਰਾਣੀ ਜਸਮੇਰ ਕੌਰ ਦੇ ਘਰ 4 ਮਾਰਚ 1883 ਨੂੰ ਹੋਇਆ ਸੀ। ਉਨ੍ਹਾਂ ਦੀ ਸਿੱਖਿਆ ਪ੍ਰਸਿਧ ਵਿਦਵਾਨ ਤੇ ਖੋਜੀ ਭਾਈ ਕਾਨ੍ਹ ਸਿੰਘ ਨਾਭਾ ਦੀ ਦੇਖ-ਰੇਖ ਵਿਚ ਹੋਈ ਸੀ। ਉਨ੍ਹਾਂ ਨੂੰ ਮਸਤੁਆਣੇ ਵਾਲੇ ਸੰਤ ਅਤਰ ਸਿੰਘ ਅਤੇ ਹੋਰ ਧਰਮੀ ਹਸਤੀਆਂ ਦੀ ਸੰਗਤ ਵੀ ਪ੍ਰਾਪਤ ਹੋਈ। 1906 ਤੋਂ 1908 ਤੱਕ ਟਿੱਕਾ ਰਿਪੁਦਮਨ ਸਿੰਘ ਗਵਰਨਰ ਜਨਰਲ (ਵਾਇਸਰਾਏ) ਦੀ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ। ਕੌਂਸਲ ਦੇ ਮੈਂਬਰ ਹੁੰਦਿਆਂ ਉਨ੍ਹਾਂ ਸਰਕਾਰ ਅਕਾਲੀਆਂ ਦੇ ਖਿਲਾਫ ਸੀ। ਨਨਕਾਣਾ ਸਾਹਿਬ ਦੇ ਸਾਕੇ ਦੇ ਸ਼ਹੀਦਾਂ ਦੀ ਯਾਦ ਵਿਚ 5 ਅਪਰੈਲ 1921 ਦੇ ਦਿਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਨੂੰ ਕਾਲੇ ਰੰਗ ਦੀ ਦਸਤਾਰ ਜਾਂ ਦੁਪੱਟੇ ਸਜਾਉਣ, ਥਾਂ-ਥਾਂ ਦੀਵਾਨ ਕੀਤੇ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਗਈ। ਸਿੱਖ ਮਹਾਰਾਜਿਆਂ ਵਿਚੋਂ ਸ਼ਾਇਦ ਇਕੋ ਮਹਾਰਾਜਾ ਰਿਪੁਦਮਨ ਸਿੰਘ ਹੀ ਸਨ, ਜਿਨ੍ਹਾਂ ਨੇ ਇਸ ਅਪੀਲ 'ਤੇ ਅਮਲ ਕਰਦਿਆਂ ਕਾਲੀ ਦਸਤਾਰ ਸਜਾਈ ਅਤੇ ਕੁੱਲ ਦਫਤਰ ਬੰਦ ਰੱਖਣ ਦੀ ਹਦਾਇਤ ਕੀਤੀ ਕਈ ਸੰਗੀਨ ਦੋਸ਼ ਲਾ ਕੇ ਹਿੰਦ ਸਰਕਾਰ ਕੋਲ ਦਖਲ ਦੇਣ ਲਈ ਦਰਖਾਸਤ ਕੀਤੀ ਗਈ। ਸਰਕਾਰੀ ਏਜੰਟਾਂ ਨੇ ਚਲਾਕੀ ਨਾਲ ਮਹਾਰਾਜਾ ਨਾਭਾ ਨੂੰ ਸਰਕਾਰ ਕੋਲੋਂ ਫੈਸਲਾ ਕਰਵਾ ਲੈਣ ਲਈ ਮਨਾ ਲਿਆ। 1922 ਦੇ ਅਖੀਰ ਵਿਚ ਅਲਾਹਾਬਾਦ ਹਾਈ ਕੋਰਟ ਦੇ ਇਕ ਜੱਜ ਨੇ ਪੜਤਾਲ ਕਰ ਕੇ ਮਹਾਰਾਜਾ ਨਾਭਾ ਖਿਲਾਫ ਫੈਸਲਾ ਦਿੱਤਾ। ਜੁਲਾਈ 1923 ਵਿਚ ਮਹਾਰਾਜੇ 'ਤੇ ਦਬਾਅ ਪਾ ਕੇ ਗੱਦੀ ਛੱਡ ਕੇ ਗੁਜ਼ਾਰਾ ਭੱਤਾ ਲੈ ਲੈਣ ਦੀ ਲਿਖਤ ਲੈ ਲਈ। ਮਹਾਰਾਜਾ ਨਾਭਾ ਨੂੰ ਤਿੰਨ ਲੱਖ ਰੁਪਏ ਸਾਲਾਨਾ ਦੇ ਕੇ ਦੇਹਰਾਦੂਨ ਭੇਜ ਦਿੱਤਾ ਤੇ





*ਭਗਤ ਸਿੰਘ ਦੀ ਤਸਵੀਰ ਅਤੇ (ਸੱਜੇ) ਜੈਤੋ ਦੇ ਮੋਰਚੇ ਲਈ ਜਾ ਅੱਗੇ ਵਧ ਰਿਹਾ ਜਥਾ*

ਸਰਕਾਰੀ ਮੈਂਬਰਾਂ ਦੀ ਹਮਾਇਤ ਕਰਨ ਦੀ ਥਾਂ ਨੈਸ਼ਨਲਿਸਟ ਮੈਂਬਰਾਂ-ਜੀ.ਕੇ. ਗੋਖਲੇ, ਆਰ.ਬੀ. ਘੋਸ਼, ਪੰਡਿਤ ਮਦਨ ਮੋਹਨ ਮਾਲਵੀਆ ਆਦਿ ਦਾ ਸਾਥ ਦਿੱਤਾ ਜਿਸ ਕਰ ਕੇ ਉਹ ਸਰਕਾਰ ਦੀਆਂ ਅੱਖਾਂ ਵਿਚ ਰੜਕਣ ਲੱਗੇ। ਆਪਣੇ ਪਿਤਾ ਮਹਾਰਾਜਾ ਹੀਰਾ ਸਿੰਘ ਦੇ ਅਕਾਲ-ਚਲਾਣੇ ਪਿੱਛੋਂ ਜਨਵਰੀ 1912 ਵਿਚ ਰਾਜ ਗੱਦੀ ਸੰਭਾਲਣ ਸਮੇਂ ਵੀ ਉਨ੍ਹਾਂ ਅੰਗਰੇਜ਼ ਅਧਿਕਾਰੀ ਹੱਥੋਂ ਤਾਜਪੋਸ਼ੀ ਦੀ ਰਸਮ ਕਰਵਾਉਣ ਦੀ ਥਾਂ ਸਿੱਖ ਰੀਤੀ ਨੂੰ ਅਪਨਾਇਆ, ਜਿਸ ਕਰ ਕੇ ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਬਾਗੀ ਸਮਝਣ ਲੱਗ ਪਈ। ਉਨ੍ਹਾਂ ਖਿਲਾਫ 1914-15 ਦੇ ਗਦਰੀ ਦੇਸ਼ ਭਗਤਾਂ ਨਾਲ ਹਮਦਰਦੀ ਰੱਖਣ ਦੀਆਂ ਰਿਪੋਰਟਾਂ ਵੀ ਸਰਕਾਰ ਕੋਲ ਪਹੁੰਚੀਆਂ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਸੀ।

ਹਿੰਦ ਸਰਕਾਰ ਸ਼੍ਰੋਮਣੀ ਕਮੇਟੀ ਤੋਂ ਬਹੁਤ ਔਖੀ ਸੀ ਤੇ ਮਹਾਰਾਜ ਦੇ ਪਹਿਲਾਂ ਤੋਂ ਹੀ ਖਿਲਾਫ ਸੀ, ਪਰ ਉਹ ਸਿੱਧਾ ਵਾਰ ਕਰਨ ਦੀ ਥਾਂ ਮੌਕੇ ਦੀ ਉਡੀਕ ਕਰ ਰਹੀ ਸੀ। ਇਹ ਮੌਕਾ ਸਰਕਾਰ ਨੂੰ ਨਾਭਾ ਅਤੇ ਪਟਿਆਲਾ ਦੇ ਮਹਾਰਾਜਿਆਂ ਦੇ ਘਰੋਗੀ ਝਗੜੇ ਵਿਚੋਂ ਮਿਲ ਗਿਆ। ਦੋਵੇਂ ਮਹਾਰਾਜੇ ਇਕੋ ਹੀ ਖਾਨਦਾਨ ਬਾਬਾ ਫੂਲ ਦੇ ਵੰਸ਼ ਵਿਚੋਂ ਸਨ ਅਤੇ ਸਿੱਖ ਪੰਥ ਦਾ ਅੰਗ ਸਨ। ਸ਼੍ਰੋਮਣੀ ਕਮੇਟੀ ਦੇ ਹੋਰ ਬਾਰਸੂਖ ਸੱਜਣਾਂ ਨੇ ਝਗੜੇ ਨੂੰ ਮੁਕਾਉਣ ਦਾ ਯਤਨ ਕੀਤਾ, ਪਰ ਸਰਕਾਰ ਨੇ ਦੋਵਾਂ ਦੇ ਅਹਿਲਕਾਰਾਂ ਨੂੰ ਅੰਦਰ-ਖਾਤੇ ਆਪਣੇ ਨਾਲ ਗੰਢ ਲਿਆ। ਉਨ੍ਹਾਂ ਨੇ ਦੋਵਾਂ ਵਿਚਕਾਰ ਵੱਡਾ ਪਾੜ ਪੈਦਾ ਕਰ ਦਿੱਤਾ। ਪਟਿਆਲਾ ਨਰੇਸ਼ ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਮਹਾਰਾਜਾ ਨਾਭਾ ਖਿਲਾਫ ਰਿਆਸਤ ਦੇ ਪ੍ਰਬੰਧ ਵਾਸਤੇ ਅੰਗਰੇਜ਼ ਐਡਮਿਨਿਸਟ੍ਰੇਟਰ (ਪ੍ਰਬੰਧਕ) ਦੀ ਨਿਯੁਕਤੀ ਕਰ ਦਿੱਤੀ ਗਈ।

ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖ ਪੰਥ ਵਿਚ ਭਾਰੀ ਰੋਸ ਫੈਲ ਗਿਆ ਤੇ ਸ਼੍ਰੋਮਣੀ ਕਮੇਟੀ ਨੇ ਮਹਾਰਾਜੇ ਨਾਲ ਹਮਦਰਦੀ ਅਤੇ ਉਨ੍ਹਾਂ ਨੂੰ ਮੁੜ ਨਾਭੇ ਦੀ ਗੱਦੀ ਦੀ ਪ੍ਰਾਪਤੀ ਲਈ ਪਾਠ ਤੇ ਅਰਦਾਸੇ ਕੀਤੇ। ਜੈਤੋ ਵਿਚ ਹੋ ਰਹੇ ਇਕ ਦੀਵਾਨ ਵਿਚ 27 ਅਗਸਤ 1923 ਨੂੰ ਮਹਾਰਾਜ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਫਿਰ 14 ਸਤੰਬਰ 1923 ਨੂੰ ਗੁਰਦੁਆਰਾ ਗੰਗਸਰ ਅੰਦਰ ਹੋ ਰਹੇ ਅਖੰਡ ਪਾਠ ਨੂੰ ਖੰਡਤ ਕਰ ਦਿੱਤਾ ਗਿਆ ਜਿਸ ਦੇ ਫਲਸਰੂਪ 14 ਸਤੰਬਰ 1923 ਤੋਂ ਬਾਕਾਇਦਾ, ਅਕਾਲੀ ਲਹਿਰ ਦਾ ਸਭ ਤੋਂ ਵੱਡਾ, ਜੈਤੋ ਦਾ ਮੋਰਚਾ ਸ਼ੁਰੂ ਹੋ ਗਿਆ।

### ਮੋਰਚੇ ਦੀ ਮੋਰਚਾਬੰਦੀ

ਇਸ ਮੋਰਚੇ ਦੀ ਵਾਗਡੋਰ ਅਕਾਲ ਤਖਤ ਨੂੰ ਸੌਂਪ ਦਿੱਤੀ ਗਈ ਜਿਸ ਅਧੀਨ ਸ਼ਾਂਤਮਈ ਸਿੱਖ ਸੱਤਿਆਗ੍ਰਹੀਆਂ ਦੇ ਪੰਜ-ਪੰਜ ਸੌ ਦੇ ਜ਼ਿਲ੍ਹੇਵਾਰ ਜਥੇ ਜੈਤੋ ਵੱਲ ਚਾਲੇ ਪਾਉਣ ਲੱਗ ਪਏ। ਇਨ੍ਹਾਂ ਸੱਤਿਆਗ੍ਰਹੀਆਂ 'ਤੇ ਗੋਲੀ ਚਲਾਈ ਗਈ ਤੇ ਲਾਠੀ-ਚਾਰਜ ਕੀਤਾ ਗਿਆ ਪਰ ਪੰਜਾਬ ਵਿਚੋਂ ਹੀ ਨਹੀਂ, ਭਾਰਤ ਅਤੇ ਵਿਦੇਸ਼ਾਂ ਵਿਚੋਂ ਵੀ ਸਿੱਖਾਂ ਨੇ ਇਸ ਅੰਦੋਲਨ ਵਿਚ ਵਧ ਚੜ੍ਹ ਕੇ ਭਾਗ ਲਿਆ। ਇਸ ਮੋਰਚੇ ਦੇ ਪੰਜਵੇਂ ਜਥੇ ਨੇ ਲਾਇਲਪੁਰ ਤੋਂ 12 ਅਪਰੈਲ 1924 ਨੂੰ ਚੱਲ ਕੇ ਮੋਰਚੇ ਦੇ ਮੁੱਖ ਕੇਂਦਰ ਅੰਮ੍ਰਿਤਸਰ ਵਿਚ 26 ਅਪਰੈਲ ਨੂੰ ਪਹੁੰਚਣਾ ਸੀ।

ਸਰਕਾਰੀ ਰਿਕਾਰਡ ਅਨੁਸਾਰ, 'ਭਗਤ ਸਿੰਘ ਚੱਕ ਨੰਬਰ 105 ਪਹੁੰਚਿਆ ਜਿਥੇ ਉਸ ਦੇ ਪਿਤਾ ਦੀ ਜ਼ਮੀਨ ਸੀ। ਉਥੇ ਉਸ ਨੇ ਲਾਇਲਪੁਰ ਦੇ ਸ਼ਹੀਦੀ ਜਥੇ ਦੀ ਟਹਿਲ-ਸੇਵਾ ਕੀਤੀ ਜਿਸ ਦੇ ਸਿੱਟੇ ਵਜੋਂ ਉਸ ਖਿਲਾਫ ਕ੍ਰਿਮੀਨਲ ਲਾਅ ਅਮੈਂਡਮੈਂਟ ਐਕਟ, ਧਾਰਾ 17 (1) ਅਧੀਨ ਮੁਕੱਦਮਾ ਦਰਜ ਕੀਤਾ ਗਿਆ, ਪਰ ਉਹ ਭਗੌੜਾ ਹੋ ਗਿਆ। ਇਸ ਸਮੇਂ ਉਹ ਉਤਰ ਪ੍ਰਦੇਸ਼ ਚਲਾ ਗਿਆ। ਇਥੇ ਉਹ ਤਕਰੀਬਨ ਇਕ ਮਹੀਨਾ ਕਾਨ੍ਹਪੁਰ ਵਿਚ ਰਿਹਾ ਤੇ ਹਸਰਤ ਮੋਹਾਨੀ ਨੂੰ ਮਿਲਿਆ। ਉਥੋਂ ਉਹ ਅਲੀਗੜ੍ਹ ਚਲਿਆ ਗਿਆ ਜਿਥੇ ਉਹ ਤਿੰਨ ਮਹੀਨੇ ਨੈਸ਼ਨਲ ਮੁਸਲਿਮ ਯੂਨੀਵਰਸਿਟੀ ਸਕੂਲ ਦੇ ਹੈਡਮਾਸਟਰ ਵਜੋਂ ਕਾਰਜ ਕਰਦਾ ਰਿਹਾ।'

ਕਿਉਂਕਿ ਹਰ ਜਥਾ ਜੈਤੋ ਵੱਲ ਪੈਦਲ ਹੀ ਜਾਂਦਾ ਸੀ, ਸੋ ਆਪਣੇ ਲੰਮੇ ਸਫਰ ਵਿਚ ਇਸ ਨੂੰ ਹਰ ਵਾਰੀ ਕਿਸੇ ਨਵੀਂ ਥਾਂ ਭੋਜਨ ਅਤੇ ਆਰਾਮ ਲਈ ਠਹਿਰਨਾ ਪੈਂਦਾ ਸੀ ਤੇ ਜਥੇ ਦੀ ਗਿਣਤੀ ਦੇ ਮੱਦੇਨਜ਼ਰ ਉਸ ਲਈ ਅਗਾਊਂ ਪ੍ਰਬੰਧ ਕੀਤੇ ਜਾਂਦੇ ਸਨ। ਇਸ ਮਕਸਦ ਲਈ, ਸਰਦਾਰ ਕਰਤਾਰ ਸਿੰਘ ਅਤੇ ਸਰਦਾਰ ਜਵਾਲਾ ਸਿੰਘ, ਜਿਹੜੇ ਮੋਰਚੇ ਦੇ ਆਗੂ ਸਨ, ਸਰਦਾਰ ਕਿਸ਼ਨ ਸਿੰਘ ਕੋਲ ਲਾਹੌਰ ਗਏ ਅਤੇ ਪਿੰਡ ਵਿਚ ਜਥੇ ਲਈ ਲੋੜੀਂਦੇ ਪ੍ਰਬੰਧ ਕਰਨ ਦੀ ਬੇਨਤੀ ਕੀਤੀ। ਉਸ ਨੇ ਭਾਵੇਂ ਸਾਰਾ ਪ੍ਰਬੰਧ ਆਪ ਹੀ ਕੀਤਾ ਹੁੰਦਾ, ਪਰ ਪਹਿਲਾਂ ਹੀ ਬਣੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਬੰਬਈ ਜਾਣਾ ਸੀ, ਸੋ ਉਨ੍ਹਾਂ ਨੇ ਇਹ ਜਿੰਮੇਵਾਰੀ ਆਪਣੇ ਲੜਕੇ ਭਗਤ ਸਿੰਘ ਨੂੰ ਸੌਂਪੀ। ਦੂਜੇ ਪਾਸੇ, ਇਸੇ ਪਰਿਵਾਰ ਵਿਚੋਂ ਹੀ ਇਸ ਉਪਰਾਲੇ ਦਾ ਵਿਰੋਧੀ ਸੀ ਦਿਲਬਾਗ ਸਿੰਘ ਜਿਸ ਨੂੰ ਆਨਰੇਰੀ ਮੈਜਿਸਟਰੇਟ ਦੀ ਪਦਵੀ ਮਿਲੀ ਹੋਈ ਸੀ, ਜੋ ਅੰਗਰੇਜ਼ੀ ਹਕੂਮਤ ਆਪਣੇ ਪਿੱਠੂਆਂ ਨੂੰ ਦਿਆ ਕਰਦੀ ਸੀ। ਦਿਲੋਂ ਤਾਂ ਲੋਕ ਭਾਵੇਂ ਅੰਦੋਲਨ ਦੇ ਪੱਖ ਵਿਚ ਸਨ, ਪਰ ਉਹ ਸਰਕਾਰ ਦੀ ਨਾਰਾਜ਼ਗੀ ਤੋਂ ਅਤੇ ਪੁਲਿਸ ਤੋਂ ਇਲਾਵਾ ਬਹੁਤਾ ਦਿਲਬਾਗ ਸਿੰਘ ਜਿਹੇ ਬੰਦਿਆਂ ਤੋਂ ਡਰਦੇ ਵੀ ਸਨ। ਲੋਕਾਂ ਦਾ ਡਰ ਉਦੋਂ ਅਸਲੀਅਤ ਵਿਚ ਬਦਲ ਗਿਆ, ਜਦੋਂ ਉਨ੍ਹਾਂ ਨੇ ਪੁਲਿਸ ਦੀਆਂ ਹੇੜ੍ਹਾਂ ਨੂੰ ਪਿੰਡ ਦੇ ਆਲੇ-ਦੁਆਲੇ ਮੰਡਰਾਉਂਦਿਆਂ ਵੇਖਿਆ।

ਜਥੇ ਦੇ ਪਹੁੰਚਣ ਵਾਲੇ ਦਿਨ ਸਤਾਰਾਂ ਸਾਲਾਂ ਦੇ ਨੌਜਵਾਨ ਭਗਤ ਸਿੰਘ ਨੇ ਨਾ ਕੇਵਲ ਇਕ ਖੁੱਲ੍ਹੀ ਥਾਂ 'ਤੇ ਜਥੇ ਨੂੰ ਲੰਗਰ ਹੀ ਛਕਾਇਆ, ਸਗੋਂ ਸ਼ਹੀਦਾਂ ਦੀ ਕੁਰਬਾਨੀ ਤੇ ਜੋਸ਼ੀਲਾ ਭਾਸ਼ਣ ਵੀ ਦਿੱਤਾ। ਆਸ ਅਨੁਸਾਰ ਇਸ ਕਾਰਵਾਈ ਨੂੰ ਦਿਲਬਾਗ ਸਿੰਘ ਨੇ ਆਪਣੇ ਮਾਣ-ਸਤਿਕਾਰ ਦਾ ਅਪਮਾਨ ਸਮਝਿਆ ਅਤੇ ਭਗਤ ਸਿੰਘ ਨੂੰ ਜੇਲ੍ਹ ਵਿਚ ਬੰਦ ਕਰਵਾਉਣ ਦੀ ਮਨਸ਼ਾ ਨਾਲ ਉਸ ਖਿਲਾਫ ਮੁਕੱਦਮਾ ਦਰਜ ਕਰਵਾ ਦਿੱਤਾ।

ਗੁਰਦੁਆਰਾ ਸੁਧਾਰ ਲਹਿਰ ਸਬੰਧੀ ਅੰਦੋਲਨ ਦੇ ਅਪਰੈਲ 1925 ਵਿਚ ਮੁੱਕਣ 'ਤੇ ਜਦੋਂ ਸਾਰੇ ਸੱਤਿਆਗ੍ਰਹੀ ਰਿਹਾ ਕਰ ਦਿੱਤੇ ਗਏ ਤਾਂ ਵੀ ਦਿਲਬਾਗ ਸਿੰਘ ਕਾਰਨ ਭਗਤ ਸਿੰਘ ਦੇ ਵਾਰੰਟ ਵਾਪਸ ਨਾ ਲਏ ਗਏ ਜੋ ਕਿਤੇ 1925 ਦੇ ਅਖੀਰ ਵਿਚ ਹੀ ਜਾ ਕੇ ਮਨਸੂਖ ਹੋਏ ਸਨ।

ਖੁਫੀਆ ਏਜੰਸੀ ਦੀਆਂ ਉਸ ਵੇਲੇ ਦੀ ਉਕਤ ਰਿਪੋਰਟ ਅਨੁਸਾਰ ਸਰਕਾਰ ਨੂੰ ਸ਼ੱਕ ਸੀ ਕਿ ਭਗਤ ਸਿੰਘ ਨੇ ਲਾਹੌਰ ਵਿਚ ਫਰਵਰੀ 1925 ਵਿਚ ਸਰਕਾਰ ਖਿਲਾਫ ਇਸ਼ਤਿਹਾਰ ਵੰਡੇ ਸਨ ਅਤੇ ਉਸ ਨੇ ਅਕਤੂਬਰ 1925 ਵਿਚ ਗੁਜਰਾਂਵਾਲੇ ਵਿਚ ਇਕ ਰਾਜਨੀਤਕ ਨਾਟਕ ਵਿਚ ਵੀ ਹਿੱਸਾ ਲਿਆ ਸੀ। ਇਹ ਵੀ ਦੱਸਿਆ ਜਾਂਦਾ ਹੈ ਕਿ ਫਰਾਰ ਹੋਣ ਦੌਰਾਨ ਭਗਤ ਸਿੰਘ ਨੇ ਨਹਿਰੀ ਪਾਣੀ ਦੀਆਂ ਦਰਾਂ ਵਧਾਉਣ ਖਿਲਾਫ ਜ਼ਿਮੀਂਦਾਰ ਸਭਾ ਦੇ ਅੰਦੋਲਨ ਵਿਚ ਵੀ ਭਾਗ ਲਿਆ ਸੀ।

#

# ਦਹੇਜ ਕਿ ਖੁਦਕੁਸ਼ੀ ਦਾ ਫੁਰਮਾਨ

"ਹੈਲੋ, ਤਿੰਨ ਲੱਖ ਰੁਪਿਆ ਜੇ ਤੁਸੀਂ ਮੁੰਡੇ ਦੀ ਝੋਲੀ ਵਿਚ ਪਾਉਂਦੇ ਹੋ ਤਾਂ ਭਲਕੇ ਮੈਂ ਆਪਣੇ ਮੁੰਡੇ ਨੂੰ ਵਿਆਹੁਣ ਆਵਾਂਗਾ, ਨਹੀਂ ਕਹਾਣੀ ਖਤਮ ਸਮਝੋ।" ਉਸ ਦੇ ਸਹੁਰੇ ਸਰਪੰਚ ਦੀਵਾਨ ਸਿੰਘ ਨੇ ਬਿਨਾ ਇਹ ਜਾਣੇ ਕਿ ਅੱਗੋਂ ਫੋਨ 'ਤੇ ਕੌਣ ਹੈ, ਆਪਣੇ ਵਲੋਂ ਫੁਰਮਾਨ ਜਾਰੀ ਕਰ ਦਿੱਤਾ। ਮੌਕਾ ਮੇਲ ਹੀ ਸਮਝੋ ਕਿ ਫੋਨ ਸੁਣਨ ਵਾਲੀ ਉਸ ਦੀ ਹੋਣ ਵਾਲੀ ਨੂੰਹ ਜਸ਼ਨ ਸੀ, ਜੋ ਸੁਣਦਿਆਂ ਹੀ ਘਬਰਾ ਗਈ।

**ਸੁਕੰਨਿਆ ਭਾਰਦਵਾਜ ਨਾਭਾ**
**ਫੋਨ: 815-307-3112**

ਜਸ਼ਨ ਨੇ ਕਿਹਾ, "ਪਾਪਾ ਜੀ ਥੋੜੀ ਆਵਾਜ਼ ਸਾਫ ਨਹੀਂ ਆ ਰਹੀ।" ਉਸ ਨੂੰ ਸੱਚ ਨਾ ਆਇਆ। ਲੱਗਿਆ ਕਿ ਸ਼ਾਇਦ ਉਸ ਨੇ ਗਲਤ ਸੁਣਿਆ ਹੈ।

ਅੱਗੋਂ ਸਰਪੰਚ ਨੇ ਕਿਹਾ, "ਇਥੇ ਰੌਲਾ ਬਹੁਤ ਪੈ ਰਿਹਾ ਹੈ, ਥੋੜ੍ਹਾ ਪਰਾਂ ਹੋ ਕੇ ਗੱਲ ਸੁਣ ਜਾਂ ਆਪਣੇ ਪਾਪਾ ਨਾਲ ਗੱਲ ਕਰਾ।"

ਉਸ ਨੇ ਚਾਅ ਮਲੋਦੀ ਨੇ ਦੱਸਿਆ ਕਿ ਪਾਪਾ ਜੀ ਪਾਠ ਦਾ ਭੋਗ ਪਾਇਆ ਹੈ ਤੇ ਹੁਣੇ ਹੁਣੇ ਹੀ ਨਾਨਕੇ ਆਏ ਹਨ ਜਿਸ ਕਰਕੇ ਘਰ ਸ਼ਰੀਕਾ ਇਕੱਠਾ ਹੋਇਆ ਹੈ। ਜਦੋਂ ਉਸ ਨੇ ਥੋੜ੍ਹਾ ਬਾਹਰ ਜਾ ਕੇ ਦੁਬਾਰਾ 'ਹੈਲੋ' ਕਿਹਾ ਤਾਂ ਅੱਗੋਂ ਫਿਰ ਉਹੋ ਹੀ ਫੁਰਮਾਨ ਦੁਬਾਰਾ ਜਾਰੀ ਕੀਤਾ ਗਿਆ, 'ਥੋੜੇ ਨਾਲ ਤਿੰਨ ਲੱਖ ਦੀ ਗੱਲ ਹੋਈ ਸੀ, ਉਹੋ ਦਿਓ। ਨਹੀਂ ਤਾਂ ਮੈਂ ਆਪਣੇ ਮੁੰਡੇ ਨੂੰ ਵਿਆਹੁਣ ਨਹੀਂ ਆਵਾਂਗਾ ਭਲਕੇ।'

ਜਸ਼ਨ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਨੇ ਰੋਂਦੀ ਰੋਂਦੀ ਨੇ ਕਿਹਾ, "ਪਾਪਾ ਜੀ ਮੈਨੂੰ ਤਾਂ ਪਤਾ ਲੱਗਾ ਹੈ ਕਿ ਇਹ ਡੇਢ ਲੱਖ ਦੀ ਗੱਲ ਸੀ ਤੇ ਸਮਾਨ ਕੋਈ ਨਹੀਂ ਦੇਣਾ।"

"ਇਹ ਥੋੜੀਆਂ ਗੱਲਾਂ ਨੇ, ਮੈਂ ਤਾਂ ਤਿੰਨ ਲੱਖ ਬਾਰੇ ਸਾਫ ਸ਼ਬਦਾਂ ਵਿਚ ਕਿਹਾ ਸੀ। ਨਾਲੇ ਵੱਡੇ ਫਰਿਜ ਲਈ ਕਿਹਾ ਸੀ ਕਿਉਂਕਿ ਸਾਡਾ ਪਹਿਲਾ ਫਰਿਜ ਖਰਾਬ ਹੋ ਗਿਆ ਹੈ। ਤੁਸੀਂ ਤਾਂ ਬੰਦੇ ਹੀ ਹੋਰ ਕਿਸਮ ਦੇ ਹੋ।" ਸਰਪੰਚ ਨੇ ਅੱਗੇ ਨਾਲੋਂ ਵੀ ਵੱਧ ਜ਼ੋਰ ਨਾਲ ਕਿਹਾ, "ਆਪਣੇ ਪਾਪਾ ਨਾਲ ਗੱਲ ਕਰਾ ਦੇਹ, ਨਹੀਂ ਤਾਂ ਉਸ ਨੂੰ ਦੱਸ ਦੇਵੀਂ।"

ਜਸ਼ਨ ਨੇ ਹੌਸਲਾ ਬਟੋਰ ਕੇ ਕਿਹਾ, "ਪਾਪਾ ਜੀ, ਇੰਨੀ ਵੱਡੀ ਰਕਮ ਐਨ ਮੌਕੇ ਉਤੇ ਮੇਰੇ ਪਾਪਾ ਕਿਵੇਂ ਕਰਨਗੇ?"

"ਇਹ ਮੈਂ ਨਹੀਂ ਜਾਣਦਾ।" ਅੱਗੋਂ ਸਹੁਰਾ ਸਾਹਿਬ ਦਾ ਰੁੱਖਾ ਜੁਆਬ ਸੀ, ਜੋ ਸਹੁਰਾ ਘੱਟ, ਗੈਰ ਜਿੰਮੇਵਾਰ ਸਰਪੰਚ ਵੱਧ ਲਗ ਰਿਹਾ ਸੀ।

ਜਸ਼ਨ ਕਦੇ ਆਪਣੇ ਹੱਥਾਂ 'ਤੇ ਉਸ ਦੇ ਪੁੱਤ ਦੇ ਨਾਂ ਦੀ ਮਹਿੰਦੀ ਤੇ ਪਾਏ ਰੰਗਲੇ ਚੂੜੇ ਵੱਲ ਅਤੇ ਕਦੇ ਆਪਣੇ ਮਜਬੂਰ ਪਿਤਾ ਵੱਲ ਦੇਖਦੀ।

ਇਹ ਸਾਰੀ ਗੱਲਬਾਤ ਦੀ ਵੀਡੀਓ ਜਦ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਾਂ ਕੁਮੈਂਟ ਆਉਣ ਲੱਗੇ: 'ਦੋਵੇਂ ਮੁੰਡਾ-ਕੁੜੀ ਪੜ੍ਹੇ-ਲਿਖੇ ਤੇ ਬਰਾਬਰ ਦੀ ਯੋਗਤਾ ਵਾਲੇ ਹਨ, ਕਿਉਂ ਨਹੀਂ ਦਾਜ ਤੋਂ ਸਰਪੰਚ ਨੂੰ ਰੋਕਦੇ?', 'ਫਿਰ ਕਿਸਾਨ ਖੁਦਕਸ਼ੀ ਨਹੀਂ ਕਰੂ ਤਾਂ ਕੀ ਕਰੂ!', 'ਸ਼ਰਮ ਆਉਣ ਚਾਹੀਦੀ ਹੈ ਪੁੱਤ ਵਾਲਿਆਂ ਨੂੰ ਜਦੋਂ ਕਿ ਦੋਵਾਂ ਪਿੰਡਾਂ ਦਾ ਵਕਫਾ 4 ਕਿਲੋਮੀਟਰ ਦਾ ਹੈ ਤੇ ਇਕ ਦੂਜੇ ਦੀ ਘਰੇਲੂ ਹਾਲਤ ਦਾ ਵੀ ਦੋਹਾਂ ਪਰਿਵਾਰਾਂ ਨੂੰ ਪਤਾ ਹੈ।', 'ਓ ਯਾਰ, ਜਦੋਂ ਕਿਸਾਨ ਹੀ ਕਿਸਾਨ ਦਾ ਦੁਖ ਨਹੀਂ ਸਮਝੂ ਤਾਂ ਆੜ੍ਹਤੀਏ, ਬੈਂਕ ਤੇ ਸਰਕਾਰਾਂ ਕਿਉਂ ਸਮਝਣਗੇ?', 'ਓ ਯਾਰ, ਸਰਪੰਚ ਡਿਫਾਲਟਰ ਹੈ, ਸਾਰਾ ਇਲਾਕਾ ਜਾਣਦਾ ਹੈ। ਧੀ ਵਾਲੇ ਨੇ ਖੁਦਕਸ਼ੀ ਨਾ ਕੀਤੀ ਤਾਂ ਇਹ ਕਰੇਗਾ।', 'ਪਿੰਡ ਦਾ ਮੋਹਤਬਰ ਹੋਣ 'ਤੇ ਇੰਨੇ ਗੈਰ ਜਿੰਮੇਵਾਰ ਤੇ ਅਸੰਵੇਦਨਸ਼ੀਲ ਕਿਉਂ ਹੋ ਜਾਂਦੇ ਹਨ?', 'ਬਸ ਆਪਾਂ ਤਾਂ ਇੰਨਾ ਕੰਮ ਕਰੀਏ ਕਿ ਇਸ ਫੋਨ ਕਾਲ ਨੂੰ ਇੰਨਾ ਫੈਲਾਓ ਕਿ ਸਰਪੰਚ ਕਿਸੇ ਪਾਸੇ ਜੋਗਾ ਨਾ ਰਹੇ ਤੇ ਬਾਕੀਆਂ ਨੂੰ ਵੀ ਕੰਨ ਹੋ ਜਾਣ।' ਇਤਿਆਦਿ।

"ਫਿਰ ਕਹਿੰਦੇ ਨੇ ਕਿ ਨੂੰਹਾਂ-ਧੀਆਂ ਸੱਸ ਸਹੁਰੇ ਦੀ ਸੇਵਾ ਨਹੀਂ ਕਰਦੀਆਂ।" ਘਰ ਵਿਚ ਕੰਮ ਕਰਦੇ ਨਾਈਆਂ ਦੇ ਬੁੜ੍ਹੇ ਨੇ ਕਿਹਾ। ਉਸ ਨੇ ਧੀ ਵਾਲਿਆਂ ਦੇ ਘਰ ਵਿਚ ਇਸ ਹੁੰਦੀ ਸੁਰ-ਸੁਰ ਨੂੰ ਸੁਣ ਲਿਆ ਸੀ।

ਜਸ਼ਨ ਨੇ ਇੱਕ ਵਾਰੀ ਤਾਂ ਸੋਚਿਆ ਕਿ ਉਹ ਹੁਣ ਇਨ੍ਹਾਂ ਦਾਜ ਦੇ ਲੋਭੀਆਂ ਦੇ ਘਰ ਵਿਆਹ ਨਹੀਂ ਕਰਾਏਗੀ। ਪਰ ਫਿਰ ਸਮਾਜਿਕ ਦਬਾਅ ਤੇ ਘਰ ਦੀ ਇੱਜਤ ਦੇ ਡਰੋਂ ਰੋਂਦੀ ਰੋਂਦੀ ਨੇ ਫੋਨ ਆਪਣੇ ਬਾਪ ਦੇ ਹੱਥ ਫੜਾ ਦਿੱਤਾ।

# ਸਫਰ ਵਿਰੁਧ ਸਫਰ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਦਸਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***



**ਸ਼ੌਰਟ ਕੱਟ**
**ਵਾਇਆ**
**ਲੌਂਗ ਰੂਟ**
**10**

**ਅਮਰੀਕ ਸਿੰਘ ਬਲ**
ਫੋਨ: 34602835897

## ਤੁਸੀਂ ਪੜ੍ਹ ਚੁੱਕੇ ਹੋ...

*ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ 'ਚੋਂ ਵੀ ਲੰਘਣਾ ਪੈਣਾ ਹੈ... ਤੇ ਫਿਰ ਔਖੇ ਹਾਲਾਤ ਨਾਲ ਘੁਲਦਿਆਂ 20 ਵਰ੍ਹਿਆਂ ਦਾ ਸੋਨੂੰ ਆਪਣਿਆਂ ਤੋਂ ਇੰਨੇ ਹਜ਼ਾਰ ਮੀਲ ਦੂਰ ਅਲਵਿਦਾ ਆਖ ਗਿਆ। ਸਫਰ ਫਿਰ ਵੀ ਮੁੱਕ ਨਹੀਂ ਸੀ ਰਿਹਾ... ਹੁਣ ਪੜ੍ਹੋ ਇਸ ਤੋਂ ਅੱਗੇ...*

ਗਈ ਸ਼ਾਮ ਤੋਂ ਅਸੀਂ ਖਦਸ਼ਿਆਂ ਨਾਲ ਘੁਲਦੇ ਰਹੇ। ਕਈ ਤਰ੍ਹਾਂ ਦੇ ਸੰਸੇ ਉਖੜੀਆਂ ਸੋਚਾਂ 'ਤੇ ਹੱਲਾ ਬੋਲਦੇ ਰਹੇ। ਇਨ੍ਹਾਂ ਨੇ ਰਾਤ ਭਰ ਦੀ ਨੀਂਦ ਨੂੰ ਨਿੱਕੇ-ਨਿੱਕੇ ਬੇਸ਼ੁਮਾਰ ਟੁਕੜਿਆਂ ਵਿਚ ਵੰਡ ਦਿੱਤਾ ਸੀ। ਦਿਨ ਚੜ੍ਹੇ ਪਾਠ ਤੋਂ ਬਾਅਦ ਸਭ ਖਾਮੋਸ਼ੀ ਦੀ ਚਾਦਰ ਲਪੇਟੀ ਗੁੰਮਸੁੰਮ ਬੈਠੇ ਸਨ। ਬਾਹਰ ਦੋ ਗੱਡੀਆਂ ਰੁਕਣ ਦੀ ਆਵਾਜ਼ ਸੁਣਾਈ ਦਿੱਤੀ। ਬੋਲਣਾ ਤਾਂ ਦੂਰ, ਸਭ ਨੇ ਸਾਹ ਰੋਕ ਲਏ। ਦਰਵਾਜ਼ਾ ਖੜਕਿਆ... ਫਿਰ ਜ਼ੋਰਦਾਰ ਸੱਟ ਵੱਜੀ, ਬਿਨਾ ਕੁੰਡੀ ਤੋਂ ਦਰਵਾਜ਼ਾ ਅੱਗੇ ਬੈਠੇ ਮੁੰਡਿਆਂ ਨਾਲ ਟਕਰਾਇਆ। ਬਾਹਰ ਦਾ ਦ੍ਰਿਸ਼ ਦੇਖ ਕੇ ਸਾਨੂੰ ਜਿਵੇਂ ਲਕਬਾ ਮਾਰ ਗਿਆ ਹੋਵੇ, ਸਭ ਸੁੰਨ ਹੋ ਗਏ। 7-8 ਹਥਿਆਰਬੰਦ ਫੌਜੀ ਖੜ੍ਹੇ ਸਨ। ਅਸੀਂ ਜਿਵੇਂ ਅਸਮਾਨ ਤੋਂ ਧਰਤੀ 'ਤੇ ਆ ਡਿੱਗੇ।

ਇਸ਼ਾਰੇ ਨਾਲ ਸਾਨੂੰ ਬਾਹਰ ਨਿਕਲਣ ਦੇ ਹੁਕਮ ਹੋਏ। ਆਪਣੇ ਝੂਠੇ ਪਏ ਜਿਸਮ ਸੰਭਾਲਦੇ ਹੌਲੀ-ਹੌਲੀ ਬਾਹਰ ਨਿਕਲੇ। ਨਾ ਸਾਨੂੰ ਕੁਝ ਸਮਝ ਆ ਰਹੀ ਸੀ, ਨਾ ਕੁਝ ਸਮਝਾ ਸਕਦੇ ਸਾਂ। ਮੋਟੀ-ਮੋਟੀ ਤਲਾਸ਼ੀ ਲਈ ਗਈ। ਸਭ ਦੇ ਚਿਹਰਿਆਂ 'ਤੇ ਫਿਟਕਾਰ ਵਰ੍ਹ ਰਹੀ ਸੀ। ਬੜੇ ਗਰੀਬੜੇ ਜਿਹੇ, ਤਰਸਮਈ ਹਾਵ-ਭਾਵ ਲਈ ਸਾਰੇ ਮੁਜਰਿਮਾਂ ਵਾਂਗ ਖੜ੍ਹੇ ਸਨ। ਡਰ ਸੀ, ਕਿਤੇ ਕੁੱਟਣ-ਮਾਰਨ ਨਾ, ਪਰ ਅਜਿਹਾ ਨਹੀਂ ਹੋਇਆ। ਉਲਟਾ ਦੋ ਕੁ ਉਮਰ-ਦਰਾਜ ਦੁਰਬਲ ਘੁਸਪੈਠੀਆਂ 'ਤੇ ਫੌਜੀਆਂ ਨੇ ਆਪ ਲੋਈਆਂ ਲਪੇਟੀਆਂ ਤੇ ਮੁਸਕਰਾਉਂਦੇ ਹੋਏ ਅੱਖਾਂ ਨਾਲ ਭਰੋਸਾ ਦਿੱਤਾ। ਦੋ ਕਤਾਰਾਂ ਵਿਚ ਸਾਨੂੰ ਤੋਰ ਲਿਆ। ਦੋ ਮੰਜ਼ਿਲੇ ਮਕਾਨ ਕੋਲੋਂ ਲੰਘੇ, ਉਥੇ ਖੜ੍ਹੀਆਂ ਦੋ ਔਰਤਾਂ ਨਾਲ ਕੋਈ ਅਫਸਰ ਗੱਲਾਂ ਕਰਨ ਲੱਗਾ। ਸਾਨੂੰ ਯਕੀਨ ਹੋ ਗਿਆ, ਇਸ ਘਰਵਾਲਿਆਂ ਨੇ ਮੁਖਬਰੀ ਕੀਤੀ ਸੀ।

ਨਵੇਂ ਸਿਰਿਓਂ ਮੁਸੀਬਤਾਂ ਦੇ ਵਜੂਦ ਨੂੰ ਆਧਾਰ ਦਿੰਦੀ ਜ਼ਮੀਨ ਤਿਆਰ ਹੋਣ ਲੱਗੀ। ਸਾਡੇ ਕਿਆਸੇ ਜੋੜ-ਤੋੜ, ਲੇਖੇ-ਜੋਖੇ ਵਿਗੜ ਗਏ ਸਨ। ਉਥੋਂ ਕਾਫੀ ਪਰ੍ਹੇ ਖੜ੍ਹੇ ਤਰਪਾਲ ਨਾਲ ਢਕੇ ਟਰੱਕ ਵਿਚ ਸਾਨੂੰ ਬਿਠਾ ਦਿੱਤਾ ਗਿਆ। ਸਾਰੇ ਜਣੇ ਮਾਯੂਸ, ਉਦਾਸ ਤੇ ਥੱਕੇ-ਥੱਕੇ ਲੱਗੇ।

ਟਰੱਕ ਸੜਕ ਤੋਂ ਹੋ ਕੇ ਸ਼ਹਿਰ ਵਿਚ ਦਾਖਲ ਹੁੰਦਾ ਗਿਆ। ਲੋਕ ਸਾਡੇ ਵੱਲ ਅਜੀਬ ਤੇ ਅਲੱਗ ਭਾਵਾਂ ਨਾਲ ਦੇਖ ਰਹੇ ਸਨ। ਖੁੱਲ੍ਹੀਆਂ ਗਲੀਆਂ ਵਿਚੋਂ ਗੁਜ਼ਰ ਕੇ ਆਖਰ ਪੁਰਾਣੇ, ਪਰ ਮਜ਼ਬੂਤ ਇਕ ਮੰਜ਼ਿਲੇ ਵੱਡੇ ਮਕਾਨ ਸਾਹਮਣੇ ਪਹੁੰਚ ਗਏ। ਇਸ ਦੀਆਂ ਤਾਕੀਆਂ ਵਿਚੋਂ ਕਈ ਨੀਗਰੋ ਚਿਹਰੇ ਅਤੇ ਇਕ-ਦੋ ਏਸ਼ੀਅਨ ਬਾਹਰ ਝਾਕਦੇ ਦਿਖਾਈ ਦਿੱਤੇ। ਇਹ ਸੀ ਉਨ੍ਹਾਂ ਦੀ ਜੇਲ੍ਹ, ਪਰ ਸਾਨੂੰ ਕੋਈ ਜ਼ਿਆਦਾ ਡਰਾਉਣੀ ਜਾਂ ਘਬਰਾਹਟ ਪਹੁੰਚਾਉਣ ਵਾਲੀ ਗੱਲ ਨਾ ਨਜ਼ਰ ਆਈ। ਸਭ ਨੂੰ ਖੁੱਲ੍ਹੇ ਵਿਹੜੇ 'ਚ ਬਿਠਾ ਦਿੱਤਾ ਗਿਆ। ਅੱਠ ਕੁ ਕਮਰਿਆਂ ਅਤੇ ਅੱਗੇ ਚਾਰ-ਚੁਫੇਰੇ ਵੱਡੇ ਬਰਾਂਡੇ ਵਿਚ ਕਾਲਿਆਂ ਦਾ ਜਮਘਟ ਲੱਗਾ ਹੋਇਆ ਸੀ। ਕੋਈ 100 ਕੁ ਕਾਲੇ ਤੇ 5-6 ਕਾਲੇ ਮੂਲ ਦੀਆਂ ਔਰਤਾਂ ਸਨ। ਪਿੱਛੇ ਵੱਡਾ ਬਾਥਰੂਮ ਸੀ। ਪਹਿਲਾਂ ਤਾਂ ਪੁਛ ਕੇ ਸਭ ਵਾਰੋ-ਵਾਰੀ ਪਾਣੀ ਪੀਂਦੇ ਰਹੇ। ਛੇ ਪੰਜਾਬੀ (ਇਕ 50 ਕੁ ਸਾਲ ਦਾ) ਬਰਾਂਡੇ 'ਚ ਡੇਰਾ ਜਮਾਈ ਬੈਠੇ ਸਨ, ਸਾਰੇ ਕਮਰੇ ਕਾਲਿਆਂ ਦੇ ਕਬਜ਼ੇ ਵਿਚ ਸਨ। ਉਹ ਪੰਜਾਬੀ 5 ਦਿਨਾਂ ਤੋਂ ਇਥੇ ਸਨ।

ਕੁਝ ਦੇਰ ਬਾਅਦ ਸਾਨੂੰ ਮੱਖਣ ਨਾਲ ਬਰੈਡ ਦਿੱਤੇ ਗਏ। ਖਾ-ਪੀ ਕੇ ਆਪਣੇ ਹਮਵਤਨਾਂ ਨਾਲ ਗੱਲੀਂ ਜੁਟ ਗਏ। ਸਾਡੀਆਂ ਉਲਝਣਾਂ ਤੇ ਅਨਜਾਣਪੁਣੇ ਦੇ ਉਨ੍ਹਾਂ ਕੋਲ ਜਵਾਬ ਸਨ। ਸਾਡੇ 'ਚੋਂ ਕੁਝ ਕਹਿ ਰਹੇ ਸਨ, ਸਾਨੂੰ ਇੰਡੀਆ ਡਿਪੋਰਟ ਕੀਤਾ ਜਾਵੇਗਾ। ਕੁਝ ਕਹਿ ਰਹੇ ਸਨ, ਸਾਨੂੰ ਵਾਪਸ 'ਮਾਲੀ' ਭੇਜ ਦਿੱਤਾ ਜਾਵੇਗਾ। ਜਿੰਨੇ ਮੂੰਹ, ਉਨੀਆਂ ਗੱਲਾਂ। ਸਾਡੇ ਨਵੇਂ ਸਾਥੀਆਂ ਨੇ ਕਿਹਾ, "ਘਬਰਾਓ ਨਾ, ਕੁਝ ਨਹੀਂ ਹੋਣਾ। ਥੋੜ੍ਹੇ ਦਿਨ ਇਥੇ ਰੱਖਣਗੇ, ਕਾਗਜ਼ੀ ਕਾਰਵਾਈ ਮੁਕੰਮਲ ਹੋਣ ਤੋਂ ਬਾਅਦ ਬਾਰਡਰ 'ਤੇ ਛੱਡ ਆਉਣਗੇ। ਕਈ ਵਾਰ ਚੋਰੀ ਅਲਜ਼ੀਰੀਆ ਵਿਚ ਵੀ ਧੱਕ ਦਿੰਦੇ ਨੇ।"

ਉਨ੍ਹਾਂ ਕੋਲ ਉਨ੍ਹਾਂ ਦੀ ਆਪਣੀ ਕਹਾਣੀ ਸੀ, ਆਪਣੇ ਦੁੱਖ-ਦਰਦ ਸਨ। ਉਹ ਵੀ ਮਾਲੀ ਤੋਂ ਤੁਰੇ ਸਨ। ਉਨ੍ਹਾਂ ਸਮੇਤ 22 ਜਣਿਆਂ ਨੂੰ ਸਤਨਾਮ ਏਜੰਟ ਦੇ ਟਿਕਾਣੇ ਤੋਂ ਪੰਜਾਬੀ ਏਜੰਟ ਮੱਖਣ ਨੇ ਚੋਰੀ ਆਪਣੇ ਤੌਰ 'ਤੇ ਨਵੇਂ ਡੌਂਕਰਾਂ ਹੱਥ ਮੋਰੱਕੋ ਵੱਲ ਰਵਾਨਾ ਕੀਤਾ ਸੀ ਜਿਨ੍ਹਾਂ ਨੇ ਅੱਗੇ ਗਰੁਪ ਨੂੰ 'ਮਾਫੀਆ' (ਕੈਦ ਕਰ ਕੇ ਫਿਰੌਤੀ ਹਾਸਿਲ ਕਰਨ ਵਾਲਾ ਗੈਂਗ) ਨੂੰ ਵੇਚ ਦਿੱਤਾ। 20-25 ਦਿਨਾਂ ਤਕ ਬਹੁਤ ਥੋੜ੍ਹੇ ਖਾਣੇ-ਪਾਣੀ ਦੀ ਮਦਦ ਨਾਲ ਨਰਕ ਵਰਗੀ ਗੰਦੀ ਜਗ੍ਹਾ 'ਤੇ ਜਿੰਦਾ ਰੱਖਿਆ। ਕੁੱਟ-ਮਾਰ ਵੀ ਸਹੀ। ਆਖਰ ਏਜੰਟਾਂ ਨਾਲ ਪਤਾ ਨਹੀਂ ਕਿਸ ਕੀਮਤ 'ਤੇ ਸਮਝੌਤਾ ਹੋਇਆ, ਉਨ੍ਹਾਂ ਨੂੰ ਬਾਰਡਰ 'ਤੇ ਛੱਡ ਦਿੱਤਾ ਗਿਆ। ਉਥੇ ਗੋਲੀਆਂ ਚੱਲੀਆਂ, ਇਹ ਛੇ ਜਣੇ ਇਕ ਪਾਸੇ ਨਿਕਲ ਗਏ, ਬਾਕੀ ਦੂਜੇ ਪਾਸੇ ਦੌੜ ਗਏ। ਇਕ ਜਣੇ ਦੇ ਗੋਲੀ ਵੀ ਲੱਗੀ ਸੀ, ਪਤਾ ਨਹੀਂ ਬਚਿਆ ਕਿ ਮਰ ਗਿਆ। ਲੁਕਦੇ-ਛੁਪਦੇ ਦੋ ਕੁ ਦਿਨਾਂ ਪਿਛੋਂ ਭੁੱਖ-ਪਿਆਸ ਦੇ ਮਾਰੇ ਖੁਦ ਹੀ ਪੁਲਿਸ ਦੀ ਝੋਲੀ 'ਚ ਜਾ ਡਿੱਗੇ। ਪਿਛਲੇ ਏਜੰਟਾਂ ਨਾਲ ਕੋਈ ਸੰਪਰਕ ਨਹੀਂ, ਹੁਣ ਨਵੇਂ ਏਜੰਟ ਕੀਤੇ ਨੇ। ਉਨ੍ਹਾਂ ਨੂੰ ਫਿਰ ਪੇਮੈਂਟ ਕਰਨੀ ਪਵੇਗੀ। ਕਾਹਲੀ ਵਿਚ ਮੱਖਣ ਮਗਰ ਲੱਗ ਕੇ ਕੀਤੀ ਗਲਤੀ 'ਤੇ ਹੁਣ ਪਛਤਾ ਰਹੇ ਸਨ।

ਫੋਨ ਜ਼ਰੀਏ ਕਈਆਂ ਨੇ ਮੌਜੂਦਾ ਨਾਸਾਜ਼ਗਾਰ ਤੇ ਅਬੁਝ ਹਾਲਾਤ ਪਿੱਛੇ ਇੰਡੀਆ ਪਹੁੰਚਦੇ ਕਰ ਦਿੱਤੇ। ਇਕ ਫੋਨ ਆਉਂਦਾ, ਉਨ੍ਹਾਂ ਨੂੰ ਹੋਰ ਮੁੰਡਾ ਆਪਣੇ ਘਰ ਦਾ ਨੰਬਰ ਦੇ ਦਿੰਦਾ, ਉਸ ਦਾ ਫੋਨ ਆਉਂਦਾ ਤਾਂ ਕੋਈ ਹੋਰ ਜਣਾ ਹੋਰ ਨੰਬਰ ਦੇ ਛੱਡਦਾ। ਮੈਂ ਮਸੀਂ ਆਪਣੇ ਘਰ ਦਾ ਨੰਬਰ ਦੇ ਸਕਿਆ, ਪਰ ਉਨ੍ਹਾਂ ਨੇ ਮੇਰੇ ਘਰ ਫੋਨ ਨਾ ਕੀਤਾ, ਸੋ ਮੇਰੀ ਗੱਲ ਨਾ ਹੋ ਸਕੀ।

ਦੂਜੇ ਦਿਨ ਸਭ ਦੇ ਬਿਆਨ ਦਰਜ ਹੋਏ। ਸ਼ਾਇਦ ਪੁਲਿਸ ਵਾਲਿਆਂ ਨੂੰ ਵੀ ਪਤਾ ਸੀ ਕਿ ਸਭ ਨੇ ਝੂਠ ਹੀ ਦੱਸਣਾ ਏ। ਸਲਾਹਾਂ ਕਰ ਕੇ ਮਤੇ ਪਾਸ ਕੀਤੇ ਗਏ, ਕੀ ਕਹਿਣਾ ਹੈ ਤੇ ਕੀ ਨਹੀਂ। ਸਭ ਨੇ ਰਟੇ-ਰਟਾਏ ਜਵਾਬ ਦਿੱਤੇ, "ਪਤਾ ਨਹੀਂ ਕਿਹੜੇ ਏਅਰਪੋਰਟ 'ਤੇ ਉਤਰੇ ਸਾਂ, ਕਿਹੜੇ ਰਸਤੇ ਰਾਹੀਂ ਇਥੇ ਪਹੁੰਚੇ ਤੇ ਕਿਹੜੇ ਏਜੰਟ ਸਨ, ਕੁਝ ਵੀ ਪੱਕਾ ਨਹੀਂ ਸੀ ਪਤਾ।" ਪੁਲਿਸ ਵਾਲੇ ਸਾਨੂੰ ਖਾ ਜਾਣ ਵਾਲੀਆਂ ਨਿਗਾਹਾਂ ਨਾਲ ਦੇਖਦੇ, ਕਾਗਜ਼ ਕਾਲੇ ਕਰਦੇ ਰਹੇ। ਸਭ ਦੀਆਂ ਫੋਟੋਆਂ ਖਿੱਚੀਆਂ ਤੇ ਉਂਗਲਾਂ ਦੇ ਨਿਸ਼ਾਨ ਲਏ ਗਏ।

ਸਾਨੂੰ ਅਸਪਸ਼ਟ ਜਿਹਾ ਜਵਾਬ ਮਿਲਿਆ ਸੀ ਕਿ ਸਾਡਾ ਫੈਸਲਾ ਅਦਾਲਤ ਕਰੇਗੀ। ਹੋ ਸਕਦੈ ਡਿਪੋਰਟ ਕੀਤਾ ਜਾਵੇ; ਹੋ ਸਕਦੈ ਬਾਰਡਰ ਪਾਰ ਭੇਜ ਦਿੱਤਾ ਜਾਵੇ। ਨਵੇਂ ਸਾਥੀਆਂ ਤੋਂ ਪਤਾ ਲੱਗਾ, ਅਲਜ਼ੀਰੀਆ ਤੇ ਮੁਰਤਾਨੀਆਂ ਦੀਆਂ ਜੇਲ੍ਹਾਂ ਵਿਚ ਭਾਰਤੀ ਕਈ-ਕਈ ਮਹੀਨਿਆਂ-ਸਾਲਾਂ ਤੋਂ ਸੜ ਰਹੇ ਨੇ, ਨਾ ਅੱਗੇ ਜੋਗੇ ਨਾ ਪਿੱਛੇ ਜੋਗੇ। ਨਵੀਂ ਚਿੰਤਾ ਦਿਲ ਵਿਚ ਘਰ ਕਰਨ ਲੱਗੀ: ਕਿਤੇ ਸਾਡੇ ਨਾਲ ਵੀ ਅਜਿਹਾ ਨਾ ਹੋਵੇ!

ਦੁਪਹਿਰ ਨੂੰ ਇਕ ਵਾਰ ਡੰਡੇਨੁਮਾ ਡੇਢ ਫੁੱਟ ਲੰਮਾ ਬਰੈਡ ਤੇ ਨਾਲ ਕੋਈ ਦਾਲ ਜਾਂ ਚੌਲ ਮਿਲਦੇ। ਪੀਣ-ਨਹਾਉਣ ਲਈ ਪਾਣੀ ਖੁੱਲ੍ਹਾ। ਤਿੰਨ ਦਿਨ ਠੀਕ ਗੁਜ਼ਰ ਗਏ। ਪੁਲਿਸ ਵਾਲਿਆਂ ਕਈਆਂ ਨੂੰ ਪੁਰਾਣੇ ਕੱਪੜੇ, ਬੂਟ, ਜੈਕਟਾਂ ਦਿੱਤੀਆਂ। ਉਨ੍ਹਾਂ ਦਾ ਵਤੀਰਾ ਦੋਸਤਾਨਾ ਸੀ। ਕਈ ਵਾਰ ਵਧੇ-ਫਾਲਤੂ ਬਰੈਡ, ਟੁਕੜਿਆਂ ਦੇ ਰੂਪ ਵਿਚ ਤਾਕੀਆਂ ਥਾਣੀਂ ਮਿਲਦੇ ਤਾਂ ਇਕ ਦੂਜੇ ਦੇ ਉਤੋਂ ਟੱਪਦੇ-ਦੌੜਦੇ, ਲੁੱਟ-ਖਸੁੱਟ ਮਚ ਜਾਂਦੀ; ਜਿਵੇਂ ਚਿੜੀਆਘਰ ਵਿਚ ਬੰਦ ਜਾਨਵਰਾਂ ਨੂੰ ਖਾਣ ਦੀਆਂ ਚੀਜ਼ਾਂ ਵਾਸਤੇ ਦੌੜਾਇਆ ਜਾਂਦਾ ਏ। ਖੁਦ ਅਤੇ ਮੁੰਡਿਆਂ ਉਪਰ ਕਦੀ ਹਾਸਾ ਆਉਂਦਾ ਤੇ ਕਦੀ ਤਰਸ। ਸ਼ਾਇਦ ਪੁਲਸੀਏ ਵੀ ਉਬਾਊ ਡਿਊਟੀ ਵਿਚ ਇਹ ਘਟੀਆ ਖੇਲ ਖੇਡ ਕੇ ਮਨਪ੍ਰਚਾਵੇ ਕਰਦੇ ਸਨ।

ਦੋ-ਤਿੰਨ ਹੋਰ ਜ਼ਿਕਰਯੋਗ ਗੱਲਾਂ ਹੋਈਆਂ, ਜਿਵੇਂ ਗੰਜੇ ਮਾਮੇ ਨੇ ਆਪਣੇ ਚਰਿਤਰ ਅਨੁਸਾਰ ਗੰਦੀਆਂ ਬੋਲੀਆਂ ਤੇ ਗੰਦੇ ਗੀਤਾਂ ਦਾ ਮੁਜ਼ਾਹਰਾ ਪੁਲਿਸ ਵਾਲਿਆਂ ਸਾਹਮਣੇ ਕੀਤਾ। ਇਕ-ਦੋ ਜਣਿਆਂ ਨੇ ਗਾਣੇ ਗਾਏ, ਅਰਬੀ ਵੀ ਤਾਲੀਆਂ ਨਾਲ ਤਾਲ ਦਿੰਦੇ ਰਹੇ। ਇਕ ਦਿਨ ਮਾਮੂਲੀ ਜਿਹੀ ਗੱਲ 'ਤੇ ਚਾਚਾ ਕੰਬੋ, ਸੁੱਖਾ ਤੇ ਸੋਢੀ ਦੀ ਤਿੱਕੜੀ ਮੇਰੇ ਨਾਲ ਭਿੜ ਪੈਣ ਤੋਂ ਮਸੀਂ ਰੁਕੀ।

ਲੱਕੀ (ਦਵਿੰਦਰ ਭਾਜੀ ਦਾ ਝੂਠਾ, ਮਤਲਬੀ ਮਦਦਗਾਰ) ਨੇ ਹੈਰਤਅੰਗੇਜ਼ ਢੰਗ ਨਾਲ ਨੈਤਿਕਤਾ ਧਾਰਮਿਕਤਾ ਦੀ ਹਰ ਹੱਦੋਂ ਗਿਰਦਿਆਂ ਹੋਛੀ ਗੱਲ ਕੀਤੀ। ਉਸ ਨੇ ਮੱਛੀ ਦੀ ਡੱਬੀ ਖਾਤਰ, ਧਰਮ ਦੇ ਠੇਕੇਦਾਰਾਂ ਦੇ ਕਹਿਣ 'ਤੇ ਕਈ ਵਾਰ ਦੁਹਰਾਇਆ, "ਅੱਲ੍ਹਾ ਗੁੱਡ ਹੈ, ਵਾਹਿਗੁਰੂ ਨੋ ਗੁੱਡ।" ਮੈਂ ਅਤੇ ਹੋਰਾਂ ਨੇ ਸ਼ਰਮਿੰਦਗੀ ਮਹਿਸੂਸ ਕੀਤੀ।

ਲੱਕੀ ਦੀ ਰੀਸੇ ਕੁਲਦੀਪ ਟੈਪੂ ਨੇ ਵੀ ਪੁਲਿਸ ਵਾਲਿਆਂ ਨੂੰ 'ਅੱਲ੍ਹਾ ਗੁੱਡ...' ਸੁਣਾਇਆ ਪਰ, ਉਹਨੂੰ ਖਾਣ ਲਈ ਕੁਝ ਨਹੀਂ ਮਿਲਿਆ।

ਮੁੰਡਿਆਂ ਨੇ ਲੱਕੀ ਅਤੇ ਟੈਪੂ ਨੂੰ ਲਾਹਨਤ ਪਾਈ। 'ਅੱਲ੍ਹਾ ਗੁੱਡ', 'ਵਾਹਿਗੁਰੂ ਨੋ ਗੁੱਡ' ਕਹਿਣਾ ਮਜਬੂਰੀ ਨਹੀਂ, ਸਗੋਂ ਬੇਹਯਾਈ ਸੀ, ਬਾਕੀ ਵੀ ਤਾਂ ਇਕ ਵਕਤ ਦੇ ਖਾਣੇ ਦਾ ਸ਼ੁਕਰ ਮਨਾਉਂਦੇ ਸਨ ਜੋ ਪਿਛਲੇ ਸਫਰ ਦੇ ਬਦਤਰ ਫਾਕਿਆਂ ਤੋਂ ਕਈ ਗੁਣਾ ਬਿਹਤਰ ਸੀ। ਲੱਕੀ ਕਹਿੰਦਾ, "ਹੇ ਮਾਲਕਾ! ਇੰਡੀਆ ਡਿਪੋਰਟ ਕਰਵਾ ਦੇ, ਚੌਲਾਂ ਦੀ ਦੇਗ ਕਰਵਾਊਂ।" ਬਾਕੀ ਉਸ ਨੂੰ ਬੁਰਾ ਭਲਾ ਕਹਿੰਦੇ, "ਅਸੀਂ ਅੱਗੇ ਜਾਣਾ ਏ, ਤੂੰ ਪਿਛੇ ਜਾਣ ਦੀਆਂ ਬਦਦੁਆਵਾਂ ਕਿਉਂ ਕਰਦਾ ਏਂ।" ਮੈਂ ਖੁਦ ਤੋਂ ਅੱਗੇ ਇਹ ਗੱਲ ਨਹੀਂ ਨਿਕਲਣ ਦਿੱਤੀ ਕਿ ਦਿਲੋਂ ਮੈਂ ਵੀ ਇਹੀ ਚਾਹੁੰਦਾ ਸੀ ਕਿ ਵਾਪਿਸ ਇੰਡੀਆ ਭੇਜ ਦਿੱਤਾ ਜਾਵੇ।

ਦੂਜੇ ਦਿਨ 50 ਕੁ ਕਾਲੇ ਬੱਸ 'ਚ ਪਤਾ ਨੀਂ ਕਿਧਰ ਭੇਜ ਦਿੱਤੇ। ਉਸੇ ਰਾਤ 35-40 ਕਾਲੇ ਹੋਰ ਕਿਸੇ ਪਾਸਿਓਂ ਲਿਆ ਸੁੱਟੇ। ਸ਼ਾਇਦ ਕਿਤਿਓਂ ਰੇਗਿਸਤਾਨੀ ਸਫਰ ਦੇ ਅੱਧਵਾਟਿਓਂ ਹੀ ਦਬੋਚੇ ਸਨ। ਉਨ੍ਹਾਂ ਤੋਂ ਪਹਿਲਾਂ ਅਸੀਂ ਕਮਰੇ 'ਤੇ ਕਬਜ਼ਾ ਕਰ ਲਿਆ ਸੀ। ਅਗਲੀ ਦੁਪਹਿਰ ਸਾਡੀ ਰਵਾਨਗੀ ਤੈਅ ਹੋਈ। ਅਗਲੇ ਬੈਠੇ 25 ਜਣੇ ਉਠਾ ਕੇ ਬੱਸ ਵਿਚ ਚਾੜ੍ਹ ਦਿੱਤੇ, ਬਾਕੀ ਕਾਲੇ ਧੱਕ ਦਿੱਤੇ ਗਏ। ਅਸੀਂ ਪਿਛੇ ਬੈਠੇ 13 ਜਣੇ ਬੌਂਦਲੇ, ਘਬਰਾਏ ਕਦੇ ਜਾਂਦੀ ਬੱਸ 'ਚੋਂ ਜਾਣੇ ਪਛਾਣੇ ਹਿੱਲਦੇ ਹੱਥ ਦੇਖ ਰਹੇ ਸਾਂ, ਕਦੇ ਇਕ-ਦੂਜੇ ਦੇ ਉਦਾਸ ਚਿਹਰੇ।

ਕਮਰੇ 'ਚ ਰਹਿ ਗਏ 13 ਜਣੇ ਸੋਚਾਂ 'ਚ ਡੁੱਬੇ ਰਹੇ। ਉਹ ਦਿਨ-ਰਾਤ ਬਹੁਤ ਔਖੇ ਲੰਘੇ। ਉਂਜ, ਅਗਲੀ ਦੁਪਹਿਰ ਤਕ ਦਾ ਵਕਤ ਕੋਲ ਸੀ। ਮੋਹਕਮ ਨਾਲ ਜਾਣ-ਪਛਾਣ ਗੂੜ੍ਹੀ ਹੋ ਗਈ। ਉਸ ਦੇ ਸਾਦਗੀ ਭਰੇ ਸੁਭਾਅ ਤੋਂ ਇਲਾਵਾ ਹਰ ਵਕਤ ਮੁਸਕਰਾਉਂਦੇ ਚਿਹਰੇ 'ਚੋਂ ਮੈਨੂੰ ਆਪਣਾ ਆਪਣਾ ਮਹਿਸੂਸ ਹੋਇਆ। ਉਹ ਖੁੱਲ੍ਹੀ ਕਿਤਾਬ ਵਾਂਗ ਸਾਫ ਦਿਲ, ਇਮਾਨਦਾਰ ਤੇ ਹੱਸਮੁਖ ਇਨਸਾਨ ਸੀ ਜਿਸ ਨੂੰ ਬਚਪਨ 'ਚ ਕਿਸੇ ਝੋਲਾਛਾਪ ਡਾਕਟਰ ਦੀ ਲਾਪਰਵਾਹੀ ਕਾਰਨ ਉਚਾ ਸੁਣਦਾ ਸੀ।

ਸਾਡੇ ਵਿਚੋਂ ਚਾਰ ਜਣਿਆਂ- ਨੀਲਾ, ਬੰਟੀ, ਛਿੰਦਾ ਤੇ ਪ੍ਰਤਾਪ ਨੇ ਪਤਾ ਨਹੀਂ ਕਿਥੋਂ ਪੈਸੇ ਕੱਢ ਕੇ ਬਰੈਡ ਖਰੀਦ ਕੇ ਬੋਰਾ ਭਰ ਲਿਆ। ਹੋਰ ਕਿਸੇ ਨੇ ਪੈਸੇ ਦੀ ਭਾਫ ਨਾ ਕੱਢੀ, ਜਾਂ ਫਿਰ ਮੇਰੇ ਵਾਂਗ ਖਾਲੀ ਜੇਬ ਹੀ ਸਨ। ਇਨ੍ਹਾਂ 13 ਜਣਿਆਂ 'ਚ ਟੈਪੂ, ਮਾਣਕ, ਮੋਹਕਮ, ਚਮਕੀਲਾ, 86, 87, ਬੰਟੀ ਅਰਬੀ, ਰਣਜੀਤ, ਨੀਲਾ, ਪ੍ਰਤਾਪ, ਬੰਟੀ 2, ਛਿੰਦਾ ਤੇ ਮੈਂ ਸਾਂ। ਸਾਡੇ 'ਚੋਂ ਵਿਛੜ ਗਏ 25 ਜਣੇ ਸਨ: ਚਾਚਾ ਤਰੀ, ਯੂ.ਪੀ. ਵਾਲਾ, ਲੋਪੋ, ਪੰਮਾ ਡੌਂਕਰ, ਪਨੂੰ, ਭਾਨਾ, ਗੰਜਾ ਚਾਲੂ ਮਾਮਾ, ਬਲਜੀਤ, ਕੁਲਵੰਤ, ਨਿੱਕੂ, ਚਾਚਾ ਕੰਬੋਅ, ਦਵਿੰਦਰ (ਬਜ਼ੁਰਗ ਭਾਜੀ), ਲੱਕੀ, ਬਿੱਲਾ, ਬਿੱਕਰ, ਸੋਢੀ, ਸੋਨੀ, ਜੱਗਾ, ਸੁਲੱਖਣ, ਗੁਰਮੀਤ (ਬੱਕਰੀਆਂ ਵਾਲਾ) ਕਾਲਾ, ਪਰਗਟ (ਤੂਤਰੀਆਂ-ਬਾਜਿਆਂ ਵਾਲੇ) ਸੁੱਖਾ, ਜਸਵਿੰਦਰ ਲੈਦਰ, ਰੋਹਿਤ ਬਡੇਸਰ। ਜਥੇ ਦਾ 39ਵਾਂ ਮਰਹੂਮ ਸਾਥੀ ਸੋਨੂੰ ਹੁਣ ਕਿਸੇ ਗਿਣਤੀ 'ਚ ਨਹੀਂ!

ਕਈਆਂ ਦੇ ਅਸਲੀ ਨਾਂ ਪਤਾ ਨਹੀਂ ਸੀ, ਜਾਂ ਭੁੱਲ ਗਏ ਸਨ। ਕਈਆਂ ਦੇ ਕੱਚੇ ਨਾਂਵਾਂ ਜਾਂ ਛੇੜਾਂ ਨਾਲ ਹੀ ਉਨ੍ਹਾਂ ਦਾ ਜ਼ਿਕਰ ਯਾਦ ਸੀ। ਛੇੜਾਂ ਬਿਨਾ ਵਜ੍ਹਾ ਨਹੀਂ ਸਨ, ਜ਼ਰਾ ਕੁ ਗੱਲ 'ਤੇ ਚੰਗੇ ਭਲੇ ਨਾਂ ਦੀ ਐਸੀ-ਤੈਸੀ ਕਰ ਕੇ, ਕੋਈ ਵੀ ਨਾਮਕਰਨ ਹੋ ਜਾਂਦਾ। ਛਿਆਸੀ (ਮਨਪ੍ਰੀਤ) ਦੀ ਟੀ-ਸ਼ਰਟ 'ਤੇ 86 ਨੰਬਰ ਛਪਿਆ ਸੀ, 87 ਉਸ ਦਾ ਚਚੇਰਾ ਭਰਾ ਸੀ। ਕਈ ਮਾਮੇ-ਚਾਚੇ ਇਸ ਲਈ ਸਨ ਕਿ ਉਨ੍ਹਾਂ ਦੇ ਭਾਣਜੇ-ਭਤੀਜੇ ਪਹਿਲੇ ਗਰੁਪਾਂ 'ਚ ਸ਼ਾਮਲ ਸਨ, ਜਾਂ ਆਪਸ 'ਚ ਦੂਰ ਦੀ ਰਿਸ਼ਤੇਦਾਰੀ ਨਿਕਲ ਆਈ ਸੀ। ਲੋਪੋ, ਯੂ.ਪੀ. ਵਾਲਾ ਰਿਹਾਇਸ਼ੀ ਥਾਂਵਾਂ ਦੇ ਨਾਂ ਨਾਲ ਤੇ ਜਸਵਿੰਦਰ ਲੈਦਰ ਕਿਸੇ ਲੈਦਰ ਕੰਪਨੀ ਦਾ ਵਰਕਰ ਹੋਣ ਕਾਰਨ ਸਨ। ਕਾਲਾ, ਪਰਗਟ ਤੇ ਗੁਰਮੀਤ ਆਪਣੇ ਪੇਂਡੂ ਪਹਿਰਾਵੇ ਤੇ ਠੇਠ ਪੇਂਡੂ ਬੋਲ-ਬਾਣੀ ਕਰ ਕੇ ਤੂਤਰੀਆਂ-ਬਾਜਿਆਂ ਤੇ ਬੱਕਰੀਆਂ ਵਾਲੇ ਚਾਚੇ ਤਰੀ ਵੱਲੋਂ ਮਕਬੂਲ ਕਰਾਏ ਗਏ ਸਨ। ਬੰਟੀ, ਅਰਬੀ ਜਾਣਦਾ ਸੀ ਤੇ ਦਿਮਾਗੀ ਤੌਰ 'ਤੇ ਥੋੜ੍ਹਾ ਅਸੰਤੁਲਿਤ ਜਾਪਦਾ ਸੀ। ਸੋ, ਉਹ ਬੰਟੀ ਅਰਬੀ ਜਾਂ ਮੈਂਟਲ ਬੰਟੀ ਸੀ। ਰਜਿੰਦਰ ਦੂਰੋਂ ਕਿਸੇ ਦਾ ਮਾਮਾ ਸੀ, ਗੰਜਾ ਸੀ ਤੇ ਚਲਦੀ ਕਿਸਮ ਦਾ ਸੀ, ਸੋ ਉਹ ਚਾਲੂ ਗੰਜਾ ਮਾਮਾ ਸੀ। ਜ਼ਨਾਨਾ ਬੋਲ-ਬਾਣੀ ਤੇ ਚਾਲ-ਢਾਲ ਕਾਰਨ ਕੁਲਦੀਪ, ਟੈਪੂ ਸੀ।



***ਮੋਰੱਕੋ ਦੇ ਉਜਦਾ ਕਸਬੇ ਦਾ ਨਜ਼ਾਰਾ ਜਿਥੇ ਲਿਖਾਰੀ ਅਤੇ ਉਸ ਦੇ ਸਾਥੀਆਂ ਨੂੰ ਰੱਖਿਆ ਗਿਆ ਸੀ।***

ਬਾਹਰ ਜਾਣ ਵਾਲਿਆਂ ਵਿਚ ਜ਼ਿਆਦਾਤਰ ਜੱਟਾਂ ਤੇ ਲੁਬਾਣਿਆਂ ਦੇ ਮੁੰਡੇ ਹੁੰਦੇ। ਬਾਕੀ ਰਲੇ-ਮਿਲੇ ਤਾਂ ਹਰ ਹਰ ਵਰਗ ਦੇ ਸਨ। ਥੋੜ੍ਹੇ ਬਹੁਤ ਹਰਿਆਣੇ ਦੇ ਤੇ ਇਕ-ਦੋ ਆਟੇ 'ਚ ਲੂਣ ਵਾਂਗ ਇਧਰੋਂ-ਉਧਰੋਂ ਹੋਰ ਰਾਜਾਂ 'ਚੋਂ ਵੀ ਆ ਰਲਦੇ, ਪਰ ਵੱਧ ਪੰਜਾਬੀ ਹੀ ਨਜ਼ਰ ਆਉਂਦੇ। ਜਿਵੇਂ ਪੂਰਾ ਪੰਜਾਬ ਹਿਜਰਤ ਕਰਨ 'ਤੇ ਅੜ ਗਿਆ ਸੀ!

ਇਹ ਲਾਈਜ਼ੋਨ ਸ਼ਹਿਰ ਸੀ। ਸਾਡਾ ਡੇਰਾ ਰਿਹਾਇਸ਼ੀ ਇਲਾਕੇ ਵਿਚ ਸੀ। ਜਵਾਨ-ਅਧੇੜ ਪੀੜ੍ਹੀ ਆਧੁਨਿਕ ਤੇ ਕੀਮਤੀ ਕੱਪੜਿਆਂ ਵਿਚ, ਉਸ ਤੋਂ ਪਹਿਲਾਂ ਵਾਲੀ ਪੀੜ੍ਹੀ ਸਾਧਾਰਨ ਸਾਦਾ ਜਾਂ ਰਵਾਇਤੀ ਖੁੱਲ੍ਹੇ ਚੋਲੇ ਪਹਿਨਦੀ ਸੀ। ਔਰਤਾਂ, ਕੁੜੀਆਂ ਸਿਰਾਂ 'ਤੇ ਕਪੜਾ/ਰੁਮਾਲ ਲਾਜ਼ਮੀ ਬੰਨ੍ਹਦੀਆਂ ਸਨ। ਜਵਾਨ ਪੀੜ੍ਹੀ ਸਰੀਰਕ ਪੱਖੋਂ ਬਹੁਤ ਸਜਗ ਤੇ ਮਜ਼ਬੂਤ ਲੱਗਦੀ ਸੀ। ਮੋਰੱਕੀ ਜ਼ਿਆਦਾਤਰ ਸਾਫ ਰੰਗ ਦੇ, ਔਸਤਨ ਲੰਮੇ ਸਨ। ਔਰਤ ਕਾਫੀ ਹੱਦ ਤਕ ਬਾ-ਹੁਸਨ।

ਰੋਜ਼ ਸਵੇਰੇ ਸਾਡੇ ਦਰਵਾਜ਼ੇ ਸਾਹਮਣੇ ਖੁੱਲ੍ਹੇ ਵਿਚ ਪੁਲਿਸ ਅਸਮਾਨੀ ਰੰਗ ਦੀ ਵਰਦੀ ਵਿਚ ਲਾਈਨ ਅੱਪ ਹੁੰਦੀ। ਫਿਰ ਅਫਸਰ ਵਲੋਂ ਨਿਸ਼ਚਿਤ ਡਿਊਟੀਆਂ ਦੇ ਕੇ ਸ਼ਹਿਰ ਦੇ ਹੋਰ ਹਿੱਸਿਆਂ ਵਿਚ ਖਿਲਾਰ ਦਿੱਤਾ ਜਾਂਦਾ।

ਛਿਆਸੀ, ਨੀਲਾ ਤੇ ਬੰਟੀ 2 ਅਮੂਮਨ ਤਾਕੀਆਂ ਨੂੰ ਚਿੰਬੜੇ ਗਲੀ ਵਿਚੋਂ ਲੰਘਦੀਆਂ ਕੁੜੀਆਂ ਨੂੰ ਛੇੜੇ ਬਿਨਾ ਨਹੀਂ ਸੀ ਜਾਣ ਦਿੰਦੇ। ਔਖੇ ਹਾਲਾਤ ਵਿਚ ਵੀ ਉਨ੍ਹਾਂ ਦੀਆਂ ਇਨ੍ਹਾਂ ਹਰਕਤਾਂ 'ਤੇ ਅਸਚਰਜ ਹੁੰਦਾ ਕਿ ਉਨ੍ਹਾਂ ਕੋਲ ਸੋਚਣ ਤੇ ਜੀਣ ਵਾਸਤੇ ਹੋਰ ਕਾਫੀ ਕੁਝ ਹੈ। ਉਹ ਉਤਸ਼ਾਹ ਤੇ ਜ਼ਿੰਦਾਦਿਲੀ ਨਾਲ ਜੀਣਾ ਸਾਡੇ ਨਾਲੋਂ ਬਿਹਤਰ ਸਮਝਦੇ ਸਨ ਤੇ ਕਿਸੇ ਵੀ ਤਰ੍ਹਾਂ ਹਾਲਾਤ ਨੂੰ ਖੁਦ 'ਤੇ ਹਾਵੀ ਨਹੀਂ ਸੀ ਹੋਣ ਦੇਣਾ ਚਾਹੁੰਦੇ। ਛਿਆਸੀ ਦੇ ਚਿਹਰੇ 'ਤੇ ਤਾਂ ਮੈਂ ਅਖੀਰ ਤਕ ਨਿਰਾਸ਼ਾ ਜਾਂ ਚਿੰਤਾ ਦੀ ਪਰਛਾਈ ਝਲਕਦੀ ਨਹੀਂ ਸੀ ਦੇਖੀ।

ਅਗਲੇ ਦਿਨ ਖਾਣੇ ਪਿਛੋਂ ਸਾਨੂੰ ਕਾਲਿਆਂ ਨਾਲ ਬੱਸ ਵਿਚ ਚਾੜ੍ਹ ਦਿੱਤਾ ਗਿਆ। ਏ.ਸੀ. ਬੱਸ ਵਿਚ ਸਾਡੇ ਨਾਲ ਤਿੰਨ ਜ਼ਿੰਮੇਦਾਰ ਅਧਿਕਾਰੀ ਵੀ ਸਾਦਾ ਕੱਪੜਿਆਂ 'ਚ ਸਨ ਜੋ ਵਾਰ-ਵਾਰ ਕੋਈ ਨਾ ਕੋਈ ਨਿਰਦੇਸ਼ ਦਿੰਦੇ ਰਹੇ। ਸਫਰ ਦੌਰਾਨ ਦੋ ਕੁ ਵਾਰ ਬਰੈਡ, ਮੱਖਣ ਤੇ ਪਾਣੀ ਮਿਲਿਆ।

ਅਸੀਂ 13 ਜਣੇ ਸਲਾਹ-ਮਸ਼ਵਰਾ ਕਰਦੇ ਰਹੇ। ਬਾਕੀ 30-32 ਕਾਲਿਆਂ ਨਾਲ ਸਾਡਾ ਕੋਈ ਮਤਲਬ ਨਹੀਂ ਸੀ। ਇਕ ਅਧਿਕਾਰੀ ਇੰਗਲਿਸ਼ 'ਚ ਮਾੜੀ-ਮੋਟੀ ਗੱਲ ਕਰਦਾ ਸੀ। ਉਸ ਦੇ ਮੂੰਹੋਂ ਇੰਡੀਅਨ ਫਿਲਮਾਂ ਅਤੇ ਧਰਮਿੰਦਰ, ਸ਼ਸ਼ੀ ਕਪੂਰ, ਰਾਜ ਕਪੂਰ, ਸ਼ਾਹਰੁਖ ਖਾਨ, ਅਮਿਤਾਭ ਬੱਚਨ, ਮਿਥੁਨ ਚੱਕਰਵਰਤੀ, ਹੇਮਾ ਮਾਲਿਨੀ, ਆਸ਼ਾ ਪਾਰਿਖ, ਕਾਜੋਲ... ਦੇ ਨਾਂ ਸੁਣ ਕੇ ਹੈਰਾਨੀ ਦੇ ਨਾਲ-ਨਾਲ ਫਖਰ ਜਿਹਾ ਵੀ ਮਹਿਸੂਸ ਹੋਇਆ।

ਮੋਰੱਕੋ ਦਾ ਭੂਗੋਲਿਕ ਨਜ਼ਾਰਾ ਕਰਦੇ, ਕਈ ਵੱਡੇ-ਛੋਟੇ ਸ਼ਹਿਰਾਂ-ਨਗਰਾਂ ਵਿਚੋਂ ਗੁਜ਼ਰਦੇ ਬੱਸ ਰਾਹੀਂ ਲਗਾਤਾਰ 26-27 ਘੰਟਿਆਂ ਦਾ ਸਫਰ ਤੈਅ ਕੀਤਾ। ਲੰਬਾਈ ਵਿਚ ਮੋਰੱਕੋ ਦੇ ਇਕ ਸਿਰੇ ਤੋਂ ਦੂਜੇ ਆਖਰੀ ਸਿਰੇ ਤਕ ਵਲੇਵੇਂ ਖਾਂਦਿਆਂ ਕੋਈ 16-17 ਸੌ ਕਿਲੋਮੀਟਰ ਤੋਂ ਜ਼ਿਆਦਾ ਇਲਾਕਾ ਕੱਛਿਆ ਹੋਵੇਗਾ! ਜ਼ਿਆਦਾ ਧਰਾਤਲ ਪਹਾੜੀਆਂ ਨਾਲ ਘਿਰਿਆ ਸੀ। ਪੱਧਰੇ ਇਲਾਕੇ ਤੋਂ ਇਲਾਵਾ ਪਹਾੜੀ ਢਲਾਨਾਂ ਨੂੰ ਵੀ ਹੈਰਤਅੰਗੇਜ਼ ਤਰੀਕਿਆਂ ਨਾਲ ਖੇਤੀ ਲਈ ਵਰਤਿਆ ਜਾ ਰਿਹਾ ਸੀ। ਸਮਤਲ ਜ਼ਮੀਨ 'ਤੇ ਫਸਲਾਂ ਤੋਂ ਇਲਾਵਾ ਜ਼ਿਆਦਾਤਰ ਜ਼ੈਤੂਨ ਦੇ ਬੂਟੇ ਦਿਸਦੇ ਸਨ। ਸੜਕਾਂ ਸੋਹਣੀਆਂ ਤੇ ਸਾਫ। ਵੱਡੇ ਸ਼ਹਿਰਾਂ ਦੇ ਇਮਾਰਤੀ ਪ੍ਰਬੰਧਾਂ ਤੋਂ ਲੱਗਦਾ ਸੀ, ਮੋਰੱਕੋ ਆਧੁਨਿਕ, ਤਰੱਕੀਯਾਫਤਾ ਮੁਲਕ ਹੈ। ਮੋਰੱਕੀ ਆਪਣੇ ਮੁਲਕ ਨੂੰ ਅਫਰੀਕੀ ਮੁਲਕ ਕਹਿਲਾਉਣ ਤੋਂ ਚਿੜਦੇ ਹੋਏ ਮਗਰਿਬ (ਪੱਛਮ) ਕਹਿਣਾ ਜ਼ਿਆਦਾ ਪਸੰਦ ਕਰਦੇ ਸਨ।

ਸਾਨੂੰ ਸਾਡੇ ਆਖਰੀ ਮੁਕਾਮ ਬਾਰੇ ਕੋਈ ਜਾਣਕਾਰੀ ਨਹੀਂ ਸੀ। ਸਾਨੂੰ ਬੱਸ ਵਿਚ ਤੇ ਪਿੱਛੇ ਜੇਲ੍ਹ ਵਿਚੋਂ ਵੀ ਫਰਾਰ ਹੋਣ ਦੇ ਕਾਫੀ ਮੌਕੇ ਮਿਲੇ ਸਨ, ਪਰ ਕਿਸੇ ਨੇ ਵੀ ਇਸ ਬਾਰੇ ਨਹੀਂ ਸੋਚਿਆ। ਮੋਰੱਕੋ 'ਚ ਏਜੰਟਾਂ ਦੇ ਕਿਸੇ ਸੰਪਰਕ ਜਾਂ ਟਿਕਾਣੇ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ। ਫੋਨ ਦੂਜੇ ਮੁੰਡੇ ਨਾਲ ਲੈ ਗਏ ਸਨ। ਨਾ ਸਾਨੂੰ ਖਬਰ ਸੀ, ਅਸੀਂ ਕਿਥੇ ਹਾਂ ਤੇ ਨਾ ਪਤਾ ਸੀ ਜਾਣਾ ਕਿਥੇ ਸੀ। ਦੌੜ ਕੇ ਜਾਂਦੇ ਵੀ ਤਾਂ ਆਖਰ ਕਿਥੇ! ਸਾਡੇ ਮੋਰੱਕੀ ਡੌਂਕਰ ਪੈਸੇ ਦੇ ਲਾਲਚੀ ਸਨ। ਪੈਸੇ ਹਥਿਆਏ, ਕੱਪੜੇ, ਸਮਾਨ ਖੋਹੇ, ਏਜੰਟਾਂ ਵੱਲੋਂ ਵੀ ਕੁਝ ਹਾਸਲ ਹੋਇਆ ਹੋਵੇਗਾ। ਅੱਗੇ ਉਨ੍ਹਾਂ ਨੂੰ ਸਾਡੇ ਬਾਰੇ ਨਾ ਜ਼ਿਆਦਾ ਕਾਹਲੀ ਸੀ, ਨਾ ਫਿਕਰ।

ਬੱਸ ਲਾਈਜ਼ੋਨ ਤੋਂ ਤੁਰੀ ਤਾਨ-ਤਾਨ, ਮਰਕੱਸ਼, ਕਾਸਾ-ਬਲਾਂਕਾਂ (ਇਥੋਂ ਬੱਸ ਬਦਲੀ), ਮਕਨੈਸ, ਫੈਜ਼, ਤਾਂਜਾ ਵਰਗੇ ਵੱਡੇ-ਛੋਟੇ ਸ਼ਹਿਰਾਂ ਤੋਂ ਗੁਜ਼ਰਦੀ ਆਖਰ ਉਜਦਾ ਕਸਬੇ ਦੀ ਦੋ ਮੰਜ਼ਿਲਾ ਜੇਲ੍ਹ ਅੱਗੇ ਜਾ ਕੇ ਰੁਕੀ। ਲਗਦਾ ਸੀ ਕਿ ਵਿਛੜੇ 25 ਸਾਥੀ ਇਥੇ ਮਿਲਣਗੇ, ਪਰ ਨਹੀਂ।

ਸਾਨੂੰ ਵੱਡੇ ਕਮਰੇ 'ਚ ਕਾਲਿਆਂ ਨਾਲ ਬੰਦ ਕਰ ਦਿੱਤਾ ਗਿਆ। ਕਮਰੇ ਦਾ ਮਾਹੌਲ ਗਰਮ ਤੇ ਬਦਬੂਦਾਰ ਸੀ। ਰਹਿੰਦੀ ਕਸਰ ਕਾਲਿਆਂ ਦੇ ਕੱਪੜਿਆਂ, ਸਰੀਰਾਂ 'ਚੋਂ ਉਠਦੀ ਹਵਾੜ ਨੇ ਪੂਰੀ ਕਰ ਦਿੱਤੀ। ਬੱਸ 'ਚ ਮਿਲੇ ਬਰੈਡ ਖਾ ਕੇ ਉਹ ਰਾਤ ਤੇ ਅਗਲਾ ਦਿਨ ਗੁਜ਼ਾਰਿਆ। ਉਮੀਦ ਦੇ ਉਲਟ ਜੇਲ੍ਹ ਵਾਲਿਆਂ ਨੇ ਖਾਣ ਲਈ ਕੁਝ ਨਾ ਦਿੱਤਾ। ਸ਼ਾਇਦ ਗੈਰ ਜ਼ਰੂਰੀ, ਅਣਚਾਹੇ ਮਹਿਮਾਨਾਂ ਦੀ ਮਹਿਮਾਨਨਵਾਜੀ ਦਾ ਦਸਤੂਰ ਇਸ ਜੇਲ੍ਹ ਦਾ

***(ਬਾਕੀ ਅਗਲੇ ਸਫੇ 'ਤੇ)***

# ਚੱਕਰਵਾਤਾਂ ਦੇ ਨਾਂ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਪਿਛਲੇ ਦਿਨੀਂ ਐਟਲਾਂਟਿਕ ਮਹਾਂਸਾਗਰ ਵਿਚ ਆਇਆ ਇਰਮਾ ਨਾਂ ਦਾ ਚੱਕਰਵਾਤ ਬਹੁਤ ਹੀ ਜ਼ਬਰਦਸਤ ਅਤੇ ਤਬਾਹਕੁਨ ਸਾਬਿਤ ਹੋਇਆ। ਇਹ 2005 ਵਿਚ ਲੁਸੀਆਨਾ ਰਾਜ ਵਿਚ ਆਏ ਅਮਰੀਕੀ ਇਤਿਹਾਸ ਦੇ ਸਭ ਤੋਂ ਵਧ ਜਾਨਲੇਵਾ ਚੱਕਰਵਾਤ (Hurricane) ਕੈਟਰੀਨਾ ਤੋਂ ਪਿਛੋਂ ਹੋਰ ਵੀ ਵੱਧ ਕਹਿਰਵਾਨ ਹੋ ਨਿਬੜਿਆ ਹੈ। ਇਹ ਸਾਗਰੀ ਪਾਣੀਆਂ ਨੂੰ ਪਾਰ ਕਰਦਾ ਫਲੋਰੀਡਾ ਖੇਤਰ ਦੇ ਧੁਰ ਅੰਦਰ ਤੱਕ ਆ ਘੁਸਿਆ। ਇਹ 2017 ਵਿਚ ਅਮਰੀਕਾ ਵਿਚ ਆਇਆ ਚੌਥਾ ਚੱਕਰਵਾਤ ਹੈ। ਨਾਂਵਾਂ ਨਾਲ ਯਾਦ ਕੀਤੇ ਜਾਂਦੇ ਤੂਫਾਨਾਂ ਵਿਚੋਂ ਇਸ ਦਾ ਨੌਵਾਂ



ਚੱਕਰਵਾਤ

ਨੰਬਰ ਹੈ।

ਇਸ ਤੋਂ ਕੁਝ ਦਿਨ ਹੀ ਪਹਿਲਾਂ ਐਟਲਾਂਟਿਕ ਸਾਗਰ ਵਿਚ ਹਾਰਵੀ ਨਾਂ ਦਾ ਭਿਆਨਕ ਚੱਕਰਵਾਤ ਆਇਆ। ਪੰਜਾਬੀ ਵਿਚ 'ਬਾਰਾਂ ਸਾਲ ਦੀ ਔੜ ਲੱਗ ਗਈ' ਕਹਿੰਦੇ ਹਨ। ਹਾਰਵੀ ਨਾਂ ਦੇ ਚੱਕਰਵਾਤ ਨੇ ਸੱਚਮੁੱਚ ਇਸ ਬਾਰਾਂ ਸਾਲ ਦੀ ਔੜ ਨੂੰ ਤੋੜਿਆ ਹੈ ਅਰਥਾਤ ਇਸ ਨੇ ਸਾਗਰੀ ਪਾਣੀਆਂ ਨਾਲ ਧਰਤੀ ਨੂੰ ਜਲਥਲ ਕਰ ਦਿੱਤਾ। ਚਾਰ ਦਿਨਾਂ ਵਿਚ ਹੀ ਟੈਕਸਸ ਦੇ ਆਸ-ਪਾਸ 40 ਇੰਚ ਤੋਂ ਵੀ ਵੱਧ ਵਰਖਾ ਹੋਈ ਜਿਸ ਨੇ ਆਸ-ਪਾਸ ਜ਼ਬਰਦਸਤ ਹੜ ਲਿਆਂਦੇ। ਅਮਰੀਕਾ ਵਿਚ ਹਰੀਕੇਨ ਰਾਹੀਂ ਆਈ ਵਰਖਾ ਦਾ ਇਹ ਆਪਣਾ ਰਿਕਾਰਡ ਹੈ। ਹੜ੍ਹਾਂ ਕਾਰਨ ਹਜ਼ਾਰਾਂ ਹੀ ਘਰ ਇਸ ਦੀ ਮਾਰ ਹੇਠ ਆਏ, ਘਟੋ ਘਟ 30,000 ਲੋਕਾਂ ਨੂੰ ਘਰ ਛੱਡਣੇ ਪਏ।

ਅੱਜ ਮੈਂ ਚੱਕਰਵਾਤਾਂ ਦੀ ਗੱਲ ਛੇੜ ਕੇ ਇਨ੍ਹਾਂ ਦੇ ਨਾਮਕਰਨ ਦੀ ਵਿਧੀ ਦੇ ਰਹੱਸ ਖੋਲ੍ਹਣੇ ਹਨ। ਇਸ ਝਮੇਲੇ ਨੂੰ ਸਮਝਣ ਲਈ ਤੁਹਾਨੂੰ ਥੋੜ੍ਹਾ ਸਕੂਲੀ ਜੁਗਰਾਫੀਆ ਤਾਜ਼ਾ ਕਰਨਾ ਪਵੇਗਾ। ਸਭ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਜਿੰਨਾ ਚਿਰ ਕੋਈ ਊਸ਼ਣਕਟਬੰਧੀ ਦਬਾਅ (Tropical depression) ਊਸ਼ਣਕਟਬੰਧੀ ਹਨੇਰੀ (Tropical storm) ਵਿਚ ਨਹੀਂ ਬਦਲ ਜਾਂਦਾ, ਓਨਾ ਚਿਰ ਕੋਈ ਨਾਂ ਨਹੀਂ ਉਜਾਗਰ ਹੁੰਦਾ। ਜਿਉਂ ਹੀ ਊਸ਼ਣਕਟਬੰਧੀ ਹਨੇਰੀ 39 ਮੀਲ ਪ੍ਰਤੀ ਘੰਟਾ ਦੀ ਰਫਤਾਰ ਫੜ੍ਹ ਲੈਂਦੀ ਹੈ, ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਹ ਚੱਕਰਵਾਤ (ਹਰੀਕੇਨ) ਜਾਂ ਸਾਈਕਲੋਨ ਕਹਾਉਣ ਲਗਦੀ ਹੈ ਤੇ ਨਾਂ ਦੀ ਹੱਕਦਾਰ ਹੋ ਜਾਂਦੀ ਹੈ।

ਚੱਕਰਵਾਤਾਂ ਨੂੰ 'ਹਰੀਕੇਨ' ਕਿਉਂ ਕਹਿੰਦੇ ਹਨ? ਇਸ ਸ਼ਬਦ ਦੀ ਵਿਉਤਪਤੀ ਦੋ ਪ੍ਰਕਾਰ ਕੀਤੀ ਜਾਂਦੀ ਹੈ। ਇਕ ਅਨੁਸਾਰ ਇਹ ਸਪੈਨਿਸ਼ ਭਾਸ਼ਾ ਦੇ ਸ਼ਬਦ ਹੁਰਕਨ Hurcan ਦਾ ਅੰਗਰੇਜ਼ੀ ਰੁਪਾਂਤਰ ਹੈ। ਇਹ ਮੁਢਲੇ ਤੌਰ 'ਤੇ ਕੈਰੀਬੀਅਨ ਭਾਸ਼ਾ ਅਰਾਵਾਕ ਦਾ ਸ਼ਬਦ ਹੈ। ਇਸ ਖਿੱਤੇ ਵਿਚ ਬਦੀ ਦੇ ਦੇਵਤੇ ਨੂੰ ਇਹ ਨਾਂ ਦਿੱਤਾ ਗਿਆ ਸੀ। ਦੱਖਣੀ ਅਮਰੀਕਾ ਅਤੇ ਕੈਰੀਬੀਅਨ ਵਿਚ ਸਪੇਨੀਆਂ ਦਾ ਬੋਲਬਾਲਾ ਰਿਹਾ ਹੈ, ਇਸ ਲਈ ਇਹ ਸ਼ਬਦ ਹੋਰ ਯੂਰਪੀ ਭਾਸ਼ਾਵਾਂ ਨੇ ਥੋੜ੍ਹੀ ਤਬਦੀਲੀ ਨਾਲ ਅਪਨਾ ਲਿਆ।

ਇਕ ਹੋਰ ਮਤ ਅਨੁਸਾਰ ਇਹ ਕੇਂਦਰੀ ਅਮਰੀਕਾ ਅਤੇ ਮੈਕਸੀਕੋ ਦੇ ਮਾਇਆ ਨਾਂ ਦੇ ਆਦਿਵਾਸੀਆਂ ਦੇ ਤੂਫਾਨ ਅਤੇ ਮੀਂਹ ਦੇ ਦੇਵਤੇ ਦਾ ਨਾਂ ਸੀ। ਇਹ ਭਾਰਤੀ ਇੰਦਰ ਵਰਗਾ ਸੀ। ਇਸ ਦੀ ਇਕੋ ਲੱਤ ਸੀ, ਕਹਿੰਦੇ ਦੂਜੀ ਲੱਤ ਸੱਪ ਬਣ ਗਈ। ਬ੍ਰਹਿਮੰਡ ਦੀ ਉਤਪਤੀ ਬਾਰੇ ਇਥੋਂ ਦੀ ਮਿਥ ਅਨੁਸਾਰ ਜਦ ਮਨੁੱਖਾਂ ਨੇ ਦੇਵਤਿਆਂ ਨੂੰ ਨਾਰਾਜ਼ ਕਰ ਲਿਆ ਤਾਂ ਹੁਰਕਨ ਨੇ ਕ੍ਰੋਧ ਵਿਚ ਆ ਕੇ 'ਮਹਾਂ ਤੂਫਾਨ' ਦਾ ਸਰਾਪ ਦੇ ਦਿੱਤਾ। ਅਸਲ ਵਿਚ ਦੋਨੋਂ ਸ਼ਬਦ ਇਕੋ ਸਰੋਤ ਵੱਲ ਇਸ਼ਾਰਾ ਕਰਦੇ ਹਨ। ਸਾਡੀ ਦਿਲਚਸਪੀ ਇਸ ਗੱਲ ਵਿਚ ਹੈ ਕਿ ਹਰੀਕੇਨ ਸ਼ਬਦ ਦੀਆਂ ਜੜ੍ਹਾਂ ਅਮਰੀਕੀ ਆਦਿਵਾਸੀਆਂ ਦੀਆਂ ਭਾਸ਼ਾਵਾਂ ਅਤੇ ਸਭਿਆਚਾਰ ਵਿਚ ਹਨ।

ਜਿਸ ਖਿੱਤੇ ਤੋਂ ਤੂਫਾਨ ਦੀ ਸਰਗਰਮੀ ਸ਼ੁਰੂ ਹੁੰਦੀ ਹੈ, ਚੱਕਰਵਾਤਾਂ ਦੇ ਨਾਂ ਉਸੇ ਖਿੱਤੇ ਦੇ ਪਹਿਲਾਂ ਤੋਂ ਤੈਅਸ਼ੁਦਾ ਨਾਂਵਾਂ ਵਿਚੋਂ ਲਾਗੂ ਕੀਤੇ ਜਾਂਦੇ ਹਨ। ਬਹੁਤਿਆਂ ਨੇ ਨੋਟ ਕੀਤਾ ਹੋਵੇਗਾ ਕਿ ਇਹ ਨਾਂ ਬੰਦਿਆਂ ਦੇ ਨਾਂਵਾਂ ਵਰਗੇ ਹੁੰਦੇ ਹਨ। ਅਜਿਹਾ ਇਸ ਲਈ ਹੈ ਤਾਂ ਕਿ ਨਸ਼ਰ ਕੀਤੇ ਜਾ ਰਹੇ ਚੱਕਰਵਾਤ ਦੀ ਗੱਲ ਆਮ ਲੋਕਾਂ ਦੀ ਸਮਝ ਵਿਚ ਆ ਜਾਵੇ, ਨਾਲੇ ਜੇ ਇਕੋ ਸਮੇਂ ਇਕ ਤੋਂ ਵੱਧ ਚੱਕਰਵਾਤ ਆਏ ਹੋਣ ਤਾਂ ਭੰਬਲਭੂਸਾ ਨਾ ਪਵੇ।

ਸਭ ਤੋਂ ਪਹਿਲਾਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਸਟਰੇਲੀਆ ਦੇ ਇਕ ਮੌਸਮ ਵਿਗਿਆਨੀ ਨੇ ਨਾਂ ਰੱਖਣ ਦੀ ਇਹ ਪਿਰਤ ਪਾਈ। ਉਸ ਨੂੰ ਜਿਹੜੇ ਰਾਜਸੀ ਨੇਤਾਵਾਂ ਤੋਂ ਚਿੜ੍ਹ ਸੀ, ਉਹ ਉਨ੍ਹਾਂ ਦੇ ਨਾਂਵਾਂ 'ਤੇ ਤੂਫਾਨਾਂ ਦੇ ਨਾਂ ਰੱਖ ਕੇ ਕਿੜਾਂ ਕੱਢਦਾ ਸੀ। ਦੂਜੀ ਸੰਸਾਰ ਜੰਗ ਦੌਰਾਨ ਅਮਰੀਕੀ ਜਲ ਤੇ ਹਵਾਈ ਸੈਨਾ ਦੇ ਮੌਸਮ ਵਿਗਿਆਨੀਆਂ ਨੇ ਆਪਣੀਆਂ ਪਤਨੀਆਂ ਅਤੇ 'ਗਰਲ ਫਰੈਂਡਾਂ' ਦੇ ਨਾਂ 'ਤੇ ਚੱਕਰਵਾਤਾਂ ਦੇ ਨਾਂ ਰੱਖੇ। 1953 ਤੋਂ ਅਮਰੀਕੀ ਮੌਸਮ ਬਿਊਰੋ ਨੇ ਉਤਰੀ ਐਟਲਾਂਟਿਕ ਮਹਾਂਸਾਗਰ ਵਿਚ ਆਉਂਦੇ ਚੱਕਰਵਾਤਾਂ ਦੇ ਨਾਂ ਔਰਤਾਂ ਦੇ ਨਾਂਵਾਂ ਜਿਹੇ ਰੱਖਣੇ ਸ਼ੁਰੂ ਕਰ ਦਿੱਤੇ ਪਰੰਤੂ 1979 ਤੋਂ ਵਿਸ਼ਵ ਮੌਸਮ ਸੰਗਠਨ ਅਤੇ ਅਮਰੀਕਾ ਦੀ ਰਾਸ਼ਟਰੀ ਮੌਸਮ ਸੇਵਾ ਸੰਸਥਾ ਨੇ ਲਿੰਗਿਕ ਬਰਾਬਰੀ ਦੇ ਸਰੋਕਾਰਾਂ ਕਾਰਨ ਮਰਦਾਂ ਦੇ ਨਾਂ ਵੀ ਸ਼ਾਮਿਲ ਕਰਨੇ ਸ਼ੁਰੂ ਕਰ ਦਿੱਤੇ। ਉਂਜ ਇਹ ਸੱਚ ਹੈ ਕਿ ਧਰਤੀ 'ਤੇ ਇਸ ਦੇ ਪ੍ਰਾਕ੍ਰਿਤਕ ਵਰਤਾਰਿਆਂ ਦਾ ਬੋਧ ਵਿਸ਼ਵ ਭਰ ਵਿਚ ਇਸਤਰੀਵਾਚਕ ਹੈ। ਜ਼ਰਾ ਚੰਡੀ ਦੇਵੀ ਨੂੰ ਧਿਆ ਲਵੋ!

1959-60 ਤੱਕ ਉਤਰ-ਪੂਰਬੀ ਪ੍ਰਸ਼ਾਂਤ ਮਹਾਂਸਾਗਰ ਵਿਚ ਆਉਂਦੇ ਚੱਕਰਵਾਤਾਂ ਦੇ ਨਾਂ ਜਨਾਨਾਂ ਰੱਖੇ ਜਾਂਦੇ ਸਨ ਪਰ 1978 ਪਿਛੋਂ ਮਰਦਾਂ ਨੂੰ ਵੀ ਹਿੱਸਾ ਦੇਣਾ ਪਿਆ। ਉਤਰ ਪੱਛਮੀ ਪ੍ਰਸ਼ਾਂਤ ਮਹਾਂਸਾਗਰ ਦੀ ਵੀ 1979 ਤੱਕ ਲੱਗਭਗ ਇਹੀ ਕਹਾਣੀ ਚਲਦੀ ਰਹੀ ਪਰ ਸੰਨ 2000 ਤੋਂ ਏਸ਼ੀਅਨ ਨਾਂਵਾਂ ਨੂੰ ਵੀ ਸ਼ਾਮਿਲ ਕਰ ਲਿਆ ਗਿਆ ਹੈ। ਇਨ੍ਹਾਂ ਦੀਆਂ ਸੂਚੀਆਂ ਦੀ ਨਿਵੇਕਲੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਔਰਤਾਂ ਮਰਦਾਂ ਦੇ ਨਾਂਵਾਂ ਤੋਂ ਬਿਨਾ ਫੁੱਲਾਂ, ਪੰਛੀਆਂ, ਜਾਨਵਰਾਂ, ਦਰਖਤਾਂ-ਇਥੋਂ ਤੱਕ ਕਿ ਖਾਣ ਵਾਲੀਆਂ ਚੀਜ਼ਾਂ ਦੇ ਨਾਂ ਵੀ ਸ਼ਾਮਿਲ ਹਨ। ਕੰਬੋਡੀਆ, ਮਲੇਸ਼ੀਆ, ਥਾਈਲੈਂਡ ਆਦਿ ਦੀਆਂ ਭਾਸ਼ਾਵਾਂ ਭਾਰਤੀ ਸ਼ਬਦਾਂ ਨਾਲ ਲੱਦੀਆਂ ਪਈਆਂ ਹਨ ਇਸ ਲਈ ਇਨ੍ਹਾਂ ਦੇ ਸੁਝਾਏ ਕੁਝ ਨਾਂ ਪਛਾਣੇ ਜਾਂਦੇ ਹਨ ਜਿਵੇਂ, ਸਾਰਿਕਾ, ਨੂਰੀ, ਨਿਦਾ, ਰਾਮਾਸੁਨ ਆਦਿ। ਇਹੀ ਗੱਲ ਫਿਜੀ ਖੇਤਰ ਦੇ ਨਾਂਵਾਂ 'ਤੇ ਢੁਕਦੀ ਹੈ। ਕੁਝ ਨਮੂਨੇ ਦੇਖੋ-ਮੀਨਾ, ਸ਼ੀਲਾ, ਉਰਮਿਲ, ਨਿਸ਼ਾ, ਊਸ਼ਾ, ਗੀਤਾ, ਮੋਨਾ, ਰੀਟਾ ਆਦਿ। ਉਤਰੀ ਹਿੰਦ ਮਹਾਸਾਗਰ ਦੇ ਚੱਕਰਵਾਤਾਂ ਦੇ ਨਾਂ 2006 ਤੋਂ ਸ਼ੁਰੂ ਹੋਏ ਜਦ ਕਿ ਦੱਖਣ-ਪੱਛਮੀ ਹਿੰਦ ਮਹਾਸਾਗਰ ਨੇ ਇਹ ਪਿਰਤ 1960 ਤੋਂ ਸ਼ੁਰੂ ਕਰ ਦਿੱਤੀ ਸੀ।

ਉਤਰ-ਪੂਰਬੀ ਐਟਲਾਂਟਿਕ ਮਹਾਸਾਗਰ ਦੇ ਸੰਭਾਵੀ ਚੱਕਰਵਾਤਾਂ ਲਈ ਇੱਕੀ ਇੱਕੀ ਨਾਂਵਾਂ ਦੀਆਂ ਛੇ ਸੂਚੀਆਂ ਤਿਆਰ ਕੀਤੀਆਂ ਗਈਆਂ



ਰੌਕਪੋਰਟ, ਟੈਕਸਸ ਵਿਚ ਚੱਕਰਵਾਤ ਦਾ ਕਹਿਰ

ਹਨ ਜੋ ਅੰਗਰੇਜ਼ੀ ਵਰਣਮਾਲਾ ਦੀ ਤਰਤੀਬ ਅਨੁਸਾਰ ਲਿਖੇ ਗਏ ਹਨ। ਹਰ ਸੱਤਵੇਂ ਸਾਲ ਹਰ ਸੂਚੀ ਵਾਰੀ ਸਿਰ ਦੁਹਰਾਈ ਜਾਂਦੀ ਹੈ। ਮਿਸਾਲ ਵਜੋਂ 2010 ਦੇ ਨਾਂਵਾਂ ਵਾਲੀ ਸੂਚੀ 2016 ਵਿਚ ਵੀ ਲਾਗੂ ਕੀਤੀ ਗਈ। ਹਾਂ, ਜੇ ਕੋਈ ਚੱਕਰਵਾਤ ਬਹੁਤ ਹੀ ਤਬਾਹਕੁਨ ਨਿਕਲੇ ਤਾਂ ਮਨਹੂਸ ਸਮਝਦਿਆਂ ਉਸ ਦਾ ਨਾਂ ਕੱਢ ਦਿੱਤਾ ਜਾਂਦਾ ਹੈ। ਮਿਸਾਲ ਵਜੋਂ 2007 ਵਿਚ ਆਏ ਡੋਰੀਅਨ ਨਾਂ ਦੇ ਚੱਕਰਵਾਤ ਦਾ ਨਾਂ ਕੱਢ ਕੇ ਡੀਨ ਪਾ ਦਿੱਤਾ ਗਿਆ ਹੈ। 1800 ਤੋਂ ਉਪਰ ਲੋਕਾਂ ਦੀ ਜਾਨ ਲੈਣ ਵਾਲੇ ਕੈਟਰੀਨਾ ਨੂੰ ਵੀ ਸੇਵਾਮੁਕਤ ਕਰ ਦਿੱਤਾ ਗਿਆ ਹੈ। ਇਕ ਸਾਲ 'ਚ 21 ਤੋਂ ਵੱਧ ਚੱਕਰਵਾਤ ਆ ਜਾਣ ਦੀ ਸੂਰਤ ਵਿਚ ਗਰੀਕ ਵਰਣਮਾਲਾ ਦੇ ਅਲਫਾ, ਬੀਟਾ, ਗਾਮਾ ਆਦਿ ਨਾਂ ਰੱਖ ਲੈਣ ਦੀ ਵਿਵਸਥਾ ਕੀਤੀ ਗਈ ਹੈ। 2010 ਦੌਰਾਨ ਉਤਰੀ ਐਟਲਾਂਟਿਕ 'ਚੋਂ ਛੇ ਚੱਕਰਵਾਤ ਉਠੇ ਜਿਨ੍ਹਾਂ ਦੇ ਭੁਗਤ ਚੁਕੇ ਨਾਂ ਇਸ ਪ੍ਰਕਾਰ ਹਨ-ਐਲੈਕਸ, ਬੌਨੀ, ਕੌਲਿਨ, ਡੈਨੀਅਲ, ਅਰਲ ਤੇ ਫੈਰਿਅਨ। 2017 ਦੇ ਹੁਣ ਤੱਕ ਦੇ ਚੱਕਰਵਾਤਾਂ ਦੇ ਨਾਂ ਇਸ ਪ੍ਰਕਾਰ ਹਨ-ਐਰਲੀਨ, ਬਰੈਟ, ਸਿੰਡੀ, ਦੌਨ, ਏਮਿਲੀ, ਫਰੈਂਕਲਿਨ, ਜਰਟ, ਹਾਰਵੀ, ਇਰਮਾ। ਹੋਰ ਆਉਣ ਵਾਲੇ ਚੱਕਰਵਾਤਾਂ ਦੇ ਨਾਂ ਇਸ ਪ੍ਰਕਾਰ ਹੋਣਗੇ-ਹੋਜ਼ੇ, ਕੈਟੀਆ, ਲੀ, ਮੈਰੀਆ, ਨੇਟ, ਓਫੀਲੀਆ, ਫਿਲਫ, ਰੀਨਾ, ਸੀਨ, ਟੈਮੀ, ਵਿੰਸ, ਵਿਟਨੀ।

ਹਿੰਦ ਮਹਾਸਾਗਰ ਦੇ ਸੰਭਾਵੀ ਚੱਕਰਵਾਤਾਂ ਦੇ ਕੁਝ ਜਾਣੇ-ਪਛਾਣੇ ਨਾਂ ਇਸ ਪ੍ਰਕਾਰ ਹਨ-ਅਗਨੀ, ਪਿਆਰ, ਬਾਜ, ਫਨੂਸ, ਮਾਲਾ, ਆਕਾਸ਼, ਗੋਨੂ, ਨਰਗਿਸ, ਨਿਸ਼ਾ, ਬਿਜਲੀ, ਲੈਲਾ, ਬੰਧੂ, ਗਿਰੀ, ਜਲ, ਕੇਲਾ, ਨੀਲਮ, ਹੈਲਨ, ਲਹਿਰ, ਪ੍ਰਿਆ, ਤਿਤਲੀ, ਦਾਸ, ਫਾਨੀ, ਵਾਯੂ, ਬੁਲਬੁਲ ਆਦਿ।

ਇਕ ਗੋਰੇ ਨੇ ਗੱਲ ਸੁਣਾਈ ਕਿ ਇਕ ਵਾਰੀ ਉਸ ਦਾ ਸਿਰਨਾਂਵੀਆਂ ਚੱਕਰਵਾਤ ਆ ਧਮਕਿਆ। ਉਸ ਦੀ ਭੈਣ ਉਸ ਨੂੰ ਛੇੜਿਆ ਕਰੇ, "ਦਫਾ ਹੋ ਪਰਾਂਹ, ਕੁਦਰਤੀ ਅਫਤੇ!" ਵਿਚਾਰਾ ਬੜਾ ਛਿੱਥਾ ਪਿਆ ਰਹੇ। ਪਦਵੀਆਂ ਉਪਾਧੀਆਂ ਦੇ ਕੀਲੇ ਲੋਕ ਖਿਝਦੇ ਹਨ ਕਿ 'ਅਰਲ' ਤਾਂ ਮਧਯੁਗੀ ਇੰਗਲੈਂਡ ਵਿਚ ਕੁਲੀਨ ਲੋਕਾਂ ਦਾ ਖਿਤਾਬ ਹੁੰਦਾ ਸੀ, ਇਸ ਦੇ ਨਾਂ 'ਤੇ ਵਿਨਾਸ਼ਕਾਰੀ ਚੱਕਰਵਾਤ ਦਾ ਨਾਂ ਰੱਖ ਕੇ ਇਸ ਨੂੰ ਕਿਉਂ ਜ਼ਲੀਲ ਕੀਤਾ ਹੈ? ਕਈ ਹੋਰਨਾਂ ਦੇ ਇਸ ਗੱਲੋਂ ਹਿਰਦੇ ਵਲੂੰਧਰੇ ਜਾਂਦੇ ਹਨ ਕਿ ਕੋਮਲ-ਭਾਵੀ ਔਰਤਾਂ ਦੇ ਨਾਂਵਾਂ 'ਤੇ ਤੂਫਾਨਾਂ ਦੇ ਨਾਂ ਕਿਉਂ ਰੱਖੇ ਹਨ? ਤੂਫਾਨ ਇਤਰਾਜ਼ ਕਰ ਸਕਦੇ ਹਨ ਕਿ ਔਰਤਾਂ ਕਿਉਂ ਤੂਫਾਨ ਮੇਲ ਹੁੰਦੀਆਂ ਹਨ, ਨਾਲੇ ਬੰਦਿਆਂ ਦਾ ਨਾਂ ਤੂਫਾਨ ਸਿੰਘ ਕਿਉਂ ਰੱਖਿਆ ਜਾਂਦਾ ਹੈ'?

#

## ਸਫਰ ਵਿਰੁਧ ਸਫਰ

(ਪਿਛਲੇ ਸਫੇ ਦੀ ਬਾਕੀ)

ਨਹੀਂ ਸੀ, ਪਰ ਪੈਸੇ ਦੇ ਕੇ ਖਾਣਾ ਮੰਗਵਾਇਆ ਜਾ ਸਕਦਾ ਸੀ। ਸਾਡੇ 'ਤੇ ਤਰਸ ਖਾ ਕੇ ਅਲਜ਼ੀਰੀਆ ਦੇ ਕੈਦੀਆਂ ਨੇ ਦੋ ਕੁ ਬਰੈਡ ਸਾਡੇ ਵੱਲ ਸੁੱਟੇ। ਬਰੈਡਾਂ ਨਾਲ ਭਰੇ ਬੋਰੇ ਨੂੰ ਉਨ੍ਹਾਂ ਦੇ ਮਾਲਕਾਂ ਨੇ ਹਾਲੇ ਨਹੀਂ ਸੀ ਛੇੜਿਆ, ਸਾਡਾ ਤਾਂ ਖੈਰ ਜਮਾਂ ਈ ਕੋਈ ਹੱਕ ਨਹੀਂ ਸੀ। ਕਾਲੇ ਚੰਗਾ ਖਾਂਦੇ-ਪਹਿਨਦੇ। ਉਨ੍ਹਾਂ ਕਿਹੜਾ ਸਾਡੇ ਵਾਂਗ ਇਥੇ ਪਹੁੰਚਣ ਲਈ ਲੱਖਾਂ ਖਰਚਣੇ ਹੁੰਦੇ।

ਦੂਜੀ ਸ਼ਾਮ ਸਾਨੂੰ 8-9 ਕਾਲਿਆਂ ਸਣੇ ਬੰਦ ਵੈਨ 'ਚ ਲੱਦ ਕੇ ਸ਼ਹਿਰੋਂ ਬਾਹਰ ਕੂਚ ਕੀਤਾ ਗਿਆ। ਦੋ ਕੁ ਛੋਟੇ-ਮੋਟੇ ਪਿੰਡਾਂ 'ਚੋਂ ਲੰਘ ਕੇ ਫਰੰਟੀਅਰ ਲਿਖੇ ਮੀਲ-ਪੱਥਰਾਂ ਨੇੜੇ ਬਣੀ ਫੌਜੀ ਚੌਕੀ ਦੇ ਹਵਾਲੇ ਕਰ ਕੇ ਪੁਲਿਸ ਵਾਲੇ ਮੁੜ ਗਏ। ਅਸੀਂ ਜ਼ੋਰ ਨਾਲ ਧੜਕਦੇ ਦਿਲਾਂ ਨਾਲ ਆਉਣ ਵਾਲੀ ਆਫਤ ਦਾ ਇੰਤਜ਼ਾਰ ਕਰਦੇ ਰਹੇ।

ਬਾਅਦ 'ਚ ਆਏ ਖੁੱਲ੍ਹੇ ਫੌਜੀ ਟਰੱਕ ਵਿਚ ਬੈਠੇ ਕਾਲਿਆਂ ਨਾਲ ਸਾਡੇ ਸਾਥੀ ਕਾਲੇ ਵੀ ਚਾੜ੍ਹ ਦਿੱਤੇ ਗਏ ਤੇ ਵਾਹਨ ਤੇਜ਼ੀ ਨਾਲ ਹਨੇਰੇ ਵਿਚ ਲੋਪ ਹੋ ਗਿਆ। ਸ਼ਰਤੀਆ, ਉਨ੍ਹਾਂ ਨੂੰ ਬਾਰਡਰ ਪਾਰ ਅਲਜ਼ੀਰੀਆ ਦੇ ਉਜਾੜ ਵੱਲ ਧੱਕ ਦਿੱਤਾ ਜਾਵੇਗਾ। ਅਸੀਂ ਸ਼ਾਇਦ ਕੋਈ ਖਾਸ ਬੰਦੀ ਸਾਂ। ਅਸੀਂ ਸਹਿਮੇ-ਘਬਰਾਏ ਸੋਚ ਰਹੇ ਸਾਂ ਕਿ ਸਾਡੇ ਨਾਲ ਕੀ ਹੋਵੇਗਾ? ਕੀ ਸਾਡੇ ਵਾਸਤੇ ਕੁਝ ਵੱਖਰਾ ਸੋਚਿਆ ਗਿਆ ਸੀ? ਸਾਡੀਆਂ ਸੋਚਾਂ ਵਾਂਗ ਰਾਤ ਦਾ ਹਨੇਰਾ ਵੀ ਹੌਲੀ-ਹੌਲੀ ਗਹਿਰਾ ਰਿਹਾ ਸੀ।

(ਚਲਦਾ)

## ਜਦ ਤੱਕ ਦੱਬੇ-ਕੁਚਲੇ

ਚੱਲ ਬਾਬਾ ਬਹਿ ਰਾਵੀ ਕੰਢੇ,
ਕੁਝ ਸੁਣੀਏ ਕੁਝ ਗਾਈਏ,
ਕਾਦਰ ਦੀ ਕੁਦਰਤ ਜੋ ਦਿੱਤਾ,
ਬਹਿ ਕੇ ਸਾਥ 'ਤੇ ਲਾਈਏ।
ਮਰਦਾਨਾ ਤੇ ਬਾਬਾ ਨਾਨਕ,
ਕੰਢੇ ਰਾਵੀ ਜਾ ਖਲੋਏ,
ਇਕ ਛੱਲ ਜਾਵੇ ਦੂਜੀ ਆਏ,
ਚਰਨੀ ਲੱਗ ਨਤਮਸਤਕ ਹੋਵੇ।
ਦੋ ਅਲਬੇਲੇ ਵੇਖ ਕੇ,
ਰਾਵੀ ਝੁਕ ਪੈਰਾਂ ਨੂੰ ਆਈ,
ਜੀ ਆਇਆਂ ਨੂੰ ਧੰਨ ਭਾਗ,
ਕਿਧਰੇ ਤੁਸਾਂ ਵੀ ਫੇਰੀ ਪਾਈ।

ਬੜੇ ਚਿਰਾਂ ਦੀ ਤਾਂਘ ਸੀ ਮੈਨੂੰ,
ਕਦੀ ਤੇ ਆ ਕੇ ਬੋਲੋ,
ਇਲਾਹੀ ਬਾਣੀ ਰਬਾਬ ਸੁਰਾਂ ਵਿਚ,
ਬਹਿ ਕੇ ਅੰਮ੍ਰਿਤ ਘੋਲੋ।
ਕਿਸਮਤ ਵਾਲੀ ਜਿਸ ਦੇ ਕੰਢੇ,
ਤੁਸੀਂ ਆ ਕੇ ਡੇਰੇ ਲਾਏ,
ਘੁੰਮ ਕੇ ਚਾਰੇ ਚੱਕ ਤੁਸਾਂ ਨੇ,
ਮੇਰੇ ਭਾਗ ਜਗਾਏ।
ਵੇਖੋ ਮੇਰੀਆਂ ਛੱਲਾਂ ਤਾਹੀਂ,
ਕਿੰਨਾ ਚੜ੍ਹਿਆ ਚਾਅ,
ਇਲਾਹੀ ਨੂਰ ਪਾਉਣ ਦੀ ਖਾਤਰ,
ਉਠ ਉਠ ਤੱਕਣ ਰਾਹ।

ਹੱਕ ਸੱਚ ਦੇ ਹੋਕੇ ਲਈ,
ਤੁਸੀਂ ਤੁਰ ਗਏ ਦੇਸ਼-ਦੇਸਾਂਤਰ,
ਚੋਰ-ਉਚੱਕੇ ਹਾਕਮਾਂ ਦੇ,
ਤੁਸੀਂ ਤੋੜੇ ਸੀ ਛੜਯੰਤਰ।
ਮੁਰਦਾ ਕਾਇਨਾਤ ਦੇ ਅੰਦਰ,
ਤੁਸਾਂ ਜੀਵਨ ਜੋਤ ਜਗਾਈ,
ਮਾਨਵਤਾ ਦੀ ਦਰਦੇ-ਪੀੜਾਂ,
ਤੁਸੀਂ ਸ਼ਬਦਾਂ ਨਾਲ ਹਰਾਈ।
ਪਾਪ ਦੀ ਜੰਞ ਜੋ ਕਾਬਲੋਂ ਆਈ,
ਰੱਬ ਨੂੰ ਰੋਸ ਜਗਾਇਆ,
ਰਾਜੇ ਸੀਂਹ ਮੁਕੱਦਮ ਕੁੱਤੇ,
ਉਚੀ ਨਾਹਰਾ ਲਾਇਆ।
ਅੰਨ੍ਹੀ ਰਈਅਤ ਗਿਆਨ ਵਿਹੂਣੀ,
ਤੁਸੀਂ ਹੱਕ ਦੀ ਗੱਲ ਚਲਾਈ,
ਦਸਾਂ ਨਹੁੰਆਂ ਦੀ ਕਿਰਤ ਕਰੋ
ਤੇ ਵੰਡ ਕੇ ਖਾਉ ਭਾਈ।

ਪਹਿਲੀ ਵਾਰੀ ਬਾਬਾ ਤੁਸਾਂ ਨੇ,
ਨਵੀਂ ਪਿਰਤ ਸੀ ਪਾਈ,
ਲਾਹ ਕੇ ਬਾਣਾ ਜੰਗ ਫਕੀਰਾਂ,
ਤੁਸੀਂ ਹੱਥੀਂ ਕਿਰਤ ਕਮਾਈ।
ਫਿਰ ਆ ਕੰਢੇ ਮੇਰੇ ਤੁਸਾਂ ਨੇ,
ਗੁੜ੍ਹੀ ਜੁਗਤ ਲੜਾਈ,
ਪੁੱਟ ਕੇ ਜੰਗਲ ਬੇਲੇ,
ਧਰਤੀ ਵਾਹੀਯੋਗ ਬਣਾਈ।
ਜੋਤ ਕੇ ਹਲ ਪੰਜਾਲੀ
ਨਮਸਕਾਰ ਮਿੱਟੀ ਨੂੰ ਕੀਤਾ।

ਧੀਰਜ ਸਤ-ਸੰਤੋਖ-ਸੁਹਾਗਾ,
ਸ਼ੁਕਰ ਉਸ ਦਾ ਕੀਤਾ।
ਮੈਂ ਬਲਿਹਾਰੀ ਜਾਵਾਂ ਬਾਬਾ,
ਘਾਲ ਤੁਸਾਂ ਜੋ ਘਾਲੀ,
ਮੈਂ ਨਿਮਾਣੀ ਦੱਸ ਨਹੀਂ ਸਕਦੀ,
ਤੁਸਾਂ ਇਹ ਯਾਰੀ ਕਿੰਜ ਪਾਲੀ।
ਇਕ-ਇਕ ਪਲ ਨੂੰ ਲੱਖ ਲਾ ਕੇ,
ਤਾਰੀ ਕੁਲ ਲੁਕਾਈ।
ਬਾਬਾ ਤੇਰਾ ਕਰਜ਼ਾ ਲਾਹ ਨਹੀਂ ਹੋਣਾ,
ਤੇਰਾ ਕੀਤਾ ਕਹਿ ਨਹੀਂ ਹੋਣਾ,
ਮੈਂ ਬੇਵਸ ਨਾ ਕਾਸੇ ਜੋਗੀ,
ਮੈਥੋਂ ਫਰਜ਼ ਅਦਾ ਨਹੀਂ ਹੋਣਾ।

ਕਿੰਜ ਦੱਸਾਂ ਕਿੰਜ ਪੰਜਵੇਂ ਜਾਮੇ,
ਮੇਰੇ ਕੋਲੋਂ ਕਹਿ ਨਹੀਂ ਹੋਣਾ,
ਕਿੰਜ ਬੀਤੀ ਸੀ ਇਕ ਅਨਹੋਣੀ,
ਨਾ ਕਹਾਂ ਇਹ ਸਹਿ ਨਹੀਂ ਹੋਣਾ।
ਅੱਜ ਤਾਂ ਬਾਬਾ ਥਾਂ-ਥਾਂ ਡੇਰੇ,
ਅੰਧਘੋਰ ਹੈ ਚਾਰ-ਚੁਫੇਰੇ,
ਪੜ੍ਹਦੇ ਬਾਣੀ ਮੱਥੇ ਟੇਕਣ,
ਪਰ ਕਹਿਣੀ-ਕਰਨੀ ਵਿਚ ਮਘੋਰੇ।
ਜਾਤ-ਪਾਤ ਤੇ ਊਚ-ਨੀਚ ਦੇ,
ਵੱਜਦੇ ਇਥੇ ਨਿੱਤ ਨਗਾਰੇ,
ਮਾਇਆ ਨਗਰੀ ਦੀ ਮੰਡੀ ਵਿਚ,
ਗੁੰਡੇ ਬੈਠੇ ਤਖਤ ਮੁਨਾਰੇ।
ਅੰਨਦਾਤਾ ਖੁਦਕੁਸ਼ੀਆਂ ਕਰਦਾ,
ਕਿਰਤੀ ਕਾਮਾ ਭੁੱਖਾ ਮਰਦਾ,
ਹਾਕਮਸ਼ਾਹੀ ਯੁੱਗ ਦਾ ਰਾਜਾ,
ਜੱਗ ਜਨਨੀ ਨੂੰ ਨਿਰਵਸਤਰ ਕਰਦਾ।

ਕਿਰਤ ਕਰੋ ਤੇ ਵੰਡ ਛਕੋ,
ਹੁਣ ਸੁਪਨਾ ਬਣਦਾ ਜਾਂਦਾ ਏ,
ਫੋਕੀ ਸ਼ਾਨ ਤੇ ਲੋਕ ਵਿਖਾਵਾ,
ਹੱਡੀਂ ਰਚਦਾ ਜਾਂਦਾ ਏ।
ਭਗਵੇਂ ਫਿਰਦੇ ਸਾਨੂੰ ਭੂਤਰੇ,
ਕਿੰਜ ਬਾਬਰੀ ਮਸਜਦ ਢਾਈ ਏ,
ਕੱਟੜ ਪੰਥੀ, ਤਿਲਕ, ਬੋਦੀਆਂ,
ਅੱਗ ਦੀ ਖੇਡ ਮਚਾਈ ਏ।
ਬਾਬਾ ਮੈਂ ਨਹੀਂ ਚਾਹੁੰਦੀ,
ਤੂੰ ਮੁੜ ਆਵੇਂ,
ਆਪਣਾ ਆ ਕੇ ਵਕਤ ਗੁਆਵੇਂ।

ਇਕ ਵਾਰੀ ਤੂੰ ਫੇਰਾ ਪਾ ਕੇ,
ਸਭ ਕੁਝ ਝੋਲੀ ਪਾ ਦਿੱਤਾ ਸੀ।
ਅਸੀਂ ਹੀ ਨਿਕਲੇ
ਅਕਲੋਂ ਖਾਲੀ ਅੱਖੋਂ ਅੰਨ੍ਹੇ,
ਤੇਰਾ ਭੇਤ ਸਮਝ ਨਾ ਸਕੇ।
ਜਦ ਤੱਕ ਦੱਬੇ-ਕੁਚਲੇ ਬਾਬਾ,
ਹੱਥਾਂ ਵਿਚ ਹਥਿਆਰ ਨਹੀਂ ਲੈਂਦੇ,
ਤੇਰੀ ਧੁਰ ਦੀ ਬਾਣੀ ਨੂੰ,
ਮਨ-ਮਸਤਕ ਉਤਾਰ ਨਹੀਂ ਲੈਂਦੇ,
ਉਦੋਂ ਤੱਕ ਬਾਬਰ, ਅਬਦਾਲੀ,
'ਧਰਮੀਆ' ਦਸਤਕ ਦਿੰਦੇ ਰਹਿਣਗੇ,
ਮੇਰੇ ਠੰਢੇ ਨੀਰ ਦੇ ਅੰਦਰ,
ਜ਼ਹਿਰ ਇਹ ਘੋਲੀ ਜਾਣਗੇ।

-ਧਰਮ ਸਿੰਘ ਗੋਰਾਇਆ

ਕਹਾਣੀ

# ਮੁੰਨਾ ਕੋਹ ਲਹੌਰ

*ਅਫਜ਼ਲ ਅਹਿਸਨ ਰੰਧਾਵਾ (ਪਹਿਲੀ ਸਤੰਬਰ 1937) ਦਾ ਜਨਮ ਹੁਸੈਨਪੁਰਾ, ਅੰਮ੍ਰਿਤਸਰ (ਭਾਰਤੀ ਪੰਜਾਬ) ਵਿਚ ਹੋਇਆ। ਉਨ੍ਹਾਂ ਦਾ ਅਸਲ ਨਾਮ ਮੁਹੰਮਦ ਅਫਜ਼ਲ ਹੈ। ਉਨ੍ਹਾਂ ਦਾ ਜੱਦੀ ਪਿੰਡ ਕਿਆਮਪੁਰ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨੀ ਪੰਜਾਬ) ਵਿਚ ਹੈ। ਉਨ੍ਹਾਂ ਮੁਢਲੀ ਸਿੱਖਿਆ ਲਾਹੌਰ ਤੋਂ, ਦਸਵੀਂ ਮਿਸ਼ਨ ਹਾਈ ਸਕੂਲ ਨਾਰੋਵਾਲ ਤੋਂ, ਗ੍ਰੈਜੂਏਸ਼ਨ ਮੱਰੇ ਕਾਲਜ ਸਿਆਲਕੋਟ ਤੋਂ ਅਤੇ ਲਾਅ ਦੀ ਡਿਗਰੀ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਹਾਸਿਲ ਕੀਤੀ। ਉਨ੍ਹਾਂ ਤਿੰਨ ਸਾਲ ਖੇਤੀ ਯੂਨੀਵਰਸਿਟੀ, ਫੈਸਲਾਬਾਦ ਵਿਚ ਸੇਵਾ ਨਿਭਾਈ। ਫਿਰ ਵਕੀਲ ਦੇ ਤੌਰ 'ਤੇ ਪੱਕਾ ਪੇਸ਼ਾ ਚੁਣ ਲਿਆ ਅਤੇ ਨਾਲ ਹੀ ਰਾਜਨੀਤੀ ਵਿਚ ਵੀ ਸਰਗਰਮ ਹੋ ਗਏ। ਉਨ੍ਹਾਂ ਨੇ ਸਭ ਤੋਂ ਪਹਿਲਾਂ ਉਰਦੂ ਵਿਚ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। 1958 ਤੋਂ ਬਾਕਾਇਦਾ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਹਨ: (ਕਾਵਿ ਸੰਗ੍ਰਿਹ) ਸ਼ੀਸ਼ਾ ਇੱਕ ਲਿਸ਼ਕਾਰੇ ਦੋ (1965), ਰੱਤ ਦੇ ਚਾਰ ਸਫਰ (1975), ਪੰਜਾਬ ਦੀ ਵਾਰ (1979), ਮਿੱਟੀ ਦੀ ਮਹਿਕ (1983), ਪਿਆਲੀ ਵਿਚ ਅਸਮਾਨ (1983), ਛੇਵਾਂ ਦਰਿਆ (1997); (ਕਹਾਣੀ ਸੰਗ੍ਰਿਹ) ਰੰਨ, ਤਲਵਾਰ ਤੇ ਘੋੜਾ (1973), ਮੁੰਨਾ ਕੋਹ ਲਹੌਰ (1989); (ਨਾਵਲ) ਸੂਰਜ ਗ੍ਰਹਿਣ (1985), ਦੋਆਬਾ (1981), ਦੀਵਾ ਤੇ ਦਰਿਆ (1961), ਪੰਧ (1998); (ਨਾਟਕ) ਸੱਪ, ਸ਼ੀਂਹ ਤੇ ਫਕੀਰ। ਉਨ੍ਹਾਂ ਨੇ ਕੁਝ ਕਿਤਾਬਾਂ ਦੇ ਅਨੁਵਾਦ ਵੀ ਕੀਤੇ ਹਨ। ਉਨ੍ਹਾਂ ਦੀਆਂ ਲਿਖਤਾਂ ਬਹੁਤਾ ਕਰਕੇ ਅਣਵੰਡੇ ਪੰਜਾਬ ਦੇ ਪੁਰਾਣੇ ਪੇਂਡੂ ਸੱਭਿਆਚਾਰ ਦੀ ਪਿੱਠਭੂਮੀ 'ਤੇ ਹਨ। ਲਿਖਤ ਦਾ ਮੁਹਾਂਦਰਾ ਕੁਝ ਇਸ ਤਰ੍ਹਾਂ ਹੁੰਦਾ ਹੈ ਕਿ ਪਾਠਕ ਨੂੰ ਲੱਗਦਾ ਹੈ, ਜਿਵੇਂ ਉਹ ਆਪ ਵੀ ਕਹਾਣੀ ਦਾ ਹਿੱਸਾ ਬਣ ਗਿਆ ਹੋਵੇ। ਕੁਝ ਅਜਿਹਾ ਹੀ ਵਰਤਾਰਾ ਇਸ ਕਹਾਣੀ ਦਾ ਹੈ। -ਸੰਪਾਦਕ*

"ਸਾਧ ਪਕੌੜੇ ਵੇਚ ਕੇ ਆਪਣੇ ਆਪ ਵਿਚ ਜੰਨਤ ਦੀਆਂ ਮੌਜਾਂ ਮਾਣਦਾ ਤੇ ਚੋਰ ਚੋਰੀ ਕਰਕੇ ਆਪਣੇ ਬਾਲ ਬੱਚੇ ਨਾਲ ਬੁੱਲੇ ਲੁਟਦਾ। ਤੇ ਇੰਜ ਸਾਧ ਆਪਣੇ ਹਾਲ ਵਿਚ ਮਸਤ, ਚੋਰ ਆਪਣੇ ਮਾਲ ਵਿਚ ਮਸਤ, ਤੇ ਵੇਲਾ ਆਪਣੀ ਚਾਲ ਵਿਚ ਮਸਤ ਸੀ।"

"ਕਹਾਣੀ ਦਾ ਮੁੱਢ ਈ ਬੇਢੰਗਾ ਏ!" ਦਾਰੀ ਜੁਲਾਹਾ ਬੋਲ ਪਿਆ, "ਅਗਾਂਹ ਕਹਾਣੀ ਕੀ ਹੋਣੀ ਏ?"

ਕਹਾਣੀ ਸੁਣਾਉਂਦਾ ਬਾਬਾ ਭੋਜ ਵਿਚੋਂ ਟੋਕੇ ਜਾਣ 'ਤੇ ਭੜਕ ਡੰਡਿਓਂ ਪਾਰ ਹੋਇਆ। ਦਾਰੀ ਨੂੰ ਝਈ ਲੈ ਕੇ ਪਿਆ, "ਅਗਾਂਹ ਤੇ ਤੇਰੀ ਮਾਂ ਨੇ ਜੇ ਹੋਣਾ ਸੋ ਹੋਣਾ ਏ, ਪਹਿਲਾਂ ਤੂੰ ਇਹ ਦੱਸ! ਕਹਾਣੀ ਦਾ ਮੁੱਢ ਕਿਵੇਂ ਬੇਢੰਗਾ ਏ?"

ਦਾਰੀ ਨੇ ਬਾਬੇ ਦੀ ਗੱਲ ਦਾ ਬੁਰਾ ਨਾ ਮੰਨਿਆ। ਹੱਸ ਕੇ ਕਹਿਣ ਲੱਗਾ, "ਤੂੰ ਤੇ ਆਖਦਾ ਹੁੰਦਾ ਏਂ ਪਈ ਚੋਰਾਂ ਦੇ ਘਰ ਕਦੇ ਦੀਵਾ ਹੀ ਨਹੀਂ ਹੁੰਦਾ। ਹੁਣ ਆਪ ਹੀ ਦੱਸਦਾ ਏਂ ਪਈ ਚੋਰ ਆਪਣੇ

**ਅਫਜ਼ਲ ਅਹਿਸਨ ਰੰਧਾਵਾ**

ਬਾਲ-ਬੱਚੇ ਨਾਲ ਬੁੱਲੇ ਲੁਟਦਾ ਹੁੰਦਾ ਸੀ ਤੇ ਨਾਲ ਸਾਧ ਪਕੌੜੇ ਵੇਚਣ ਮਗਰੋਂ ਸਾਧ ਹੀ ਰਿਹਾ?"

ਕੋਲ ਬੈਠਾ ਮਾਸਟਰ ਦਾਰੀ ਦੀ ਇਮਦਾਦ ਨੂੰ ਅੱਪੜਿਆ, "ਬਾਬਾ! ਦਾਰੀ ਦੀ ਗੱਲ ਨੂੰ ਚਿੱਥ ਜਰਾ! ਉਹ ਆਖਦਾ ਏ ਕਿ ਹੱਟੀ ਵਾਲਾ ਤੇ ਚੋਰ, ਜੇ ਸਕੇ ਭਰਾ ਨਹੀਂ ਤੇ ਤਾਏ ਚਾਚੇ ਦੇ ਪੁੱਤਰ ਭਰਾ ਤੇ ਜ਼ਰੂਰ ਹੁੰਦੇ ਨੇ-ਇਕ ਨੇ ਗਾਹਕ ਨੂੰ ਲੁੱਟਣਾ, ਇਕ ਨੇ ਸਾਕ ਨੂੰ।"

ਬਾਬੇ ਭੋਜ ਨੇ ਮਾਸਟਰ ਦੀ ਸੁਣੀ-ਅਣਸੁਣੀ ਕਰਦਿਆਂ ਕਿਹਾ, "ਦੀਵਾ ਨਹੀਂ ਬਲਦਾ ਕਦੇ ਤੇਰੇ ਜਿਹੇ ਰੱਬ ਦੇ ਮਾਰੇ ਚੋਰ ਦੇ ਘਰ, ਜਿਨ੍ਹੇ ਸਵੇਰੇ ਉਠ ਕੇ ਮਸੀਤੇ ਜਾ ਕੇ ਨਹਾਵਣ ਤੋਂ ਪਹਿਲੋਂ ਮਸੀਤ ਦਾ ਤੇਲ ਚੋਰੀ ਕਰਕੇ ਮਲਣਾ ਹੁੰਦਾ ਏ।"

ਬਾਬੇ ਦੀ ਗੱਲ ਅਜੇ ਵਿਚੇ ਸੀ, ਦਾਰੀ ਹੱਸ ਕੇ ਕਹਿਣ ਲੱਗਾ, "ਰੋਜ਼ ਸਵੇਰੇ ਮੂੰਹ ਹਨੇਰੇ ਖੂਹੀ 'ਚੋਂ ਸੌ ਬੋਕਾ ਕੱਢ ਕੇ ਸਕਾਵੇ ਤੋਂ ਟੂਟੀਆਂ ਭਰਨਾ ਆਂ ਮਸੀਤ ਦੀਆਂ। ਜੇ ਕਦੇ ਕਿਸੇ ਨਮਾਜੀ ਸਵੇਰੇ ਇਕ ਬੋਕਾ ਵੀ ਕੱਢਿਆ ਹੋਵੇ ਤਾਂ ਮੈਂ ਝੂਠਾ। ਤੇ ਜੇ ਕਦੇ ਮੈਂ ਕੁੱਜੇ 'ਚੋਂ ਤੇਲ ਦਾ ਚੋਆ ਲੈ ਲੈਨਾ ਆਂ ਤੇ ਗੁਨਾਹ ਕੀ ਹੋਇਆ? ਅੱਲ੍ਹਾ ਦੇ ਘਰੋਂ ਨਾ ਲਵਾਂ ਤੇ ਹੋਰ ਕਿੱਥੋਂ ਲਵਾਂ?"

ਦਾਰੀ ਦੀ ਗੱਲ ਦੇ 'ਹੋਰ ਕਿਥੋਂ ਲਵਾਂ' ਵਾਲੇ ਟੋਟੇ 'ਤੇ ਬਾਬੇ ਦਾ ਹਾਸਾ ਨਿਕਲ ਗਿਆ, "ਪੁੱਤਰਾ! ਜੇ ਕਦੇ ਤੈਨੂੰ ਸਵੇਰੇ ਉਠ ਕੇ ਤੇਲ ਮਲ ਕੇ ਨਹਾਵਣ ਦੀ ਆਦਤ ਨਾ ਹੋਵੇ, ਤੂੰ ਕਦੇ ਮਸੀਤ ਵੱਲ ਮੂੰਹ ਵੀ ਨਾ ਕਰੇਂ। ਜਾ ਕੇ ਰੋਜ਼ ਤੇਲ ਮਲਨਾ ਏਂ। ਮਗਰੋਂ ਸਰੀਰ ਖੋਲ੍ਹਣ ਲਈ ਦਸ-ਵੀਹ ਬੋਕੇ ਕੱਢ ਕੇ ਸਕਾਵੇ ਭਰ ਕੇ ਨਹਾ ਵੀ ਤਾਂ ਆਪ ਈ ਆਉਣਾ ਏਂ ਨਾ?"

ਤੈਨੂੰ ਕਦੇ ਨਮਾਜ ਪੜ੍ਹਨ ਦੀ ਤੌਫੀਕ ਨਹੀਂ ਹੋਈ। ਪਰ ਮੇਰੀ ਗੱਲ ਯਾਦ ਰੱਖੀਂ, ਅੱਲ੍ਹਾ ਦੇ ਘਰ ਚੋਰੀ ਕਰਨਾ ਏਂ, ਕੋਹੜਾ ਹੋ ਕੇ ਮਰੇਂਗਾ। ਕੀੜੇ ਖਾਣਗੇ ਏਸ ਸਰੀਰ ਨੂੰ।"

ਖੌਰੇ ਕੋਹੜੇ ਹੋਣ ਜਾਂ ਸਰੀਰ ਨੂੰ ਕੀੜਿਆਂ ਦੇ ਖਾਣ ਦੇ ਡਰ ਤੋਂ ਦਾਰੀ ਕੰਬ ਗਿਆ। ਸਫਾਈ ਦਿੰਦਿਆਂ ਕਹਿਣ ਲੱਗਾ, "ਸਹੁੰ ਬੇਬੇ ਦੀ! ਹੁਣ ਤਾਂ ਮੈਂ ਇਹ ਕੰਮ ਕਦੇ ਨਹੀਂ ਕੀਤਾ। ਅਜੇ ਪਿਛਲੀ ਜੁੰਮੇਰਾਤ ਨੂੰ ਤੇ ਮੈਂ ਸਵਾ ਰੁਪਏ ਦਾ ਤੇਲ ਮਸੀਤੇ ਪਾਇਆ ਏ।"

"ਹੁਣ ਤੂੰ ਮਸੀਤੋਂ ਤੇਲ ਚੋਰੀ ਕਰਕੇ ਨਹੀਂ ਮਲਦਾ, ਹੁਣ ਤੇ ਤੂੰ ਬੱਸ ਪੱਠੇ ਵੱਢਨਾ ਏਂ ਚੋਰੀ!" ਬਾਬੇ ਭੋਜ ਖੌਰੇ ਦਾਰੀ ਦੀ ਪਹਿਲੀ ਸਫਾਈ ਮੰਨ ਲਈ ਸੀ।

ਦਾਰੀ ਆਪਣੀ ਵਾਹੀ, "ਲੈ ਭਲਾ ਬਾਬਾ! ਪੱਠੇ ਮੈਂ ਕਿਨੇ ਕੁ ਵੱਢਨਾਂ ਆਂ? ਇਕ ਬੱਕਰੀ ਜਿੱਡੀ ਗਾਂ ਏ ਤੇ ਇਕ ਬਿੱਲੀ ਜਿੱਡੀ ਵੱਛੀ। ਨਾਲੇ ਪੱਠੇ ਮੈਂ ਕਿਹੜੇ ਰੋਜ਼ ਵੱਢਨਾਂ ਆਂ? ਇਕ ਅੱਧਾ ਡੰਗ ਤੇ ਮੈਂ ਘਾਹ ਖੋਤਰ ਕੇ ਪਾ ਲੈਨਾਂ ਤੇ ਵਿਚੋਂ ਇਕ ਅੱਧਾ ਡੰਗ ਪੱਠੇ ਵੱਢ ਲਿਆਉਨਾਂ, ਉਹ ਵੀ ਉਸ ਸੂਮ ਜੱਟ ਦੇ, ਜਿਹੜਾ ਮੰਗਿਆਂ ਨਹੀਂ ਦੇਂਦਾ। ਸਵੇਰੇ ਜੱਟ ਨੂੰ ਵੀ ਪਤਾ ਹੁੰਦਾ ਏ ਪਈ ਦਾਰੀ ਲੈ ਗਿਆ ਪੱਠੇ ਵੱਢ ਕੇ ਰਾਤੀਂ। ਉਹ ਵੀ ਹੱਸ ਛੱਡਦਾ ਏ ਤੇ ਮੈਂ ਵੀ। ਬਾਬਾ! ਤੂੰ ਹੀ ਦੱਸ ਆਪਣੇ ਦੀਨ ਈਮਾਨ ਨਾਲ, ਜੇ ਦਾਰੀ ਆਪਣੀ ਗਾਂ ਲਈ ਏਸ ਆਪਣੇ ਪਿੰਡ ਵਿਚੋਂ ਪੱਠੇ ਨਾ ਵੱਢੇ ਤੇ ਕਿਥੋਂ ਵੱਢੇ? ਪਿੰਡ ਬਾਹਰੋਂ ਕਿਸੇ ਹੋਰ ਪਿੰਡ ਦੇ ਪੱਠੇ ਵੱਢ ਕੇ ਢੋਣ ਭਲਾ ਏ?"

ਬਾਬੇ ਭੋਜ ਦਾ ਫੇਰ ਹਾਸਾ ਭੁੱਲ੍ਹ ਪਿਆ। ਹੱਸਦਿਆਂ ਹੱਸਦਿਆਂ ਬੋਲਿਆ, "ਓਇ ਬੰਦਿਆ! ਤੈਨੂੰ ਸੌ ਵਾਰੀ ਆਖਿਆ ਏ ਜਦੋਂ ਕਿਤੋਂ ਨਾ ਲੱਭਣ ਤਾਂ ਸਾਡੇ ਵੱਢ ਲਿਆਇਆ ਕਰ। ਪਰ ਰਾਤਾਂ ਨੂੰ ਲੋਕਾਂ ਦੇ ਚੋਰੀ ਨਾ ਵੱਢਿਆ ਕਰ। ਐਵੇਂ ਹਰਾਮ ਮੌਤੇ ਨਾ ਮਾਰਿਆ ਜਾਵੀਂ ਕਿਤੇ। ਓਏ ਚੋਰੀ ਪੱਠੇ ਵੱਢਦਿਆਂ ਮਾਰਿਆ ਜਾਣਾ ਵੀ ਕੋਈ ਕੰਮ ਹੋਇਆ। ਧੇਲਾ ਮੁੱਲ ਨਹੀਂ ਪੈਂਦਾ ਅਜਿਹੇ ਬੰਦੇ ਦਾ।"

"ਮੈਂ ਉਹਦੇ ਪੱਠੇ ਨਹੀਂ ਵੱਢਦਾ ਕਦੇ ਵੀ, ਜਿਸ ਪੱਠਿਆਂ ਦੇ ਰੁੱਗ ਤੋਂ ਮਾਰ ਹੀ ਘੱਤਣਾ ਹੋਵੇ। ਮੈਂ ਤਾਂ ਉਹਦੇ ਵੱਢਦਾ ਆਂ ਜਿਹੜਾ ਜੇ ਉਤੋਂ ਫੜ ਵੀ ਲਵੇ ਤਾਂ ਆਪੇ ਹੀ ਪੱਚੀ ਹੋ ਜਾਵੇ।" ਦਾਰੀ ਚਹਿਕਦਿਆਂ ਗੱਲ ਟੋਰੀ, "ਸੁਣਿਆ ਨਹੀਓਂ ਬਾਬਾ! ਇਕ ਜਾਂਗਲੀ ਚੋਰ ਨੇ ਭੈਣ ਦਾ ਝੁੱਗਾ ਜਾ ਭੰਨਿਆਂ ਪਰ, ਸੰਨ੍ਹ ਤੇ ਈ ਫੜਿਆ ਗਿਆ। ਭੈਣ ਤੇ ਭਣੋਈਏ ਭਲਾ ਕੀ ਆਖਣਾ ਸੀ? ਸਗੋਂ ਰੋਟੀ ਪਾਣੀ ਖਵਾ ਕੇ ਘੱਲਿਓ ਨੇ। ਚੋਰ ਪਿਛਾਂਹ ਪਰਤ ਕੇ ਆਪਣੇ ਯਾਰਾਂ ਬੇਲੀਆਂ ਨੂੰ ਗੱਲ ਸੁਣਾਉਣ ਲੱਗਾ ਚੋਰੀ ਦੀ। ਫੜੇ ਜਾਣ ਉਤੇ ਅੱਪੜਿਆ ਤਾਂ ਦੱਸਿਓ, "ਮੈਨੂੰ ਫੜਨ ਵਾਲੇ ਵੀ ਭੈਣ ਤੇ ਭਣੋਈਆ ਆਏ।" ਬੇਲੀਆਂ ਦੇ ਇਹ ਪੁੱਛਣ ਤੇ 'ਭਈ ਫੇਰ ਕੀ ਹੋਇਆ?' ਹੱਸ ਕੇ ਆਖਣ ਲੱਗਾ, "ਹੋਣਾ ਕੀ ਸੀ? ਮੈਨੂੰ ਵੇਖ ਕੇ ਭੈਣ ਤੇ ਭਣੋਈਆ ਢੇਰ ਪੱਚੀ ਹੋਏ।"

ਬਾਬਾ ਤੇ ਮਾਸਟਰ ਹੱਸ ਪਏ। ਬਾਬਾ ਭੋਜ ਪਿਆਰ ਨਾਲ ਦਾਰੀ ਨੂੰ ਕਹਿਣ ਲੱਗਾ, "ਗੱਲਾਂ ਦਾ ਖੱਟਿਆ ਖਾਨਾਂ ਏਂ।"

ਉਸਤਾਦ ਖੰਘਦਾ ਤੇ ਪੈਰ ਘਸੀਟ ਘਸੀਟ ਕੇ ਟੁਰਦਾ ਮੰਡਲੀ ਵਿਚ ਆ ਰਲਿਆ।

"ਆ ਉਸਤਾਦਾ!" ਬਾਬੇ ਭੋਜ ਉਸਤਾਦ ਨੂੰ ਆਪਣੇ ਕੋਲ ਮੰਜੀ 'ਤੇ ਬਿਠਾ ਕੇ ਪੁੱਛਿਆ, "ਸੁਣਾ, ਵੱਲ ਏਂ?"

"ਵੱਲ ਹੁਣ ਕੀ ਹੋਣਾ ਏ?" ਦਸ ਕਦਮ ਟੁਰਨ ਨਾਲ, ਅਜੇ ਤੀਕ ਬੁੱਢੇ ਉਸਤਾਦ ਨੂੰ ਸਾਹ ਚੜ੍ਹਿਆ ਹੋਇਆ ਸੀ। ਨਿਢਾਲ ਜਿਹੀ 'ਵਾਜ਼ ਵਿਚ ਕਹਿਣ ਲੱਗਾ, "ਜੇ ਲੰਮੇ ਪੈ ਜਾਈਏ ਤਾਂ ਉਠ ਕੇ ਨਹੀਂ ਬੈਠਿਆ ਜਾਂਦਾ। ਜੇ ਜ਼ੋਰ ਲਾ ਲੂ ਕੇ ਉਠ ਵੀ ਬਹੀਏ ਤਾਂ ਪੈਰੀਂ ਨਹੀਂ ਖਲੋਤਾ ਜਾਂਦਾ। ਜੇ ਮਰ ਖਪ ਕੇ ਪੈਰੀਂ ਖਲੋ ਵੀ ਜਾਈਏ ਤਾਂ ਟੁਰਿਆ ਨਹੀਂ ਜਾਂਦਾ ਤੇ ਜਾਨ 'ਤੇ ਖੇਡ ਕੇ ਘਰੋਂ ਤੇਰੀ ਹਵੇਲੀ ਤਕ ਦਸ ਕਰਊਂ ਟੁਰ ਹੀ ਆਈਏ ਤੇ ਫਿਰ ਘੜੀ ਚੰਗੀ ਤੇ ਸਾਹ ਹੀ ਸਵਾਰਾ ਨਹੀਂ ਹੁੰਦਾ। ਲਾਹਨਤ ਆਖ ਇਸ ਬੁਢਾਪੇ ਨੂੰ।"

ਉਸਤਾਦ ਦੀ ਗਿਰਿਆਜ਼ਾਰੀ 'ਤੇ ਦਾਰੀ ਦੀਠਾਂ ਵਾਂਗ ਹੱਸ ਕੇ ਕਹਿਣ ਲੱਗਾ, "ਉਸਤਾਦ, ਸਿਆਣੇ ਆਖ ਗਏ ਨੇ ਜਵਾਨੀ ਬੜੀ ਚੀਜ਼ ਹੈ, ਬੁਢਾਪਾ ਬੜਾ ਲਾਹਨਤੀ।" ਸਣੇ ਉਸਤਾਦ ਸਾਰੇ ਹੱਸ ਪਏ।

ਭੋਜ ਤੇ ਉਸਤਾਦ ਸੱਤਰ-ਅੱਸੀ ਦੇ ਪੇਟੇ ਵਿਚ ਪੁਰਾਣੇ ਸੰਗੀ ਸਨ, ਦੋਵੇਂ ਹਾਣੀ। ਚਾਰ ਚਾਰ ਜਮਾਤਾਂ ਆਪਣੇ ਪਿੰਡ ਦੇ ਸਕੂਲ 'ਚੋਂ ਪੜ੍ਹ ਕੇ ਆਪਣੇ ਆਪਣੇ ਕੰਮ ਲੱਗ ਗਏ। ਭੋਜ ਵਾਹੀ-ਜੋਤੀ ਵਿਚ, ਉਸਤਾਦ ਭਾਂਡੇ ਬਣਾਉਣ ਤੇ ਖੋਤਿਆਂ 'ਤੇ ਭਾਰ ਢੋਣ ਵਿਚ। ਭੋਜ ਦੀ ਵਾਹੀ-ਜੋਤੀ ਉਹਦੇ ਪੁੱਤਰ-ਪੋਤਰਿਆਂ ਸਾਂਭ ਲਈ ਤੇ ਉਸਤਾਦ ਦੀ ਥਾਂ ਉਹਦਾ ਭਰਾ ਚੱਕ 'ਤੇ ਬੈਠ ਕੇ ਸਾਰਾ ਦਿਨ ਭਾਂਡੇ ਬਣਾਉਂਦਾ, ਆਵੀ ਚਾੜ੍ਹ ਕੇ ਪਕਾਉਂਦਾ ਤੇ ਪਿੰਡੋ ਪਿੰਡ ਵੇਚਦਾ ਉਹਦਾ ਭਤੀਜਾ। ਉਸਤਾਦ ਦੀ ਤਾਂ ਨਾ ਰੰਨ ਨਾ ਕੰਨ। ਪਤਾ ਨਹੀਂ ਕਿਉਂ ਸਾਰੀ ਉਮਰ ਉਹਨੂੰ ਕਿਧਰੋਂ ਰੰਨ ਦਾ ਅਜਿਹਾ ਟੋਟਾ ਨਾ ਲੱਭਾ, ਜਿਹਨੂੰ ਘਰ ਵਾਲੀ ਆਖਦੇ ਨੇ। ਤੇ ਪਤਾ ਨਹੀਂ ਉਸਤਾਦ ਨੂੰ ਏਸ ਬਦਨਸੀਬੀ ਪਾਰੋਂ ਹੀ ਸਾਰੇ ਪਿੰਡ ਵਾਲੇ ਕਿਉਂ ਉਸਤਾਦ ਆਖਦੇ! ਇਨ੍ਹਾਂ ਦੇ ਬਾਬਿਆਂ ਦੇ ਦੋ ਹੋਰ ਯਾਰ ਸਨ। ਇਕ ਅੱਧਖੜ ਉਮਰ ਦਾ ਸਯਦ ਮਾਸਟਰ ਤੇ ਇਕ ਜਵਾਨ ਉਮਰ ਦਾ ਦਾਰੀ ਜੁਲਾਹਾ। ਉਦਣ ਵੀ ਉਹ ਚਾਰੇ ਈ ਰੋਜ਼ ਵਾਂਗ ਬਾਬੇ ਭੋਜ ਦੀ ਹਵੇਲੀ ਵਿਚ ਬੈਠ ਕੇ ਰਾਤੀਂ ਏਧਰ ਉਧਰ ਦੀਆਂ ਗੱਲਾਂ ਮਾਰ ਰਹੇ ਸਨ।

"ਬਾਬਾ ਅਗਾਂਹ ਟੁਰ ਹੁਣ!" ਦਾਰੀ ਬਾਬੇ ਨੂੰ ਆਖਿਆ।

"ਬੜਾ ਟੁਰੇ ਆਂ ਆਪਣੀ ਉਮਰ ਵਿਚ ਪੁੱਤ!" ਬਾਬੇ ਭੋਜ ਨੇ ਚਮਕ ਕੇ ਕਿਹਾ, "ਏਥੋਂ ਤਰੀਕ ਭੁਗਤਣ ਟੁਰਦੇ ਲਹੌਰ ਜਾਂਦੇ, ਪੂਰੇ ਅੱਸੀ




ਕੋਹ! ਪਿੰਡੋਂ ਰੋਟੀ ਪੱਲੇ ਬੰਨ੍ਹ ਕੇ, ਅੱਲ੍ਹਾ ਦਾ ਨਾਂ ਲੈ ਕੇ ਮਾਰਦੇ ਨਾਅਰਾ:

"ਬੱਧੇ ਭਾਰ ਮੁਸਾਫਰਾਂ ਤੇ ਮੁੰਨਾ ਕੋਹ ਲਹੌਰ!"

"ਤੇ ਪੈਂਡੇ ਠਿਲ੍ਹ, ਤੀਜੇ ਦਿਨ ਮੂੰਹ ਹਨੇਰੇ ਜਾ ਵੜਦੇ ਲਹੌਰ, ਤੇ ਤਰੀਕ ਭੁਗਤ ਕੇ ਸਾ ਦਿਹਾੜੀ ਮੁੜ ਪੈਂਦੇ ਪਿਛਾਂਹ ਤੇ ਛਾਲਾਂ ਮਾਰਦੇ ਦੋ ਦਿਨਾਂ ਵਿਚ ਪਿੰਡ ਆ ਅੱਪੜਦੇ। ਅਗਲੇ ਦਿਨ ਉਠ ਕੇ ਜੋਤਰਾ ਵੀ ਲਾਉਣ ਜਾਂਦੇ ਹੱਸਦੇ ਖੇਡਦੇ, ਓਏ ਤੂੰ ਸਾਨੂੰ ਟੁਰਨ ਦੇ ਮਿਹਣੇ ਕੀ ਦੇਣੇ ਨੇ, ਜਿਨ੍ਹੇ ਦੋ ਕੋਹ ਜਾਣਾ ਹੋਵੇ ਤੇ ਅੱਧਾ ਦਿਨ 'ਟੇਸ਼ਨ ਤੇ ਬਹਿ ਕੇ ਗੱਡੀ ਉਡੀਕਦਾ ਰਹਿਣਾ ਏ!"

"ਗੱਡੀਆਂ ਤਾਂ ਬੰਦੇ ਨਕਾਰੇ ਕਰ ਛੱਡੇ!" ਉਸਤਾਦ ਹੂੰਘਿਆ। "ਹੱਡਾਂ-ਗੋਡਿਆਂ ਤੋਂ ਰਹਿ ਗਏ ਜਵਾਨ! ਚੰਗੇ ਦਿਨ ਸਨ ਜਦੋਂ ਅਜੇ ਗੱਡੀਆਂ ਨਹੀਂ ਸਨ ਬਣੀਆਂ, ਜਵਾਨ ਤਾਂ ਸਾਹ-ਸੱਤਿਆ ਵਾਲੇ ਹੁੰਦੇ ਸਨ।"

ਮਾਸਟਰ ਬਹੁਤਾ ਗਾਲੜੀ ਨਹੀਂ ਸੀ ਪਰ, ਬੋਲਣੋਂ ਰਹਿ ਨਾ ਸਕਿਆ, "ਗੱਡੀਆਂ ਬੰਦੇ ਦੀ ਜਾਨ ਵੀ ਤਾਂ ਸੁਖੀ ਕਰ ਛੱਡੀ ਏ ਬਾਬਿਓ! ਸਵੇਰੇ ਚੜ੍ਹੋ ਗੱਡੀ ਤੇ ਲਹੌਰੋਂ ਤਰੀਕ ਭੁਗਤ ਕੇ ਸ਼ਾਮ ਨੂੰ ਪਿੰਡ ਵੀ ਪਰਤ ਆਓ। ਜਿਹੜਾ ਪੈਂਡਾ ਤੁਸੀਂ ਛਿਆਂ ਦਿਨਾਂ ਵਿਚ ਕਰਦੇ ਸਓ, ਹੁਣ ਛੇਆਂ ਘੰਟਿਆਂ ਵਿਚ ਨਿਬੜ ਜਾਂਦਾ ਏ। ਨਾ ਪੈਂਦੇ ਨੇ ਪੈਰੀਂ ਛਾਲੇ ਤੇ ਨਾ ਚੜ੍ਹਦੀਆਂ ਨੇ ਖੁੱਚਾਂ, ਅਮਨ ਨਾਲ ਗੱਡੀ ਵਿਚ ਬਹਿ ਕੇ ਭਾਵੇਂ ਸੌਂ ਰਵੋ।"

ਦਾਰੀ ਸਫਾਈ ਦੇਂਦਿਆਂ ਤਰਲਾ ਵਾਹਿਆ, "ਮੈਂ ਤਾਂ ਆਖਿਆ ਸੀ, ਗੱਲ ਨੂੰ ਅਗਾਂਹ ਟੋਰੋ!"

"ਕਿਹੜੀ ਗੱਲ?" ਬਾਬੇ ਭੋਜ ਬੇ-ਧਿਆਨੀ ਤੇ ਅਰਾਮ ਨਾਲ ਪੁੱਛਿਆ। ਬਹੁਤ ਵਾਰੀ ਇੰਜ ਹੀ ਹੁੰਦਾ ਕਿ ਗੱਲ ਵਿਚੋਂ ਹੋਰ ਟੁਰ ਪੈਂਦੀ, ਵਿਚੋਂ ਹੋਰ ਤੇ ਹੋਰ, ਅਸਲ ਗੱਲ ਕਿਤੇ ਪਿਛਾਂਹ ਦੂਰ ਰਹਿ ਜਾਂਦੀ ਤੇ ਰੌਲੇ ਵਿਚ ਵਿੱਸਰ ਜਾਂਦੀ।

"ਪਕੌੜੇ ਵੇਚਣ ਵਾਲੇ ਤੇ ਸਾਧ ਦੀ ਗੱਲ?" ਮਾਸਟਰ ਬਾਬੇ ਭੋਜ ਨੂੰ ਯਾਦ ਕਰਾਇਆ।

"ਆਹੋ! ਹੱਛਾ!" ਬਾਬਾ ਭੋਜ ਸੋਚਦਾ ਹੋਇਆ ਦਾਰੀ ਵੱਲ ਵੇਖ ਕੇ ਬੋਲਿਆ, "ਹੁਣ ਵਿਚ ਨਾ ਬੋਲੀਂ ਤੇ ਤੈਨੂੰ ਇਕ ਗੱਲ ਸੁਣਾਵਾਂ ਸੱਚੀ!"

ਸੱਚੀ ਗੱਲ ਦੇ ਨਾਂ 'ਤੇ ਉਸਤਾਦ ਕੰਨ ਚੁੱਕੇ। ਇਕ ਦੋ ਵਾਰ ਆਪਣੀ ਕਤਰਾਵੀਂ ਖਿਚੜੀ ਦਾੜ੍ਹੀ ਵਿਚ ਖੁਰਕ ਕੇ ਕਹਿਣ ਲੱਗਾ, "ਸੱਚ ਵੀ ਕਿੰਜ ਦਾ ਗਹਿਣਾ ਏ, ਜਿਹੜੀ ਗੱਲ ਦੇ ਗਲ ਵਿਚ ਪਾ ਦਿਓ, ਗੱਲ ਫੱਟ ਜਾਂਦੀ ਏ।"

ਬਾਬੇ ਭੋਜ ਗੱਲ ਟੋਰੀ, "ਪਕੌੜੇ ਵੇਚਣ ਵਾਲੇ ਦਾ ਰੋਜ਼ ਦਾ ਇਕ ਗਾਹਕ ਅਜਿਹਾ ਵੀ ਸੀ ਜਿਹੜਾ ਰੋਜ਼ ਆ ਕੇ ਪਕੌੜੇ ਖਾਂਦਾ ਤੇ ਡਕਾਰ ਮਾਰ ਕੇ ਮੁੱਛਾਂ 'ਤੇ ਹੱਥ ਫੇਰਦਾ, ਪੈਸੇ ਦਿਤਿਓਂ ਬਗੈਰ ਚਲਦਾ ਹੁੰਦਾ। ਨਾ ਹੱਟੀ ਵਾਲਾ ਕਦੇ ਪੈਸੇ ਮੰਗਦਾ, ਨਾ ਹੀ ਗਾਹਕ ਕੁਝ ਦੇਂਦਾ। ਹੱਟੀ ਵਾਲਾ ਸੋਚਦਾ ਮੁਫਤੌੜੇ ਗਾਹਕ ਨੂੰ ਕਦੇ ਤਾਂ ਹਯਾ ਆਊ ਤੇ ਓੜਕ ਇਕ ਨਾ ਇਕ ਦਿਨ ਏਸ ਰੋਜ਼ ਦੇ ਧਰੋਹ ਤੋਂ ਮੁੜ ਜਾਊ। ਪਰ, ਨਾ ਤਾਂ ਮੁਫਤੌੜੇ ਗਾਹਕ ਨੂੰ ਹਯਾ ਆਈ ਤੇ ਨਾ ਹੀ ਹੱਟੀ ਵਾਲੇ ਉਹਨੂੰ ਕਦੇ ਜਤਾਇਆ। ਪਤਾ ਨਹੀਂ ਮਾੜੇ ਹੋਣ ਪਾਰੋਂ ਯਾ ਭਲੇਮਾਨਸ ਹੋਣ ਕਾਰਨ! ਤੇ ਇਹ ਕੰਮ ਵਰ੍ਹਾ-ਦੋ ਚਲਦਾ ਰਿਹਾ।"

ਦਾਰੀ ਰਹਿ ਨਾ ਸਕਿਆ, ਆਖਣ ਲੱਗਾ, "ਹੱਟੀ ਵਾਲਾ ਦੇਂਦਾ ਅਰਜ਼ੀ ਪਰਚਾ ਥਾਣੇ ਵਿਚ। ਆਪੇ ਲੈ ਜਾਂਦੇ ਬੰਨ੍ਹ ਕੇ, ਅਜਿਹੇ ਧੱਕਾ ਸ਼ਾਹੀ ਕਰਨ ਵਾਲੇ ਗਾਹਕ ਦੀ ਤੇ ਦਮੜੀ ਦੇ ਨਾਲ ਚਮੜੀ ਵੀ ਲਾਹ ਦੇਂਦੇ ਅਗਲੇ।"

ਟੋਕੇ ਜਾਣ 'ਤੇ ਬਾਬਾ ਭੋਜ ਦਾਰੀ ਨੂੰ ਟੁੱਟ ਕੇ ਪੈ ਗਿਆ, "ਤੇਰਾ ਪਿਉ ਥਾਣਾ ਉਦੋਂ ਹੁੰਦਾ ਨਹੀਂ ਸੀ ਤੇ ਫਰਿਆਦ ਕਰਨੀ ਪੈਂਦੀ ਸੀ ਹਾਕਮ ਅੱਗੇ। ਭਲਾ ਪਕੌੜੇ ਵੇਚਣ ਵਾਲੇ ਗਰੀਬ ਦੀ ਰਸਾਈ ਹਾਕਮ ਤੀਕਰ ਹੁੰਦੀ ਹੋਊ?"

"ਹੱਛਾ ਭਲਾ! ਫੇਰ?" ਦਾਰੀ ਬਾਬੇ ਵੱਲ ਵੇਖਿਆ।

"ਫੇਰ ਇਕ ਦਿਹਾੜੇ ਮੁਫਤੌੜਾ ਗਾਹਕ ਮੁੱਛਾਂ ਨੂੰ ਤਾ ਦੇਂਦਾ ਆਇਆ। ਵੇਖਦਾ ਕੀ ਏ, ਪਕੌੜਿਆਂ ਵਾਲੇ ਦੀ ਹੱਟੀ ਤੇ, ਕੜਾਹੀ ਧੋਤੀ ਮਾਂਜੀ ਮੂਧੀ ਪਈ ਏ ਤੇ ਹੱਟੀ ਵਾਲਾ ਸਿਰ ਫੜ ਕੇ ਬੈਠਾ ਏ।"

"ਕੀ ਹੋਇਆ, ਅੱਜ ਪਕੌੜੇ ਨਹੀਂ ਕੱਢੇ ਭਲਿਆ?" ਉਹਨੇ ਪੁੱਛਿਆ।

"ਜੋ ਹੈ ਸੀ ਤੂੰ ਖਾ ਗਿਆ ਏਂ, ਵਰ੍ਹੇ-ਦੋਹੀਂ ਵਿਚ। ਮੇਰੀ ਰਾਸ ਮੁੱਕ ਗਈ ਏ। ਹੁਣ ਕਾਹਦੇ ਨਾਲ ਕੱਢਾਂ ਪਕੌੜੇ?" ਹੱਟੀ ਵਾਲੇ ਰੋਂਦੀ ਆਵਾਜ਼ ਵਿਚ ਕਿਹਾ।

"ਹੱਛਾ!" ਕੁਝ ਦੇਰ ਸੋਚ ਕੇ ਗਾਹਕ ਆਖਿਆ, "ਕੱਲ੍ਹ ਹੱਟੀ ਜ਼ਰੂਰ ਖੋਲ੍ਹੀਂ, ਮੈਂ ਏਸ ਕੁ ਵੇਲੇ ਆਵਾਂਗਾ।"

ਅਗਲੇ ਦਿਨ ਕੀਤੇ ਹੋਏ ਇਕਰਾਰ 'ਤੇ ਗਾਹਕ ਅੱਪੜਿਆ। ਇਕ ਪੋਟਲੀ ਹੱਟੀ ਵਾਲੇ ਨੂੰ ਫੜਾ ਕੇ ਹੱਥ ਜੋੜ ਕੇ ਕਹਿਣ ਲੱਗਾ, "ਕਦੇ ਪਹਿਲੋਂ ਦੱਸ ਦੇਂਦੋਂ ਤਾਂ ਤੇਰੀ ਭੱਠੀ ਠੰਡੀ ਕਦੀ ਨਾ ਹੁੰਦੀ। ਆਪਣੀ ਹੱਟੀ ਚਲਾ ਭਲਿਆ ਤੇ ਜਦੋਂ ਇਹ ਮੁੱਕ ਜਾਵਣ, ਫੇਰ ਫੂਕ ਮਾਰ ਛੱਡੀਂ ਮੇਰੇ ਕੰਨ ਵਿਚ!" ਤੇ ਹੱਟੀ ਵਾਲੇ ਨੂੰ ਹੈਰਾਨ ਪ੍ਰੇਸ਼ਾਨ ਛੱਡ ਕੇ ਚਲਦਾ ਹੋਇਆ।

ਪੋਟਲੀ ਸੋਨੇ ਦੀਆਂ ਮੋਹਰਾਂ, ਟੂੰਬਾਂ ਤੇ ਹੀਰੇ-ਮੋਤੀਆਂ ਨਾਲ ਭਰੀ ਹੋਈ ਸੀ। ਪਕੌੜਿਆਂ ਵਾਲੇ ਏਨੀ ਦੌਲਤ ਕਦੀ ਖਵਾਬ ਵਿਚ ਵੀ ਨਹੀਂ ਸੀ ਦੇਖੀ।

ਸੱਤ-ਅੱਠ ਦਿਹਾੜੇ ਮਗਰੋਂ ਸ਼ਹਿਰ ਵਿਚ ਇਕ ਨਾਮੀ-ਗਰਾਮੀ ਚੋਰ ਨੂੰ ਸੂਲੀ ਚਾੜ੍ਹਨ ਦੀ ਡੌਨੀ (ਡੌਂਡੀ) ਪਿੱਟੀ ਗਈ। ਉਨ੍ਹੀਂ ਇਕ ਸਰਦਾਰ ਦਾ ਝੁੱਗਾ ਭੰਨਿਆਂ ਸੀ। ਉਤੋਂ ਚੋਰੀ ਨਹੀਂ ਸੀ ਮੰਨਦਾ, ਤੇ ਮਾਲ ਨਹੀਂ ਸੀ ਦੇਂਦਾ। ਸੂਲੀ ਸ਼ਹਿਰ ਦੇ ਵੱਡੇ ਚੌਕ ਵਿਚ ਦਿੱਤੀ ਜਾਣੀ ਸੀ ਤੇ ਸ਼ਹਿਰ ਤਮਾਸ਼ਾ ਵੇਖਣ ਆਇਆ ਹੋਇਆ ਸੀ। ਵਿਚ ਉਹ ਪਕੌੜਿਆਂ ਵਾਲਾ ਵੀ ਸੀ। ਪਕੌੜਿਆਂ ਵਾਲੇ ਸੂਲੀ ਦੇ ਥੜ੍ਹੇ 'ਤੇ ਕਸੀਆਂ ਮੁਸ਼ਕਾਂ 'ਚ ਬੱਧੇ ਖਲੋਤੇ ਆਪਣੇ ਰੋਜ਼ ਦੇ ਗਾਹਕ ਨੂੰ ਸਿਆਣ ਲਿਆ ਤੇ ਪਲ ਭਰ ਵਿਚ ਉਹਨੂੰ ਸਾਰੀ ਗੱਲ ਦਾ ਚਾਨਣ ਹੋ ਗਿਆ। "ਚੋਰੀ ਦਾ ਮਾਲ ਮੋੜਿਆਂ ਖੌਰੇ ਚੋਰ ਦੀ ਜਾਨ ਬਚ ਜਾਏ!" ਹੱਟੀ ਵਾਲੇ ਸੋਚਿਆ ਤੇ ਭੀੜ ਨੂੰ ਚੀਰਦਾ ਸੂਲੀ ਦੇ ਥੜ੍ਹੇ ਵੱਲ ਵਧਿਆ। ਜਰਾ ਨੇੜੇ ਹੋਇਆ ਤਾਂ ਉਸ ਹੱਥ ਚੁੱਕਿਆ ਬੋਲਣ ਲਈ। ਪਰ, ਉਸੇ ਘੜੀ ਚੋਰ ਦੀਆਂ ਤੇ ਉਹਦੀਆਂ ਨਜ਼ਰਾਂ ਮਿਲੀਆਂ। ਚੋਰ ਨੇ ਖੌਰੇ ਉਹਦੀਆਂ ਅੱਖਾਂ ਵਿਚ ਪੜ੍ਹ ਲਿਆ ਸੀ, ਹੱਸਿਆ ਤੇ ਉਚੀ ਵਾਜ ਨਾਲ ਜਿਵੇਂ ਸਾਰੀ ਖਲਕਤ ਨੂੰ ਸੁਣਾ ਕੇ ਕਹਿਣ ਲੱਗਾ, "ਜੇ ਚੋਰੀ ਦਾ ਮਾਲ ਮੁੜ ਵੀ ਗਿਆ ਤਾਂ ਵੀ ਸੂਲੀ ਤਾਂ ਇਨ੍ਹਾਂ ਮੈਨੂੰ ਟੰਗ ਈ ਦੇਣਾ ਏ। ਇਸ ਲਈ ਜਿਸ ਭਲੇਮਾਣਸ ਕੋਲ ਮੇਰਾ ਮਾਲ ਹੈ, ਉਹ ਆਪਣੇ ਕੋਲ ਹੀ ਰੱਖੇ। ਜੇ ਉਹ ਸਾਰਾ ਨਾ ਵੀ ਰੱਖਣਾ ਚਾਹਵੇ ਤਾਂ ਜਿੰਨਾ ਮੈਂ ਉਹਦਾ ਕਰਜ਼ ਦੇਣਾ ਏ, ਉਹ ਰੱਖ ਕੇ ਬਾਕੀ ਮਾਲ 'ਚੋਂ ਸ਼ਹਿਰ ਵਿਚ ਲੋਕਾਂ ਲਈ ਖੂਹ ਲਵਾ ਦੇਵੇ ਤੇ ਸਰਾਂ ਬਣਵਾ ਦੇਵੇ।"

"ਤੇ ਚੋਰ ਸੂਲੀ ਚੜ੍ਹ ਗਿਆ...!" ਗੱਲ ਕਰਦਾ ਬਾਬਾ ਭੋਜ ਖਲੋ ਗਿਆ, ਖੌਰੇ ਸਾਹ ਲੈਣ ਲਈ।

"ਤੇ ਫੇਰ ਲਵਾ ਦਿੱਤੇ ਖੂਹ ਹੱਟੀ ਵਾਲੇ ਨੇ ਤੇ ਬਣਵਾ ਦਿੱਤੀ ਮੁਸਾਫਰਾਂ ਲਈ ਸਰਾਂ, ਮੋਇਆਂ ਦੇ ਬੋਹ ਵਿਚ?" ਦਾਰੀ ਹੱਸ ਕੇ ਕਹਿਣ ਲੱਗਾ, "ਖਾ ਗਿਆ ਹੋਣਾ ਏ ਹੱਟੀ ਵਾਲਾ ਸਾਰਾ ਕੁਝ।"

"ਨਹੀਂ ਭਾਈ!" ਬਾਬੇ ਭੋਜ ਕਿਹਾ, "ਉਦੋਂ ਅਜੇ ਲੋਕਾਂ ਵਿਚ ਇਮਾਨ ਦੀ ਰੱਤੀ ਹੈ ਸੀ। ਹੱਟੀ ਵਾਲੇ ਆਪਣੇ ਪੈਸੇ ਰੱਖ ਕੇ ਬਾਕੀ ਸਾਰੀ ਦੌਲਤ ਨਾਲ ਸ਼ਹਿਰ ਵਿਚ ਦਸ ਖੂਹ ਲਵਾ ਦਿੱਤੇ ਤੇ ਇਕ ਸਰਾਂ ਬਣਵਾ ਦਿੱਤੀ ਮੁਸਾਫਰਾਂ ਲਈ। ਕਈ ਸਦੀਆਂ ਲਹੌਰ ਸ਼ਹਿਰ ਦੇ ਲੋਕ ਤੇ ਲਹੌਰ ਵਿਚ ਬਾਹਰੋਂ ਆਵਣ ਵਾਲੇ ਮੁਸਾਫਰ ਉਸ ਚੋਰ ਦੇ ਖੂਹਾਂ ਦਾ ਪਾਣੀ ਪੀਂਦੇ ਰਹੇ ਤੇ ਉਹਨੂੰ ਦੁਆਵਾਂ ਦੇਂਦੇ ਰਹੇ।"

"ਸਦੀਆਂ?" ਮਾਸਟਰ ਹੈਰਾਨ ਹੋ ਕੇ ਪੁੱਛਿਆ।

"ਆਹੋ" ਬਾਬੇ ਭੋਜ ਮਾਸਟਰ ਦੀਆਂ ਅੱਖਾਂ ਵਿਚ ਵੇਖ ਕੇ ਕਿਹਾ, "ਇਹ ਗੱਲ ਕੋਈ ਚਾਰ ਸਦੀਆਂ ਪੁਰਾਣੀ ਏ, ਪਰ ਸੱਚੀ ਏ। ਇਸ ਕਰਕੇ ਅੱਜ ਵੀ ਜਿਉਂਦੀ ਏ।"

"ਸੱਚ ਕਦੇ ਪੁਰਾਣਾ ਨਹੀਂ ਹੁੰਦਾ, ਸੱਚ ਕਦੇ ਬੁੱਢਾ ਨਹੀਂ ਹੁੰਦਾ, ਸੱਚ ਕਦੇ ਨਹੀਂ ਮਰਦਾ।" ਉਸਤਾਦ ਨੇ ਗੋਡਿਆਂ 'ਤੇ ਹੱਥ ਰੱਖ ਕੇ ਉਠਦਿਆਂ ਹੋਇਆਂ ਦੋ ਟੁੱਕ ਤਰੀਕੇ ਨਾਲ ਗੱਲ ਕੀਤੀ।

# ਕੰਗਨਾ: ਸੰਦੀਪ ਤੋਂ ਸਿਮਰਨ

## ਮੈਂ ਬਾਗੀ ਮੈਂ ਬਾਗੀ...



ਫਿਲਮ 'ਸਿਮਰਨ' ਦੇ ਬਾਗੀ ਕਿਰਦਾਰ ਨਾਲ ਕੰਗਨਾ ਰਨੌਤ ਇਕ ਵਾਰ ਫਿਰ ਚਰਚਾ ਵਿਚ ਹੈ। ਫਿਲਮ ਅਲੋਚਕਾਂ ਨੇ ਭਾਵੇਂ ਇਸ ਫਿਲਮ ਬਾਰੇ ਉਸ ਤਰ੍ਹਾਂ ਦੇ ਰੀਵੀਊ ਨਹੀਂ ਲਿਖੇ, ਜਿਸ ਤਰ੍ਹਾਂ ਦੀ ਆਸ ਕੀਤੀ ਜਾ ਰਹੀ ਸੀ, ਪਰ ਆਮ ਦਰਸ਼ਕਾਂ ਨੇ ਇਸ ਫਿਲਮ ਅਤੇ ਕੰਗਨਾ ਨੂੰ ਸਮਝੋ ਪਲਕਾਂ 'ਤੇ ਬਿਠਾ ਲਿਆ ਹੈ। ਕੰਗਨਾ ਦੇ ਪ੍ਰਸ਼ੰਸਕਾਂ ਨੂੰ ਇਸ ਫਿਲਮ ਦੀ ਕਹਾਣੀ ਬੜੀ ਪਸੰਦ ਆਈ ਹੈ। ਫਿਲਮ ਦੀ ਕਹਾਣੀ ਇਕ ਅਮਰੀਕੀ ਮੁਟਿਆਰ ਸੰਦੀਪ ਕੌਰ ਦੀ ਅਸਲੀ ਜ਼ਿੰਦਗੀ 'ਤੇ ਆਧਾਰਿਤ ਹੈ। ਇਸ ਕੁੜੀ ਨੂੰ ਚਾਰ ਬੈਂਕਾਂ ਨਾਲ ਠੱਗੀ ਦੀ ਦੋਸ਼ੀ ਠਹਿਰਾਇਆ ਗਿਆ ਸੀ। ਕੰਗਨਾ ਨੇ ਫਿਲਮ ਵਿਚ ਪ੍ਰਫੁਲ ਪਟੇਲ ਉਰਫ ਸਿਮਰਨ ਦਾ ਕਿਰਦਾਰ ਬਹੁਤ ਰੂਹ ਨਾਲ ਨਿਭਾਇਆ ਹੈ। ਸਾਰੀ ਫਿਲਮ ਸਿਮਰਨ ਦੇ ਕਿਰਦਾਰ ਦੇ ਆਲੇ-ਦੁਆਲੇ ਘੁੰਮਦੀ ਹੈ। ਫਿਲਮ ਦੇ ਡਾਇਰੈਕਟਰ ਹੰਸਲ ਮਹਿਤਾ ਹਨ ਜੋ ਇਸ ਤੋਂ ਪਹਿਲਾਂ 'ਸ਼ਾਹਿਦ', 'ਸਿਟੀ ਲਾਈਟ ਅਤੇ 'ਅਲੀਗੜ੍ਹ' ਵਰਗੀਆਂ ਜ਼ੋਰਦਾਰ ਫਿਲਮਾਂ ਬਣਾ ਚੁੱਕੇ ਹਨ, ਪਰ ਇਹ ਫਿਲਮ ਇਨ੍ਹਾਂ ਫਿਲਮਾਂ ਤੋਂ ਐਨ ਵੱਖਰੀ ਹੈ। ਬਾਕਸ ਆਫਿਸ ਉਤੇ ਇਸ ਫਿਲਮ ਦਾ ਮੁਕਾਬਲਾ ਭਾਵੇਂ ਫਰਹਾਨ ਅਖਤਰ ਦੀ ਫਿਲਮ 'ਲਖਨਊ ਸੈਂਟਰਲ' ਨਾਲ ਸੀ, ਫਿਰ ਵੀ ਇਸ ਫਿਲਮ ਨੇ ਕਮਾਈ ਪੱਖੋਂ ਝੰਡੀ ਗੱਡ ਦਿੱਤੀ ਹੈ। ਦਸ ਕਰੋੜ ਰੁਪਏ ਦੇ ਬਜਟ ਵਾਲੀ ਇਹ ਫਿਲਮ ਵੀਹ ਕਰੋੜ ਤੋਂ ਉਪਰ ਕਮਾ ਚੁੱਕੀ ਹੈ। ਇਸ ਫਿਲਮ ਨਾਲ ਕੁਝ ਵਿਵਾਦ ਵੀ ਜੁੜੇ ਹੋਏ ਹਨ। ਫਿਲਮ ਦੇ ਕਹਾਣੀ ਲੇਖਕ ਅਪੂਰਵਾ ਅਸਰਾਨੀ ਨੇ ਦੋਸ਼ ਲਗਾਇਆ ਸੀ ਕਿ ਹੰਸਲ ਮਹਿਤਾ ਨੇ ਉਸ ਨੂੰ ਦੱਸੇ ਵਗੈਰ ਹੀ ਕੰਗਨਾ ਦਾ ਨਾਮ ਕਹਾਣੀ ਲੇਖਕ ਵਜੋਂ ਲਿਖ ਦਿੱਤਾ; ਜਦ ਕਿ ਉਸ ਨੇ ਸੰਦੀਪ ਕੌਰ ਬਾਰੇ ਛਪਿਆ ਲੇਖ ਪੜ੍ਹ-ਗੁੜ ਕੇ ਇਹ ਕਹਾਣੀ ਖੁਦ ਤਿਆਰ ਕੀਤੀ ਸੀ। ਬਾਅਦ ਵਿਚ ਭਾਵੇਂ ਇਹ ਦਾਅਵਾ ਕੀਤਾ ਗਿਆ ਕਿ ਅਪੂਰਵਾ ਅਤੇ ਕੰਗਨਾ ਵਿਚਕਾਰ ਪੈਦਾ ਹੋਇਆ ਰੱਫੜ ਨਜਿਠ ਲਿਆ ਗਿਆ ਹੈ, ਪਰ ਜਾਪਦਾ ਹੈ ਕਿ ਅਪੂਰਵਾ ਦੀ ਅਸਰਾਨੀ ਦੀ ਨਾਰਾਜ਼ਗੀ ਖਤਮ ਨਹੀਂ ਹੋਈ, ਕਿਉਂਕਿ ਉਹਨੇ ਫਿਲਮ ਰਿਲੀਜ਼ ਹੋਣ ਤੋਂ ਬਾਅਦ ਵੀ ਹੰਸਲ ਨੂੰ ਇਸ ਬਾਰੇ ਉਲਾਂਭਾ ਦਿੱਤਾ ਹੈ। ਕੁਝ ਵੀ ਹੋਵੇ, ਇਹ ਫਿਲਮ ਇਸ ਕਰ ਕੇ ਵੀ ਗੌਲਣ ਵਾਲੀ ਹੈ, ਕਿਉਂਕਿ ਇਹ ਫਿਲਮ ਸਿਰਫ਼ ਇਕ ਔਰਤ ਦੇ ਕਿਰਦਾਰ 'ਤੇ ਟਿਕੀ ਹੋਈ ਹੈ ਜਿਸ ਨੂੰ ਕੰਗਨਾ ਨੇ ਆਪਣੀ ਅਦਾਕਾਰੀ ਨਾਲ ਚਾਰ ਚੰਨ ਲਾਏ ਹਨ।

***-ਆਮਨਾ ਕੌਰ***

# ਬੋਰਨਿਲਾ ਦੀਆਂ ਕਿਆ ਬਾਤਾਂ



ਟੋਰਾਂਟੋ ਦੇ ਕੌਮਾਂਤਰੀ ਫਿਲਮ ਮੇਲੇ ਵਿਚ ਐਤਕੀਂ ਫਿਲਮਸਾਜ਼ ਬੋਰਨਿਲਾ ਚੈਟਰਜੀ ਦੀ ਫਿਲਮ 'ਦਿ ਹੰਗਰੀ' ਦੀ ਖੂਬ ਚਰਚਾ ਹੋਈ ਹੈ। ਅਸਲ ਵਿਚ ਇਸ ਵਾਰ ਫਿਲਮ ਮੇਲੇ ਨੂੰ ਤਿੰਨ ਮਹਿਲਾ ਫਿਲਮਸਾਜ਼ਾਂ ਨੇ ਭਾਗ ਲਾਏ ਹਨ। ਬੋਰਨਿਲਾ ਚੈਟਰਜੀ ਤੋਂ ਇਲਾਵਾ ਪਾਖੀ ਟਾਇਰਵਾਲਾ ਦੀ ਫਿਲਮ 'ਪਾਹੁਨਾ' (ਇਸ ਫਿਲਮ ਦੀ ਨਿਰਮਾਤਾ ਪ੍ਰਸਿੱਧ ਅਦਾਕਾਰਾ ਪ੍ਰਿਅੰਕਾ ਚੋਪੜਾ ਹੈ) ਤੇ ਰੀਮਾ ਦਾਸ ਦੀ ਫਿਲਮ 'ਵਿਲੇਜ ਰੌਕਸਟਾਰਜ਼' ਵੀ ਇਸ ਫਿਲਮ ਮੇਲੇ ਵਿਚ ਦਿਖਾਈਆਂ ਗਈਆਂ ਅਤੇ ਤਿੰਨਾਂ ਹੀ ਫਿਲਮਾਂ ਦੀ ਵਾਹਵਾ ਚਰਚਾ ਹੋਈ ਹੈ।

ਬੋਰਨਿਲਾ ਹੁੱਬ ਕੇ ਦੱਸਦੀ ਹੈ ਕਿ ਉਨ੍ਹਾਂ ਤਿੰਨਾਂ ਦੀ ਤਿਕੜੀ ਨੇ ਆਪੋ ਆਪਣੀ ਗੱਲ ਠੋਕ-ਵਜਾ ਕੇ ਕੀਤੀ ਹੈ। ਬੋਰਨਿਲਾ ਦੀ ਇਹ ਫਿਲਮ ਵਿਲੀਅਮ ਸ਼ੇਕਸਪੀਅਰ ਦੇ ਇਕ ਘੱਟ ਚਰਚਿਤ ਨਾਟਕ 'ਟਾਈਟਸ ਐਂਡਰੋਨਿਕਸ' ਉਤੇ ਆਧਾਰਿਤ ਹੈ, ਪਰ ਬੋਰਨਿਲਾ ਨੇ ਇਸ ਦੀ ਕਹਾਣੀ ਨੂੰ ਅੱਜ ਦੇ ਕਾਰਪੋਰੇਟ ਜਗਤ ਨਾਲ ਜੋੜ ਕੇ ਇਸ ਤਰ੍ਹਾਂ ਗੁੰਦਿਆ ਹੈ ਕਿ ਇਹ ਕਮਾਲ ਦੀ ਕਹਾਣੀ ਹੋ ਨਿਬੜੀ ਹੈ। ਨਾਟਕ ਹਿੰਸਕ ਘਟਨਾਵਾਂ ਵਾਲਾ ਹੈ ਜਦਕਿ ਬੋਰਨਿਲਾ ਨੇ ਇਸ ਕਹਾਣੀ ਨੂੰ ਨਵੇਂ ਢੰਗ ਨਾਲ ਸਿਰਜ ਕੇ ਕਾਰੋਬਾਰ ਕਰ ਕੇ ਹੋਏ ਦੋ ਪਰਿਵਾਰਾਂ ਦੇ ਮੇਲ ਅਤੇ ਵਿਆਹ ਦੀ ਸੰਸਥਾ ਉਤੇ ਬੜੀਆਂ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਇਹ ਬੋਰਨਿਲਾ ਦੀ ਦੂਜੀ ਫਿਲਮ ਹੈ। ਅੱਜ ਕੱਲ੍ਹ ਉਹ ਨਿਊ ਯਾਰਕ ਵਸਦੀ ਹੈ, ਪਰ ਕੋਲਕਾਤਾ ਦਾ ਗੇੜਾ ਲਗਾਉਣਾ ਨਹੀਂ ਭੁੱਲਦੀ। ਉਹ ਚਾਹੁੰਦੀ ਹੈ ਕਿ ਉਹ ਇੱਦਾਂ ਦੀਆਂ ਹੋਰ ਫਿਲਮਾਂ ਬਣਾਵੇ। ***-ਮਿਹਰਬਾਨ ਸਿੰਘ***

# ਕਮਲ ਦਾ ਸਿਆਸੀ ਕਾਫਲਾ

## ਤਾਮਿਲ ਸਿਆਸਤ ਵਿਚ ਭਰੇਗਾ ਨਵਾਂ ਨਕੋਰ ਰੰਗ





ਤਾਮਿਲਨਾਡੂ ਵਿਚ ਜੈਲਲਿਤਾ ਦੀ ਮੌਤ ਤੋਂ ਬਾਅਦ ਸੂਬੇ ਦੀ ਸਿਆਸਤ ਵਿਚ ਕਾਫੀ ਉਤਰਾਅ-ਚੜ੍ਹਾਅ ਆਏ ਹਨ। ਇਸੇ ਦੌਰਾਨ ਫਿਲਮ ਅਦਾਕਾਰ ਰਜਨੀ ਕਾਂਤ ਅਤੇ ਕਮਲ ਹਾਸਨ ਦੀਆਂ ਸਿਆਸਤ ਵਿਚ ਆਉਣ ਬਾਰੇ ਕਿਆਸਆਰਾਈਆਂ ਵੀ ਲਗਦੀਆਂ ਰਹੀਆਂ ਹਨ। ਹੁਣ ਕਮਲ ਹਾਸਨ ਨੇ ਸਪਸ਼ਟ ਸੰਕੇਤ ਦਿੱਤਾ ਹੈ ਕਿ ਉਹ ਸਿਆਸਤ ਦਾ ਬੂਹਾ ਖੜਕਾ ਸਕਦਾ ਹੈ। ਨਾਲ ਹੀ ਉਸ ਨੇ ਦੋ ਹੋਰ ਸੰਕੇਤ ਵੀ ਦਿੱਤੇ ਹਨ। ਇਕ ਤਾਂ ਕੇਰਲ ਦੇ ਮੁੱਖ ਮੰਤਰੀ ਵਿਜਯਨ ਨਾਲ ਮੁਲਾਕਾਤ ਤੋਂ ਬਾਅਦ ਉਸ ਨੇ ਦੱਸ ਦਿੱਤਾ ਹੈ ਕਿ ਉਹ ਹਿੰਦੂ ਕੱਟੜਪੰਥੀ ਸਿਆਸਤ ਦੇ ਖਿਲਾਫ਼ ਸਟੈਂਡ ਲਵੇਗਾ। ਦੂਜਾ ਇਹ ਕਿ ਉਹ ਸਿਆਸਤ ਵਿਚ ਪੈਰ, ਆਪਣੇ ਅਦਾਕਾਰ ਸਾਥੀ ਰਜਨੀ ਕਾਂਤ ਨਾਲ ਰਲ ਕੇ ਪਾਵੇਗਾ। ਯਾਦ ਰਹੇ ਕਿ ਕਮਲ ਹਾਸਨ ਪਿਛਲੇ ਕੁਝ ਸਮੇਂ ਤੋਂ ਸੱਤਾਧਾਰੀ ਅੰਨਾ ਡੀ.ਐਮ.ਕੇ. ਉਤੇ ਸਿੱਧੇ-ਅਸਿੱਧੇ ਹਮਲੇ ਕਰ ਰਿਹਾ ਹੈ। ਦਰਅਸਲ, ਉਹ ਜੈਲਲਿਤਾ ਦੀ ਮੌਤ ਤੋਂ ਬਾਅਦ ਸੂਬੇ ਅੰਦਰ ਪੈਦਾ ਹੋਏ ਸਿਆਸੀ ਖਲਾਅ ਨੂੰ ਆਪਣੀ ਸਿਆਸਤ ਨਾਲ ਭਰਨਾ ਚਾਹੁੰਦਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਸਿਆਸਤ ਵਿਚ ਆਉਣ ਦੀ ਚਰਚਾ ਕਰਵਾ ਕੇ ਹਾਲਾਤ ਨੂੰ ਟੋਂਹਦਾ ਵੀ ਰਿਹਾ ਹੈ। ਕਮਲ ਹਾਸਨ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਮਹਿਜ਼ 6 ਵਰ੍ਹਿਆਂ ਦੀ ਉਮਰ ਵਿਚ ਕਰ ਲਈ ਸੀ ਜਦੋਂ ਉਸ ਨੇ 1960 ਵਿਚ ਤਾਮਿਲ ਫਿਲਮ 'ਕਾਲਾਤੁਰ ਕਾਨੰਮਾ' ਵਿਚ ਬਾਲ ਕਲਾਕਾਰ ਦਾ ਕਿਰਦਾਰ ਨਿਭਾਇਆ ਸੀ। ਇਸ ਅਦਾਕਾਰੀ ਬਦਲੇ ਉਸ ਨੂੰ ਗੋਲਡ ਮੈਡਲ ਵੀ ਮਿਲਿਆ ਸੀ। ਇਸ ਤੋਂ ਬਾਅਦ ਉਸ ਨੇ ਕਦੇ ਪਿਛੇ ਮੁੜ ਕੇ ਨਹੀਂ ਦੇਖਿਆ। ਆਪਣੀ ਕਲਾ ਦੇ ਸਿਰ ਉਤੇ ਉਹ ਤਿੰਨ ਵਾਰ ਕੌਮੀ ਪੁਰਸਕਾਰ ਅਤੇ 19 ਵਾਰ ਫਿਲਮਫੇਅਰ ਐਵਾਰਡ ਹਾਸਲ ਕਰ ਚੁੱਕਾ ਹੈ। ਇਹੀ ਨਹੀਂ, ਉਸ ਨੇ ਆਪਣੀ ਕੰਪਨੀ ਰਾਜਕਮਲ ਇੰਟਰਨੈਸ਼ਨਲ ਰਾਹੀਂ ਕਈ ਚੰਗੀਆਂ ਫਿਲਮਾਂ ਵੀ ਬਣਾਈਆਂ ਹਨ। ਤਾਮਿਲ ਫਿਲਮਾਂ ਵਿਚ ਉਸ ਦਾ ਸਿੱਕਾ ਖੂਬ ਚਲਦਾ ਹੈ। ਉਸ ਨੇ 1981 ਵਿਚ ਆਈ ਹਿੰਦੀ ਫਿਲਮ 'ਏਕ ਦੂਜੇ ਕੇ ਲੀਏ' ਨਾਲ ਹਿੰਦੀ ਫਿਲਮ ਜਗਤ ਵਿਚ ਵੀ ਪਰਵੇਸ਼ ਕੀਤਾ। ਹਿੰਦੀ ਫਿਲਮ ਜਗਤ ਵਿਚ ਵੀ ਭਾਵੇਂ ਉਸ ਨੇ ਮਿਸਾਲੀ ਫਿਲਮਾਂ ਵਿਚ ਕੰਮ ਕੀਤਾ, ਪਰ ਉਹ ਹਿੰਦੀ ਫਿਲਮਾਂ ਵਿਚ ਤਾਮਿਲ ਫਿਲਮਾਂ ਜਿੰਨਾ ਸਫ਼ਲ ਨਹੀਂ ਹੋ ਸਕਿਆ। ਫਿਲਮ ਜਗਤ ਵਿਚ ਲੰਮੀ ਪਾਰੀ ਤੋਂ ਬਾਅਦ ਹੁਣ ਉਹ ਸਿਆਸੀ ਦੁਨੀਆਂ ਵਿਚ ਉਹ ਆਪਣਾ ਰੰਗ ਦਿਖਾਉਣ ਲਈ ਤਿਆਰ ਹੈ। ਉਧਰ, ਤਾਮਿਲਨਾਡੂ ਵਿਚ ਭਾਰਤੀ ਜਨਤਾ ਪਾਰਟੀ ਵੀ ਆਪਣੀ ਥਾਂ ਬਣਾਉਣ ਲਈ ਤਤਪਰ ਹੈ। ਦੇਖਦੇ ਹਾਂ ਕਿ ਦੋਹਾਂ ਵਿਚੋਂ ਕਿਹੜਾ ਤਾਮਿਲਨਾਡੂ ਵਿਚ ਆਪਣੀਆਂ ਪੈੜਾਂ ਕੌਣ ਪਾਉਂਦਾ ਹੈ। ***-ਕੀਰਤ ਕਾਸ਼ਣੀ***



# ਟੁੱਟੇ ਪੱਤੇ ਜਿਹੀ ਇਕਾਂਤ



ਸਿੰਮਦੇ ਸ਼ਬਦ

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਉਨ੍ਹਾਂ ਪੱਤਝੜ ਵਿਚ ਪੱਤਿਆਂ ਦੇ ਡਿੱਗਣ ਦੇ ਹਵਾਲੇ ਨਾਲ ਪਰਦੇਸੀਂ ਜਾ ਵੱਸੇ ਹਮਵਤਨਾਂ ਦੀ ਵਿਥਿਆ ਬਿਆਨ ਕਰਦਿਆਂ ਕਿਹਾ ਹੈ ਕਿ ਆਪਣੇ ਮੂਲ ਨਾਲੋਂ ਟੁੱਟ ਕੇ, ਟੁੱਟੇ ਪੱਤੇ ਵਰਗੀ ਅਉਧ ਹੰਢਾਉਣ ਲਈ ਮਜਬੂਰ ਲੋਕਾਂ ਦੇ ਸੋਚ-ਮਸਤਕ ਵਿਚ ਹਉਕੇ ਉਗਦੇ ਨੇ ਅਤੇ ਸਾਹ-ਤਲੀ 'ਤੇ ਸਿਸਕੀਆਂ ਦਾ ਆਵਾਗੌਣ ਬਣਿਆ ਰਹਿੰਦਾ ਏ। ਪਰ ਉਹ ਟੁੱਟੇ ਪੱਤੇ ਵਰਗੀ ਸੋਚ ਦਾ ਪੱਲਾ ਫੜ੍ਹ ਕੇ ਜਿਉਣ ਦਾ ਹੁਲਾਰ ਵੀ ਮਾਣ ਸਕਦੇ ਨੇ। ਉਨ੍ਹਾਂ ਇਸ ਤੱਥ ਨੂੰ ਉਜਾਗਰ ਕੀਤਾ ਹੈ ਕਿ ਰੁੱਖ ਦੇ ਪੱਤਿਆਂ ਵਾਂਗ ਆਪਣੇ ਵਤਨ ਤੋਂ ਵਿਛੜੇ ਲੋਕਾਂ ਦਾ ਆਪਣੇ ਵਤਨ ਨਾਲੋਂ ਰਿਸ਼ਤਾ ਨਹੀਂ ਟੁੱਟਦਾ। -ਸੰਪਾਦਕ*

ਬਿਰਖ ਦੀ ਟਾਹਣੀ 'ਤੇ ਸੋਂਹਦੇ ਪੱਤੇ ਨੂੰ ਕਦੇ ਕਿਆਸ ਵੀ ਨਹੀਂ ਹੁੰਦਾ ਕਿ ਇਕ ਦਿਨ ਉਸ ਦਾ ਰੈਣ-ਬਸੇਰਾ ਉਸ ਤੋਂ ਰੁੱਸ ਜਾਵੇਗਾ ਅਤੇ ਉਹ ਲਟਕਦੇ ਪਲਾਂ ਦੀ ਅਉਧ ਹੰਢਾਉਣ ਲਈ ਮਜਬੂਰ ਹੋਵੇਗਾ।

ਟੁੱਟਾ ਪੱਤਾ ਤਾਂ ਇਹ ਸੋਚ ਵੀ ਨਹੀਂ ਸਕਦਾ ਕਿ ਹਵਾ ਦੀ ਰੁਮਕਣੀ ਸੰਗ ਸੰਗੀਤਕ ਤਰੰਗਾਂ ਪੈਦਾ ਕਰਨ ਵਾਲਾ, ਕਦੇ ਹਵਾ ਦੇ ਰਹਿਮੋ-ਕਰਮ 'ਤੇ ਆਪਣੇ ਆਖਰੀ ਸਾਹ ਨੂੰ ਵੀ ਅਲਵਿਦਾ ਕਹਿ ਦੇਵੇਗਾ।

ਪੱਤਾ ਤਾਂ ਹਰਿਆਵਲ 'ਚ ਰੰਗਿਆ, ਚੌਗਿਰਦੇ 'ਚ ਹਰੇ ਰੰਗ ਦੀ ਚਕਾਚੌਂਧ ਪੈਦਾ ਕਰਦਾ, ਆਲੇ-ਦੁਆਲੇ 'ਚ ਧੜਕਦੀ ਜ਼ਿੰਦਗੀ ਦਾ ਨਿਉਂਦਾ ਦਿੰਦਾ ਏ। ਉਸ ਦੇ ਚਿੱਤ-ਚੇਤੇ ਵੀ ਨਹੀਂ ਹੁੰਦਾ ਕਿ ਉਹ ਬਦਲਦੇ ਮੌਸਮਾਂ ਦੀ ਮਾਰ ਹੇਠ ਆ ਕੇ ਹਰੇ ਤੋਂ ਪੀਲਾ, ਲਾਲ, ਭੂਰਾ ਹੁੰਦਿਆਂ ਪੱਤਝੜ ਰੁੱਤ ਦਾ ਨਾਮਕਰਨ ਬਣ ਜਾਵੇਗਾ। ਪਰ ਇਹ ਉਸ ਦੀ ਵਡਿੱਤਣ ਹੈ ਕਿ ਉਹ ਆਪਣੇ ਆਖਰੀ ਪਲਾਂ 'ਚ ਵੀ ਰਾਂਗਲੇ ਰੰਗ ਭਰ ਪੱਤਝੜ ਦੀ ਤਲੀ 'ਤੇ ਰੰਗਾਂ ਦੀ ਮਹਿੰਦੀ ਲਾ ਜਾਂਦਾ ਏ। ਇਹ ਰੰਗ ਬਰੰਗੀ ਪੱਤਝੜ ਹੀ ਹੈ ਜੋ ਮੌਸਮੀ ਬੇਰੁਖੀ ਦੇ ਨਾਂਵੇਂ ਇਕ ਵਿਲੱਖਣ ਤਾਜ਼ਗੀ ਕਰ ਜਾਂਦੀ ਏ।

ਪੱਤਾ ਤਾਂ ਸਦਾ ਟਾਹਣੀ ਨਾਲ ਲਾਡ ਲਡਾਉਂਦਾ, ਉਸ ਦੀ ਦਿੱਖ ਵਿਚ ਮੋਹ ਅਤੇ ਅਪਣੱਤ ਧਰਦਾ ਬਿਰਖ ਦੀ ਸ਼ਾਨ ਬਣਦਾ ਏ। ਬੇਪੱਤਰੇ ਬਿਰਖਾਂ 'ਤੇ ਕਦੇ ਕੋਈ ਪਰਿੰਦਾ ਆਪਣਾ ਆਲ੍ਹਣਾ ਨਹੀਂ ਬਣਾਉਂਦਾ, ਨਾ ਹੀ ਪੰਛੀਆਂ ਦੀਆਂ ਮਹਿਫਿਲਾਂ ਲੱਗਦੀਆਂ ਨੇ ਅਤੇ ਨਾ ਹੀ ਇਸ ਦੇ ਵਿਹੜੇ ਵਿਚ ਸੱਥਾਂ ਸਜਦੀਆਂ ਨੇ। ਇਹ ਤਾਂ ਪੱਤਿਆਂ ਦਾ ਹੀ ਪ੍ਰਤਾਪ ਹੁੰਦਾ ਏ ਜੋ ਬਿਰਖ ਦੀ ਅਹਿਮੀਅਤ ਸਿਰਜਦਾ, ਇਸ ਨੂੰ ਸੁਹੱਪਣ ਅਤੇ ਸੰਪੂਰਨਤਾ ਬਖਸ਼ਦਾ ਏ।

> ***ਵਿਦੇਸ਼ਾਂ ਵਿਚ ਟੁੱਟੇ ਪੱਤੇ ਜਿਹੀ ਹਯਾਤੀ ਹੰਢਾ ਰਹੇ ਹਮਵਤਨੋਂ! ਕਦੇ ਕਦਾਈਂ ਟੁੱਟੇ ਪੱਤੇ ਸੰਗ ਸੰਵਾਦ ਰਚਾਉਣਾ, ਉਸ ਦੇ ਜੀਵਨ ਸਫਰ ਦੀ ਥਾਹ ਪਾਉਣਾ ਅਤੇ ਆਪਣੀਆਂ ਜੀਵਨ ਪੈੜਾਂ ਨੂੰ ਟੁੱਟੇ ਪੱਤਿਆਂ ਵਰਗੀ ਕਰਮਸ਼ੈਲੀ ਦੇ ਨਾਮ ਲਾਉਣਾ। ਸੋਚਣਾ ਜਰਾ! ਪੁਰਾਣੇ ਵਿਚਾਰ, ਜੀਵਨ ਸ਼ੈਲੀ, ਮਾਨਸਿਕਤਾ ਜਦ ਥਾਂ ਖਾਲੀ ਕਰੇਗੀ ਤਾਂ ਹੀ ਨਵੀਆਂ ਸੋਚ-ਚਿਣਗਾਂ ਅਤੇ ਨਵੀਆਂ ਕਰਮ-ਭੂਮੀਆਂ ਤੁਹਾਡੀ ਕਰਮ-ਯੋਗਤਾ ਦਾ ਮਾਣ ਬਣਨਗੀਆਂ।***

ਪੱਤੇ ਤਾਂ ਆਪਣੇ ਪਿੰਡੇ 'ਤੇ ਲੂਆਂ ਜਰਦੇ, ਸ਼ਰਨ ਵਿਚ ਆਇਆਂ ਲਈ ਸੰਘਣੀ ਛਾਂ ਬਣਦੇ ਨੇ ਅਤੇ ਮਿੱਠੜੀ ਜਿਹੀ ਲੋਰੀ ਦੇ ਕੇ ਸਵਾਉਂਦੇ ਨੇ। ਕਦੇ ਥੱਕੇ ਹੋਏ ਕਾਮੇ ਨੂੰ ਬਿਰਖ ਦੀ ਛਾਂ ਹੇਠ ਸਵਰਗੀ ਨੀਂਦ-ਹੁਲਾਰੇ ਲੈਂਦੇ ਦੇਖਣਾ, ਪੱਤਿਆਂ ਦੀ ਛਾਂ ਦਾ ਮਹੱਤਵ ਤੁਹਾਡੇ ਦੀਦਿਆਂ ਵਿਚ ਲਿਸ਼ਕਣ ਲੱਗ ਪਵੇਗਾ।

ਪੱਤੇ ਤਾਂ ਹਰ ਦਮ ਆਪਣੇ ਮੁੱਢ ਦੀ ਖੈਰ ਮਨਾਉਂਦੇ ਨੇ। ਟਾਹਣ ਨਾਲੋਂ ਟੁੱਟ ਕੇ ਵੀ ਬਿਰਖ ਦੇ ਮੁੱਢੀਂ ਆਸਰਾ ਭਾਲਦੇ ਨੇ। ਆਪਣੀ ਖਾਕ ਆਪਣੇ ਪਾਲਣਹਾਰੇ ਦੇ ਮੁੱਢੀਂ ਧਰ ਨਵੀਆਂ ਨਸਲਾਂ ਲਈ ਜਿਉਣ ਦਾ ਆਧਾਰ ਬਣ ਜਾਂਦੇ ਨੇ।

ਟੁੱਟੇ ਪੱਤੇ ਵਰਗੇ ਲੋਕ ਜਦ ਕਿਸੇ ਸਮਾਜ ਦਾ ਮੁਹਾਂਦਰਾ ਬਣ ਜਾਣ ਤਾਂ ਸਮਾਜ ਦੇ ਮੱਥੇ ਇਕ ਤਿੜਕਣ ਧਰੀ ਜਾਂਦੀ ਏ ਅਤੇ ਇਹ ਅੰਦਰੂਨੀ ਤਿੜਕਣ ਹੀ ਹੁੰਦੀ ਏ, ਜੋ ਸਾਡੇ ਵਿਅਕਤੀਤਵ ਦਾ ਹਿੱਸਾ ਬਣ ਕੇ ਸਾਨੂੰ ਪੋਰਾ-ਪੋਰਾ ਕਰਕੇ ਖੋਰਦੀ ਅਤੇ ਤੋੜਦੀ ਏ।

ਆਪਣੇ ਮੂਲ ਨਾਲੋਂ ਟੁੱਟ ਕੇ, ਟੁੱਟੇ ਪੱਤੇ ਵਰਗੀ ਅਉਧ ਹੰਢਾਉਣ ਲਈ ਮਜਬੂਰ ਲੋਕਾਂ ਦੇ ਸੋਚ-ਮਸਤਕ ਵਿਚ ਹਉਕੇ ਉਗਦੇ ਨੇ ਅਤੇ ਸਾਹ-ਤਲੀ 'ਤੇ ਸਿਸਕੀਆਂ ਦਾ ਆਵਾਗੌਣ ਬਣਿਆ ਰਹਿੰਦਾ ਏ। ਪਰ ਉਹ ਟੁੱਟੇ ਪੱਤੇ ਵਰਗੀ ਸੋਚ ਦਾ ਪੱਲਾ ਫੜ੍ਹ ਕੇ ਜਿਉਣ ਦਾ ਹੁਲਾਰ ਵੀ ਮਾਣ ਸਕਦੇ ਨੇ।

ਟੁੱਟੇ ਪੱਤੇ ਉਹੀ ਪੱਤੇ ਨੇ ਜਿਨ੍ਹਾਂ ਨੇ ਸਾਡਾ ਸਾਹ-ਭੰਡਾਰ ਬਣ ਕੇ ਜੀਵਨ ਦਾਨ ਬਖਸ਼ਿਆ, ਚੌਤਰਫੇ ਫੈਲੇ ਪ੍ਰਦੂਸ਼ਣ ਨੂੰ ਆਪਣੇ ਵਿਚ ਸਮਾ ਕੇ ਸਾਨੂੰ ਸਵੱਛਤਾ ਬਖਸ਼ੀ ਅਤੇ ਮੌਸਮੀ ਕੁਰਖਤੀਆਂ ਨੂੰ ਘਟਾਉਣ ਲਈ ਪੂਰੀ ਵਾਹ ਲਾਈ।

ਟੁੱਟੇ ਪੱਤੇ ਦੀ ਆਰਜੂ, ਇਕ ਦਰਦ ਵੀ ਅਤੇ ਇਕ ਸਕੂਨ ਵੀ। ਟਾਹਣੀ 'ਤੇ ਮਾਣੇ ਪਲਾਂ ਦੀ ਸਰਸ਼ਾਰੀ ਵੀ ਅਤੇ ਟੁੱਟਣ ਦਾ ਵਿਯੋਗ ਵੀ। ਆਪਣਿਆਂ ਸੰਗ ਬਿਤਾਏ ਪਲਾਂ ਦਾ ਸਰੂਰ ਵੀ ਅਤੇ ਆਪਣਿਆਂ ਤੋਂ ਦੂਰ ਜਾਣ ਦਾ ਗਮ ਵੀ। ਪੂਰਤੀ ਦਾ ਅਹਿਸਾਸ ਵੀ ਅਤੇ ਹੋਰ ਬਹੁਤ ਕੁਝ ਅਣ-ਕੀਤਾ ਰਹਿਣ ਦਾ ਫਿਕਰ ਵੀ। ਹਵਾ ਸੰਗ ਲਹਿਰਾਉਣ ਦਾ ਮਲਾਲ ਵੀ ਅਤੇ ਸੰਗੀਤਕ ਸੁਰਾਂ ਪੈਦਾ ਕਰਨ ਦਾ ਇਲਾਹੀ ਨਾਦ ਵੀ। ਟਾਹਣੀ ਦੀ ਸੱਚੀ ਪਰਦਾਦਾਰੀ ਕਰਦਿਆਂ ਸੁੰਦਰ ਬਣਾਉਣ ਦਾ ਮਾਣ ਵੀ ਏ ਪਰ ਇਸ ਨੂੰ ਨੰਗੇ ਪਿੰਡੇ ਛੱਡ ਕੇ ਜਾਣ ਦਾ ਹਿਰਖ ਤੇ ਪੀੜਾ ਵੀ।

ਪੱਤੇ, ਪੱਤਿਆਂ ਸੰਗ ਹੀ ਸੋਂਹਦੇ ਨੇ। ਬੜਾ ਔਖਾ ਹੁੰਦਾ ਏ ਆਪਣਿਆਂ ਤੋਂ ਦੂਰ ਤੁਰ ਜਾਣਾ ਅਤੇ ਆਪਣਿਆਂ ਦੀਆਂ ਯਾਦਾਂ ਨੂੰ ਮਨ ਵਿਚ ਵਸਾਉਣਾ। ਵਿਦੇਸ਼ਾਂ ਵਿਚ ਆ ਕੇ ਅਕਸਰ ਹੀ ਅਸੀਂ ਆਪਣੇ ਮੂਲ ਨਾਲੋਂ ਟੁੱਟੇ, ਟੁੱਟੇ ਪੱਤੇ ਵਰਗੀ ਆਰਜਾ ਹੰਢਾਉਣ ਲਈ ਮਜਬੂਰ ਹੁੰਦੇ ਹਾਂ। ਸਾਡੇ ਮਨਾਂ ਵਿਚ ਆਪਣੇ ਮੁੱਢ ਤੋਂ ਦੂਰ ਆਉਣ ਦਾ ਦਰਦ ਤਾਂ ਹੈ ਪਰ ਅਸੀਂ ਇਸ ਦਰਦ ਨੂੰ ਕੁਝ ਪ੍ਰਾਪਤੀਆਂ ਦੇ ਨਾਮ ਲਾ ਕੇ ਆਪਣੇ ਮੂਲ ਲਈ ਮਾਣ ਵੀ ਬਣ ਸਕਦੇ ਹਾਂ। ਚੰਗੀ ਗੱਲ ਹੈ ਕਿ ਸਾਡੀ ਮਾਨਸਿਕਤਾ ਵਿਚ ਆਏ ਉਸਾਰੂ ਬਦਲਾਓ ਸਦਕਾ ਅਸੀਂ ਨਵੀਂ ਪਛਾਣ ਸਿਰਜਣ ਦੇ ਰਾਹ ਪੈ ਕੇ ਆਪਣੇ ਮੂਲ ਨੂੰ ਨਵੇਂ ਅਰਥ ਦੇ ਰਹੇ ਹਾਂ। ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੀਆਂ ਪ੍ਰਾਪਤੀਆਂ ਮੂਲ ਲਈ ਮਾਣ ਦਾ ਸਬੱਬ ਨੇ ਅਤੇ ਟੁੱਟੇ ਪੱਤੇ ਵਰਗੇ ਇਹ ਲੋਕ ਆਪਣੀਆਂ ਜੜ੍ਹਾਂ ਨੂੰ ਮਜਬੂਤੀ ਬਖਸ਼ਣ ਵਿਚ ਕਾਮਯਾਬ ਹੋ ਰਹੇ ਨੇ।

ਯਾਦ ਰੱਖਣਾ! ਟੁੱਟਾ ਪੱਤਾ ਕਦੇ ਵੀ ਨਿਥਾਵਾਂ ਨਹੀਂ ਹੁੰਦਾ। ਧਰਤੀ ਮਾਂ ਉਸ ਨੂੰ ਆਪਣੀ ਹਿੱਕ ਨਾਲ ਲਾਉਂਦੀ, ਤਨ ਵਿਛਾਉਂਦੀ, ਨਵੇਂ ਮਾਰਗ ਦੀ ਲੋਚਾ ਉਸ ਦੀ ਜੀਵਨ ਦ੍ਰਿਸ਼ਟੀ ਦੇ ਨਾਮ ਕਰਦੀ ਹੈ, ਜਿਥੇ ਪੱਤੇ ਨੇ ਆਪਣੀ ਹੋਂਦ ਨੂੰ ਗਵਾ ਕੇ ਕਿਸੇ ਨਵੇਂ ਜੀਵਨ ਲਈ ਆਸ ਦੀ ਕਿਰਨ ਬਣਨਾ ਹੁੰਦਾ ਏ। ਬਿਰਖ ਨਾਲੋਂ ਟੁੱਟ ਕੇ ਬਿਰਖ ਦੀਆਂ ਸੁੱਖਾਂ ਸੁੱਖਣ ਵਾਲਾ ਇਹ ਪੱਤਾ ਆਖਰ ਨੂੰ ਫਿਰ ਬਿਰਖ ਵਿਚ ਹੀ ਸਮਾ ਜਾਂਦਾ ਏ ਅਤੇ ਫਿਰ ਕੋਮਲ ਪੱਤੀਆਂ ਦੀ ਆਮਦ ਬਣ ਬਿਰਖ ਦੇ ਨੰਗੇ ਪਿੰਡੇ ਨੂੰ ਹਰਿਆਵਲ ਦਾ ਕੱਜਣ ਬਖਸ਼ ਦਿੰਦਾ ਏ।



ਟੁੱਟੇ ਪੱਤੇ ਨੂੰ ਇਸ ਗੱਲ ਦਾ ਹਿਰਖ ਹੁੰਦਾ ਏ ਕਿ ਸਾਰੀ ਉਮਰ ਇਕ ਟਾਹਣੀ ਨਾਲ ਜੁੜਿਆ ਨਿੱਕੇ ਜਿਹੇ ਦਾਇਰੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਸੀ। ਜਦ ਉਹ ਟੁੱਟਦਾ ਹੈ ਤਾਂ ਹਵਾ ਦੇ ਕੰਧਾੜੇ ਉਸ ਦੇ ਦਾਇਰੇ ਅਸੀਮਤ ਕਰ ਦਿੰਦੇ ਨੇ। ਦਾਇਰੇ ਵਿਸ਼ਾਲ ਬਣਾਉਣਾ ਹੀ ਸਭ ਤੋਂ ਔਖਾ ਹੁੰਦਾ ਏ, ਜਿਸ ਨੇ ਸਾਡੀ ਸੋਚ ਨੂੰ ਨਵੇਂ ਦਿਸਹੱਦਿਆਂ ਦਾ ਧਾਰਨੀ ਬਣਾਉਣਾ ਹੁੰਦਾ ਏ। ਪੱਤਾ ਤਾਂ ਆਪਣੇ ਆਪ ਨੂੰ ਵਡਭਾਗਾ ਸਮਝਦਾ ਏ ਕਿ ਉਹ ਹਵਾ ਦੇ ਆਖੇ ਲੱਗ ਜੰਗਲ ਬੇਲੇ ਗਾਹੁੰਦਾ, ਨਵੇਂ ਸੁਪਨੇ ਅਤੇ ਨਵੀਆਂ ਤਦਬੀਰਾਂ ਦਾ ਸਿਰਨਾਂਵਾਂ ਬਣ ਜਾਂਦਾ ਏ।

ਵਿਦੇਸ਼ਾਂ 'ਚ ਟੁੱਟੇ ਪੱਤੇ ਜਿਹੀ ਹਯਾਤੀ ਹੰਢਾ ਰਹੇ ਹਮਵਤਨੋਂ! ਕਦੇ ਕਦਾਈਂ ਟੁੱਟੇ ਪੱਤੇ ਸੰਗ ਸੰਵਾਦ ਰਚਾਉਣਾ, ਉਸ ਦੇ ਜੀਵਨ ਸਫਰ ਦੀ ਥਾਹ ਪਾਉਣਾ ਅਤੇ ਆਪਣੀਆਂ ਜੀਵਨ ਪੈੜਾਂ ਨੂੰ ਟੁੱਟੇ ਪੱਤਿਆਂ ਜਿਹੀ ਕਰਮਸ਼ੈਲੀ ਦੇ ਨਾਂ ਲਾਉਣਾ। ਸੋਚਣਾ ਜਰਾ! ਪੁਰਾਣੇ ਵਿਚਾਰ, ਜੀਵਨ ਸ਼ੈਲੀ, ਮਾਨਸਿਕਤਾ ਜਦ ਥਾਂ ਖਾਲੀ ਕਰੇਗੀ ਤਾਂ ਹੀ ਨਵੀਆਂ ਸੋਚ-ਚਿਣਗਾਂ ਅਤੇ ਨਵੀਆਂ ਕਰਮ-ਭੂਮੀਆਂ ਤੁਹਾਡੀ ਕਰਮ-ਯੋਗਤਾ ਦਾ ਮਾਣ ਬਣਨਗੀਆਂ। ਇਕਸਾਰਤਾ ਤਾਂ ਕਦੇ ਕਦੇ ਹੁੰਮਸ ਪੈਦਾ ਕਰ ਦਿੰਦੀ ਏ ਜਦ ਕਿ ਤਰੰਗਤਾ ਜੀਵਨ ਵਿਚ ਰੰਗ ਭਰਦੀ, ਸਾਡੇ ਸਮੁੱਚ ਦੇ ਨਾਂਵੇਂ ਨਵੇਂ ਮੌਕੇ, ਨਵੀਆਂ ਸੰਭਾਵਨਾਵਾਂ ਅਤੇ ਨਿੱਤ ਨਵੀਆਂ ਚੁਣੌਤੀਆਂ ਕਰਦੀ ਹੈ ਜਿਸ ਦਾ ਸਾਹਮਣਾ ਕਰਦਿਆਂ ਹੀ ਅਸੀਂ ਨਵੇਂ ਕੀਰਤੀਮਾਨਾਂ ਦਾ ਮਾਣ ਬਣਦੇ ਹਾਂ।

ਇਹ ਵੀ ਦੇਖਣ ਵਾਲੀ ਗੱਲ ਹੈ ਕਿ ਬਿਰਖ ਕਦੇ ਵੀ ਪੱਤਿਆਂ ਨੂੰ ਦੂਰ ਤੁਰ ਜਾਣ ਤੋਂ ਵਰਜਦਾ ਨਹੀਂ ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਜਦ ਪੁਰਾਣੇ ਜਾਣਗੇ ਤਾਂ ਹੀ ਨਵਿਆਂ ਲਈ ਆਉਣ ਦਾ ਸਬੱਬ ਬਣੇਗਾ, ਭਾਵੇਂ ਕਿ ਇਸ ਲਈ ਬਿਰਖ ਨੂੰ ਨੰਗੇ ਪਿੰਡੇ ਮੌਸਮਾਂ ਦੀ ਮਾਰ ਸਹਿਣੀ ਪੈਂਦੀ ਏ।

ਟੁੱਟੇ ਪੱਤਿਆਂ ਦੇ ਢੇਰ ਨੂੰ ਧਰਤੀ ਆਪਣੇ ਕਲਾਵੇ ਵਿਚ ਲੈ ਕੇ ਆਪਣਾ ਧੰਨਭਾਗ ਸਮਝਦੀ ਏ। ਇਹ ਰੰਗ-ਬਿਰੰਗਾ ਵਿਛੌਣਾ ਧਰਤੀ 'ਤੇ ਚਿੱਤਰਕਾਰੀ ਕਰਦਾ ਏ ਜਿਸ ਵਿਚ ਜੀਵਨ ਦੇ ਵਿਭਿੰਨ ਰੰਗਾਂ ਦੀ ਕਲਾ-ਨਿਕਾਸ਼ੀ ਹੁੰਦੀ ਏ। ਪੱਤਿਆਂ 'ਤੇ ਤੁਰੇ ਜਾਂਦੇ ਰਾਹੀ ਦੀ ਖੜਖੜ ਵਿਚੋਂ ਪੱਤਿਆਂ ਦੀ ਵੇਦਨਾ ਝਰਦੀ ਏ ਜਿਹੜੇ ਆਪਣੇ ਆਖਰੀ ਸਫਰ ਦੌਰਾਨ ਵੀ ਪੈਰਾਂ ਹੇਠ ਲਿਤਾੜੇ ਜਾਂਦੇ ਨੇ।

ਟੁੱਟੇ ਪੱਤਿਆਂ ਵਰਗਾ ਜੀਵਨ ਸਫਰ, ਬੜਾ ਕੁਝ ਕਹਿੰਦਾ, ਕੀਮਤੀ ਅਹਿਸਾਸ ਸਾਡੀ ਝੋਲੀ 'ਚ ਪਾਉਂਦਾ, ਸਾਡੀ ਸੋਚ ਨੂੰ ਵਿਸ਼ਾਲਦਾ ਅਤੇ ਸਾਨੂੰ ਬਿਰਖਾਂ ਜਿਹਾ ਜਿਗਰਾ ਅਤੇ ਪੱਤਿਆਂ ਵਰਗੀ ਪਾਕੀਜ਼ਗੀ ਆਪਣੇ ਅੰਤਰੀਵ ਵਿਚ ਵਸਾਉਣ ਲਈ ਉਕਸਾਉਂਦਾ ਏ।

ਇਹ ਟੁੱਟੇ ਪੱਤੇ ਕੰਮ ਦੀ ਸ਼ੈਅ ਨੇ। ਇਹ ਤਾਂ ਮਾਨਵੀ ਸੋਚ ਦਾ ਪੈਗਾਮ, ਧੁੱਪਾਂ 'ਚ ਸਿਰਾਂ 'ਤੇ ਛਾਂ ਬਣਨ ਦੀ ਕਾਮਨਾ, ਬਾਰਸ਼ਾਂ ਵਿਚ ਓਟ ਬਣਨ ਦਾ ਸ਼ੁਭ-ਕਰਮਨ ਅਤੇ ਸਜਾਵਟ ਦੀ ਹੱਟ ਸਜਾਉਣ ਦੀ ਕਿਰਤ-ਸਾਧਨਾ ਨੇ।

ਟੁੱਟੇ ਪੱਤਿਆਂ ਜਿਹੇ ਲੋਕ ਜਦ ਟੁੱਟੇ ਪੱਤਿਆਂ ਨੂੰ ਨਤਮਸਤਕ ਹੁੰਦੇ ਤਾਂ ਤਹਿਜ਼ੀਬ ਦੇ ਵਰਕੇ 'ਤੇ ਸੁੱਚੇ ਹਰਫ ਉਕਰੇ ਜਾਂਦੇ ਨੇ, ਜਿਨ੍ਹਾਂ ਨੇ ਆਉਣ ਵਾਲੇ ਵਕਤ ਵਿਚ ਸੁਨਹਿਰੀ ਇਤਿਹਾਸ ਬਣ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਖਦ ਸੁਨੇਹਾ ਬਣਨਾ ਹੁੰਦਾ ਏ।

ਵਾਸਤਾ ਈ! ਟੁੱਟੇ ਪੱਤੇ 'ਤੇ ਪੈਰ ਧਰਨ ਵੇਲੇ ਇਸ ਦੀ ਚੀਸ ਨੂੰ ਮਹਿਸੂਸ ਕਰਨਾ ਅਤੇ ਇਸ ਦੀ ਦੇਣ ਨੂੰ ਸਜਦਾ ਜਰੂਰ ਕਰਨਾ, ਤੁਹਾਡੀ ਸੋਚ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਸਦਾ ਗੁਣਗੁਣਾਉਂਦੀ ਰਹੇਗੀ।

## ਖੂਹ ਦੀ ਗਾਧੀ ਉਤੇ

ਇਹ ਗਾਧੀ ਬਣੀ ਨਵਾਰੀ,
ਅੱਗੇ ਵਗਦਾ ਬਲਦ ਹਜ਼ਾਰੀ
ਕਰ ਇਸ ਉਤੇ ਅਸਵਾਰੀ,
ਭੁੱਲ ਜਾਵਣ ਦੋਵੇਂ ਜੱਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।
ਇੱਥੇ ਘੱਮ ਘੱਮ ਵਗਣ ਹਵਾਵਾਂ,
ਅਤੇ ਘੁਮਰੀਆਂ ਘੁਮਰੀਆਂ ਛਾਵਾਂ,
ਨੀ ਮੈਂ ਅੱਗ ਸੁਰਗਾਂ ਨੂੰ ਲਾਵਾਂ,
ਜਦ ਪਏ ਇਥਾਈਂ ਲੱਭ ਨੀ।
ਸਾਡੇ ਖੂਹ 'ਤੇ ਵੱਸਦਾ ਰੱਬ ਨੀ।

ਮੈਂ ਥਾਂ ਥਾਂ ਟੁੱਭੀ ਲਾਈ,
ਨਾ ਮੈਲ ਕਿਸੇ ਵੀ ਲਾਹੀ,
ਸ਼ਾਬਾ ਅਉਲੂ ਦੇ ਆਈ,
ਜਿਸ ਮੈਲ ਵੰਜਾਈ ਸਭ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।

ਸੁਣ ਠਕ ਠਕ, ਰੀਂ, ਰੀਂ, ਵਾਂ ਵਾਂ,
ਮੈਂ ਉਡ ਉਡ ਉਥੇ ਜਾਵਾਂ,
ਜਿਥੇ ਅਪੜੇ ਟਾਵਾਂ ਟਾਵਾਂ,
ਤੇ ਬਿਰਤੀ ਜਾਵੇ ਲੱਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।

ਜਦ ਮੋੜੇ ਦਿਹੁੰ ਮੁਹਾਰਾਂ
ਕੁੜੀਆਂ ਚਿੜੀਆਂ, ਮੁਟਿਆਰਾਂ,
ਬੰਨ੍ਹ ਬੰਨ੍ਹ ਕੇ ਆਵਣ ਡਾਰਾਂ,
ਜਿਉਂ ਕਰ ਮੂਣਾਂ ਦੇ ਵਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।

ਉਹ ਟੋਕਾਂ ਕਰਦੀਆਂ ਆਵਣ,
ਕਦੀ ਗੁਟਕਣ ਤੇ ਕਦੀ ਗਾਵਣ,
ਪਏ ਨੱਕ ਵਿਚ ਲੌਂਗ ਸੁਹਾਵਣ,
ਤੇ ਝਿਲਮਿਲ ਕਰਦੇ ਨਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।

ਥੱਲੇ ਏਨੂੰ ਜੜੇ ਸਤਾਰੇ,
ਉਤੇ ਤਿੰਨ ਤਿੰਨ ਘੜੇ ਉਸਾਰੇ,
ਪਿਆ ਲੱਕ ਖਾਵੇ ਲਚਕਾਰੇ,
ਉਹ ਫਿਰ ਵੀ ਲਾਣ ਨਾ ਪੱਬ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।

ਦਿਹੁੰ-ਲੱਥੇ ਖੋਲ੍ਹਾਂ ਢੱਗੇ,
ਚੜ੍ਹ ਪੈਣ ਸਤਾਰੇ ਬੱਗੇ,
ਨਾ ਹਿੰਗ ਫ਼ਟਕੜੀ ਲੱਗੇ,
ਖ਼ੁਦ ਦੀਵੇ ਪੈਂਦੇ ਜਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।
ਮੈਂ ਪੱਧਰੇ ਮੰਜਾ ਡਾਹਵਾਂ,
ਕਰ ਨਿੱਸਲੀਆਂ ਪੈ ਜਾਵਾਂ,
ਝੁਲ ਪੈਣ ਪੁਰੇ ਦੀਆਂ 'ਵਾਵਾਂ,
ਤੇ ਅੱਖ ਜਾਏ ਫਿਰ ਲੱਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।

*-ਪ੍ਰੋ. ਮੋਹਨ ਸਿੰਘ*

## ਪੀੜ ਅਵੱਲੀ

ਸ਼ਹਿਰ ਬੇਗਾਨਿਓਂ ਤੂੰ ਆਈ ਸੀ
ਲੈ ਮੁਹੱਬਤ ਦੀਆਂ ਪੰਡਾਂ ਨੂੰ,
ਇਸ਼ਕ ਤੇਰੇ ਨੇ ਜੋ ਹੱਥੀਂ ਦਿੱਤੀਆਂ
ਮੂੰਹ ਨਾਲ ਖੋਲ੍ਹਾਂ ਉਨ੍ਹਾਂ ਗੰਢਾਂ ਨੂੰ।
ਸਭ ਕੁਝ ਚੇਤੇ ਐ ਮੇਰੇ, ਦੱਸ ਕਿਵੇਂ
ਭੁੱਲਾਂ ਗਲ ਹਾਰ ਬਣਾਉਣੇ ਬਾਹਾਂ ਦੇ।
ਏਸੇ ਲਈ ਪੀੜ ਅਵੱਲੀ ਗਲ ਲਾ ਕੇ
ਮੈਂ ਬੈਠਾ ਵਿਚ ਤੇਰੇ ਰਾਹਾਂ ਦੇ।

ਪਤਾ ਨਹੀਂ ਤੂੰ ਚਾਲ ਖੇਡ ਗਈ
ਜਾਂ ਫਿਰ ਤੇਰੀ ਕੋਈ ਮਜਬੂਰੀ ਸੀ,
ਇੱਕ ਵਾਰ ਨਾ ਤੱਕਿਆ ਮੁੜ ਕੇ
ਕਿਸ ਗੱਲ ਤੋਂ ਪਾਈ ਦੂਰੀ ਸੀ।
ਜਿੱਥੇ ਜਿੱਥੇ ਸੀ ਆਪਾਂ ਮਿਲਦੇ, ਮੈਂ
ਨਿੱਤ ਦਰਸ਼ਨ ਕਰਦਾਂ ਉਨ੍ਹਾਂ ਥਾਂਵਾਂ ਦੇ...।

ਤੂੰ ਜਸ਼ਨ ਮਨਾ ਲੈ ਭਾਵੇਂ ਗੈਰਾਂ ਸੰਗ
ਪਰ ਬਿਨ ਤੇਰੇ ਨਹੀਂ ਮੈਥੋਂ ਜੀਅ ਹੋਣਾ,
ਦਿਲ ਨੂੰ ਫੱਟ ਇਸ਼ਕ ਦਾ ਤੂੰ ਜੋ ਦਿੱਤਾ
ਮੈਥੋਂ ਚਾਹ ਕੇ ਵੀ ਨਹੀਂ ਸੀਅ ਹੋਣਾ।
ਮੈਂ ਯਾਦ ਤੇਰੀ ਨੂੰ ਜਿਉਂਦਾ ਰੱਖਣਾ ਏ
ਨਾਲ ਆਉਂਦੇ ਜਾਂਦੇ ਸਾਹਾਂ ਦੇ...।

'ਬਲਜਿੰਦਰ' ਕਿੰਨਾ ਬਦਲ ਗਿਆ ਏ
ਕਦੇ 'ਆਲੀਕੇ' ਫੇਰਾ ਪਾ ਕੇ ਦੇਖ ਲਈਂ,
ਉਦੋਂ ਲੋਕ ਸਲਾਹਾਂ ਲੈਂਦੇ ਸੀ ਹੁਣ
ਹਾਲਤ ਤੂੰ ਅੱਖੀਂ ਆ ਕੇ ਮੇਚ ਲਈਂ।
ਸ਼ੁੱਧ-ਬੁੱਧ ਸਭ ਅਲਵਿਦਾ ਕਹਿ ਗਏ ਨੇ
ਬਸ ਦਿਨ ਕੱਟਦਾਂ ਵਿਚ ਦੁਆਵਾਂ ਦੇ।
ਏਸੇ ਲਈ ਪੀੜ ਅਵੱਲੀ ਗਲ ਲਾ ਕੇ
ਮੈਂ ਬੈਠਾ ਵਿਚ ਤੇਰੇ ਰਾਹਾਂ ਦੇ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

# TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366

# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc.**

Minneapolis , MN 55426

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਪਾਠਕਾਂ ਦੀ ਪਹਿਲੀ ਪਸੰਦ

# ਪੰਜਾਬ ਟਾਈਮਜ਼



ਅਮਰੀਕਾ ਵਿਚ ਤਿੰਨ ਐਡੀਸ਼ਨਾਂ (ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ) ਵਿਚ ਛਪਣ ਵਾਲਾ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ, ਜਿਸ ਦੇ ਪਾਠਕਾਂ ਦੀ ਗਿਣਤੀ ਕਿਸੇ ਵੀ ਹੋਰ ਪੰਜਾਬੀ ਅਖਬਾਰ ਤੋਂ ਵੱਧ ਹੈ

ਪਿਛਲੇ 18 ਸਾਲ ਤੋਂ ਨਿਰਵਿਘਨ ਪ੍ਰਕਾਸ਼ਨ। ਹਰ ਵਰਗ ਦੇ ਪਾਠਕ ਲਈ ਸਭ ਤੋਂ ਵੱਧ ਮਿਆਰੀ ਪੜ੍ਹਨ ਸਮੱਗਰੀ ਦੇਣ ਵਾਲਾ ਪੰਜਾਬੀ ਅਖਬਾਰ।

ਪੰਜਾਬ ਟਾਈਮਜ਼ ਕਿਸੇ ਇਕ ਵਿਚਾਰਧਾਰਾ, ਕਿਸੇ ਇਕ ਸਮਾਜਿਕ, ਧਾਰਮਿਕ ਜਾਂ ਸਿਆਸੀ ਧਿਰ ਨਾਲ ਪ੍ਰਤੀਬੱਧ ਨਹੀਂ ਹੈ। ਹਮੇਸ਼ਾ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਹੈ।

***Advertisement in Punjab Times, Support Punjab Times.***

## ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦਿਓ ਤੇ ਆਪਣਾ ਕਾਰੋਬਾਰ ਵਧਾਓ

ਪੰਜਾਬ ਟਾਈਮਜ਼ ਸੇਲ ਪੇਪਰ ਨਹੀਂ, ਇਸ ਵਿਚ ਪੀਰ ਬਾਬਿਆਂ, ਜੋਤਸ਼ੀਆਂ, ਠੱਗੀ ਮਾਰਾਂ, ਭਰੂਣ ਹੱਤਿਆ ਕਰਨ ਵਾਲਿਆਂ ਦੇ ਇਸ਼ਤਿਹਾਰ ਨਹੀਂ ਛਾਪੇ ਜਾਂਦੇ। ਪੇਸ਼ੇਵਰ ਤੇ ਮਿਆਰੀ ਪੱਤਰਕਾਰੀ, ਨਾ ਕਿ ਬਾਂਹ ਮਰੋੜ ਤੇ ਵਿਕਾਊ ਪੱਤਰਕਾਰੀ।


ਫੋਨ: 847-359-0746 Email: punjabtimes1@gmail.com www.punjabtimesusa.com

# ਇੰਡੋ-ਅਮੈਰਿਕਨ ਕਲਚਰਲ ਅਰਗੇਨਾਈਜੇਸ਼ਨ ਕੈਲੀਫੋਰਨੀਆ ਯੂ.ਐਸ.ਏ.

ਸਾਰੀ ਖਲਕ ਖਦਾਇ ਬੇਦਾਰ ਬੈਠੀ, ਸੁੱਤਾ ਜਾਗਦਾ ਹਿੰਦੋਸਤਾਨ ਕਿਉਂ ਨੀ

**ਪਹਿਲੇ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ 1917 ਈ ਦੇ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ**

# ਮੇਲਾ ਗਦਰੀ ਬਾਬਿਆਂ ਦਾ


ਭਾਈ ਬਲਵੰਤ ਸਿੰਘ ਖੁਰਦਪੁਰ


ਹਾਫ਼ਜ਼ ਅਬਦੁਲਾ (ਜਗਰਾਵਾਂ)


ਜਵੰਦ ਸਿੰਘ ਨੰਗਲ


ਹਰਨਾਮ ਸਿੰਘ ਨਾਮਾ ਫਾਂਸੀਵਾਲਾ


ਡਾ. ਮਥਰਾ ਸਿੰਘ


ਅਰੂੜ ਸਿੰਘ ਸੰਘਵਾਲ

ਤੇ ਹੋਰ ਗਦਰੀ ਸ਼ਹੀਦ

## ਐਤਵਾਰ 8 ਅਕਤੂਬਰ 2017

*(ਦੁਪਹਿਰ 12 ਵਜੇ ਤੋਂ 8 ਵਜੇ ਤੱਕ)*

## ਸਥਾਨ: ਐਸ. ਈ. ਐਸ. ਹਾਲ

10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ
ਸੈਕਰਾਮੈਂਟੋ, ਕੈਲੀਫੋਰਨੀਆ 95624

ਜੂਝਦੇ ਹੋਏ ਲਹੂ ਦਾ ਕਿੱਸਾ ਸੁਣਾਉਂਦੇ ਰਹੀਦਾ। ਪੌਣ ਦੀ ਝੋਲੀ ਵਿਚ ਖੁਸ਼ਬੂ ਗੀਤ ਗਾਉਂਦੇ ਰਹੀਦਾ।

ਸਤਿਕਾਰਯੋਗ ਭੈਣੋ ਤੇ ਭਰਾਓ, 2017 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ, ਕਾਲੇ ਪਾਣੀ ਦੇ ਦੁੱਖ ਭੋਗੇ ਅਤੇ ਜਾਇਦਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉਪ ਮਹਾਂਦੀਪ ਦੇ ਜਨ ਸਮੂਹਾਂ ਦੇ ਦਿਲਾਂ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ ਅਤੇ ਕੌਮੀ ਮੁਕਤੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ! ਸਾਰੇ ਰਲ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੀਏ।



### ਪਹੁੰਚ ਰਹੇ ਕਲਾਕਾਰ

ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ, ਪੰਮੀ ਮਾਨ, ਪੂਨਮ ਮਲਹੋਤਰਾ, ਜੀਵਨ ਰੱਤੂ ਤੇ ਹੋਰ ਕਲਾਕਾਰ।
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜੱਥਾ ਵਾਰਾਂ ਪੇਸ਼ ਕਰੇਗਾ।

### ਪੁੱਜ ਰਹੀਆਂ ਸ਼ਖਸੀਅਤਾਂ

ਕਿਰਪਾਲ ਸਿੰਘ ਸੰਧੂ
ਦਲਵਿੰਦਰ ਸਿੰਘ ਧੂਤ
ਬੀਬੀ ਕਰਨੈਲ ਕੌਰ ਈਸੜੂ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।*

*ਖਾਣਾ, ਪਾਰਕਿੰਗ ਤੇ ਦਾਖ਼ਲਾ ਮੁਫ਼ਤ ਹੋਵੇਗਾ।*

*ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ।*

**ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ**
ਫੋਨ: 916-420-2390

**ਸਕੱਤਰ ਗਿਆਨ ਸਿੰਘ ਬਿਲਗਾ**
ਫੋਨ: 661-397-7330

**ਖਜ਼ਾਨਚੀ ਜਗਜੀਤ ਸਿੰਘ ਗਿੱਲ**
ਫੋਨ: 209-985-1552

**ਸਮਿਤਰ ਸਿੰਘ ਉਪਲ**
ਫੋਨ: 530-695-1716

**ਬਲਬਿੰਦਰ ਸਿੰਘ ਭੱਟੀ**
ਫੋਨ: 209-480-2275

**ਬਲਵੰਤ ਬਾਂਕਾ**
ਫੋਨ: 916-271-4216

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਹਰਪਾਲ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਅਮਰਜੀਤ ਰਾਏ, ਕਰਮਜੀਤ ਸਿੰਘ ਕੰਗ, ਸਵਰਨ ਸਿੰਘ ਸਿੱਧੂ, ਪ੍ਰਿਤਪਾਲ ਸਿੰਘ ਭੋਗਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਰ, ਸੁਖਦੀਪ ਸੋਹਲ, ਸੁਖਦੇਵ ਸਿੰਘ ਬਾਜਵਾ (ਫਰਿਜ਼ਨੋ)।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਓਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਣ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼।